


ਨਾਨਕਸ਼ਾਹੀ ਕੈਲੰਡਰ

ਡਾ: ਹਰਜਿੰਦਰ ਸਿੰਘ ਦਿਲਗੀਰ

Nānakshāhī Calender

(35 Essays on Crucial Issues of Sikh History and Philosophy)

By
Dr Harjinder Singh Dilgeer
National Professor of Sikh History
hsdilgeer@yahoo.com

ISBN 2- 930247-29-0
EAN 9782930247298
First Edition 2010

Published by:
The Sikh University Press
Waremme, Belgium.
(Offices also in Spain, England, India)

Distributors:
SINGH BROTHERS
City Centre
(Opposite Main Bus Stand)
Amritsar
singhbro@vsnl.com

Printed at:
PRINTWELL
Amritsar.

Price: Rs 100.00

ਮੇਰੇ ਰੋਲ ਮਾਡਲ,
ਦਲੇਰ ਤੇ ਖਾੜਕੂ ਕਲਮ,

ਪੰਥ ਰਤਨ ਗਿਆਨੀ ਦਿੱਤ ਸਿੰਘ ਜੀ

ਦੇ ਨਾਂ

ਸਾਡੇ ਮਗਰੋਂ...

ਕੋਈ ਨਾ ਬੋਲੇਗਾ ਤਾਂ ਫਿਰ ਸ਼ਰਮਾਓਗੇ।
ਏਸ ਖ਼ਲਾਅ ਤੋਂ ਆਪੂੰ ਵੀ ਡਰ ਜਾਓਗੇ।
ਸਾਥੀ ਪਹਿਲੇ ਮੋੜ 'ਤੇ ਭਟਕੇ ਪਾਓਗੇ।
ਤੇਜ਼ ਟੁਰੋਗੇ ਤਾਂ 'ਕੱਲੇ ਰਹਿ ਜਾਓਗੇ।
ਅੰਨ੍ਹੇ ਰਾਹੀ, ਬਗਲੇ ਆਗੂ, ਭੋਲੇ ਲੋਕ,
ਪਰੇਸ਼ਾਨ ਹੋ ਕੇ ਸਭ ਨੂੰ ਛੱਡ ਆਓਗੇ।
ਜਿਹੜੇ ਭੇਡਾਂ ਵਾਂਗ ਇੱਜੜ 'ਚ ਟੁਰਦੇ ਨੇ,
ਰਾਹ ਮੰਜ਼ਿਲ ਦਾ ਉਨ੍ਹੀਂ ਕੀ ਦਿਖਲਾਓਗੇ।
ਕਾਵਾਂ-ਰੌਲੀ ਵਿਚ ਸਿਰਫ਼ ਚੁਪ ਚੰਗੀ ਹੈ,
ਆਪਣੀ ਰੂਹ ਨੂੰ ਕਦ ਤੀਕਰ ਕਲਪਾਓਗੇ।
ਜਿਸ ਦੇ ਅੰਦਰ ਹਰ ਦਮ ਰੱਬ ਦਾ ਡਰ ਹੋਵੇ,
ਉਸ ਕਾਫ਼ਿਰ ਨੂੰ ਕਿੱਥੋਂ ਲੱਭ ਲਿਆਓਗੇ।
ਮੌਸਮ, ਹੱਦਾਂ, ਰਸਤੇ, ਦਿੱਖ ਤੇ ਦਰਵਾਜ਼ੇ,
ਵਾਪਿਸ ਮੁੜ ਕੇ ਸਭ ਬਦਲੇ ਹੀ ਪਾਓਗੇ।
ਕੀ ਅਫ਼ਸੋਸ ਕਰੋਗੇ ਕੌਮ ਦੀ ਹਾਲਤ 'ਤੇ,
ਆਪਣੇ ਰਾਹ ਦੀ ਚੋਣ ਤੇ, ਕੀ, ਪਛਤਾਓਗੇ?
ਆਪਣਾ ਹਾਲ ਬਿਆਨ ਕਰੋਗੇ ਜੇ ਸੱਚਾ,
ਕਿੰਨਿਆਂ ਹੋਰਾਂ ਨੂੰ ਦਿਲਗੀਰ ਬਣਾਓਗੇ।
ਸਾਡੇ ਮਗਰੋਂ ਚੁਪ ਵਰਤੇਗੀ ਮਹਫ਼ਿਲ ਵਿਚ,
ਕੋਈ ਬੋਲੇਗਾ, ਤਾਂ *ਫ਼ਤਵਾ ਲਾਓਗੇ*।
ਸਾਡੇ ਮਗਰੋਂ ਚੁਪ ਵਰਤੇਗੀ ਮਹਫ਼ਿਲ ਵਿਚ,
ਕੋਈ ਬੋਲੇਗਾ *ਤਾਂ* ਫ਼ਤਵਾ ਲਾਓਗੇ?
ਸਾਡੇ ਮਗਰੋਂ ਚੁਪ ਵਰਤੇਗੀ ਮਹਫ਼ਿਲ ਵਿਚ,
(ਜੇ) ਕੋਈ ਬੋਲੇਗਾ ਤਾਂ ਫ਼ਤਵਾ ਲਾਓਗੇ।

(25.3.1992)

ਤਤਕਰਾ

ਤਆਰੁਫ਼ ਅਤੇ ਕਬੂਲਨਾਮਾ

ਸਿੱਖ ਤਵਾਰੀਖ਼ ਅਤੇ ਸਿੱਖ ਫ਼ਲਸਫ਼ੇ ਨਾਲ ਜੋ ਜ਼ਿਆਦਤੀ ਹੋਈ ਹੈ ਉਹ ਸ਼ਾਇਦ ਹੀ ਕਿਸੇ ਹੋਰ ਕੌਮ ਦੀ ਤਵਾਰੀਖ਼ ਤੇ ਫ਼ਲਸਫ਼ੇ ਨਾਲ ਹੋਈ ਹੋਵੇ। ਬਾਕੀ ਕੌਮਾਂ ਦੀ ਤਵਾਰੀਖ਼ ਤੇ ਫ਼ਲਸਫ਼ੇ ਵਿਚ ਤਾਂ ਜ਼ਰਾ-ਮਾਸਾ ਰਲਾਅ ਪਾਇਆ ਗਿਆ ਹੋਵੇਗਾ, ਪਰ ਸਿੱਖ ਤਵਾਰੀਖ਼ ਤੇ ਫ਼ਲਸਫ਼ੇ ਦਾ ਤਾਂ ਰੱਜ ਕੇ ਰੇਪ ਕੀਤਾ ਗਿਆ ਹੈ। ਇਸ ਨੂੰ ਮੁਸਲਮਾਨ ਲਿਖਾਰੀਆਂ ਨੇ ਨਫ਼ਰਤ ਤੇ ਗੁੱਸੇ ਨਾਲ ਪੇਸ਼ ਕੀਤਾ; ਹਿੰਦੂ ਲਿਖਾਰੀਆਂ ਨੇ ਇਸ ਨੂੰ ਈਰਖਾ ਤੇ ਨਫ਼ਰਤ ਨਾਲ ਛੁਟਿਆਇਆ ਅਤੇ ਅਹਿਸਾਨ-ਫ਼ਰਾਮੋਸ਼ੀ ਦਾ ਇਜ਼ਹਾਰ ਕੀਤਾ। ਅੰਗਰੇਜ਼ ਲਿਖਾਰੀਆਂ (ਖ਼ਾਸ ਕਰ ਕੇ ਮਕਲਾਊਡ ਜੋ 2009 ਵਿਚ ਮਰ ਚੁਕਾ ਹੈ) ਵਰਗੇ ਈਸਾਈ ਮਿਸ਼ਨਰੀਆਂ ਤੇ ਉਸ ਦੇ ਸਾਥੀਆਂ ਪਿਸ਼ੌਰਾ ਸਿੰਘ, ਗੁਰਿੰਦਰ ਮਾਨ, ਹਰਜੋਤ ਓਬਰਾਏ, ਜੇ.ਐਸ. ਗਰੇਵਾਲ, ਲੂਈ ਫ਼ੀਨਕ) ਨੇ ਸਾਜ਼ਿਸ਼ ਹੇਠ ਇਸ ਨੂੰ ਗ਼ਲਤ ਅਤੇ ਵਿਗਾੜ ਕੇ ਪੇਸ਼ ਕੀਤਾ ਤੇ ਉਲਝਣਾਂ ਪਾਉਣ ਦੇ ਮੁਜਰਿਮ ਬਣੇ। ਆਈ.ਜੇ.ਸਿੰਘ (ਨਿਊ ਯਾਰਕ, ਅਮਰੀਕਾ), ਦਰਸ਼ਨ ਸਿੰਘ ਤਾਤਲਾ (ਇੰਗਲੈਂਡ) ਵ਼ਗੈਰਾ ਨੇ ਰੱਜ ਕੇ ਇਨ੍ਹਾਂ ਦਾ ਸਾਥ ਦਿੱਤਾ।

ਘਟ ਸਿੱਖ ਲਿਖਾਰੀਆਂ ਨੇ ਵੀ ਨਹੀਂ ਕੀਤੀ। ਉਨ੍ਹਾਂ ਨੇ ਅੰਨ੍ਹੀ ਸ਼ਰਧਾ ਹੇਠ ਸਿੱਖ ਤਵਾਰੀਖ਼ ਵਿਚ ਰਲਾਅ ਪਾਇਆ ਅਤੇ ਕਈਆਂ ਨੇ ਤਾਂ ਗਪੌੜ ਤੇ ਜਾਦੂਮਈ ਕਹਾਣੀਆਂ ਘੜ ਕੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਅਖੌਤੀ ਤਾਂਤਰਿਕਾਂ, ਸਿੱਧਾਂ ਤੇ ਮਦਾਰੀਆਂ ਵਰਗੀ ਬਣਾਉਣ ਦੀ ਕੋਸ਼ਿਸ਼ ਵੀ ਕੀਤੀ (ਬ੍ਰਾਹਮਣ ਲਿਖਾਰੀਆਂ ਦਾ ਵੀ ਅਜਿਹੀ ਪੇਸ਼ਕਾਰੀ ਵਿਚ ਚੋਖਾ ਰੋਲ ਸੀ)। ਕੁਝ ਲਿਖਾਰੀ ਅਜਿਹੇ ਵੀ ਹਨ ਜਿਹੜੇ ਮਿਹਨਤ ਕਰਨ ਤੋਂ ਦੌੜਦੇ ਹਨ ਅਤੇ ਇਸੇ ਕਰ ਕੇ 'ਭੱਟ ਵਹੀਆਂ' ਅਤੇ ਹੋਰ ਨਵੇਂ ਲੱਭੇ ਕੀਮਤੀ ਸੋਮਿਆਂ ਦਾ ਫ਼ਾਇਦਾ ਨਹੀਂ ਉਠਾਉਣਾ ਚਾਹੁੰਦੇ। ਇੰਞ ਹੀ ਕੁਝ ਲੇਖਕ (ਜਿਹੜੇ ਤਵਾਰੀਖ਼ ਅਤੇ ਫ਼ਲਸਫ਼ੇ ਦੇ ਅਸਲੂਬ ਨਹੀਂ ਜਾਣਦੇ ਅਤੇ ਦੋ-ਚਾਰ ਚੰਗੇ-ਮਾੜੇ ਸੋਮਿਆਂ ਨੂੰ ਸਾਹਵੇਂ ਰੱਖ ਕੇ ਲੇਖ ਅਤੇ ਕਿਤਾਬਾਂ ਲਿਖਣ ਦੇ ਸ਼ੌਕੀਨ ਹਨ) ਤੇ ਅਖ਼ਬਾਰਾਂ ਵਾਸਤੇ ਕਾਲਮ ਲਿਖਣ ਵਾਲਿਆਂ ਵਿਚੋਂ ਵੀ ਕਈਆਂ ਨੇ ਵੀ ਬਹੁਤ ਜ਼ਿਆਦਤੀ ਕੀਤੀ ਹੈ।

ਸਿੱਖ ਫ਼ਿਲਾਸਫ਼ੀ ਨੂੰ ਵਿਗਾੜਨ ਵਿਚ ਅਖੌਤੀ ਸੰਤਾਂ, ਸਾਧਾਂ, ਡੇਰਿਆਂ, ਅਖੌਤੀ ਸੰਪਰਦਾਵਾਂ, ਅਖੌਤੀ ਟਕਸਾਲਾਂ, ਫ਼ਿਰਕੂ ਹਿੰਦੂ ਜਮਾਤ 'ਰਾਸ਼ਟਰੀਆ ਸੋਇਮ ਸੇਵਕ ਸੰਘ' ਅਤੇ ਉਸ ਦੀ ਖੜ੍ਹੀ ਕੀਤੀ 'ਰਾਸ਼ਟਰੀਆ ਸਿੱਖ ਸੰਗਤ' ਨੇ ਤਾਂ ਹੱਦ ਦਰਜੇ ਦਾ ਹਨੇਰ ਪਾਇਆ। ਇਨ੍ਹਾਂ ਨੇ ਤਾਂ ਸਿੱਖੀ ਨੂੰ ਕੇਸਾਧਾਰੀ ਬ੍ਰਾਹਮਣ ਦਾ ਕਰਮ-ਕਾਂਡ (ਧਰਮ ਨਹੀਂ) ਬਣਾਉਣ ਵਿਚ ਜੰਗੀ ਪੱਧਰ 'ਤੇ ਕੰਮ ਕੀਤਾ। ਖ਼ਤਰਨਾਕ ਗੱਲ ਇਹ ਹੈ ਕਿ ਇਸ ਟੋਲੇ ਨਾਲ ਬਹੁਤ ਸਾਰੇ ਕੇਸਧਾਰੀ ਨੀਮ-ਹਿੰਦੂ ਵੀ ਰਲ ਚੁਕੇ ਹਨ, ਜਿਨ੍ਹਾਂ ਵਿਚ ਹੇਠ ਲਿਖਿਆਂ ਦੇ ਸ਼ਾਮਿਲ ਹੋਣ ਦੇ ਚਰਚੇ ਹਨ: ਰੁਲਦਾ ਸਿੰਘ (ਜੋ 2009 ਵਿਚ ਮਾਰਿਆ ਜਾ ਚੁਕਾ ਹੈ), ਚਿਰੰਜੀਵ ਸਿੰਘ, ਗੁਰਚਰਨ ਸਿੰਘ ਗਿੱਲ ਜੈਪੁਰ, ਵੀਰੇਂਦਰ ਸਿੰਘ ਦਿੱਲੀ, ਰਵਿੰਦਰਪਾਲ ਸਿੰਘ ਖੁਰਾਣਾ ਦਿੱਲੀ, ਜਗਜੀਵਨਜੋਤ ਸਿੰਘ ਉਤਰਾਂਚਲ,

ਡਾ. ਜਸਵਿੰਦਰ ਸਿੰਘ, ਡਾ. ਅਵਤਾਰ ਸਿੰਘ ਸ਼ਾਸਤਰੀ, ਬਾਬੂ ਸਿੰਘ ਦੁਖੀਆ, ਦਲਜੀਤ ਸਿੰਘ 'ਖਾਲਸਾ', ਰਜਿੰਦਰ ਸਿੰਘ ਭੰਗੂ, ਰਣਜੀਤ ਰਾਣਾ (ਐਡੀਟਰ 'ਸਾਹਿਬ', ਬਰਮਿੰਘਮ-ਇੰਗਲੈਂਡ), ਮਨਜਿੰਦਰ ਸਿੰਘ ਸਰਸਾ, ਵਿੰਗ ਕਮਾਂਡਰ ਜੇ.ਐਸ. ਚੱਢਾ, ਪ੍ਰਤਾਪ ਸਿੰਘ ਫ਼ੌਜਦਾਰ, ਰਣਬੀਰ ਸਿੰਘ, ਸ਼ੇਰ ਸਿੰਘ ਫ਼ੌਜੀ, ਪ੍ਰੀਤਮ ਸਿੰਘ ਭਾਟੀਆ ਫ਼ਰੀਦਾਬਾਦ, ਗਿਆਨੀ ਕੁਲਵਿੰਦਰ ਸਿੰਘ, ਡਾ ਗੁਰਦੀਪ ਜਗਬੀਰ (ਪੰਜਾਬ ਰੇਡੀਓ ਲੰਡਨ, ਇੰਗਲੈਂਡ), (ਪ੍ਰੋ) ਹਰਭਜਨ ਸਿੰਘ ਡੇਹਰਾਦੂਨ, ਰਤਿੰਦਰ ਸਿੰਘ ਇੰਦੌਰ ('ਪੰਥਕ ਵੀਕਲੀ' ਵੈੱਬ ਸਾਈਟ ਵਾਲਾ), ਡਾ: ਜੋਧ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਕਸ਼ਮੀਰ ਸਿੰਘ (ਮਕੈਨਿਕ, ਪੰਜਾਬੀ ਯੂਨੀਵਰਸਿਟੀ ਪਟਿਆਲਾ), ਗੁਰਇਕਬਾਲ ਸਿੰਘ ਮਾਤਾ ਕੌਲਾਂ ਗੁਰਦੁਆਰਾ, ਰਾਗੀ ਹਰਬੰਸ ਸਿੰਘ ਜਗਾਧਰੀ, ਗਿਆਨੀ ਪੂਰਨ ਸਿੰਘ ਅੰਮ੍ਰਿਤਸਰ, ਹਰੀ ਸਿੰਘ ਰੰਧਾਵਾ, ਪ੍ਰੋ ਦਵਿੰਦਰ ਸਿੰਘ ਜੰਮੂ, ਏ.ਡੀ.ਐਸ. ਮਾਂਗਟ ਮਲੇਸ਼ੀਆ (ਹੁਣ ਕਨੇਡਾ) ਅਤੇ ਇੰਦਰ ਸਿੰਘ ਕਨੇਡਾ (ਸਿੱਖ ਨਿਊਜ਼ ਡਿਸਕਸ਼ਨਜ਼ 'ਤੇ ਪ੍ਰਚਾਰ ਕਰਨ ਵਾਲੇ ਦਸਮਗ੍ਰੰਥੀਏ)। ਇਨ੍ਹਾਂ ਸਾਰੇ ਟੋਲਿਆਂ ਨੇ ਬਹੁਤ ਸਾਰੇ ਨੁਕਤਿਆਂ ਬਾਰੇ ਭਰਮ ਭੁਲੇਖੇ ਪਾਊ ਪਰਚਾਰ ਕੀਤਾ ਹੈ ਤੇ ਕਰ ਰਹੇ ਹਨ।

ਇਨ੍ਹਾਂ ਵਿਚੋਂ ਕੁਝ ਮਸਲਿਆਂ ਤੇ ਨੁਕਤਿਆਂ ਨੂੰ ਇਸ ਕਿਤਾਬ ਵਿਚ ਛੋਹਿਆ ਗਿਆ ਹੈ। ਇਨ੍ਹਾਂ ਵਿਚੋਂ ਕੁਝ ਮਜ਼ਮੂਨ/ਲੇਖ 2003-04 ਵਿਚ ਜਾਂ ਉਸ ਤੋਂ ਮਗਰੋਂ ਦੇ ਲਿਖੇ ਵੀ ਹਨ। ਉਨ੍ਹਾਂ ਦੇ ਲਿਖਣ ਦੀਆਂ ਤਾਰੀਖ਼ਾਂ ਵੀ ਨਾਲ ਹੀ ਦਿੱਤੀਆਂ ਹਨ। ਪਾਠਕ ਸਮਝ ਸਕਦੇ ਹਨ ਕਿ ਉਨ੍ਹਾਂ ਵਿਚਲੀਆਂ ਗੱਲਾਂ ਕਿਸ ਮਾਹੌਲ ਦੀਆਂ ਸਨ (ਉਂਞ ਉਹ ਹਾਲਾਤ ਅੱਜ ਵੀ ਹੂ-ਬ-ਹੂ ਕਾਇਮ ਹਨ)।

ਇਹ ਇਸ ਕਿਤਾਬ ਦਾ ਪਹਿਲਾ ਐਡੀਸ਼ਨ ਹੈ। ਮੈਂ ਕੋਈ ਦਾਅਵਾ ਨਹੀਂ ਕਰਦਾ ਕਿ ਇਹ ਅਖ਼ੀਰ ਹੈ, ਇਹ ਤਾਂ ਸ਼ੁਰੂਆਤ ਹੈ। ਇਸ ਕਿਤਾਬ ਵਿਚ ਪੇਸ਼ ਨੁਕਤਿਆਂ ਬਾਰੇ ਮੇਰੇ ਵਿਚਾਰਾਂ ਦੀ ਸੁਧਾਈ ਵਿਚ ਪਹਿਲਾਂ ਵੀ ਬਹੁਤ ਸੱਜਣਾਂ ਨੇ ਰੋਲ ਅਦਾ ਕੀਤਾ ਹੈ ਤੇ ਹੁਣ ਵੀ ਸਿੱਖ ਤਵਾਰੀਖ਼, ਫ਼ਲਸਫ਼ੇ ਤੇ ਗੁਰਬਾਣੀ ਦਾ ਇਹ ਤਾਲਿਬ (ਸਟੂਡੈਂਟ) ਹਰ ਸਹੀ ਸੁਝਾਅ ਨੂੰ ਕਬੂਲ ਕਰਨ ਅਤੇ ਗ਼ਲਤੀਆਂ ਦੀ ਦਰੁਸਤੀ ਕਰਨ ਵਾਸਤੇ ਹਰਦਮ ਤਿਆਰ ਹੈ।

ਇਸ ਕਿਤਾਬ ਦੇ ਲਿਖਣ ਤੇ ਛਪਾਈ ਦੌਰਾਨ ਕੁਝ ਸੱਜਣ ਬੜੇ ਮਿਹਰਬਾਨ ਰਹੇ। ਮੈਂ ਇਨ੍ਹਾਂ ਸਾਰਿਆਂ ਦਾ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ: ਪ੍ਰੋਫ਼ੈਸਰ ਇਮੈਰੀਟਸ ਡਾ: ਦਰਸ਼ਨ ਸਿੰਘ ਤੇ ਪ੍ਰੋ: ਪ੍ਰਕਾਸ਼ ਕੌਰ (ਚੰਡੀਗੜ੍ਹ), ਸ: ਗੁਰਵਿੰਦਰ ਸਿੰਘ ਸ਼ਾਮਪੁਰਾ (ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਡਾ: ਗੁਰਨਾਮ ਸਿੰਘ (ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ), ਬੀਬੀ ਪਰਮਿੰਦਰ ਕੌਰ ਸੰਧੂ (ਪੰਮੀ ਸਿੱਧੂ), ਸ. ਸੁਰਜੀਤ ਸਿੰਘ ਛਡੌੜੀ (ਬੈਲਜੀਅਮ), ਸ. ਕੁਲਵਿੰਦਰ ਸਿੰਘ ਜਾਡਲਾ (ਸਪੇਨ), ਗਿਆਨੀ ਅਵਤਾਰ ਸਿੰਘ (ਸਪੇਨ), ਸ. ਨਛੱਤਰ ਸਿੰਘ ਬੈਂਸ (ਤੇ ਉਨ੍ਹਾਂ ਦਾ ਪਰਵਾਰ) ਓਸਲੋ, ਡਾ: ਅਵਤਾਰ ਸਿੰਘ ਸੇਖੋਂ ਐਡਮੰਟਨ ਤੇ ਸ: ਜੋਗਿੰਦਰ ਸਿੰਘ ਵਿਨੀਪੈੱਗ (ਕਨੇਡਾ), ਸ. ਜਾਗੀਰ ਸਿੰਘ ਹਮਦਰਦ (ਬ੍ਰਿਮਿੰਘਮ), ਸ. ਭਾਗ ਸਿੰਘ ਅਣਖੀ (ਚੀਫ਼ ਖਾਲਸਾ ਦੀਵਾਨ), ਡਾ. ਗੁਰਬਚਨ ਸਿੰਘ ਬਚਨ (ਅੰਮ੍ਰਿਤਸਰ), ਸ: ਤਰਸੇਮ ਸਿੰਘ ਚੇਅਰਮੈਨ ਦਿੱਲੀ, ਸ. ਦਿਲਬੀਰ ਸਿੰਘ ਤੇ ਸ: ਅਵਤਾਰ ਸਿੰਘ (ਸਿੱਖ ਫ਼ੋਰਮ, ਕਲਕੱਤਾ), ਸ. ਅਮਰਜੀਤ ਸਿੰਘ ਚੰਦੀ (ਉਤਰਾਂਚਲ), ਸ. ਜਸਬਿੰਦਰ ਸਿੰਘ ਡੁਬਈ (ਹਾਲ

ਮੋਹਾਲੀ), ਡਾ: ਅਮਰਜੀਤ ਕੌਰ (ਇੱਬਨ ਕਲਾਂ), ਸ. ਭੁਪਿੰਦਰ ਸਿੰਘ (ਹਾਲੈਂਡ), ਖੋਜੀ ਕਾਫ਼ਿਰ (ਕਨੇਡਾ), ਸ: ਰਜਿੰਦਰ ਸਿੰਘ ਤੇ ਸ. ਰਵਿੰਦਰ ਸਿੰਘ ਮੋਹਾਲੀ (ਦੋਵੇਂ ਖਾਲਸਾ ਪੰਚਾਇਤ), ਸ. ਰਵਿੰਦਰ ਸਿੰਘ ਪਿੰਜੌਰ, ਸ: ਅਮਰਜੀਤ ਸਿੰਘ ਧਵਨ, ਡਾ: ਕੁਲਵਿੰਦਰ ਸਿੰਘ ਬਾਜਵਾ (ਪੰਜਾਬੀ ਯੂਨੀਵਰਸਿਟੀ, ਪਟਿਆਲਾ), ਗਿਆਨੀ ਅਮਰੀਕ ਸਿੰਘ ਸੋਲਖੀਆਂ (ਮੋਹਾਲੀ), ਸ. ਕੰਵਲਜੀਤ ਸਿੰਘ ਕੁੰਡਲ, ਸ. ਪ੍ਰੀਤਮ ਸਿੰਘ ਮਟਵਾਣੀ, ਸ: ਗੁਰਪ੍ਰੀਤ ਸਿੰਘ ਮਿਸੀਸਾਗਾ, ਸ: ਗੁਰਪ੍ਰੀਤ ਸਿੰਘ ਕੇਂਬਰਿਜ, ਸ: ਇਕਬਾਲ ਸਿੰਘ, ਸ: ਅਵਤਾਰ ਸਿੰਘ, ਸ: ਰੇਸ਼ਮ ਸਿੰਘ, ਸ: ਤਰਨਜੀਤ ਸਿੰਘ, ਸ: ਹਰਜਿੰਦਰ ਸਿੰਘ, ਸ: ਸਤਵਿੰਦਰ ਸਿੰਘ ਰਾਣਾ, ਸ: ਦਲਵਿੰਦਰ ਸਿੰਘ, ਸ: ਗੁਰਮੁਖ ਸਿੰਘ, ਸ: ਰਘਬੀਰ ਸਿੰਘ ਸਮੱਘ (ਸਾਰੇ ਟਰਾਂਟੋ), ਸ: ਹਰਜਿੰਦਰ ਸਿੰਘ ਪਾਤਰ (ਮੌਂਟਰੀਆਲ), ਸੌਦਾਗਰ ਸਿੰਘ ਸੰਧੂ, ਬਲਜਿੰਦਰ ਸਿੰਘ ਖਹਿਰਾ (ਦੋਵੇਂ ਦਸ਼ਮਸ਼ ਦਰਬਾਰ ਸਰੀ), ਸ: ਸੁਖਮਿੰਦਰ ਸਿੰਘ ਚੀਮਾ, ਸ: ਪਰਵਿਕਾਰ ਸਿੰਘ ਸਰੀ (ਕਨੇਡਾ), ਸਿਰਦਾਰਨੀ ਜਗਮੋਹਣ ਕੌਰ (ਬੱਸੀ ਪਠਾਣਾਂ), ਬੀਬੀ ਸਰਬਜੀਤ ਕੌਰ, ਸ. ਗੁਰਸਾਗਰ ਸਿੰਘ (ਸਿੰਘ ਬਰਦਰਜ਼), ਸ. ਗੁਰਿੰਦਰ ਸਿੰਘ (ਪ੍ਰਿੰਟਵੈੱਲ), ਡਾ. ਦਵਿੰਦਰਪਾਲ ਸਿੰਘ (ਸਿੱਖ ਬੁੱਕ ਕੰਪਨੀ, ਅੰਮ੍ਰਿਤਸਰ) ਤੇ ਉਨ੍ਹਾਂ ਸਾਰਿਆਂ ਦਾ ਸ਼ੁਕਰੀਆ ਜਿਨ੍ਹਾਂ ਦੇ ਨਾਂ ਇੱਥੇ ਲਿਖਣੇ ਭੁੱਲ ਗਿਆ ਹੋਵਾਂਗਾ।

ਅੰਬੈਸਡਰ ਆਫ਼ ਸਿੱਖਇਜ਼ਮ ਸ. ਖ਼ਜ਼ਾਨ ਸਿੰਘ (ਕਲਕੱਤਾ), **ਪੰਥ ਰਤਨ** ਸ. ਮਹਿੰਦਰ ਸਿੰਘ ਜੋਸ਼ (ਮੋਹਾਲੀ), **ਫ਼ਖ਼ਰ-ਇ-ਕੌਮ** ਸ. ਜਗਮੋਹਣ ਸਿੰਘ ਗਿਆਨੀ (ਲੁਧਿਆਣਾ), ਗਿਆਨੀ ਸੁਰਿੰਦਰ ਸਿੰਘ (ਛੇ ਫ਼ੇਜ਼ ਮੋਹਾਲੀ) ਜੋ ਹੁਣ ਸਾਡੇ ਵਿਚ ਨਹੀਂ ਰਹੇ, ਨੇ ਬੜਾ ਨਿੱਘਾ ਪਿਆਰ ਦਿੱਤਾ। ਪਰ ਉਹ ਇਸ ਦੀ ਛਪਾਈ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਏ, ਉਨ੍ਹਾਂ ਦੀ ਯਾਦ ਇਸ ਦਿਲ ਵਿਚ ਹਮੇਸ਼ਾ ਕਾਇਮ ਰਹੇਗੀ।

ਇਹ ਕਿਤਾਬ ਸਿੱਖ ਕੌਮ ਦੀ ਮਹਾਨ ਨਿਧੜਕ ਕਲਮ, ਮੇਰੇ ਰੋਲ ਮਾਡਲ, ਪੰਥ ਰਤਨ ਗਿ: ਦਿੱਤ ਸਿੰਘ ਜੀ ਨੂੰ ਸਮਰਪਿਤ ਕਰ ਕੇ ਮਾਣ ਮਹਿਸੂਸ ਕਰ ਰਿਹਾ ਹਾਂ।

(ਡਾ: ਹਰਜਿੰਦਰ ਸਿੰਘ ਦਿਲਗੀਰ)

hsdilgeer@yahoo.com

22 ਅਕਤੂਬਰ 2009, ਇੰਗਲੈਂਡ

ਅਸੀਂ ਜੂਝਦੇ...ਅਸੀਂ ਜਿੱਤਦੇ

ਅਸੀਂ ਜਿਊਂਦੇ, ਅਸੀਂ ਜਾਗਦੇ, ਅਸੀਂ ਜੂਝਦੇ, ਅਸੀਂ ਜਿੱਤਦੇ।
ਮੰਜ਼ਿਲ ਦੇ ਵਲ ਜਦ ਚਲ ਪਏ, ਅਸੀਂ ਰਾਹ ਵਿਚ ਨਹੀਂ ਥਕਦੇ।
ਜਿਸ ਦੀ ਮਿਸਾਲ ਨਾ ਮਿਲ ਸਕੇ, ਕਿਸੇ ਕੌਮ ਦੀ ਤਾਰੀਖ਼ 'ਚੋਂ,
ਸਦੀਆਂ ਦੇ ਵਿਚੋਂ ਜੂਝਦੇ, ਉਹ ਦਾਸਤਾਂ ਅਸੀਂ ਲਿਖਦੇ।
ਹੱਥ ਹੋਣ ਰੰਗੇ ਜਿਸ ਨੇ ਵੀ, ਜੁਝਾਰੂਆਂ ਦੇ ਖ਼ੂਨ ਵਿਚ,
ਹੱਥ-ਘੁਟਣੀ ਜ਼ਾਲਮ ਅਜਿਹੇ ਨਾਲ ਕਰ ਨਹੀਂ ਸਕਦੇ।
ਅਜੀਤ ਅਸੀਂ, ਜੁਝਾਰ ਅਸੀਂ, ਜ਼ੋਰਾਵਰ ਵੀ ਹਾਂ ਅਸੀਂ,
ਤਿੰਨਾਂ ਪੜਾਵਾਂ 'ਚੋਂ ਗੁਜ਼ਰ, ਨਾਂ ਫ਼ਤਿਹ ਸਿੰਘ ਅਸੀਂ ਰੱਖਦੇ।
ਨਾਨਕ ਦੇ ਨਾਂ ਨੂੰ ਮਨ ਦੇ ਵਿਚ, ਜਦੋਂ ਰੱਖ ਅਸੀਂ ਹਾਂ ਗਰਜਦੇ,
ਅਸੀਂ ਜਿਊਂਦੇ, ਅਸੀਂ ਜਾਗਦੇ, ਅਸੀਂ ਜੂਝਦੇ, ਅਸੀਂ ਜਿੱਤਦੇ। (14.2.1993).

ਪੰਜਾਬ ਵਿਚ ਡੇਰਾਵਾਦ

ਅਗਿਆਨੀ, ਬੇਸਮਝ, ਮੰਦਬੁੱਧੀ ਵਾਲੇ ਲੋਕ ਹਮੇਸ਼ਾ 'ਅੰਧ ਵਿਸ਼ਵਾਸੀ' ਹੁੰਦੇ ਹਨ। ਦੁਨੀਆਂ ਦੀ ਤਵਾਰੀਖ਼ ਮੁਤਾਬਕ 'ਅੰਧ ਵਿਸ਼ਵਾਸ' ਮੁੱਢ ਕਦੀਮ ਤੋਂ ਚਲਦਾ ਆਇਆ ਹੈ। ਭਾਵੇਂ ਉਹ ਯੂਨਾਨ ਸੀ ਜਾਂ ਦਖਣੀ ਏਸ਼ੀਆ, ਉੱਤਰੀ ਅਮਰੀਕਾ ਸੀ ਜਾਂ ਦਖਣੀ, ਅਫ਼ਰੀਕਾ ਸੀ ਜਾਂ ਓਸ਼ਨੀਆ (ਆਸਟਰੇਲੀਆ, ਨਿਊਜ਼ੀਲੈਂਡ), ਭੋਲੇ ਲੋਕ ਆਫ਼ਤਾਂ, ਕੁਦਰਤੀ ਸੋਮਿਆਂ, ਭੂਗੋਲਿਕ ਤੇ ਮੌਸਮੀ ਤਬਦੀਲੀਆਂ ਤੋਂ ਡਰ ਕੇ ਵਕਤੀ ਅਤੇ ਜਾਦੂਈ ਇਲਾਜ ਲਭਦੇ ਰਹੇ ਹਨ। ਇਸੇ ਵਿਚੋਂ ਯੂਨਾਨ ਦੇ ਕੁਦਰਤੀ ਤਾਕਤਾਂ ਰੂਪੀ ਦੇਵਤੇ ਤੇ ਦੇਵੀਆਂ, ਅਮਰੀਕਾ ਤੇ ਆਸਟਰੇਲੀਆ ਦੇ ਮੂਲ ਵਾਸੀਆਂ ਦੇ ਤੇ ਸਾਊਥ ਏਸ਼ੀਆ ਦੇ ਮਸਨੂਹੀ ਦੇਵੀ-ਦੇਵਤਿਆਂ ਦਾ ਜਨਮ ਹੋਇਆ। ਚਾਲਬਾਜ਼ ਲੋਕਾਂ, ਜੋ ਮਗਰੋਂ ਪੁਜਾਰੀ, ਪੁਰੋਹਿਤ, ਪਾਂਡੇ, ਭਿਕਸ਼ੂ ਮਗਰੋਂ (ਭਿਕਸ਼ੂ ਵੀ ਇਸ 'ਚੋਂ ਹੀ ਪੈਦਾ ਹੋਇਆ ਸੀ) ਵਜੋਂ ਕਾਇਮ ਹੋਏ, ਨੇ ਇਨ੍ਹਾਂ ਮਸਨੂਹੀ ਤੇ ਖ਼ਿਆਲੀ ਦੇਵੀ-ਦੇਵਤਿਆਂ ਅਤੇ ਕੁਦਰਤੀ ਤਾਕਤਾਂ ਦੇ ਬੁਤ ਬਣਾ ਲਏ, ਅਤੇ ਲੋਕਾਂ ਦਾ ਸਹਿਮ ਦੂਰ ਕਰਨ, ਉਨ੍ਹਾਂ ਨੂੰ ਤਸੱਲੀ ਦਿਵਾਉਣ ਅਤੇ ਉਨ੍ਹਾਂ ਦੇ ਮਸਲੇ ਹਲ ਕਰਨ ਲਈ, ਇਨ੍ਹਾਂ ਬੁਤਾਂ ਦੀ ਪੂਜਾ ਨੂੰ ਆਖ਼ਰੀ ਤਾਕਤ ਬਣਾ ਲਿਆ। ਅਣਜਾਣ ਲੋਕਾਂ ਨੇ ਇਸ ਨੂੰ ਸੱਚ ਮੰਨ ਲਿਆ। ਇਸ ਵਿਚੋਂ ਪੁਜਾਰੀਆਂ ਦੀ ਰੋਟੀ ਹੀ ਨਹੀਂ ਬਲਕਿ ਹਲਵਾ-ਮਾਂਡਾ ਵੀ ਚੱਲਣ ਲਗ ਪਿਆ।

ਜਿਉਂ ਜਿਉਂ ਗਿਆਨ, ਵਿਦਿਆ ਤੇ ਦਲੀਲ ਦਾ ਜ਼ਮਾਨਾ ਆਉਂਦਾ ਗਿਆ ਲੋਕ ਇਨ੍ਹਾਂ ਦੇਵੀ-ਦੇਵਤਿਆਂ ਦੇ ਭਰਮ ਤੋਂ ਆਜ਼ਾਦ ਹੁੰਦੇ ਗਏ। ਪਰ ਅਨਪੜ੍ਹ ਲੋਕਾਂ ਨੂੰ ਇਸ ਤੋਂ ਮੁਕਤੀ ਨਹੀਂ ਮਿਲ ਸਕੀ। ਉਨ੍ਹਾਂ ਲਈ, ਗ਼ੈਬੀ ਤਾਕਤ, ਦੇਵੀ-ਦੇਵਤਿਆਂ ਵਿਚ ਹੀ ਰਹੀ। ਇਸ ਦੌਰਾਨ ਕੁੱਝ ਚਾਲਾਕ ਲੋਕਾਂ ਨੇ ਹੱਥ ਦੀ ਸਫ਼ਾਈ, ਮਿਸਮਰੇਜ਼ਮ ਤੇ ਜਾਦੂ ਦੇ ਦੰਭ ਹੇਠ ਹੋਰ ਵੀ ਤਾਣਾ ਬੁਣਿਆ ਅਤੇ ਉਨ੍ਹਾਂ ਨੇ ਖ਼ਿਆਲੀ ਦੇਵੀ-ਦੇਵਤਿਆਂ ਦੇ ਨੁਮਾਇੰਦੇ ਜਾਂ ਏਜੰਟ ਹੋਣ ਦਾ ਭਰਮ ਜਾਲ ਖੜ੍ਹਾ ਕਰ ਦਿਤਾ। ਉਨ੍ਹਾਂ ਵਲੋਂ ਕੀਤੀਆਂ ਜਾਦੂਈ ਡਰਾਮੇ ਤੇ ਕਲਾਬਾਜ਼ੀਆਂ ਦੀਆਂ ਜਾਅਲੀ ਕਾਰਵਾਈਆਂ ਦੀ ਨੁਮਾਇਸ਼ ਅਤੇ ਉਨ੍ਹਾਂ ਦੇ ਪਬਲਿਸਟੀ ਏਜੰਟਾਂ ਨੇ ਇਨ੍ਹਾਂ ਨੂੰ ਗ਼ੈਬੀ ਤਾਕਤ ਹੋਣ ਦਾ ਪ੍ਰਾਪੇਗੰਡਾ ਕਰ ਕੇ ਜ਼ਿੰਦਾ ਦੇਵੀ-ਦੇਵਤਿਆਂ ਦਾ ਵਹਿਮ ਖੜਾ ਕਰ ਦਿਤਾ। ਸਤਯ ਸਾਈਂ, ਮਹੇਸ਼ ਯੋਗੀ, ਧੀਰੇਂਦਰ ਬ੍ਰਹਮਚਾਰੀ ਅਤੇ ਕਈ ਹੋਰ ਇਸ ਲਹਿਰ ਦੇ ਖ਼ਾਸ ਚੌਧਰੀ ਸਨ। ਇਹ ਦਰਅਸਲ ਦੇਵੀ-ਦੇਵਤਿਆਂ ਦਾ ਇਕ ਨਵਾਂ ਪੜਾਅ ਸਨ। ਲੋਕ ਇਨ੍ਹਾਂ ਨੂੰ ਰੱਬ ਦੇ ਨੁਮਾਇੰਦੇ ਅਤੇ ਜ਼ਿੰਦਾ ਦੇਵੀ-ਦੇਵਤੇ ਮੰਨ ਕੇ ਇਨ੍ਹਾਂ ਦੇ ਪਹਿਲਾਂ ਸ਼ਰਧਾਲੂ ਬਣੇ ਤੇ ਫਿਰ ਇਨ੍ਹਾਂ ਦੀ ਪੂਜਾ ਵੀ ਕਰਨ ਲੱਗ ਪਏ।

ਇਸ ਤੋਂ ਮਗਰੋਂ ਮੁਸਲਮਾਨਾਂ ਨੇ ਹਰ ਇਕ ਕਬਰ ਨੂੰ ਕਿਸੇ 'ਪੀਰ' ਦੀ ਕਬਰ ਗਰਦਾਨ ਕੇ ਹਿੰਦੂਆਂ ਨੂੰ ਕਬਰ-ਪੂਜ ਵੀ ਬਣਾ ਦਿਤਾ। ਪੱਥਰ (ਮਸਨੂਹੀ ਦੇਵੀ-ਦੇਵਤੇ) ਸਾਈਂ, ਪੀਰ, ਯੋਗੀ ਤੇ ਬ੍ਰਹਮਚਾਰੀ (ਜ਼ਿੰਦਾ ਦੇਵੀ ਦੇਵਤੇ) ਅਤੇ ਕਬਰਾਂ,

ਜਠੇਰੇ, ਸਮਾਧਾਂ (ਮਰੇ ਹੋਏ ਵਡੇਰੇ ਜੋ ਦੇਵੀ-ਦੇਵਤਿਆਂ ਵਾਂਗ ਪੂਜੇ ਜਾਂਦੇ ਹਨ) ਅਨਪੜ੍ਹ ਲੋਕਾਂ ਦਾ ਧਰਮ ਅਤੇ ਰੂਹਾਨੀਅਤ ਬਣ ਗਈਆਂ।

ਇਸ ਸਾਰਾ ਕੁਝ ਨੂੰ ਸਾਊਥ ਏਸ਼ੀਆ ਦੇ ਜਿਨ੍ਹਾਂ ਲੋਕਾਂ ਨੇ ਅਪਣਾਇਆ, ਉਹ ਹਿੰਦੂ ਅਖਵਾਏ ਅਤੇ ਏਨਾ ਹੀ ਨਹੀਂ ਬਲਕਿ ਉਨ੍ਹਾਂ ਨੇ ਇਥੋਂ ਤਕ ਕਹਿਣਾ ਸ਼ੁਰੂ ਕਰ ਦਿਤਾ ਕਿ ਅਜਿਹਾ ਸਾਰਾ ਕੁਝ, ਜਿਸ ਵਿਚ ਮਿਥਿਹਾਸ, ਕਲਪਨਾ, ਖ਼ਿਆਲੀ ਤੇ ਮਸਨੂਹੀ ਦੇਵੀ ਦੇਵਤੇ, ਪੀਰ-ਫ਼ਕੀਰ, ਜਾਦੂਗਰ, ਪਖੰਡੀ, ਨਾਟਕ-ਚੇਟਕ, ਅਖੌਤੀ ਕਾਲਾ/ਚਿੱਟਾ ਇਲਮ ਵਗੈਰ ਸ਼ਾਮਲ ਹਨ ਤੇ ਨਵੇਂ ਤਰੀਕੇ ਵੀ ਸ਼ਾਮਲ ਹੁੰਦੇ ਰਹਿਣਗੇ, ਸਭ "ਹਿੰਦੂ ਮੁਖ ਧਾਰਾ'' ਦਾ ਹਿੱਸਾ ਹਨ। ਭਾਵ ਕੋਈ ਸਿਧਾਂਤ ਨਹੀਂ, ਕੋਈ ਤਰੀਕਾ ਨਹੀਂ, ਕੋਈ ਇਕਸੁਰਤਾ ਨਹੀਂ, ਕੋਈ ਦਲੀਲ ਅਤੇ ਆਧਾਰ ਨਹੀਂ ਪਰ ਇਹ ਸਾਰਾ ਕੁੱਝ "ਧਰਮ'' ਬਣ ਗਿਆ।

ਹਾਲਾਂਕਿ ਪੰਜ ਸੌ ਸਾਲ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਪੱਥਰ-ਪੂਜਾ, ਕਬਰ, ਖ਼ਾਨਗਾਹ, ਸਮਾਧ ਦੀ ਪੂਜਾ, ਮਸਨੂਹੀ ਦੇਵੀ-ਦੇਵਤੇ, ਜੋਗੀ ਤੇ ਸਾਧ, ਕਰਾਮਾਤਾਂ ਤੇ ਕਾਲਾ ਇਲਮ, ਰਿਧੀਆਂ-ਸਿਧੀਆਂ ਦੇ ਦਾਅਵੇ ਸਾਰੇ ਰੱਦ ਕਰ ਦਿਤੇ ਸਨ। ਉਨ੍ਹਾਂ ਨੇ ਤਾਂ ਅਖੌਤੀ ਮੰਤਰ ਹਵਨ, ਪੂਜਾ ਤੇ ਜਾਦੂ ਦਾ ਭਰਮ ਵੀ ਤੋੜ ਦਿਤਾ ਸੀ। ਉਨ੍ਹਾਂ ਨੇ ਧਰਮ ਤੇ ਰੂਹਾਨੀਅਤ ਨੂੰ ਸੱਚ, ਇਨਸਾਫ਼, ਮੁਹੱਬਤ, ਸੇਵਾ, ਸਬਰ, ਸੰਤੋਖ, ਸਹਿਜ ਦਾ ਮੁਜੱਸਮਾ ਦਸਿਆ ਸੀ। ਗੁਰੂ ਸਾਹਿਬਾਨ ਨੇ ਰੂਹਾਨੀ ਸਿੱਖੀ ਜੀਵਨ ਜੀਅ ਕੇ ਦਿਖਾਇਆਂ ਸੀ ਤੇ ਸਿੱਖਾਂ ਨੇ ਵੀ ਇਸ ਨੂੰ ਪੂਰੀ ਤਰ੍ਹਾਂ ਅਪਣਾਇਆ ਸੀ।

1765 ਤੋਂ ਮਗਰੋਂ ਪੰਜਾਬ ਵਿਚ ਸਿੱਖਾਂ ਦੀ ਹਕੂਮਤ ਕਾਇਮ ਹੋਣੀ ਸ਼ੁਰੂ ਹੋ ਗਈ। ਮਿਸਲਾਂ ਦੇ ਮੁਖੀਆਂ ਤੋਂ ਉਹ 'ਸਰਦਾਰ', ਜਾਗੀਰਦਾਰ, ਰਾਜੇ ਤੇ ਮਹਾਰਾਜੇ ਬਣਨ ਲਗ ਪਏ। ਹੁਣ ਉਨ੍ਹਾਂ ਨੇ ਨਿਜ਼ਾਮ ਚਲਾਉਣ ਲਈ ਵਜ਼ੀਰ, ਫ਼ੌਜਦਾਰ, ਜੱਜ (ਕਾਜ਼ੀ) ਤੇ ਹੋਰ ਅਹਿਲਕਾਰ ਰੱਖਣੇ ਸ਼ੁਰੂ ਕਰ ਦਿਤੇ। ਇਨ੍ਹਾਂ ਵਿਚੋਂ ਬਹੁਤੇ ਅਹਿਲਕਾਰ ਪੁਰੋਹਿਤ ਤੇ ਪੁਜਾਰੀ ਵਗੈਰਾ ਸਨ, ਭਾਵ ਬ੍ਰਾਹਮਣ ਤੇ ਖਤਰੀ ਜਮਾਤਾਂ। ਇਨ੍ਹਾਂ ਜਮਾਤਾਂ ਨੇ ਸਿੱਖ ਰਿਆਸਤਾਂ ਦੇ ਦਰਬਾਰਾਂ ਵਿਚ ਚੰਡੀ, ਕਾਲੀ, ਸ਼ਿਵ, ਵਿਸ਼ਨੂੰ ਤੇ ਗਣੇਸ਼ ਵਗੈਰਾ ਮਨੋਕਲਪਿਤ ਦੇਵੀਆਂ-ਦੇਵਤੇ ਵਾੜਨੇ ਸ਼ੁਰੂ ਕਰ ਦਿਤੇ। ਇਨ੍ਹਾਂ ਭੋਲੇ ਸਿੱਖ ਰਾਜਿਆਂ ਨੇ ਧਰਮ ਦੇ ਵਜ਼ੀਰ ਵੀ ਬ੍ਰਾਹਮਣ ਹੀ ਲਾ ਦਿਤੇ ਜੋ ਰਾਜਿਆਂ ਤੋਂ ਧਰਮ ਦਾਨ, ਬ੍ਰਾਹਮਣ ਦਾਸ, ਤੁਲਾ ਦਾਨ, ਯੱਗ ਤੇ ਹਵਨ ਕਰਨ ਤੇ ਕਰਵਾਉਣ ਲਗ ਪਏ। ਤਾਕਤ ਦੇ ਖ਼ੁਮਾਰ ਅਤੇ ਨਸ਼ਿਆਂ (ਅਫ਼ੀਮ, ਸ਼ਰਾਬ) ਵਿਚ ਬੌਂਦਲੇ ਸਿੱਖ 'ਸਰਦਾਰ' ਗੁਰੂ ਦੀ ਸਿਖਿਆ ਭੁੱਲ ਗਏ। ਹੌਲੀ-ਹੌਲੀ ਗੁਰਦੁਆਰਾ ਸਿਰਫ਼ ਦਿਖਾਵੇ ਦਾ ਰਹਿ ਗਿਆ ਅਤੇ ਬ੍ਰਾਹਮਣੀ, ਗੁਰਮਤਿ ਦੇ ਉਲਟ ਕਰਮ ਕਾਂਡ ਇਨ੍ਹਾਂ 'ਸਰਦਾਰਾਂ' ਦਾ ਧਰਮ ਬਣਨ ਲੱਗ ਪਿਆ। ਭੋਲੀ ਜਨਤਾ ਇਨ੍ਹਾਂ ਦੇ ਪਿੱਛੇ ਹੋ ਤੁਰੀ। ਅਸਲ ਸਿੱਖੀ ਤੇ ਗੁਰਮਤਿ ਹਨੇਰੇ ਵਿਚ ਲੁਕ ਗਈ, ਜਾਂ ਉਸ ਦੇ ਅੱਗੇ ਕਰਮਕਾਂਡੀ ਕੰਧ ਖੜ੍ਹੀ ਕਰ ਕੇ, ਲੁਕਾ ਦਿਤੀ ਗਈ। ਗੁਰਦੁਆਰੇ ਵੀ ਸਿਰਫ਼ ਕਰਮ-ਕਾਂਡ ਦੇ ਸੈਂਟਰ ਬਣ ਗਏ। ਇਸ ਮਗਰੋਂ ਗੁਰਦੁਆਰਿਆਂ ਵਿਚ ਪੁਜਾਰੀ ਦਾ ਰੋਲ ਵਧੇਰੇ ਵਧਿਆ। ਇਨ੍ਹਾਂ ਪੁਜਾਰੀਆਂ ਵਿਚੋਂ ਬਹੁਤੇ ਪਾਂਡੇ ਸਨ, ਉਹੀ ਪਾਂਡੇ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਬੇਨਕਾਬ ਕਰ ਕੇ ਰੱਦ ਕੀਤਾ ਸੀ: ਗਿਆਨ ਧਿਆਨ ਕਿਛ ਸੂਝੈ ਨਾਹੀ ਚਤੁਰ ਕਹਾਵੈ ਪਾਂਡੇ।

ਇਸ ਮੁਕਾਮ ਤੋਂ ਹੀ ਇਨ੍ਹਾਂ ਪਾਂਡਿਆਂ ਦੇ ਚੱਕਰ ਵਿਚ ਪੈ ਕੇ ਕਰਮ-ਕਾਂਡੀਏ ਬਣਨ ਅਤੇ ਹਿੰਦੂ ਮੁੱਖ ਧਾਰਾ ਦਾ ਹਿੱਸਾ ਬਣਨ ਯਾਨਿ ਸਿੱਖਾਂ ਦੇ ਹਿੰਦੂ ਕਰਮ ਕਾਂਡ ਵਿਚ ਨਿਗਲੇ ਜਾਣ ਦੀ ਸ਼ੁਰੂਆਤ ਹੋ ਗਈ ਸੀ।

ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਵੇਲੇ ਪਹਿਲਾਂ ਯੂ.ਪੀ. ਦੇ ਪਾਂਡੇ ਖ਼ੁਸ਼ਹਾਲ ਚੰਦ (ਮਗਰੋਂ ਖ਼ੁਸ਼ਹਾਲ ਸਿੰਘ) ਅਤੇ ਫਿਰ ਜੰਮੂ ਦੇ ਡੋਗਰੇ (ਧਿਆਨ ਚੰਦ, ਗੁਲਾਬ ਚੰਦ ਤੇ ਸੁਚੇਤ ਸਿੰਘ) ਸਰਕਾਰ ਦੇ ਅਸਲ "ਮਾਲਕ" ਸਨ। ਇਨ੍ਹਾਂ ਦੀਆਂ ਸਾਜ਼ਿਸ਼ਾਂ ਹੇਠ ਰਣਜੀਤ ਸਿੰਘ ਦੇ ਖ਼ਜ਼ਾਨੇ ਦਾ ਵੱਡਾ ਹਿੱਸਾ ਹਿੰਦੂ ਮੰਦਰਾਂ ਤੋਂ ਇਲਾਵਾ ਨਿਰਮਲਿਆਂ, ਉਦਾਸੀਆਂ ਤੇ ਹੋਰ ਡੇਰੇਦਾਰਾਂ ਨੂੰ ਜਾਣ ਲੱਗ ਪਿਆ। ਹੌਲੀ-ਹੌਲੀ ਪਟਿਆਲਾ, ਨਾਭਾ, ਜੀਂਦ ਰਿਆਸਤਾਂ ਨੇ ਵੀ ਡੇਰਿਆਂ ਨੂੰ ਜ਼ਮੀਨਾਂ ਅਤੇ ਖ਼ਰਚੇ ਦੇਣੇ ਸ਼ੁਰੂ ਕਰ ਦਿਤੇ। ਇਨ੍ਹਾਂ ਵਿਚ ਉਦਾਸੀ, ਨਿਰਮਲੇ, ਗੁੱਗਾ ਪੀਰ, ਸਖੀ ਸਰਵਰ ਅਤੇ ਸੈਂਕੜੇ ਹੋਰ ਨਿੱਕੇ-ਮੋਟੇ ਡੇਰੇ ਤੇ ਸਾਧ ਵੀ ਸਨ। ਇਨ੍ਹਾਂ ਡੇਰਿਆਂ ਨੇ ਲੋਕਾਂ ਨੂੰ ਗੁਰੂ ਸਾਹਿਬਾਨ ਤੋਂ ਤੋੜਨ ਵਿਚ ਬੜਾ ਵੱਡਾ ਰੋਲ ਅਦਾ ਕੀਤਾ। ਮੁਸਲਮਾਨਾਂ ਨੇ ਲੋਕਾਂ ਨੂੰ ਕਬਰਾਂ, ਖ਼ਾਨਗਾਹਾਂ ਅਤੇ ਮਜ਼ਾਰਾਂ 'ਤੇ ਮੱਥੇ ਟੇਕਣ ਲਾ ਦਿਤਾ। ਨਿਰਮਲਿਆਂ ਅਤੇ ਉਦਾਸੀਆਂ ਦੇ ਡੇਰਿਆਂ ਤੋਂ ਜੋਗੀਆਂ ਤੇ ਸੰਨਿਆਸੀਆਂ ਦਾ ਪ੍ਰਚਾਰ ਸ਼ੁਰੂ ਹੋ ਗਿਆ। ਹੌਲੀ-ਹੌਲੀ ਇਨ੍ਹਾਂ ਵਿਚ ਅਖੌਤੀ 'ਬਾਬੇ', ਅਖੌਤੀ 'ਬ੍ਰਹਮ ਗਿਆਨੀ', ਅਖੌਤੀ ਸੰਤ, ਸਾਧੂ, ਯੋਗੀ, ਰਿਸ਼ੀ ਪੈਦਾ ਹੋਣ ਲੱਗ ਪਏ। ਇਸ ਸਾਰੇ ਨੇ ਸਿੱਖਾਂ ਨੂੰ ਗੁਰੂਆਂ ਅਤੇ ਗੁਰਮਤਿ ਤੋਂ ਤੋੜਨ ਵਿਚ ਬੜਾ ਵੱਡਾ ਰੋਲ ਅਦਾ ਕੀਤਾ।

1849 ਵਿਚ ਪੰਜਾਬ 'ਤੇ ਅੰਗਰੇਜ਼ੀ ਕਬਜ਼ੇ ਤੋਂ ਮਗਰੋਂ ਅੰਗਰੇਜ਼ਾਂ ਨੇ ਸਿੱਖਾਂ 'ਤੇ ਪੰਜ ਵੱਡੇ ਹਮਲੇ ਕੀਤੇ: (1) ਉਨ੍ਹਾਂ ਨੇ 'ਸਹਿਜਧਾਰੀ' ਦੇ ਨਾਂ ਹੇਠ ਸਿੱਖ ਧਰਮ ਵਿਚ ਹਿੰਦੂਆਂ ਦਾ ਦਖ਼ਲ ਸ਼ੁਰੂ ਕੀਤਾ। (2) ਉਨ੍ਹਾਂ ਨੇ ਗੁਰਦੁਆਰਿਆਂ 'ਤੇ ਨਿਰਮਲੇ ਤੇ ਉਦਾਸੀ ਪੁਜਾਰੀ/ਸਰਬਰਾਹ ਬਿਠਾ ਕੇ ਸਿੱਖਾਂ ਵਿਚ ਹਿੰਦੂ ਕਰਮ ਕਾਂਡ ਤੇ ਹਿੰਦੂ-ਪੂਜਾ ਤੇ ਬਿਪਰਨ ਮਰਿਆਦਾ ਸ਼ੁਰੂ ਕਰਵਾਈ। (3) ਵਡਭਾਗ ਸਿੰਘ ਅਤੇ ਅਜਿਹੇ ਹੋਰ ਡੇਰਿਆਂ ਦੇ ਨਾਲ-ਨਾਲ ਸੋਢੀ, ਬੇਦੀ, ਭੱਲੇ ਪਰਵਾਰਾਂ ਦੀ ਮਾਨਤਾ ਸ਼ੁਰੂ ਕਰਵਾ ਕੇ, ਇਨ੍ਹਾਂ ਅਖੌਤੀ ਤੇ ਬਿੰਦੀ 'ਗੁਰੂ ਪਰਵਾਰਾਂ' ਦੀ ਪੂਜਾ ਦਾ ਮਾਹੌਲ ਪੈਦਾ ਕੀਤਾ। (4) ਜੌਹਨ ਮਾਲਕਮ ਵਰਗਿਆਂ ਰਾਹੀਂ ਅਖੌਤੀ ਦਸਮ ਗ੍ਰੰਥ ਦਾ ਚਰਚਾ ਛੇੜ ਕੇ ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। (5) ਸ਼ਰਧਾ ਰਾਮ ਫਿਲੌਰੀ, ਖ਼ੁਸ਼ਵਕਤ ਰਾਏ, ਸੁਜਾਨ ਰਾਏ, ਬੂਟੇ ਸ਼ਾਹ ਵਾਗਿਆਂ ਕੋਲੋਂ ਸਿੱਖ ਤਵਾਰੀਖ਼ ਵਿਗਾੜਨ ਵਾਸਤੇ ਉਨ੍ਹਾਂ ਨੂੰ ਫ਼ੰਡ ਤੇ ਸਹੂਲਤਾਂ ਮੁਹੱਈਆ ਕੀਤੀਆਂ।

ਅੰਗਰੇਜ਼ਾਂ ਨੇ ਮੈੜੀ, ਕਰਤਾਰਪੁਰ, ਅਨੰਦਪੁਰ, ਹਰਸਹਾਇ (ਫ਼ਿਰੋਜ਼ਪੁਰ), ਹੇਹਰ (ਲਾਹੌਰ), ਜੰਡਿਆਲਾ (ਅੰਮ੍ਰਿਤਸਰ), ਘਰਾਚੋਂ, ਡੇਹਰਾਦੂਨ ਵਗੈਰਾ ਵਿਚ ਗੁਰਮਤਿ ਵਿਰੋਧੀ ਪੂਜਾ ਅਤੇ ਐਂਟੀ ਸਿੱਖ ਤਾਕਤਾਂ ਦੀ ਸਰਪ੍ਰਸਤੀ ਕੀਤੀ। ਉਨ੍ਹਾਂ ਨੇ ਇਨ੍ਹਾਂ ਐਂਟੀ-ਸਿੱਖ ਜਾਂ ਗੁਰੂ ਸਾਹਿਬਾਨ ਦੀ ਬਿੰਦੀ ਔਲਾਦ ਦੇ ਵਾਰਿਸਾਂ ਨੂੰ ਜਾਗੀਰਾਂ, ਮੁਆਫ਼ੀਆਂ, ਗਰਾਂਟਾਂ ਦੇ ਨਾਲ-ਨਾਲ ਆਨਰੇਰੀ ਮਜਿਸਟਰੇਟੀਆਂ, ਜ਼ੈਲਦਾਰੀਆਂ ਵੀ ਦਿਤੀਆਂ ਤੇ ਇਨ੍ਹਾਂ ਦੀ ਸ਼ਖ਼ਸੀ ਪੂਜਾ ਸ਼ੁਰੂ ਕਰਵਾਈ। ਇਸ ਨਾਲ ਸਿੱਖਾਂ ਵਿਚ ਗੁਰਮਤਿ ਦੀ ਥਾਂ ਗੁਰੁ ਸਾਹਿਬ ਵੱਲੋਂ ਰੱਦ ਕੀਤੇ ਪਰਵਾਰਾਂ ਦੇ ਵਾਰਿਸਾਂ (ਮੀਣਿਆਂ,

ਧੀਰਮੱਲੀਆਂ, ਰਾਮਰਾਈਆਂ ਵਗ਼ੈਰਾ) ਦੇ ਨਾਲ-ਨਾਲ ਜਾਦੂ, ਟੂਣੇ, ਮੰਤਰਾਂ ਦਾ ਪ੍ਰਚਾਰ ਵੀ ਹੋਇਆ। ਇਹ ਸਾਰੇ ਸੈਂਟਰ ਡੇਰੇ ਅਤੇ "ਬਾਬਿਆਂ" ਦੀ ਪੂਜਾ ਦੇ ਅਦਾਰੇ ਬਣ ਗਏ।

1947 ਵਿਚ ਅੰਗਰੇਜ਼ਾਂ ਦੇ ਜਾਣ ਮਗਰੋਂ ਹਿੰਦੂ ਸ਼ਾਵਨਵਾਦੀ ਤੇ ਫ਼ਿਰਕੂ ਹਿੰਦੂ ਸਰਕਾਰਾਂ ਨੇ ਨਾਮਧਾਰੀਆਂ, ਨਿਰੰਕਾਰੀਆਂ, ਰਾਧਾ ਸੁਆਮੀਆਂ, ਸਰਸਾ ਡੇਰੇ, ਨੂਰਮਹਿਲੀਆਂ ਨੂੰ ਵਧ ਚੜ੍ਹ ਕੇ ਸਰਪ੍ਰਸਤੀ ਦਿਤੀ। ਸਰਕਾਰਾਂ ਨੇ ਇਨ੍ਹਾਂ ਨੂੰ ਜ਼ਮੀਨਾਂ, ਫ਼ੰਡ ਅਤੇ ਹੋਰ ਸਾਰੀਆਂ ਸਹੂਲਤਾਂ ਮੁਹੱਈਆਂ ਕਰਵਾਈਆਂ ਜਿਸ ਨਾਲ ਇਹ ਡੇਰੇ ਗ਼ਰੀਬ ਲੋਕਾਂ, ਜਿਨ੍ਹਾਂ ਵਿਚ ਸਿੱਖ ਵੀ ਕਾਫ਼ੀ ਸਨ, ਨੂੰ ਗੁਰਮਤਿ, ਸ਼ਬਦ ਗੁਰੂ ਅਤੇ ਰੂਹਾਨੀਅਤ ਤੋਂ ਤੋੜ ਕੇ ਸ਼ਖ਼ਸੀ ਪੂਜਾ, ਮੰਤਰ (ਅਖੌਤੀ ਨਾਮ) ਦੀ ਪੂਜਾ ਵਲ ਲੈ ਤੁਰੇ। ਛੇਤੀ ਹੀ ਇਹ ਵੱਡੇ-ਵੱਡੇ ਤੇ ਤਵਾਰੀਖ਼ੀ ਗੁਰਦਵਾਰਿਆਂ ਤੋਂ ਵੀ ਵੱਡੇ 'ਅੱਡੇ' ਤੇ ਸ਼ਰੀਕ ਬਣ ਗਏ।

ਪੰਜਾਬ ਵਿਚ ਪੰਜਾਬੀ ਸੂਬਾ ਲਹਿਰ ਚਲਣ ਵੇਲੇ (1953) ਸਿਰਫ਼ ਨਿਰੰਕਾਰੀ ਤੇ ਨਾਮਧਾਰੀ ਹੀ ਜ਼ਰਾ-ਮਾਸਾ ਤਾਕਤ ਵਾਲੇ ਅੱਡੇ ਸਨ ਪਰ ਕਾਂਗਰਸੀ ਲੀਡਰਾਂ (ਸਣੇ ਨਹਿਰੂ ਤੇ ਇੰਦਰਾ ਗਾਂਧੀ), ਸਰਕਾਰੀ ਆਲ੍ਹਾ ਅਫ਼ਸਰਾਂ ਤੇ ਪੁਲਿਸ ਵਾਲਿਆਂ ਨੇ ਇਨ੍ਹਾਂ ਡੇਰਿਆਂ 'ਤੇ ਜਾਣਾ ਸ਼ੁਰੂ ਕਰ ਦਿਤਾ ਜਿਸ ਨਾਲ ਆਮ ਲੋਕ ਵੀ ਇਨ੍ਹਾਂ ਡੇਰਿਆਂ ਨਾਲ ਜੁੜਨ ਲੱਗ ਪਏ। ਡੇਰੇਦਾਰਾਂ ਦੀਆਂ ਚਿੱਠੀਆਂ ਅਤੇ ਫ਼ੋਨਾਂ ਨਾਲ ਸਰਕਾਰੇ-ਦਰਬਾਰੇ 'ਕੰਮ' ਹੋਣ ਲੱਗ ਪਏ। ਇਸ ਨਾਲ ਇਨ੍ਹਾਂ ਡੇਰਿਆਂ ਦੀ ਬੇਹੱਦ ਮਾਣਤਾ ਵਧੀ। ਯਾਨਿ ਇਨ੍ਹਾਂ ਡੇਰਿਆਂ ਨੂੰ ਪੂਰੀ ਸਰਕਾਰੀ ਸਰਪ੍ਰਸਤੀ, ਮਾਣ ਅਤੇ ਤਾਕਤ ਹਾਸਲ ਸੀ। ਇਨ੍ਹਾਂ ਡੇਰਿਆਂ ਤੋਂ ਇਲਾਵਾ ਭਿੰਡਰਾਂ, ਮਸਤੂਆਣਾ, ਕਲੇਰਾਂ, ਬੇਗੋਵਾਲ, ਹਰਖੋਵਾਲ, ਦੋਦੜਾ, ਰਾੜਾ ਵਗੈਰਾ ਡੇਰੇ ਧਾਰਮਿਕ ਕਾਰਵਾਈਆਂ ਵਿਚ ਆਪਣਾ ਨਾਂ ਬਣਾ ਚੁੱਕੇ ਸਨ। ਇਨ੍ਹਾਂ ਵਿਚੋਂ ਭਿੰਡਰਾਂ, ਮਸਤੂਆਣਾ, ਕਲੇਰਾਂ ਤੇ ਬੇਗੋਵਾਲ ਤਾਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਸਨ ਤੇ ਇਨ੍ਹਾਂ 'ਤੇ ਭਾਰਤ ਸਰਕਾਰ ਦਾ ਜ਼ੋਰ ਨਹੀਂ ਚਲਿਆ ਪਰ ਫਿਰ ਵੀ ਇਨ੍ਹਾਂ ਨੂੰ ਸਰਕਾਰ ਵਲੋਂ ਅਸਿੱਧੀ ਸਰਪ੍ਰਸਤੀ ਮਿਲਦੀ ਰਹੀ ਕਿਉਂਕਿ ਕਾਂਗਰਸ ਸੋਚਦੀ ਸੀ ਕਿ ਜੇ ਕਰ ਇਨ੍ਹਾਂ ਨੂੰ ਅਪਣੀ ਪੂਰੀ ਸੋਚ 'ਤੇ ਨਹੀਂ ਵੀ ਲਿਆ ਸਕਾਂਗੇ ਤਾਂ ਸ਼੍ਰੋਮਣੀ ਕਮੇਟੀ ਦੇ ਮੁਤਵਾਜ਼ੀ ਜਾਂ ਬਰਾਬਰ ਦੇ ਅਦਾਰੇ ਤਾਂ ਕਾਇਮ ਕਰ ਸਕਾਂਗੇ। ਉਹ ਇਸ ਵਿਚ ਸਿਰਫ਼ ਕੁੱਝ ਹੱਦ ਤਕ ਹੀ ਕਾਮਯਾਬ ਹੋਏ। ਇਨ੍ਹਾਂ ਡੇਰਿਆਂ ਨੇ ਅਪਣੀ ਵੱਖਰੀ ਅਖੌਤੀ ਮਰਿਆਦਾ ਕਾਇਮ ਕਰ ਲਈ ਜਿਸ ਵਿਚ ਵਧੇਰੇ ਹਿੱਸਾ ਬ੍ਰਾਹਮਣੀ ਕਰਮ ਕਾਂਡ ਦਾ ਸੀ। ਇਸ ਨਾਲ ਇਕ ਪਾਸੇ ਤਾਂ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਤੋਂ ਬਗ਼ਾਵਤ ਵੀ ਹੋਈ ਅਤੇ ਨਾਲ ਹੀ ਬਿਪਰਨ ਰਸਮਾਂ ਅਤੇ ਮਰਿਆਦਾ ਵੀ ਸਿੱਖੀ ਵਿਚ ਆ ਵੜੀਆਂ। ਭਾਵੇਂ ਅਖੰਡ ਕੀਰਤਨੀ ਜਥਾ ਵੀ ਹੌਲੀ-ਹੌਲੀ ਇਕ ਜਮਾਤ ਬਣ ਗਿਆ ਸੀ ਪਰ ਉਨ੍ਹਾਂ ਨੇ ਸਿੱਖ ਰਹਿਤ ਮਰਿਆਦਾ ਤੋਂ ਕਦੇ ਵੀ ਬਗ਼ਾਵਤ ਨਹੀਂ ਸੀ ਕੀਤੀ। ਸਗੋਂ ਉਹ ਰਾਗ ਮਾਲਾ ਰੱਦ ਕਰ ਕੇ, ਕੇਸਕੀ ਨੂੰ ਕਕਾਰ ਬਣਾ ਕੇ, ਗੁਰਮਤਿ ਮਰਿਆਦਾ ਦੇ ਅਲੰਬਰਦਾਰ ਬਣੇ ਸਨ (ਮਗਰੋਂ ਉਹ ਵੀ ਬਿਪਰਨ ਕਿਤਾਬ ਅਖੌਤੀ ਦਸਮ ਗ੍ਰੰਥ ਨੂੰ ਅਪਣਾਉਣ ਕਾਰਨ ਸਿੱਖੀ ਨੂੰ ਉਲਝਾਉਣ ਵਿਚ ਭਾਈਵਾਲ ਬਣੇ)।

ਸਿਰਫ਼ ਇਸ ਇਕ ਨੁਕਤੇ ਤੋਂ ਸਿਵਾ, ਸਮੁੱਚੇ ਤੌਰ 'ਤੇ ਉਨ੍ਹਾਂ ਦਾ ਰੋਲ 'ਡੇਰਾਵਾਦੀ' ਨਹੀਂ ਸੀ।

1978 ਵਿਚ ਨਿਰੰਕਾਰੀਆਂ ਹੱਥੋਂ 13 ਸਿੱਖਾਂ ਦੇ ਕਤਲ ਮਗਰੋਂ ਪੰਜਾਬ ਵਿਚ ਬਬਰ ਖਾਲਸਾ ਅਤੇ ਭਿੰਡਰਾਂਵਾਲਿਆਂ ਦਾ ਬੋਲਬਾਲਾ ਸ਼ੁਰੂ ਹੋ ਗਿਆ। ਇਸ ਨਾਲ ਸਾਰੇ ਡੇਰਿਆਂ ਨੂੰ ਨੱਥ ਪੈ ਗਈ। ਕੁੱਝ ਹੀ ਮਹੀਨਿਆਂ ਪਿੱਛੋਂ ਇਨ੍ਹਾਂ ਡੇਰਿਆਂ ਵਲ ਜਾਣ ਵਾਲੇ ਲੋਕਾਂ ਦੀ ਗਿਣਤੀ ਘਟਣ ਲੱਗ ਪਈ ਤੇ ਉਨ੍ਹਾਂ ਦਾ ਰੁਝਾਨ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਵਲ ਹੋ ਗਿਆ। ਇਸ ਮਗਰੋਂ ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲਾ ਅਤੇ ਫਿਰ ਨਵੰਬਰ 1984 ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਇਆ। ਇਸ ਦੇ ਨਾਲ ਹੀ ਖਾਲਿਸਤਾਨ ਦੀ ਖਾੜਕੂ ਲਹਿਰ ਚੱਲ ਪਈ। ਇਸ ਲਹਿਰ ਕਾਰਨ ਕਤਲੋਗਾਰਤ ਤੇ ਦਹਿਸ਼ਤ ਦਾ ਮਾਹੌਲ ਬਣ ਗਿਆ। ਇਸ ਨੇ ਡੇਰਿਆਂ ਵਲ ਜਾਣ ਵਾਲੇ ਰਾਹ ਸੁੰਞੇ ਕਰ ਦਿਤੇ।

1988 ਵਿਚ ਇਕ ਖਾੜਕੂ ਗੁਰਜੰਟ ਸਿੰਘ ਰਾਜਸਥਾਨੀ ਨੇ ਅਪਣੇ ਇਕ ਰਿਸ਼ਤੇਦਾਰ ਗੁਰਮੀਤ ਰਾਹੀਂ ਸਤਨਾਮ ਸ਼ਾਹ ਦੇ ਸਰਸਾ ਡੇਰੇ 'ਤੇ ਕਬਜ਼ਾ ਕਰ ਲਿਆ। ਪਹਿਲਾਂ ਤਾਂ ਇਹ ਡੇਰਾ ਗੁਰਜੰਟ ਸਿੰਘ ਦੀ ਆਮਦਨੀ ਦਾ ਸੋਮਾ ਤੇ ਉਸ ਦੀ ਛੁਪਣਗਾਹ ਬਣਿਆ, ਪਰ ਸਤਨਾਮ ਸ਼ਾਹ ਦੀ ਮੌਤ/ਕਤਲ ਮਗਰੋਂ ਗੁਰਮੀਤ ਨੂੰ ਏਜੰਸੀਆਂ ਨੇ ਕਾਬੂ ਕਰ ਲਿਆ। ਰਾਧਾ ਸੁਆਮੀ ਦੇ ਮੁਖ਼ਾਲਿਫ਼, ਕਾਂਗਰਸੀ ਵਰਕਰ ਅਤੇ ਹਰਿਆਣਾ ਦੇ ਪੰਜਾਬੀ-ਮਾਫ਼ੀਆ ਨੇ ਇਸ ਨੂੰ ਸਰਪ੍ਰਸਤੀ ਦੇਣੀ ਸ਼ੁਰੂ ਕਰ ਦਿਤੀ। ਦਲਾਲਾਂ, ਪ੍ਰੈੱਸ, ਇਸ਼ਤਿਹਾਰਾਂ ਰਾਹੀਂ ਇਸ ਦੀ ਖ਼ੂਬ ਮਸ਼ਹੂਰੀ ਕੀਤੀ ਗਈ। ਕੁਝ ਹੀ ਸਾਲਾਂ ਵਿਚ (1994-2000) ਇਹ ਡੇਰਾ ਰਾਧਾ ਸੁਆਮੀ ਤੋਂ ਅੱਗੇ ਨਿਕਲ ਗਿਆ। ਗੁਰਮੀਤ ਰਾਮ ਰਹੀਮ ਦੀ ਸਰਪ੍ਰਸਤੀ ਵਿਚ ਦੋ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿੰਘ, ਭਜਨ ਲਾਲ ਸਭ ਤੋਂ ਮੂਹਰੇ ਸਨ। ਹੌਲੀ-ਹੌਲੀ ਇਨ੍ਹਾਂ ਵਿਚ ਸੈਕਸ ਮਾਫ਼ੀਆ ਵੀ ਸ਼ਾਮਲ ਹੋ ਗਿਆ। ਅੱਜ ਹਰ ਪਾਸੇ ਚਰਚਾ ਹੈ ਕਿ ਕਾਮ ਦੇ ਭੁੱਖੇ ਗੁਰਮੀਤ ਰਾਮ ਨੇ ਮੂਰਖ ਸ਼ਰਧਾਲੂਆਂ ਦੀਆਂ ਕੁਆਰੀਆਂ ਧੀਆਂ ਦਾ 'ਤਨ ਮਨ ਧਨ' ਅਰਪਣ ਕਰਨ ਦਾ ਪ੍ਰਣ, ਸਿਰਫ਼ ਤਨ-ਭੋਗ ਤਕ ਸੀਮਤ ਕਰ ਕੇ, ਸੈਂਕੜੇ ਚੇਲੀਆਂ ਆਪ ਵੀ ਭੋਗੀਆਂ ਅਤੇ ਉਨ੍ਹਾਂ ਕੁੜੀਆਂ ਕੋਲੋਂ ਸਿਆਸੀ ਆਗੂਆਂ, ਪੁਲਸੀਆਂ, ਸਰਕਾਰੀ ਅਫ਼ਸਰਾਂ ਅਤੇ ਅਮੀਰਜ਼ਾਦਿਆਂ ਦੇ ਬੈਡਰੂਮ-ਰੂਪੀ ਤੀਰਥਾਂ ਦੀ 'ਤੀਰਥ ਯਾਤਰਾ' ਵੀ ਕਰਵਾਈ।

1997 ਵਿਚ ਬਾਦਲ ਦੀ ਸਰਕਾਰ ਹੋਂਦ ਵਿਚ ਆਈ। ਉਸ ਵੇਲੇ ਤਕ ਸਰਸਾ ਡੇਰਾ ਰਾਧਾ ਸੁਆਮੀ ਤੋਂ ਅੱਗੇ ਨਿਕਲ ਚੁੱਕਾ ਸੀ। ਸ਼ਰਧਾਲੂ ਬਹੁਤੇ ਸਨ, ਸਿਆਸੀ ਸਰਪ੍ਰਸਤੀ ਹਾਸਲ ਸੀ, ਜਵਾਨ ਸਾਧਵੀਆਂ ਸੈਂਕੜਿਆਂ ਦੀ ਗਿਣਤੀ ਵਿਚ ਹਾਜ਼ਰ ਸਨ। ਇਹ ਇਕ ਤਰ੍ਹਾਂ ਦਾ 'ਮਾਫ਼ੀਆ ਅੰਡਰ ਵਰਲਡ' ਬਣ ਚੁੱਕਾ ਸੀ। ਬਾਦਲ ਨੇ ਤਾਕਤ ਵਿਚ ਆ ਕੇ ਗੁਰਮੀਤ ਰਾਮ ਨੂੰ ਅਪਣੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਉਸ ਨੇ ਉਸ ਨੂੰ ਸਲਾਬਤਪੁਰਾ 'ਚ ਜ਼ਮੀਨ ਵੀ ਦਿਤੀ, ਪਰ ਗੁਰਮੀਤ ਰਾਮ ਕਾਂਗਰਸੀਆਂ ਨਾਲ ਕੁੜਮਾਚਾਰੀ ਕਾਰਨ, ਉਨ੍ਹਾਂ ਦੀ ਪਕੜ 'ਚੋਂ ਨਾ ਨਿਕਲ ਸਕਿਆ। ਇਸ 'ਤੇ ਬਾਦਲ ਨੇ ਇਸ ਦੇ ਮੁਕਾਬਲੇ ਵਿਚ ਰਾਧਾ ਸੁਆਮੀਆਂ ਨੂੰ ਸਰਪ੍ਰਸਤੀ ਦੇਣੀ ਸ਼ੁਰੂ ਕਰ ਦਿਤੀ। ਉਨ੍ਹਾਂ ਨੂੰ ਮੋਹਾਲੀ ਵਿਚ 200 ਏਕੜ ਜ਼ਮੀਨ ਦੇ ਦਿਤੀ। ਉਨ੍ਹਾਂ ਦੇ

ਬਿਆਸ ਡੇਰੇ ਤੋਂ ਸੇਲਜ਼ ਟੈਕਸ ਤੇ ਹੋਰ ਸਾਰੇ ਟੈਕਸ ਮੁਆਫ਼ ਕਰ ਦਿਤੇ। ਉਨ੍ਹਾਂ ਦੇ ਡੇਰੇ ਨੂੰ ਸਾਰੇ ਪਾਸਿਓਂ ਸੜਕਾਂ ਬਣਾ ਦਿਤੀਆਂ।

ਬਾਦਲ ਨੇ ਆਸ਼ੂਤੋਸ਼ ਵਰਗੇ, ਮੁਜਰਿਮ ਕਿਸਮ ਦੇ ਬਿਹਾਰੀ, ਨੂੰ ਨੂਰਮਹਿਲ ਵਿਚ ਕਾਇਮ ਕੀਤਾ। ਬਾਦਲ ਨੇ ਨਾਮਧਾਰੀਆਂ (ਦਰਅਸਲ ਕੂਕਿਆਂ) ਦੇ ਮੁਖੀ ਰਾਮ ਸਿੰਘ ਦੇ ਨਾਂ 'ਤੇ 'ਸਤਿਗੁਰੂ ਰਾਮ ਸਿੰਘ ਚੇਅਰ' ਗੁਰੂ ਨਾਨਕ ਯੂਨੀਵਰਸਿਟੀ ਵਿਚ ਕਾਇਮ ਕਰ ਦਿਤੀ ਤੇ ਗੁਰੂ ਨਾਨਕ ਸਾਹਿਬ ਦੀ ਬੇਅਦਬੀ ਵੀ ਕੀਤੀ। ਬਾਦਲ ਨੇ ਤਕਰੀਬਨ ਹਰ ਡੇਰੇ ਅਤੇ ਹਰ ਬਦਨਾਮ ਸਾਧ ਨੂੰ ਸਰਪ੍ਰਸਤੀ ਦਿਤੀ ਤਾਂ ਜੋ ਉਹ ਇਸ ਦੇ ਅਹਿਸਾਨਮੰਦ ਹੋ ਕੇ ਇਸ ਦਾ ਵੋਟ ਬੈਂਕ ਬਣ ਸਕਣ। ਕਾਂਗਰਸ ਨੇ ਤਾਂ ਸਰਸਾ ਡੇਰਾ ਪ੍ਰਫੁਲਤ ਕੀਤਾ ਸੀ, ਬਾਦਲ ਨੇ ਦਰਜਨ ਤੋਂ ਵਧ ਵੱਡੇ ਤੇ ਸੈਂਕੜੇ ਛੋਟੇ ਡੇਰਿਆਂ ਨੂੰ ਸਹੂਲਤਾਂ, ਮਦਦ ਤੇ ਤਾਕਤ ਦਿਤੀ।

ਇਸੇ ਦੌਰਾਨ ਬਾਦਲ ਦੇ ਭਾਈਵਾਲ (ਪਰ ਅੰਦਰੋਂ ਸ਼ਰੀਕ) ਗੁਰਚਰਨ ਸਿੰਘ ਟੌਹੜਾ ਨੇ ਇਕ ਹੋਰ ਕਿਸਮ ਦਾ ਡੇਰਾਵਾਦ ਕਾਇਮ ਕੀਤਾ। ਪੰਜਾਬ ਦੇ ਨਿੱਕੇ ਮੋਟੇ ਬਹੁਤ ਸਾਰੇ ਸਾਧ ਅਖੌਤੀ 'ਸੰਤ ਸਮਾਜ' ਦੇ ਨਾਂ ਹੇਠ ਇਕੱਠੇ ਕਰ ਲਏ। ਇਨ੍ਹਾਂ ਵਿਚ ਊਨਾ, ਭਿੰਡਰਾਂ-ਮਹਿਤਾ, ਢੱਕੀ ਵਾਲਾ, ਬੱਧਨੀ ਕਲਾਂ, ਜਵੱਦੀ ਕਲਾਂ, ਪਿਹੋਵੇ ਵਾਲਾ ਕਾਮੀ-ਸਾਧ ਤਾਂ ਸ਼ਾਮਿਲ ਸਨ ਹੀ ਪਰ ਨਾਲ ਹੀ ਨਿੱਕੇ ਵੱਡੇ ਸੈਂਕੜੇ ਹੋਰ ਸਾਧ ਵੀ ਆ ਰਲੇ। ਉਸ ਦਾ ਨਿਸ਼ਾਨਾ ਬਾਦਲ ਦੀ ਰਾਧਾ ਸੁਆਮੀ, ਨਾਮਧਾਰੀ, ਨੂਰਮਹਿਲੀਆ, ਭਨਿਆਰਾ ਜੁੰਡਲੀ ਦਾ ਮੁਕਾਬਲਾ ਕਰ ਕੇ ਬਰਾਬਰ ਦੀ ਟੱਕਰ ਦੇਣਾ ਸੀ। ਅਖ਼ੀਰ ਇਹ ਵੀ ਖ਼ਤਰਨਾਕ ਸਾਬਤ ਹੋਇਆ। ਇਨ੍ਹਾਂ ਸਾਧਾਂ ਨੂੰ ਟੌਹੜੇ ਦੀ ਸ਼੍ਰੋਮਣੀ ਕਮੇਟੀ ਦੀ ਮਨਜ਼ੂਰੀ ਤੇ ਮਕਬੂਲੀਅਤ ਮਿਲ ਗਈ। ਇਨ੍ਹਾਂ ਨੇ ਅਪਣੇ ਆਪ ਨੂੰ 'ਗੁਰਮਤਿ ਦਾ ਸੰਤ ਸਮਾਜ' ਅਖਵਾਉਣਾ ਸ਼ੁਰੂ ਕਰ ਦਿਤਾ, ਹਾਲਾਂਕਿ ਇਨ੍ਹਾਂ ਸਾਰਿਆਂ ਦੀ ਆਪਣੀ-ਆਪਣੀ ਵੱਖਰੀ ਰਹਿਤ ਮਰਿਆਦਾ ਬਣੀ ਹੋਈ ਸੀ ਜੋ ਸਿੱਖ ਮਰਿਆਦਾ ਨਾਲੋਂ 'ਬਿਪਰਨ ਕਰਮ ਕਾਂਡੀ ਕੁਰਹਿਤ ਮਰਿਆਦਾ' ਵਧੇਰੇ ਸੀ।

ਫਿਰ ਅਜਿਹਾ ਦੌਰ ਵੀ ਆਇਆ ਕਿ ਧਾਰਮਕ ਅਦਾਰਿਆਂ 'ਤੇ ਇਕ ਨਵੇਂ ਮਾਫ਼ੀਏ ਦਾ ਕਬਜ਼ਾ ਹੋ ਗਿਆ। 'ਜਥੇਦਾਰ' ਅਤੇ 'ਸਿੰਘ ਸਾਹਿਬ' ਨਾਂ ਦੀ ਇਕ ਹੋਰ ਜਮਾਤ ਪੈਦਾ ਹੋ ਗਈ। ਸਿੱਖ ਸਿਧਾਂਤਾਂ ਵਿਚ ਜਥੇਦਾਰ ਤੇ ਸਿੰਘ ਸਾਹਿਬ ਕੋਈ ਅਹੁਦੇ ਨਹੀਂ ਹਨ ਤੇ ਨਾ ਹੀ ਸਿੱਖ ਤਵਾਰੀਖ਼ ਵਿਚ ਇਹ ਲਫ਼ਜ਼ ਮੌਜੂਦ ਸਨ। ਕਿਤੇ ਵੀ ਭਾਈ ਮਨੀ ਸਿੰਘ ਜਾਂ ਅਕਾਲੀ ਫੂਲਾ ਸਿੰਘ ਨੂੰ 'ਅਕਾਲ ਤਖ਼ਤ ਦੇ ਜਥੇਦਾਰ' ਲਿਖਿਆ ਨਹੀਂ ਮਿਲਦਾ। 1979 ਵਿਚ ਟੌਹੜਾ ਨੇ ਬਾਦਲ ਨੂੰ ਠਿੱਬੀ ਲਾਉਣ ਵਾਸਤੇ ਇਹ 'ਹਊਆ' ਖੜਾ ਕੀਤਾ ਸੀ ਪਰ 1984 ਤੋਂ ਮਗਰੋਂ ਖਾੜਕੂਆਂ ਨੇ ਉਸ ਦਾ ਹਥਿਆਰ ਖੋਹ ਕੇ ਅਕਾਲੀਆਂ ਨੂੰ ਹੀ ਲੂਲ੍ਹਾ ਕਰ ਦਿਤਾ, ਪਰ ਨਾਲ ਹੀ ਸਿੱਖ ਫ਼ਲਸਫ਼ੇ ਦਾ ਘਾਣ ਵੀ ਕਰ ਦਿਤਾ। ਸਿੱਖੀ ਵਿਚ ਇਕ ਅਸਿੱਖ ਤਾਕਤ 'ਜਥੇਦਾਰ' ਨੂੰ ਕਾਇਮ ਕਰਨ ਦੀ ਕੋਸ਼ਿਸ਼ ਵਿਚ ਤਵਾਰੀਖ਼ ਅਤੇ ਫ਼ਲਸਫ਼ੇ ਦਾ ਰੇਪ ਕਰ ਦਿਤਾ ਗਿਆ। 1999 ਵਿਚ ਬਾਦਲ ਨੇ ਇਸ ਨਵੇਂ ਅਹੁਦੇ 'ਜਥੇਦਾਰ' ਨੂੰ ਅਗਵਾ ਕਰ ਲਿਆ ਤੇ ਹੁਣ ਤਕ ਉਹ ਇਸ ਨੂੰ ਗੁਰਮਤਿ ਦੇ ਘਾਣ ਵਾਸਤੇ ਵਰਤ ਰਿਹਾ ਹੈ। ਇਹ ਵੀ ਇਕ ਕਿਸਮ ਦਾ 'ਮਾਫ਼ੀਆ ਦਾ ਹਊਆ' ਬਣਾ ਲਿਆ ਗਿਆ ਹੈ ਪਰ ਹੁਣ ਸਿਆਣੇ ਸਿੱਖ ਇਸ ਨੂੰ ਰੱਦ ਕਰਨ ਲੱਗ ਪਏ ਹਨ।

ਵੱਖ-ਵੱਖ ਕਿਸਮ ਦਾ ਡੇਰਾਵਾਦ ਪੈਦਾ ਕਰਨ ਵਿਚ ਸੱਭ ਤੋਂ ਵਧ ਰੋਲ ਰਣਜੀਤ ਸਿੰਘ ਦੇ ਵੇਲੇ ਬ੍ਰਾਹਮਣਾਂ, ਡੋਗਰਿਆਂ ਤੇ ਉਸ ਤੋਂ ਮਗਰੋਂ ਅੰਗਰੇਜ਼ਾਂ ਦਾ ਸੀ।

ਅਖੌਤੀ 'ਸੰਤਾਂ' ਨੂੰ ਅੰਗਰੇਜ਼ਾਂ ਨੇ 'ਕਾਇਮ' ਕੀਤਾ ਸੀ। ਸਿੱਖੀ ਵਿਚ 'ਸੰਤ' ਨਾਂ ਦੀ ਕੋਈ ਜਮਾਤ ਜਾਂ ਹਸਤੀ ਨਹੀਂ। ਪਹਿਲੇ ਅਖੌਤੀ ਸੰਤ (ਅਤਰ ਸਿੰਘ ਮਸਤੂਆਣਾ) ਨੂੰ ਅੰਗਰੇਜ਼ਾਂ ਅਤੇ ਫਿਰਕੂ ਹਿੰਦੂ ਆਗੂ ਮਦਨ ਮੋਹਨ ਮਾਲਵੀਆ ਨੇ ਕਾਇਮ ਕੀਤਾ ਸੀ। ਮੌਜੂਦਾ ਡੇਰੇ ਭਾਰਤ ਦੀਆਂ ਏਜੰਸੀਆਂ, ਕਾਂਗਰਸੀਆਂ, ਆਰ.ਐਸ.ਐਸ. ਤੇ ਮਹਾਰਾਜਿਆਂ ਦੀ ਪੈਦਾਵਾਰ ਹਨ। ਇਨ੍ਹਾਂ ਨੂੰ ਸਭ ਤੋਂ ਵਧ ਤਾਕਤ ਪ੍ਰਕਾਸ਼ ਸਿੰਘ ਬਾਦਲ ਨੇ ਦਿਤੀ ਹੈ (ਪਰ ਇਨ੍ਹਾਂ ਵਿਚੋਂ ਕੋਈ ਵੀ ਉਸ ਦਾ 'ਸੱਕਾ' ਨਹੀਂ ਹੈ)। ਹੁਣ ਬਾਦਲ ਵਲੋਂ ਮਾਲ ਖੁਆ ਕੇ ਝੋਟੇ-ਬਣਾਏ ਸਾਧ ਅਤੇ ਡੇਰੇ ਉਸ ਲਈ ਹੀ ਮੁਸੀਬਤ ਬਣੇ ਹੋਏ ਹਨ ਪਰ ਇਨ੍ਹਾਂ ਦਾ ਸੱਭ ਤੋਂ ਵਧ ਖ਼ਤਰਾ ਸਿੱਖ ਪੰਥ ਨੂੰ ਹੈ। ਸ਼੍ਰੋਮਣੀ ਕਮੇਟੀ ਤੇ ਹੋਰ ਗੁਰਦਵਾਰਾ ਕਮੇਟੀਆਂ ਤੇ ਧਾਰਮਕ ਜਮਾਤਾਂ ਤੇ ਜਥੇਬੰਦੀਆਂ ਇਨ੍ਹਾਂ ਨੂੰ ਨੱਥ ਪਾ ਸਕਦੀਆਂ ਸਨ ਪਰ ਸ਼੍ਰੋਮਣੀ ਕਮੇਟੀ ਤਾਂ ਖ਼ੁਦ ਬਾਦਲ ਦਾ ਡੇਰਾ ਬਣੀ ਪਈ ਹੈ ਤਾਂ ਦੂਜੇ ਧਾਰਮਿਕ ਅਦਾਰੇ ਸਿਰਫ਼ ਅੱਕੀਂ-ਪਲਾਹੀਂ ਹੱਥ ਮਾਰ ਰਹੇ ਹਨ। ਇਸ ਹਾਲਤ ਵਿਚ ਸਿੱਖ ਵਿਦਵਾਨ ਤੇ ਤੱਤ (ਅਸਲ, ਨਿਰੋਲ) ਗੁਰਮਤਿ ਦੇ ਪ੍ਰਚਾਰਕ ਹੀ ਰੋਲ ਅਦਾ ਕਰ ਸਕਦੇ ਹਨ।

ਡੇਰੇ: ਵਿਭਚਾਰ, ਕਤਲਾਂ ਤੇ ਮਾਫ਼ੀਆ ਦੇ ਅੱਡੇ

13 ਮਈ 2007 ਦੇ ਦਿਨ ਪੰਜਾਬ ਦੇ ਇਕ ਪਿੰਡ ਸਲ੍ਹਾਬਤਪੁਰਾ ਵਿਚ ਸਰਸਾ ਡੇਰੇ ਦੇ ਪਾਪੀ "ਮੀਤੇ" (ਗੁਰਮੀਤ ਰਾਮ) ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਵਾਂਗ ਰਚਾ ਕੇ ਸਿੱਖ ਧਰਮ 'ਤੇ ਜੋ ਹਮਲਾ ਕੀਤਾ, ਉਸ ਨੇ ਸਾਰੇ ਸਿੱਖਾਂ ਦੇ ਦਿਲ ਵਲੂੰਧਰ ਦਿੱਤੇ। ਇਕ ਵੀ ਸੱਚਾ ਸਿੱਖ ਅਜਿਹਾ ਨਹੀਂ ਸੀ ਜਿਸ ਨੂੰ ਇਸ ਕਰਤੂਤ 'ਤੇ ਤਕਲੀਫ਼ ਨਾ ਹੋਈ ਹੋਵੇ।

ਬਣਦਾ ਤਾਂ ਇਹ ਸੀ ਕਿ ਪੰਜਾਬ ਸਰਕਾਰ ਉਸ 'ਤੇ ਮੁਕੱਦਮਾ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰਦੀ। ਪਰ ਬਾਦਲ ਦੀ ਅਖੌਤੀ 'ਅਕਾਲੀ' ਸਰਕਾਰ ਨੇ ਇਹ ਤਾਂ ਨਾ ਕੀਤਾ; ਉਲਟਾ ਇਸ ਦੇ ਖ਼ਿਲਾਫ਼ ਪ੍ਰੋਟੈਸਟ ਕਰਦੇ ਸਿੱਖਾਂ 'ਤੇ ਡਾਂਗਾਂ ਚਲਾਈਆਂ, ਸਿੱਖਾਂ 'ਤੇ ਹਮਲਾ ਕਰ ਰਹੇ ਡੇਰੇ ਦੇ ਟੋਲਿਆਂ ਦੇ ਖ਼ਿਲਾਫ਼ ਕੋਈ ਐਕਸ਼ਨ ਨਾ ਲਿਆ। ਸੁਨਾਮ ਵਿਚ ਇਕ ਸਿੱਖ ਨੂੰ ਕਤਲ ਕਰਨ ਤੇ ਕਈਆਂ ਨੂੰ ਜ਼ਖ਼ਮੀ ਕਰਨ ਵਾਲੇ ਕਾਤਲਾਂ ਨੂੰ ਗ੍ਰਿਫ਼ਤਾਰ ਤਕ ਨਾ ਕੀਤਾ। 'ਅਕਾਲੀ' ਅਖਵਾਉਂਦੀ ਸਰਕਾਰ ਨੇ ਇਸ ਮਾਫ਼ੀਆ ਡੇਰੇ ਦੇ ਪੰਜਾਬ ਵਿਚਲੇ ਸੈਂਟਰਾਂ ਨੂੰ ਪੂਰੀ ਹਿਫ਼ਾਜ਼ਤ ਦਿੱਤੀ। ਥੋੜ੍ਹੇ ਲਫ਼ਜ਼ਾਂ ਵਿਚ ਕਹਿਣਾ ਹੋਵੇ ਤਾਂ ਇਹ ਕਹਾਂਗੇ ਕਿ 'ਅਕਾਲੀ' ਸਰਕਾਰ ਨੇ ਗੁਰੂ ਗੋਬਿੰਦ ਸਿੰਘ ਦੀ ਤੌਹੀਨ ਕਰਨ ਵਾਲੇ ਇਸ ਸਰਸਾ ਵਾਲੇ ਦਾ ਰੱਜ ਕੇ ਸਾਥ ਦਿੱਤਾ। (ਮਗਰੋਂ ਬਾਦਲ ਨੇ ਇਹੀ ਰੋਲ ਮਈ 2009 ਵਿਚ ਬੱਲਾਂ ਡੇਰੇ ਦੇ ਪਾਪੀ ਰਾਮਾਨੰਦ 'ਤੇ ਆਸਟਰੀਆ ਵਿਚ ਹੋਏ ਹਮਲੇ ਮਗਰੋਂ ਕੀਤਾ ਸੀ)।

ਇਸ ਦੇ ਮੁਕਾਬਲੇ ਵਿਚ ਹਜ਼ਾਰਾਂ ਸਿੱਖਾਂ ਦੇ ਕਾਤਲ ਦੇ ਬੁੱਤ ਦੇ ਗਲ ਵਿਚ ਇਕ ਨਿੱਕਾ ਜਿਹਾ ਬੈਨਰ ਲਟਕਾਉਣ 'ਤੇ ਸਿਮਰਨਜੀਤ ਸਿੰਘ ਮਾਨ ਨੂੰ 'ਮੁਲਕ ਨਾਲ ਗ਼ਦਾਰੀ' ਦੇ ਕੇਸ ਵਿਚ ਜੇਲ੍ਹ ਵਿਚ ਪਾ ਦਿੱਤਾ। ਕੀ ਇਕ ਬੁਤ 'ਤੇ ਸਿਰਫ਼ ਬੈਨਰ ਲਾਉਣਾ ਹੀ ਮੁਲਕ ਨਾਲ ਗ਼ਦਾਰੀ ਹੈ? ਕੀ ਬਾਦਲ ਸਰਕਾਰ ਇਹ ਮੰਨਦੀ ਹੈ ਕਿ ਬੇਅੰਤ ਵੱਲੋਂ ਬੇਗੁਨਾਹ ਸਿੱਖਾਂ ਦਾ ਕਤਲੇਆਮ ਸਹੀ ਸੀ? ਦੂਜੇ ਪਾਸੇ ਜੇ ਬੇਅੰਤ ਬੇਗੁਨਾਹਾਂ ਦਾ ਕਾਤਲ ਸੀ ਤਾਂ ਸਿਮਰਨਜੀਤ ਸਿੰਘ ਮਾਨ ਨੇ ਸੱਚੇ ਸਿੱਖ ਦਾ ਰੋਲ ਕੀਤਾ ਹੈ। ਪਰ, ਜੇ ਬੇਅੰਤ ਸਹੀ ਸੀ ਤੇ ਉਸ ਦਾ ਬੇਗੁਨਾਹਾਂ ਨੂੰ ਮਾਰਨਾ ਮੁਲਕ ਦੀ ਮਹਾਨ ਸੇਵਾ ਸੀ ਤਾਂ ਮਾਨ ਹਿੰਦੁਸਤਾਨ ਮੁਲਕ ਦਾ ਮੁਜਰਿਮ ਜ਼ਰੂਰ ਹੈ। ਬਾਦਲ ਦਾ ਐਕਸ਼ਨ ਸਾਬਿਤ ਕਰਦਾ ਹੈ ਕਿ ਉਹ ਬੇਗੁਨਾਹ ਸਿੱਖਾਂ ਦੇ ਕਤਲ ਨੂੰ ਦੇਸ਼ ਦੀ ਸੇਵਾ ਮੰਨਦਾ ਹੈ।

ਖ਼ੈਰ ਗੱਲ ਡੇਰਿਆਂ ਦੀ ਕਰ ਰਹੇ ਸਾਂ। ਸਰਸਾ ਦੇ ਡੇਰੇ ਵਾਲੇ ਦੀ ਕਰਤੂਤ ਮੁਆਫ਼ ਕਰਨ ਦੇ ਕਾਬਿਲ ਨਹੀਂ ਹੈ। ਉਸ ਦੀ ਸਜ਼ਾ ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਹੋਈ ਹੈ। ਉਸ ਦਾ ਗੁਨਾਹ ਨਿਰੰਕਾਰੀ ਗੁਰਬਚਨ ਸਿੰਘ ਤੋਂ ਵੱਡਾ ਹੈ। ਉਸ ਦਾ ਪਾਪ ਮੀਣਿਆਂ, ਧੀਰਮੱਲੀਆਂ, ਰਾਮਰਾਈਆਂ ਤੋਂ ਵੱਡਾ ਹੈ। ਇਸ ਕਰ ਕੇ ਉਸ ਦੀ ਸਜ਼ਾ ਵੀ ਵੱਡੀ ਬਣਦੀ ਹੈ।

ਕਿੰਨੀ ਸ਼ਰਮਨਾਕ ਗੱਲ ਹੈ ਕਿ ਬਹੁਤ ਸਾਰੇ ਪੱਗਾਂ ਵਾਲੇ ਉਸ ਨੂੰ 'ਮੁਆਫ਼ੀ ਮੰਗ ਲੈਣ' ਦੀਆਂ ਅਪੀਲਾਂ ਕਰ ਰਹੇ ਸਨ। ਇਨ੍ਹਾਂ ਵਿਚ ਰਾਮਾਇਣ ਦੇ ਪਾਠ ਕਰਵਾਉਣ ਵਾਲਾ ਸੁੱਚਾ ਲੰਗਾਹ ਤਾਂ ਸੀ ਹੀ ਪਰ ਢੀਂਡਸਾ, ਭੂੰਦੜ ਵਰਗੇ ਵੀ ਸਨ। ਮੁਆਫ਼ੀ ਮੰਗਵਾਉਣ ਵਾਸਤੇ ਕੋਸ਼ਿਸ਼ਾਂ ਕਰਨ ਵਾਲਿਆਂ ਵਿਚ ਤਰਲੋਚਨ ਸਿੰਘ ਵੀ ਸੀ

ਜਿਹੜਾ ਸਰਸੇ ਜਾ ਕੇ ਗੁਰਮੀਤੇ ਨੂੰ ਮਨਾਉਣ ਵੀ ਗਿਆ। ਸ਼ਰਮਨਾਕ, ਬੇਹਦ ਸ਼ਰਮਨਾਕ, ਘੋਰ ਸ਼ਰਮਨਾਕ ਕਰਤੂਤ ਸੀ ਇਨ੍ਹਾਂ ਵਿਚੋਲਿਆਂ ਦੀ। ਇਹੋ ਜਿਹੇ ਬੇਗ਼ੈਰਤਾਂ ਦੀ ਗਿਣਤੀ ਥੋੜ੍ਹੀ ਨਹੀਂ ਹੈ।

ਇਹੋ ਜਿਹੀਆਂ ਅਪੀਲਾਂ, ਮਿੰਨਤਾਂ ਕਰ ਕੇ ਮੁਆਫ਼ੀ ਮੰਗਵਾਉਣਾ ਗੁਰੂ ਦੀ ਹੋਰ ਵੀ ਬੇਅਦਬੀ ਹੈ। ਇਹ ਬੇਹੂਦਾ, ਘਟੀਆ, ਕਮੀਨੀ ਹਰਕਤ ਕੋਈ ਚੰਗਾ ਨਤੀਜਾ ਨਹੀਂ ਕੱਢੇਗੀ। ਪਹਿਲੀ ਗੱਲ ਤਾਂ ਉਹ (ਗੁਰਮੀਤ ਰਾਮ ਸੌਦਾ ਸਾਧ) ਮੁਆਫ਼ੀ ਮੰਗੇਗਾ ਹੀ ਨਹੀਂ। ਪਰ ਜੇ ਉਸ ਨੇ ਜਾਅਲੀ ਜਿਹੀ, ਨਰਮ ਜਿਹੀ, ਅਸਿੱਧੀ ਜਿਹੀ, ਅਰਧ-ਮੁਆਫ਼ੀ ਮੰਗ ਵੀ ਲਈ ਤਾਂ ਇਸ ਦਾ ਕੋਈ ਮਾਅਨਾ ਨਹੀਂ ਹੋਵੇਗਾ। ਬਾਦਲ ਦਲ, ਵਿਕਾਊ ਤੇ ਘਟੀਆ ਗਰੰਥੀ ਤਾਂ ਭਾਵੇਂ ਇਸ ਨੂੰ ਮੁਆਫ਼ੀ ਮੰਨ ਲੈਣ ਪਰ ਸੱਚੇ ਸਿੱਖ ਇਸ ਮੁਆਫ਼ੀ ਨੂੰ ਨਹੀਂ ਮੰਨਣਗੇ। ਉਂਞ ਸਿੱਖਾਂ ਦੀ ਤਵਾਰੀਖ਼ ਦਸਦੀ ਹੈ ਕਿ ਉਹ ਤਾਂ ਇਸ ਨੂੰ ਸਜ਼ਾ ਦੇ ਕੇ ਹੀ ਰਹਿਣਗੇ। ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ।

ਗੱਲ ਸਿਰਫ਼ ਇਸ ਇਕ ਡੇਰੇ ਦੀ ਕਰਤੂਤ ਦੀ ਨਹੀਂ। ਪੰਜਾਬ ਵਿਚ 20 ਵੱਡੇ, 500 ਦੂਜੇ ਦਰਜੇ ਦੇ ਤੇ 10,000 ਤੀਜੇ ਦਰਜੇ ਦੇ ਡੇਰੇ ਹਨ। ਇਨ੍ਹਾਂ ਡੇਰਿਆਂ ਦੇ ਨਾਂ 'ਤੇ ਚਾਰ-ਪੰਜ ਲੱਖ ਏਕੜ ਜ਼ਮੀਨ ਤਾਂ ਹੋਵੇਗੀ ਹੀ। ਇਨ੍ਹਾਂ ਵਿਚੋਂ ਕਈਆਂ ਨੂੰ ਸਰਕਾਰੀ ਜ਼ਮੀਨਾਂ ਵੀ ਮਿਲੀਆਂ ਹੋਈਆਂ ਹਨ। ਬਾਦਲ ਨੇ ਸਰਸਾ, ਬਿਆਸ, ਨੂਰਮਹਿਲ ਵਾਲਿਆਂ ਨੂੰ ਜ਼ਮੀਨਾਂ ਅਲਾਟ ਕੀਤੀਆਂ ਸਨ (ਗੁਰਦੁਆਰਿਆਂ ਨੂੰ ਨਹੀਂ)। ਇਨ੍ਹਾਂ ਡੇਰਿਆਂ ਵਾਲਿਆਂ ਨੇ ਹਜ਼ਾਰਾਂ ਏਕੜਾਂ 'ਤੇ ਨਾਜਾਇਜ਼ ਕਬਜ਼ੇ ਵੀ ਕੀਤੇ ਹੋਏ ਹਨ। ਇਨ੍ਹਾਂ ਨੇ ਡਰਾ ਧਮਕਾ ਕੇ ਵੀ ਸਸਤੇ ਰੇਟ 'ਤੇ ਜ਼ਮੀਨਾਂ ਖੋਹੀਆਂ ਹਨ। ਜ਼ਮੀਨ ਖੋਹਣ ਵਾਸਤੇ ਇਹ ਕਤਲ ਵੀ ਕਰ ਦੇਂਦੇ ਹਨ। ਇਨ੍ਹਾਂ ਨੇ ਕਈ ਚੇਲਿਆਂ ਨੂੰ ਮੂਰਖ ਬਣਾ ਕੇ ਤੇ ਭਰਮਾ ਕੇ ਵੀ ਉਨ੍ਹਾਂ ਦੀਆਂ ਜ਼ਮੀਨਾਂ ਤੇ ਜਾਇਦਾਦਾਂ ਲੁੱਟੀਆਂ ਹਨ। ਇਹ ਇਕ ਤਰ੍ਹਾਂ ਨਾਲ ਅੰਡਰ-ਵਰਲਡ ਮਾਫ਼ੀਆ ਸੈਂਟਰ ਹਨ।

ਇਨ੍ਹਾਂ ਵਿਚੋਂ ਕਈਆਂ (ਸਰਸਾ, ਬਿਆਸ ਵਗ਼ੈਰਾ) ਦੀ ਰੋਜ਼ਾਨਾ ਦੀ ਆਮਦਨ ਕਰੋੜਾਂ ਵਿਚ ਹੈ।ਇਹ ਡੇਰੇ ਵਾਲੇ 5-7 ਲੱਖ ਤਾਂ ਕੀ 40-50 ਲੱਖ ਦੀ ਕਾਰ ਵਿਚ ਸਫ਼ਰ ਕਰਨਾ ਵੀ ਆਪਣੀ ਤੌਹੀਨ ਸਮਝਦੇ ਹਨ। (ਕਿੱਥੇ ਗੁਰੂ ਨਾਨਕ ਸਾਹਿਬ ਵਰਗੇ ਜੋ ਪੈਦਲ 40 ਹਜ਼ਾਰ ਕਿਲੋਮੀਟਰ ਚਲੇ ਸਨ ਤੇ ਕਿੱਥੇ ਇਹ 'ਬਨਾਰਸੀ' ਠੱਗ!)।

ਚੀਫ਼ ਮਨਿਸਟਰ, ਦੂਜੇ ਵਜ਼ੀਰ, ਡੀ.ਸੀ., ਪੁਲੀਸ ਦੇ ਸੀਨੀਅਰ ਅਫ਼ਸਰ ਤੇ ਹੋਰ ਅਮੀਰ ਤੇ ਰਸੂਖ ਵਾਲੇ ਲੋਕ ਇਨ੍ਹਾਂ ਡੇਰਿਆਂ ਨਾਲ ਸਬੰਧ ਰਖਦੇ ਹਨ। ਸੈਕਸ ਸਕੈਂਡਲ, ਕਤਲ, ਸਮਗਲਿੰਗ ਤੇ ਹੋਰ ਮਾਫ਼ੀਆ ਕਾਰਵਾਈਆਂ ਇਨ੍ਹਾਂ ਡੇਰਿਆਂ ਦਾ ਰੋਜ਼ਨਾਮਚਾ ਹਨ। ਇਹ ਗੁੰਡਾਗਰਦੀ ਦੇ ਅੱਡੇ ਬਣੇ ਹੋਏ ਹਨ। ਅਮੀਰ ਲੋਕ, ਸਰਕਾਰੀ ਅਫ਼ਸਰ ਤੇ ਸਿਆਸੀ ਚੌਧਰੀ ਇੱਥੋਂ ਨੌਜਵਾਨ ਕੁੜੀਆਂ ਵੀ ਹਾਸਿਲ ਕਰਦੇ ਹਨ, ਨਸ਼ੇ ਵੀ ਤੇ ਹੋਰ ਕਈ ਕੁਝ ਵੀ। ਡੇਰਿਆਂ ਵਿਚ ਹਜ਼ਾਰਾਂ ਅਸਲੀ ਤੇ ਨਕਲੀ ਹਥਿਆਰ ਮੌਜੂਦ ਹਨ। ਇਹ ਡੇਰੇ ਇਕ ਕਿਸਮ ਦੇ 'ਰਾਜ ਵਿਚ ਰਾਜ' ਤੇ 'ਹਕੂਮਤ ਵਿਚ ਹਕੂਮਤ' ਹਨ। ਸ਼ਾਇਦ ਇਹ ਕਹਿਣਾ ਸਹੀ ਹੋਵੇਗਾ ਕਿ ਦੇਸ਼ ਦੀਆਂ ਕਈ ਵਜ਼ਾਰਤਾਂ ਤੇ ਕਈ ਸੂਬਿਆਂ ਦੀ ਹਕੂਮਤ ਇਨ੍ਹਾਂ ਦੀ ਮਰਜ਼ੀ ਨਾਲ ਚਲਦੀ ਹੈ।

ਡੇਰਿਆਂ ਦੀ ਤਾਕਤ ਬਣਨ ਦਾ ਇਕ ਮੁਖ ਕਾਰਨ ਵੋਟ ਬੈਂਕ ਵੀ ਹੈ। ਸਿਆਸੀ ਆਗੂ ਇਹ ਸਮਝਦੇ ਹਨ ਕਿ ਇਨ੍ਹਾਂ ਦੀ ਹਿਮਾਇਤ ਨਾਲ ਉਨ੍ਹਾਂ ਦੀਆਂ ਵੋਟਾਂ

ਵਿਚ ਵਾਧਾ ਹੁੰਦਾ ਹੈ। ਪਰ ਇਹ ਸਹੀ ਨਹੀਂ ਹੈ। ਇਹ ਕਿਸੇ ਪਾਰਟੀ ਦੀ ਸਿੱਧੀ ਹਿਮਾਇਤ ਨਹੀਂ ਕਰਦੇ (ਸਿਰਫ਼ 2007 ਦੀਆਂ ਚੋਣਾਂ ਵਿਚ ਸਰਸਾ ਡੇਰੇ ਨੇ ਕਾਂਗਰਸ ਦੀ ਸਿੱਧੀ ਮਦਦ ਕੀਤੀ ਸੀ ਤੇ 2008 ਦੇ ਅਖ਼ੀਰ ਵਿਚ ਉਨ੍ਹਾਂ ਬਾਦਲ ਨਾਲ ਵੀ ਸਮਝੌਤਾ ਕਰ ਲਿਆ)। ਸਿੱਧੀ ਹਿਮਾਇਤ ਨਾ ਕਰਨ ਕਾਰਨ ਕਈ ਵਾਰ ਇਹ ਹਰ ਚੇਲੇ ਤਕ ਸੁਨੇਹਾ ਪਹੁੰਚਾ ਵੀ ਨਹੀਂ ਸਕਦੇ। ਉਂਞ ਬਹੁਤੇ ਲੋਕ ਇਨ੍ਹਾਂ ਦੇ ਕਿਹਾਂ ਵੋਟ ਨਹੀਂ ਪਾਉਂਦੇ ਅਤੇ ਪੈਸੇ ਲੈ ਕੇ ਜਾਂ ਕਿਸੇ ਹੋਰ ਲਾਲਚ, ਮਜਬੂਰੀ ਜਾਂ ਧੜੇ ਕਾਰਨ ਵੋਟ ਪਾਉਂਦੇ ਹਨ। ਪਰ ਇਨ੍ਹਾਂ ਨੇ ਸਿਆਸੀ ਆਗੂਆਂ ਦੇ ਮਨਾਂ ਵਿਚ ਭਰਮ ਬੁਣ ਦਿੱਤਾ ਹੈ ਕਿ ਇਨ੍ਹਾਂ ਰਾਹੀ ਵੋਟਾਂ ਮਿਲ ਸਕਦੀਆਂ ਹਨ। ਹੋਰ ਤਾਂ ਹੋਰ ਕਈ ਸਿਆਸੀ ਆਗੂ ਪਿਆਰਾ ਭਨਿਆਰਾ ਵਰਗਿਆਂ ਕੋਲੋਂ ਵੀ ਵੋਟਾਂ ਦੀ ਆਸ ਨਾਲ ਜਾਂਦੇ ਹਨ।

ਇਨ੍ਹਾਂ ਡੇਰਿਆਂ ਨੂੰ ਕਾਇਮ ਕਰਨ ਵਾਲੇ ਮਰਦ ਨਹੀਂ, ਔਰਤਾਂ ਹਨ। ਉਹ ਇੱਥੋਂ ਮੁੰਡਾ, ਨੌਕਰੀ, ਸੁਖ-ਸ਼ਾਂਤੀ ਤੇ ਹੋਰ ਲਾਲਚਾਂ ਕਾਰਨ ਜਾਂਦੀਆਂ ਹਨ। ਇਨ੍ਹਾਂ ਵਿਚ ਪੜ੍ਹੀਆਂ ਲਿਖੀਆਂ ਮੂਰਖ ਔਰਤਾਂ ਵੀ ਹਨ ਜੋ ਇਹ ਨਹੀਂ ਸਮਝਦੀਆਂ ਕਿ ਇਨ੍ਹਾਂ ਡਰਾਮੇਬਾਜ਼ਾਂ ਦੇ ਹੱਥ ਵਿਚ ਕੁਝ ਵੀ ਨਹੀਂ। ਦੁਨੀਆਂ ਦਾ ਕੋਈ ਵੀ ਇਨਸਾਨ ਕੋਈ ਅਜਿਹੀ ਤਾਕਤ ਨਹੀਂ ਰਖਦਾ ਪਰ ਕਈ ਮੂਰਖ ਲੋਕ ਹੋਰ ਮੂਰਖ ਬਣਨ ਵਾਸਤੇ ਹਰ ਵੇਲੇ ਤਿਆਰ ਰਹਿੰਦੇ ਹਨ। ਕਈ ਬੇਵਕੂਫ਼ ਮਾਪੇ ਤਾਂ ਆਪਣੀਆਂ ਧੀਆਂ ਇਨ੍ਹਾਂ ਦੇ ਡੇਰਿਆਂ 'ਤੇ ਛੱਡ ਆਉਂਦੇ ਹਨ ਜਿਹੜੀਆਂ ਪਹਿਲਾਂ ਉਸ ਡੇਰੇ ਦੇ 'ਬਾਬੇ' ਦੇ 'ਭੋਗ' ਦੇ ਕੰਮ ਆਉਂਦੀਆਂ ਹਨ ਤੇ ਫਿਰ ਉਥੋਂ ਦੇ ਦੂਜੇ ਸੀਨੀਅਰ ਪੁਜਾਰੀਆਂ/ ਪ੍ਰਬੰਧਕਾਂ, ਤੇ ਫ਼ਿਰ ਜੂਨੀਅਰ ਲੋਕਾਂ ਦੇ ਕੰਮ ਆਉਂਦੀਆਂ ਹਨ। ਕਈ ਸਿਆਸੀ ਆਗੂਆਂ, ਪੁਲੀਸ ਅਫ਼ਸਰਾਂ ਤੇ ਅਮੀਰਾਂ ਨੂੰ ਵੀ ਪੇਸ਼ ਕੀਤੀਆਂ ਜਾਂਦੀਆਂ ਹਨ। ਬਹੁਤੇ ਮਾਪੇ ਸਮਝਦੇ ਹਨ ਕਿ ਉਨ੍ਹਾਂ ਨੇ ਡੇਰੇ 'ਤੇ ਧੀ ਭੇਜ ਕੇ 'ਪੁੰਨ' ਦਾ ਕੰਮ ਕੀਤਾ ਹੈ। ਹਾਂ, ਹੈ ਤਾਂ ਪੁੰਨ ਹੀ ਕਿ ਬਿਨਾਂ ਕੋਈ ਰਕਮ ਲਏ ਕਾਮੀ ਮਰਦਾਂ ਦੀ ਭੁੱਖ ਪੂਰੀ ਕਰਨਾ। ਕਿਹੋ ਜਿਹੇ ਬੇਗ਼ੈਰਤ ਮਾਪੇ ਹਨ, ਉਨ੍ਹਾਂ ਨੂੰ ਤਾਂ 'ਕੰਜਰ' ਕਹਿਣਾ ਵੀ ਕੰਜਰ ਬਿਰਾਦਰੀ ਦੀ ਬੇਇਜ਼ਤੀ ਹੈ। ਸਰਸਾ ਡੇਰਾ ਕਾਮ ਦਾ ਵੱਡਾ ਅੱਡਾ ਹੈ।ਨੂਰਮਹਿਲ ਵਾਲਾ ਕਹਿੰਦਾ ਸੁਣਿਆ ਗਿਆ ਕਿ 'ਮੈਂ ਇਕ ਹਜ਼ਾਰ ਸਰਦਾਰਨੀਆਂ ਜੱਟੀਆਂ ਭੋਗਣੀਆਂ ਹਨ ਪਰ ਅਜੇ ਤਾਂ ਸਿਰਫ਼ 300 ਹੀ ਹੋਈਆਂ ਹਨ।' ਪਿਹੋਵਾ ਵਾਲਾ ਸਾਧ ਕੁੜੀਆਂ ਭੋਗਣ ਵਿਚ ਬਦਨਾਮ ਹੈ। ਇਹੀ ਹਾਲ ਬੜੂੰਦੀ ਵਾਲੇ ਦਾ ਹੈ। ਧਨਵੰਤ ਸਿੰਘ, ਦਲਜੀਤ ਸਿੰਘ ਸ਼ਿਕਾਗੋ ਵਰਗੇ ਤਾਂ ਇਨ੍ਹਾਂ ਦੇ ਮੁਕਾਬਲੇ ਵਿਚ ਅਜੇ "ਬੱਚੇ" ਹਨ। ਨਾਨਕਸਰ/ਕਲੇਰਾਂ ਦੇ ਕਈ ਪਰਚਾਰਕ ਫ਼ੜੇ ਜਾ ਚੁਕੇ ਹਨ। ਇਨ੍ਹਾਂ ਸਾਰੇ ਡੇਰਿਆਂ ਦੇ ਮੁਖੀ ਤੇ ਵੱਡੇ ਚੌਧਰੀ ਸੈਂਕੜੇ ਤੇ ਹਜ਼ਾਰਾਂ ਨਾਜਾਇਜ਼ ਬੱਚਿਆਂ ਨੂੰ ਪੈਦਾ ਕਰ ਚੁਕੇ ਹਨ ਤੇ ਅਬਾਰਸ਼ਨਾਂ ਕਰਵਾ ਚੁਕੇ ਹਨ। ਹੋਰ ਵੀ ਡੇਰਿਆਂ 'ਤੇ ਇਹੋ ਜਿਹੇ 'ਮਹਾਨ ਧਾਰਮਿਕ' ਕਾਰਨਾਮੇ ਹੁੰਦੇ ਹਨ। ਇਨ੍ਹਾਂ ਡੇਰਿਆਂ ਦੀ ਇਹੀ ਧਾਰਮਿਕਤਾ ਤੇ ਇਹੀ ਰੂਹਾਨੀਅਤ ਹੈ। ਇਨ੍ਹਾਂ ਨੂੰ ਧਾਰਮਿਕ ਕਹਾਂਗੇ ਜਾਂ ਲੁੱਚੇ? ਅਜ ਸਰਸਾ ਤੇ ਪਿਹੋਵਾ ਦਾ ਚਰਚਾ ਰਾਜ਼ ਖੁਲ੍ਹ ਰਿਹਾ ਹੈ, ਭਲਕੇ ਬਿਆਸ ਤੇ ਭੈਣੀ ਦੇ ਰਾਜ਼ ਵੀ ਸਾਹਮਣੇ ਆ ਜਾਣਗੇ।

ਡੇਰੇ ਸਿੱਖੀ ਅਤੇ ਪੰਜਾਬ ਦੇ ਮੱਥੇ 'ਤੇ ਕਲੰਕ ਹਨ ਤੇ ਪੰਜਾਬ ਦੀ ਧਰਤੀ 'ਤੇ ਕੋਹੜ ਹਨ। ਅਜ ਲੋੜ ਹੈ ਇਹ ਕੋਹੜ ਨੂੰ ਖ਼ਤਮ ਕਰਨ ਦੀ।

ਤੱਲ੍ਹਣ ਗੁਰਦੁਆਰਾ ਦਾ ਮਸਲਾ

ਤੱਲ੍ਹਣ ਦੇ ਗੁਰਦੁਆਰੇ ਦਾ ਝਗੜਾ ਭਾਵੇਂ ਕੋਈ ਇਸ ਤਰ੍ਹਾਂ ਦਾ ਪਹਿਲਾ ਮਸਲਾ ਨਹੀਂ ਹੈ ਪਰ ਇਸ ਵਾਰ ਹੋਏ ਫ਼ਸਾਦ ਨੇ ਇਹ ਅਹਿਸਾਸ ਕਰਵਾਇਆ ਹੈ ਕਿ ਇਸ ਬਾਰੇ ਸਾਨੂੰ ਪਹਿਲਾਂ ਹੀ ਸੰਜੀਦਾ ਤੌਰ 'ਤੇ ਸੋਚਣਾ ਚਾਹੀਦਾ ਸੀ। ਖ਼ੈਰ, ਹੁਣ ਵੀ, ਭਾਵੇਂ ਨੁਕਸਾਨ ਕਰਵਾ ਕੇ ਹੀ ਸਹੀ, ਸੂਝ-ਬੂਝ ਨਾਲ ਕੰਮ ਲੈਣਾ ਜ਼ਰੂਰੀ ਹੈ ਤਾਂ ਜੋ ਅਗਾਂਹ ਤੋਂ ਅਜਿਹੇ ਮਸਲੇ ਨੂੰ ਏਥੇ ਜਾਂ ਕਿਤੇ ਹੋਰ ਮੁੜ ਉਠਣ ਤੋਂ ਸਦਾ ਵਾਸਤੇ ਰੋਕਣ ਵਾਸਤੇ ਚਾਰਾ-ਜੋਈ ਕੀਤੀ ਜਾ ਸਕੇ।

ਸਾਰੇ ਗੁਰਦੁਆਰੇ ਪੰਥ ਦੇ ਸਾਂਝੇ ਹਨ। ਇਸ 'ਤੇ ਕਿਸੇ ਇਲਾਕੇ, ਖ਼ਾਨਦਾਨ, ਬਿਰਾਦਰੀ ਦੇ ਲੋਕਾਂ ਦਾ ਖ਼ਾਸ ਜਾਂ ਵਖਰਾ ਕੋਈ ਹੱਕ ਨਹੀਂ ਹੈ। ਕਈ ਸੱਜਣਾਂ ਵਾਸਤੇ ਤਾਂ ਇਹ ਗੱਲ ਵੀ ਹੈਰਾਨਕੁੰਨ ਹੋਵੇਗੀ ਕਿ ਬਹੁਤ ਸਾਰੇ ਤਵਾਰੀਖ਼ੀ ਗੁਰਦੁਆਰੇ, ਦਰਅਸਲ, ਕਿਸੇ ਇਕ-ਇਕ ਸਿੱਖ ਦਾ ਘਰ ਸਨ ਜਿੱਥੇ ਗੁਰੂ ਸਾਹਿਬ ਠਹਿਰੇ ਸਨ ਅਤੇ ਸਦੀਆਂ ਮਗਰੋਂ ਉਹ ਥਾਂ ਘਰ ਤੋਂ ਗੁਰਦੁਆਰਾ ਬਣ ਗਿਆ। ਇਸ ਦੀ ਸਭ ਤੋਂ ਵੱਡੀ ਮਿਸਾਲ ਹਨ: ਗੁਰਦੁਆਰਾ ਰਕਾਬ ਗੰਜ (ਭਾਈ ਲੱਖੀ ਰਾਏ ਵਣਜਾਰਾ ਦਾ ਘਰ), ਗੁਰਦੁਆਰਾ ਬੰਗਲਾ ਸਾਹਿਬ (ਰਾਜਾ ਜੈ ਸਿੰਹ ਤੇ ਰਾਮ ਸਿੰਹ ਮਿਰਜ਼ਾ ਦਾ ਘਰ), ਗੁਰਦੁਆਰਾ ਬੇਰ ਸਾਹਿਬ (ਸਿਆਲਕੋਟ ਵਿਚ ਭਾਈ ਮੂਲੇ ਦਾ ਘਰ), ਗੁਰਦੁਆਰਾ ਧਮਤਾਨ ਸਾਹਿਬ (ਭਾਈ ਦੱਗੋ ਦਾ ਘਰ), ਗੁਰਦੁਆਰਾ ਦਮਦਮਾ ਸਾਹਿਬ ਤਲਵੰਡੀ ਸਾਬੋ (ਭਾਈ ਡੱਲੇ ਦਾ ਘਰ), ਗੁਰਦੁਆਰਾ ਭਾਈ ਲਾਲੋ ਏਮਨਾਬਾਦ (ਭਾਈ ਲਾਲੋ ਦਾ ਘਰ) ਤੇ ਸੈਂਕੜੇ ਹੋਰ। ਇਨ੍ਹਾਂ ਵਿਚੋਂ ਤਾਂ ਕਈ ਗੁਰਦੁਆਰੇ ਅਜਿਹੇ ਘਰਾਂ ਦੀ ਜ਼ਮੀਨ 'ਤੇ ਬਣੇ ਹੋਏ ਹਨ ਜਿਹੜੀ ਅੱਜ ਕਰੋੜਾਂ ਨਹੀਂ ਅਰਬਾਂ ਰੁਪਿਆ ਦੀ ਹੋਣੀ ਹੈ। ਪਰ ਕਿਸੇ ਵੀ ਅਜਿਹੇ ਸਿੱਖ ਦੇ, ਕਿਸੇ ਵੀ ਵਾਰਿਸ ਨੇ, ਕਦੇ ਵੀ ਇਹ ਨਹੀਂ ਕਿਹਾ ਕਿ ਉਸ ਨੂੰ ਮੁਆਵਜ਼ਾ ਦਿਤਾ ਜਾਵੇ ਜਾਂ ਉਸ ਦੇ ਪਰਿਵਾਰ ਨੂੰ ਗੁਰਦੁਆਰੇ ਦੀ ਪਰਧਾਨਗੀ/ਚੌਧਰ ਦਿਤੀ ਜਾਵੇ ਤੇ ਨਾ ਹੀ ਕਿਸੇ ਨੇ ਇਹ ਕਿਹਾ ਕਿ ਸਿਰਫ਼ ਉਸ ਦੀ ਬਿਰਾਦਰੀ ਦੇ ਲੋਕ ਹੀ ਉਸ ਗੁਰਦੁਆਰੇ ਦੀ ਕਮੇਟੀ ਦੇ ਮੈਂਬਰ ਬਣ ਸਕਦੇ ਹਨ।

ਤਲ੍ਹੱਣ ਦੇ ਗੁਰਦੁਆਰੇ ਦਾ ਮਸਲਾ, ਮੇਰੀ ਨਿਗਾਹ ਵਿਚ ਸਿਰਫ਼ ਦਲਿਤਾਂ ਨੂੰ ਗੁਰਦੁਆਰੇ ਦੇ ਇੰਤਜ਼ਾਮ ਵਿਚ ਹਿਸਾ ਲੈਣ ਤੋਂ ਵਾਂਝਿਆਂ ਰਖਣਾ ਨਹੀਂ ਹੈ। ਇਹ ਤਾਂ ਕਿਸੇ ਵੱਡੀ ਸਾਜਿਸ਼ ਦਾ ਨਤੀਜਾ ਹੈ, ਜਿਸ ਦਾ ਮਕਸਦ ਹੈ ਕਿ ਸਿੱਖਾਂ ਵਿਚ ਫੁੱਟ ਪਾਈ ਜਾਏ, ਸਿੱਖਾਂ ਵਿਚ ਦਲਿਤ/ਜੱਟ/ਤਰਖਾਣ/ਭਾਪਾ ਵਗ਼ੈਰਾ ਦੇ ਫ਼ਰਕ ਖੜ੍ਹੇ ਕੀਤੇ ਜਾਣ। ਸਿੱਖ ਧਰਮ ਵਿਚ ਜ਼ਾਤ-ਪਾਤ ਨਾਂ ਦੀ ਕੋਈ ਚੀਜ਼ ਨਹੀਂ (ਪਰ, "ਜਾਤ" ਤੇ "ਬਿਰਾਦਰੀ" ਵਿਚ ਫ਼ਰਕ ਜ਼ਰੂਰ ਹੁੰਦਾ ਹੈ)। ਹਥਲੇ ਲੇਖ ਵਿਚ ਮੈਂ ਇਸੇ ਨੁਕਤੇ ਬਾਰੇ ਗੱਲ ਕਰਨਾ ਚਾਹਵਾਂਗਾ।

ਸਿੱਖ ਧਰਮ ਵਿਚ "ਬਰਾਦਰੀਆਂ" ਦੀ ਆਪਸੀ ਸਾਂਝ ਤੇ ਸਿਰਫ਼ ਆਪਣੀ ਬਿਰਾਦਰੀ ਵਿਚ ਰਿਸ਼ਤੇ ਕਰਨਾ ਜਾਂ ਰੋਟੀ-ਬੇਟੀ ਦੀ ਸਾਂਝ ਰੱਖਣਾ ਇਕ ਵਖਰਾ ਨੁਕਤਾ ਹੈ। ਕਈ ਵਾਰੀ ਇਹ ਸਵਾਲ ਕੀਤਾ ਜਾਂਦਾ ਹੈ ਕਿ ਜੇ ਸਿੱਖ ਧਰਮ ਵਿਚ ਜ਼ਾਤ-ਪਾਤ ਨਹੀਂ ਹੈ ਤਾਂ ਅਖੌਤੀ ਉੱਚੀਆਂ ਜ਼ਾਤਾਂ ਵਾਲੇ ਸਿੱਖ ਦਲਿਤਾਂ ਵਿਚ ਧੀਆਂ-ਪੁੱਤਾਂ ਦਾ ਵਿਆਹ ਕਿਉਂ ਨਹੀਂ ਕਰਦੇ? ਇਹੀ ਗੱਲ ਕੁਝ ਲੋਕਾਂ ਨੇ ਗੁਰੂ ਸਾਹਿਬ ਬਾਰੇ ਵੀ ਕਹੀ ਸੀ ਕਿ ਉਨ੍ਹਾਂ ਨੇ ਆਪਣੀਆਂ ਧੀਆਂ-ਪੁੱਤਾਂ ਦੇ ਵਿਆਹ ਸਿਰਫ਼ ਆਪਣੀ 'ਬਿਰਾਦਰੀ'

ਵਿਚ ਹੀ ਕਿਉਂ ਕੀਤੇ ਸਨ? ਅਜਿਹਾ ਜਾਪਦਾ ਹੈ ਕਿ ਕੁਝ ਲੋਕ ਸਿੱਖ ਧਰਮ ਵਿਚ ਜ਼ਾਤ-ਪਾਤ ਦੇ ਫ਼ਰਕ ਨੂੰ ਨਾ ਹੋਣ ਨੂੰ ਗ਼ਲਤ ਸਮਝ ਬੈਠੇ ਹਨ। ਸਿੱਖ ਧਰਮ ਵਿਚ ਜ਼ਾਤ-ਪਾਤ ਦਾ ਫ਼ਰਕ ਨਾ ਹੋਣ ਦਾ ਮਤਲਬ ਇਹ ਹੈ ਕਿ ਸਿੱਖ ਆਪਸ ਵਿਚ ਜ਼ਾਤ, ਜਨਮ, ਅਹੁਦਾ, ਖ਼ਾਨਦਾਨੀ ਪਿਛੋਕੜ ਸਾਹਵੇਂ ਰੱਖ ਕੇ ਇਕ ਦੂਜੇ ਨੂੰ ਉੱਚਾ-ਨੀਵਾਂ ਨਾ ਸਮਝਣ। ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਸਿੱਖ ਨੂੰ ਧੀ-ਪੁਤ ਦਾ ਵਿਆਹ ਕਰਨ ਸਮੇਂ ਬਿਰਾਦਰੀ ਦਾ ਖਿਆਲ ਹਰਗਿਜ਼ ਨਹੀਂ ਕਰਨਾ ਚਾਹੀਦਾ। ਹਰ ਬਿਰਾਦਰੀ ਦਾ ਆਪਣਾ ਰਹਿਣ-ਸਹਿਣ, ਖਾਣ-ਪੀਣ, ਆਪਣੇ ਤੌਰ-ਤਰੀਕੇ ਵਖਰੇ ਹੁੰਦੇ ਹਨ। ਇਹ ਵੀ ਜਾਣੀ-ਪਛਾਣੀ ਹਕੀਕਤ ਹੈ ਕਿ ਸਿਰਫ਼ ਬਿਰਾਦਰੀ ਹੀ ਨਹੀਂ ਇੱਕੋ ਬਿਰਾਦਰੀ ਵਾਲੇ ਲੋਕ ਵਖ-ਵਖ ਦੋਆਬਾਂ (ਮਾਝਾ-ਮਾਲਵਾ-ਦੁਆਬਾ) ਵਿਚ ਵੀ ਆਮ ਤੌਰ ’ਤੇ ਵਿਆਹ ਨਹੀਂ ਕਰਦੇ। ਵਿਆਹ-ਸ਼ਾਦੀਆਂ ਕੋਈ ਗੁੱਡੇ-ਗੁੱਡੀ ਦੀ ਖੇਡ ਨਹੀਂ ਹੈ। ਇਹ ਤਾਂ ਉਮਰਾਂ ਇਕੱਠੀਆਂ ਜੀਣ ਦਾ ਮਸਲਾ ਹੁੰਦਾ ਹੈ। ਕੁਝ ਲੋਕ ਮੁਸਲਮਾਨਾਂ ਦੀ ਗੱਲ ਕਰਦੇ ਹਨ ਕਿ ਉਨ੍ਹਾਂ ਵਿਚ ਵੀ ਧਾਰਮਿਕ ਤੌਰ ਤੇ ਕੋਈ ਜ਼ਾਤ-ਪਾਤ ਨਹੀਂ ਤੇ ਉਹ ਸ਼ਾਦੀ ਕਰਨ ਵੇਲੇ ਇਹ ਕੁਝ ਨਹੀਂ ਵੇਖਦੇ। ਇਹ ਗੱਲ ਸਾਇਦ ਸੁਣੀ-ਸੁਣਾਈ ਹੋਣੀ ਹੈ। ਮੈਨੂੰ ਨਾਰਵੇ ਵਿਚ ਅੱਠ ਸਾਲ ਰਹਿਣ ਦਾ ਮੌਕਾ ਮਿਲਿਆ ਹੈ। ਮੇਰੀ ਉਸ ਮੁਲਕ ਵਿਚ ਕੁਝ ਪਾਕਿਸਤਾਨੀ ਘਰਾਂ ਨਾਲ ਭੈਣ-ਭਰਾ ਵਾਲੀ ਰਿਸ਼ਤੇਦਾਰੀ ਵਾਲਾ ਨਾਤਾ ਬਣ ਗਿਆ ਸੀ। ਇਸ ਕਰ ਕੇ ਮੈਨੂੰ ਉਨ੍ਹਾਂ ਦੀ ਅਸਲ ਜ਼ਿੰਦਗੀ ਦਾ ਪਤਾ ਹੈ। ਮੁਸਲਮਾਨ ਤਾਂ ਛੋਟੀ ਕੀਤਿਆਂ ਮਾਸੀ-ਮਾਮਿਆਂ, ਚਾਚੇ-ਤਾਇਆਂ ਤੋਂ ਬਾਹਰ ਵਿਆਹ ਹੀ ਨਹੀਂ ਕਰਦੇ। ਉਹ ਤਾਂ ਅਖੌਤੀ ਨੀਂਵੀਂ ਜ਼ਾਤ ਦੇ ਲੋਕ ਅਖੌਤੀ ਉੱਚੀ ਜ਼ਾਤ ਦੇ ਮੁਸਲਮਾਨ ਨਾਲ ਵੀ ਧੀ-ਪੁਤ ਨਹੀਂ ਵਿਆਹੁੰਦੇ, ਕਿਉਂ ਕਿ ਉਨ੍ਹਾਂ ਦਾ ਰਹਿਣ-ਸਹਿਣ, ਜੀਵਨ-ਜਾਚ, ਕਲਚਰ, ਸੁਭਾਅ ਵਖਰਾ ਹੁੰਦਾ ਹੈ ਅਤੇ ਦੂਜਿਆਂ ਨੂੰ ਉਹ ‘ਗ਼ੈਰ’ ਕਹਿੰਦੇ ਹਨ। ਜਿਸ ਧੀ-ਪੁਤ ਦਾ ਵਿਆਹ ਬਾਹਰ ਕਰਨਾ ਪੈ ਜਾਵੇ ਤਾਂ ਉਹ ਕਹਿੰਦੇ ਹਨ ਕਿ ‘ਉਸ ਦਾ ਵਿਆਹ ਗ਼ੈਰਾਂ ਨਾਲ ਕੀਤਾ ਹੈ।’ ਖ਼ੈਰ, ਮੈਂ ਇਸ ਨੁਕਤੇ ਬਾਰੇ ਵਧੇਰੇ ਗੱਲ ਨਹੀਂ ਕਰਨੀ। ਮੈਂ ਤਾਂ ਸਿਰਫ਼ ਇਹ ਦਸਣਾ ਚਾਹਿਆ ਸੀ ਕਿ ਇਸਲਾਮ ਵਿਚ ਜ਼ਾਤ-ਪਾਤ ਰਹਿਤ ਭਾਈਚਾਰੇ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਵੱਖ ਵੱਖ ਬਿਰਾਦਰੀਆਂ ਵੀ ਨਹੀਂ ਹੁੰਦੀਆਂ। ਇੰਵ ਹੀ ਸਿੱਖ ਧਰਮ ਵੀ ਬਿਰਾਦਰੀਆਂ ਦੀ ਹੋਂਦ ਨੂੰ ਕਬੂਲ ਕਰਦਾ ਹੈ। ਪਰ, ਸਿੱਖ ਧਰਮ ਇਸ ਦੀ ਇਜਾਜ਼ਤ ਨਹੀਂ ਦੇਂਦਾ ਕਿ ਜ਼ਾਤ ਜਾਂ ਜਨਮ ਦੇ ਪਿਛੋਕੜ ਕਰ ਕੇ ਕਿਸੇ ਨੂੰ ਉਚਾ-ਨੀਵਾਂ ਜਾਂ ਚੰਗਾ-ਮੰਦਾ ਮੰਨਿਆ ਜਾਵੇ।

ਸਿੱਖ ਤਵਾਰੀਖ਼ ਗਵਾਹ ਹੈ ਕਿ ਜਦ ਛੇਵੇਂ ਪਾਤਿਸ਼ਾਹ ਨੇ ਡੇਹਰਾ ਸਾਹਿਬ ਲਾਹੌਰ ਦਾ ਸੇਵਾਦਾਰ ਲਾਉਣਾ ਸੀ ਤਾਂ ਉਨ੍ਹਾਂ ਨੇ ਇਹ ਸੇਵਾ ਕਿਸੇ ‘ਅਖੌਤੀ ਛੋਟੀ ਜ਼ਾਤ’ ਵਾਲੇ ਨੂੰ ਸੌਂਪੀ ਸੀ। ਇੰਵ ਹੀ ਪੰਜੋਖੜਾ ਸਾਹਿਬ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਵੱਲੋਂ ਬ੍ਰਾਹਮਣ ਦਾ ਮਾਣ ਤੋੜਨ ਦੀ ਸੇਵਾ ਇਕ ‘ਝਿਊਰ’ ਨੂੰ ਬਖ਼ਸ਼ੀ ਗਈ ਸੀ। 12 ਨਵੰਬਰ 1675 ਨੂੰ ਨੌਵੇਂ ਪਾਤਿਸ਼ਾਹ ਦਾ ਸੀਸ ਸਿਰ ਤੇ ਰੱਖ ਕੇ ਦਿੱਲੀ ਤੋਂ ਚੱਕ ਨਾਨਕੀ (ਅਨੰਦਪੁਰ ਸਾਹਿਬ) ਲਿਆਉਣ ਦਾ ਸ਼ਰਫ਼ ਇਕ ਰੰਘਰੇਟੇ ਭਾਈ ਜੈਤਾ (ਜੀਵਨ ਸਿੰਘ) ਨੂੰ ਹਾਸਿਲ ਹੋਇਆ ਸੀ। ਚਮਕੌਰ ਸਾਹਿਬ ਵਿਚ ਗੜ੍ਹੀ ਦੀ ਰਾਖੀ ਕਰਦਿਆਂ ਪਹਿਲੀਆਂ ਸ਼ਹੀਦੀਆਂ ਹਾਸਿਲ ਕਰਨ ਦਾ ਮਾਣ ਭਾਈ ਸ਼ੇਰ ਸਿੰਘ ਤੇ ਨਾਹਰ ਸਿੰਘ ਨੂੰ ਮਿਲਿਆ ਸੀ ਤੇ ਦੋਵੇਂ ਭਰਾ ਜੁਲਾਹੇ ਸਨ। 5 ਦਸੰਬਰ 1705 ਦੇ ਦਿਨ ਜਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਉਨ੍ਹਾਂ ਦੇ ਅੰਗ-ਸੰਗ ਰਹਿ ਕੇ ਸ਼ਹੀਦ ਹੋਣ ਦਾ ਪਰਣ ਕਰਨ ਵਾਲਿਆਂ 40 ਸਿੰਘਾਂ

ਵਿਚੋਂ ਘਟੋ ਘਟ ਪੰਜ ਸਿੰਘ ਅਖੌਤੀ ਛੋਟੀਆਂ ਬਿਰਾਦਰੀਆਂ ਵਾਲੇ ਸਨ, ਪੰਦਰਾਂ-ਵੀਹ ਰਾਜਪੂਤ ਸਨ, ਕੁਝ ਬ੍ਰਾਹਮਣ, ਅਰੋੜੇ, ਤਰਖਾਣ ਵੀ ਸਨ। ਮੇਰੇ ਕਹਿਣ ਦਾ ਮਾਅਨਾ ਇਹ ਹੈ ਕਿ ਸਿੱਖ ਤਵਾਰੀਖ਼ ਗਵਾਹ ਹੈ ਕਿ ਕਿਸੇ ਸਿੱਖ ਨੂੰ ਉਸ ਦੇ ਜਨਮ ਜਾਂ ਪਿਛੋਕੜ ਕਰ ਕੇ ਕਿਸੇ ਸੇਵਾ ਤੋਂ ਵਾਂਝਿਆਂ ਨਹੀਂ ਰਖਿਆ ਗਿਆ ਸੀ। ਸਿੱਖ ਤਵਾਰੀਖ਼ ਵਿਚ ਅਖੌਤੀ ਦਲਿਤ ਤਾਂ 'ਰੰਘਰੇਟਾ, ਗੁਰੂ ਦਾ ਬੇਟਾ' ਹੈ।

ਸਿੱਖਾਂ ਨੂੰ ਇਹ ਵੀ ਅਹਿਸਾਸ ਹੋਣਾ ਚਾਹੀਦਾ ਹੈ ਕਿ ਉੱਨੀਵੀਂ ਸਦੀ ਦੇ ਮਹਾਨ ਦੋ ਚਾਰ ਸਿੱਖ ਵਿਦਵਾਨਾਂ ਵਿਚੋਂ ਸਭ ਤੋਂ ਅਹਿਮ ਲੇਖਕ ਗਿਆਨੀ ਦਿੱਤ ਸਿੰਘ ਜੀ ਅਖੌਤੀ ਦਲਿਤ ਪਰਿਵਾਰ ਵਿੱਚੋਂ ਸਨ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਸਿੱਖ ਧਰਮ ਦਾ ਸਭ ਤੋਂ ਵਧ ਪਰਚਾਰ ਕਰਨ ਵਾਲਿਆਂ ਵਿਚ ਭਾਈ ਲਖਬੀਰ ਸਿੰਘ (ਖਾਲਸਾ ਬਿਰਾਦਰੀ ਕਾਰਜ ਸਾਧਕ ਦਲ ਵਾਲੇ) ਵੀ ਇਨ੍ਹਾਂ ਵੀਰਾਂ ਵਿਚੋਂ ਸਨ। ਨਾਨਕਾਣਾ ਸਾਹਿਬ, ਗੁਰੂ ਦਾ ਬਾਗ, ਜੈਤੋ, ਭਾਈ ਫੇਰੂ ਮੋਰਚਿਆਂ ਵਿਚ ਸ਼ਹੀਦੀਆਂ ਪਾਉਣ ਵਾਲਿਆਂ ਵਿਚੋਂ ਕਿੰਨੇ ਹੀ ਦਲਿਤ ਸਨ। 1978 ਤੋਂ ਮਗਰੋਂ ਸ਼ਹੀਦੀਆਂ ਹਾਸਿਲ ਕਰਨ ਵਾਲਿਆਂ ਵਿਚੋਂ ਜੇ ਹਜ਼ਾਰਾਂ ਨਹੀਂ ਤਾਂ ਸੈਂਕੜੇ ਦਲਿਤ ਜ਼ਰੂਰ ਸਨ। ਇਨ੍ਹਾਂ ਸ਼ਹੀਦਾਂ ਮੁਰੀਦਾਂ ਨੂੰ ਕੌਮ ਦੀ ਸੇਵਾ ਕਰਨ ਵੇਲੇ ਕਿਸੇ ਨੇ ਕਦੇ ਇਹ ਨਹੀਂ ਕਿਹਾ ਸੀ ਕਿ ਤੁਸੀਂ ਦਲਿਤ ਪਰਿਵਾਰਾਂ ਵਿਚ ਜਨਮ ਲਿਆ ਹੈ ਇਸ ਕਰ ਕੇ ਤੁਸੀਂ ਸ਼ਹੀਦ ਨਹੀਂ ਹੋ ਸਕਦੇ। ਸੋ ਕਿਸੇ ਸਿੱਖ ਨੂੰ ਕਿਸੇ ਗੁਰਦੁਆਰੇ ਦੀ ਸੇਵਾ-ਸੰਭਾਲ ਤੋਂ ਉਸ ਦੇ ਜਨਮ ਦੇ ਪਿਛੋਕੜ ਕਰ ਕੇ ਵਾਂਝਿਆ ਰੱਖਣਾ ਗੁਰੂ ਦੇ ਫ਼ਲਸਫ਼ੇ ਵੱਲ ਪਿੱਠ ਕਰਨਾ ਹੈ, ਹੋਰ ਕੁਝ ਨਹੀਂ।

ਮੈਂ ਤਾਂ ਸਮਝਦਾ ਹਾਂ ਕਿ ਗੁਰਦੁਆਰੇ ਦੀ ਸੇਵਾ-ਸੰਭਾਲ ਸਭ ਨੂੰ ਵੰਡ ਕੇ ਮਿਲਣੀ ਚਾਹੀਦੀ ਹੈ। ਉਂਵ ਤਾਂ ਸਾਰੇ ਗੁਰਦੁਆਰਿਆਂ ਦਾ ਇੰਤਜ਼ਾਮ ਸ਼ਰੋਮਣੀ ਕਮੇਟੀ ਨੂੰ ਸੌਂਪ ਦਿਤਾ ਜਾਣਾ ਚਾਹੀਦਾ ਹੈ ਤਾਂ ਜੋ 'ਮਰਿਆਦਾ' ਦੀਆਂ ਕੁਰਹਿਤਾਂ ਦੂਰ ਹੋ ਸਕਣ। ਪਰ, ਜਦ ਤਕ ਇਹ ਮੁਮਕਿਨ ਨਹੀਂ ਉਦੋਂ ਤਕ ਸਾਰਿਆਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਸਾਰੇ ਲੋਕ ਰਲ ਮਿਲ ਕੇ ਕਰਨ। ਇਸ ਮਕਸਦ ਵਾਸਤੇ ਜ਼ਰੂਰੀ ਹੈ ਕਿ ਹਰ ਇਕ ਗੁਰਦੁਆਰੇ ਦੀ ਮੈਨੇਜਮੈਂਟ (ਪਰਬੰਧਕ ਕਮੇਟੀ) ਵਿਚ ਹਰ ਬਿਰਾਦਰੀ (ਜ਼ਾਤ ਨਹੀਂ) ਦਾ ਘਟੋ-ਘਟ ਇਕ ਇਕ ਮੈਂਬਰ ਜ਼ਰੂਰ ਸ਼ਾਮਿਲ ਹੋਵੇ। ਜਿਸ ਬਿਰਾਦਰੀ ਦੇ ਬਹੁਤੇ ਬੰਦੇ ਇਕ ਪਿੰਡ ਵਿਚ ਰਹਿੰਦੇ ਹਨ ਉਸ ਬਿਰਾਦਰੀ ਦੇ ਬਹੁਤੇ ਮੈਂਬਰ ਪਾਏ ਜਾਣ ਪਰ ਹਰ ਬਿਰਾਦਰੀ ਦਾ ਘਟੋ-ਘਟ ਇਕ ਮੈਂਬਰ ਹਰ ਕਮੇਟੀ ਵਿਚ ਜ਼ਰੂਰ ਸ਼ਾਮਿਲ ਹੋਵੇ। ਇਸ ਵਿਚ ਦੋ ਨੁਕਤੇ ਖ਼ਿਆਲ ਵਿਚ ਰਖਣੇ ਬੜੇ ਜ਼ਰੂਰੀ ਹਨ: 1. ਮੈਂਬਰ ਦੀ ਚੋਣ ਸਿਰਫ਼ ਉਸ ਦੀ ਬਰਾਦਰੀ ਵਾਲੇ ਹੀ ਕਰਨ ਨਾ ਕਿ ਉਸ ਨੂੰ ਦੂਜਿਆਂ ਵੱਲੋਂ ਨਾਮਜ਼ਦ ਕੀਤਾ ਜਾਵੇ 2. ਅਜਿਹਾ ਚੁਣਿਆ ਜਾਣ ਵਾਲਾ ਮੈਂਬਰ ਸਾਬਤ-ਸੂਰਤ ਜ਼ਰੂਰ ਹੋਵੇ। ਜੇ ਇਹ ਦੋਹਾਂ ਨੁਕਤਿਆਂ ਨੂੰ ਖਿਆਲ ਵਿਚ ਰੱਖ ਕੇ ਮੈਂਬਰ ਲਏ ਜਾਣਗੇ ਤਾਂ ਨਵੇਂ ਮਸਲੇ ਖੜੇ ਨਹੀਂ ਹੋਣਗੇ। ਇੰਵ ਹੀ ਪਰਧਾਨ/ਸਕੱਤਰ ਦੀ ਚੋਣ ਵੀ ਮੈਂਬਰਾਂ ਵਿਚੋਂ ਰੋਟੇਸ਼ਨ ਨਾਲ ਕੀਤੀ ਜਾਣੀ ਚਾਹੀਦੀ ਹੈ ਤੇ ਹਰ ਬਿਰਾਦਰੀ ਦੇ ਮੈਂਬਰਾਂ ਨੂੰ ਹਰ ਅਹੁਦੇ 'ਤੇ ਸੇਵਾ ਦਾ ਮੌਕਾ ਮਿਲਣਾ ਚਾਹੀਦਾ ਹੈ ਤਾਂ ਜੋ ਹਰ ਬਿਰਾਦਰੀ ਇਹ ਸਮਝੇ ਕਿ ਉਸ ਦਾ ਪੰਥ ਦੀ ਅਗਵਾਈ ਵਿਚ ਪੂਰਾ, ਬਰਾਬਰ ਦਾ, ਹਿੱਸਾ ਹੈ। ਉਂਵ ਤਾਂ ਇਹ ਤਰੀਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਵੀ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੀਆਂ ਚੋਣਾਂ ਵਿਚ ਵੀ ਵਰਤਿਆ ਜਾਣਾ ਚਾਹੀਦਾ ਹੈ।

ਤੱਲ੍ਹਣ ਦੇ ਝਗੜੇ ਵੇਲੇ ਇਹ ਵੀ ਕਿਹਾ ਗਿਆ ਹੈ ਕਿ ਕਿਸੇ 'ਜੱਟ' ਨੇ ਭਗਤ ਬਾਬਾ ਰਵਿਦਾਸ ਜੀ ਦੀ ਤਸਵੀਰ ਪਾੜੀ ਸੀ। (ਉਂਞ ਪਤਾ ਲਗਾ ਹੈ ਕਿ ਇਹ ਵੀ ਕਿਸੇ ਸ਼ਰਾਰਤੀ ਦਾ ਪਰਾਪੇਗੰਡਾ ਸੀ ਤਾਂ ਜੋ ਦੋਹਾਂ ਬਿਰਾਦਰੀਆਂ ਵਿਚ ਲੜਾਈ ਕਰਵਾਈ ਜਾ ਸਕੇ)। ਮੰਨ ਲਓ ਜੇ ਇਹ ਗੱਲ ਠੀਕ ਵੀ ਹੋਵੇ ਤਾਂ ਪਹਿਲੀ ਗੱਲ ਤਾਂ ਇਹ ਹੈ ਕਿ ਅਜਿਹੀ ਹਰਕਤ ਘਟੀਆ ਹੈ ਤੇ ਇਸ ਦੀ ਨਿੰਦਾ ਕਰਨੀ ਹਰ ਸਿੱਖ ਦਾ ਫ਼ਰਜ਼ ਹੈ। ਦੂਜਾ, ਜੇ ਇਹ ਤਸਵੀਰ ਗੁਰੂ ਗਰੰਥ ਸਾਹਿਬ ਵਾਲੇ ਹਾਲ ਵਿਚ ਸੀ ਤਾਂ ਉਹ ਵੀ ਗ਼ਲਤ ਹੈ। ਗੁਰੂ ਗਰੰਥ ਸਾਹਿਬ ਵਾਲੇ ਹਾਲ ਵਿਚ ਕਿਸੇ ਦੀ ਵੀ (ਗੁਰੂ ਸਾਹਿਬ ਦੀ ਵੀ) ਤਸਵੀਰ ਨਹੀਂ ਲਾਈ ਜਾ ਸਕਦੀ। ਉਂਞ ਤਾਂ ਗੁਰੂ ਸਾਹਿਬ ਦੀਆਂ ਤੇ ਭਗਤਾਂ ਦੀਆਂ ਸਾਰੀਆਂ ਤਸਵੀਰਾਂ ਨਕਲੀ ਹਨ ਪਰ ਜੇ ਅਸਲੀ ਵੀ ਹੋਣ ਤਾਂ ਗੁਰੂ ਗ੍ਰੰਥ ਸਾਹਿਬ ਵਾਲੇ ਹਾਲ ਵਿਚ ਨਹੀਂ ਲਾਈਆਂ ਜਾ ਸਕਦੀਆਂ। ਹਾਂ, ਗੁਰਦੁਆਰਾ ਸਾਹਿਬ ਦੇ ਲੰਗਰ ਹਾਲ, ਦਫ਼ਤਰ, ਕੌਰੀਡੋਰ ਜਾਂ ਲਾਇਬਰੇਰੀ ਜਾਂ ਕਿਸੇ ਵੀ ਹੋਰ ਥਾਂ ਤੇ ਭਗਤਾਂ, ਸ਼ਹੀਦਾਂ, ਮੁਰੀਦਾਂ, ਆਗੂਆਂ ਦੀਆਂ ਤਸਵੀਰਾਂ ਲਾਈਆਂ ਜਾ ਸਕਦੀਆਂ ਹਨ; ਸਗੋਂ ਜ਼ਰੂਰ ਲਾਉਣੀਆਂ ਚਾਹੀਦੀਆਂ ਹਨ ਤਾਂ ਜੋ ਲੋਕਾਂ ਨੂੰ ਇਨ੍ਹਾਂ ਮਹਾਨ ਹਸਤੀਆਂ ਬਾਰੇ ਪਤਾ ਲਗੇ। ਇਸ ਬਾਰੇ ਵੀ ਇਸ ਗੱਲ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਇਹ ਤਸਵੀਰ ਉਸ ਹਸਤੀ ਦੀ ਦਸਤਾਰ ਵਾਲੀ (ਨੰਗੇ ਸਿਰ ਵਾਲੀ ਨਹੀਂ) ਤਸਵੀਰ ਹੋਣੀ ਚਾਹੀਦੀ ਹੈ ਕਿਉਂਕਿ ਗੁਰਦੁਆਰੇ ਵਿਚ ਜੇ ਅਸੀਂ ਨੰਗੇ ਸਿਰ ਨਹੀਂ ਜਾ ਸਕਦੇ ਤਾਂ ਤਸਵੀਰ ਨੰਗੇ ਸਿਰ ਵਾਲੀ ਕਿਉਂ ਹੋਵੇ। ਭਗਤ ਕਬੀਰ ਜੀ ਦੀ ਦਸਤਾਰ ਵਾਲੀ ਤਸਵੀਰ ਤਾਂ ਆਮ ਦਿਸਦੀ ਹੈ ਪਰ ਭਗਤ ਬਾਬਾ ਰਵਿਦਾਸ ਜੀ ਦੀ ਤਸਵੀਰ ਘਟ ਨਜ਼ਰ ਆਉਂਦੀ ਹੈ, ਸ਼ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਭਗਤ ਬਾਬਾ ਰਵਿਦਾਸ ਜੀ ਦੀ ਅਸਲ ਸਰੂਪ ਵਾਲੀ, ਦਸਤਾਰ ਵਾਲੀ, ਤਸਵੀਰ ਕਿਸੇ ਚੰਗੇ ਕਲਾਕਾਰ ਤੋਂ ਬਣਵਾ ਕੇ ਹਰ ਗੁਰਦੁਆਰੇ ਵਿਚ ਭੇਜੇ ਤਾਂ ਜੋ ਉਸ ਨੂੰ ਲਾਇਬਰੇਰੀਆਂ, ਲੰਗਰ-ਹਾਲ ਵਗ਼ੈਰਾ ਵਿਚ ਲਾਇਆ ਜਾ ਸਕੇ। ਚੇਤੇ ਰਹੇ ਕਿ ਭਗਤ ਬਾਬਾ ਰਵਿਦਾਸ ਜੀ ਦੀ ਬਿਨਾ-ਦਸਤਾਰ ਤਸਵੀਰ ਕਿਸੇ ਬ੍ਰਾਹਮਣ ਨੇ ਤਿਆਰ ਕਰਵਾਈ ਸੀ ਤਾਂ ਜੋ ਉਨ੍ਹਾਂ ਨੂੰ ਸਿੱਖਾਂ ਤੋਂ ਦੂਰ ਰਖਿਆ ਜਾ ਸਕੇ। ਇਹ ਚੇਤੇ ਰਹੇ ਕਿ ਹਰ ਭਗਤ ਅਤੇ ਸੂਫ਼ੀ ਦਸਤਾਰ ਸਜਾਉਂਦਾ ਸੀ ਅਤੇ ਉਸ ਦੀ ਤਸਵੀਰ ਅਸਲ ਸ਼ਕਲ ਵਿਚ ਹੀ ਹੋਣੀ ਚਾਹੀਦੀ ਹੈ।

ਇਕ ਹੋਰ ਅਹਿਮ ਨੁਕਤਾ ਇਹ ਵੀ ਖਿਆਲ ਵਿਚ ਰੱਖਣ ਦੀ ਲੋੜ ਹੈ ਕਿ ਅੱਜ ਕਈ ਥਾਵਾਂ 'ਤੇ ਗੁਰਦੁਆਰਾ ਕੰਬੋਆਂ, ਗੁਰਦੁਆਰਾ ਰਾਜਪੂਤਾਂ, ਗੁਰਦੁਆਰਾ ਰਾਮਗੜ੍ਹੀਆਂ, ਗੁਰਦੁਆਰਾ ਰਵਿਦਾਸੀਆਂ ਵਗ਼ੈਰਾ ਬਣੇ ਹੋਏ ਹਨ। ਇਹ ਗੱਲ ਵੀ ਗੁਰਮਤ ਦੇ ਉਲਟ ਹੈ। ਸਾਨੂੰ ਇਸ ਪਿਰਤ ਨੂੰ ਵੀ ਬੰਦ ਕਰਨਾ ਚਾਹੀਦਾ ਹੈ। (ਜੂਨ 2003)।

ਸ਼੍ਰੋਮਣੀ ਕਮੇਟੀ ਸਰਬਤ ਖਾਲਸਾ ਨਹੀਂ

ਬੀਤੇ ਦਿਨੀਂ ਇਕ ਨਿੱਕੀ ਜਹੀ ਜਮਾਤ ਨੇ ਇਕ ਮਤੇ ਰਾਹੀਂ ਸਿੱਖ ਪੰਥ ਦੀ ਇਕ "ਏਪੈਕਸ ਬਾਡੀ" ਦੀ ਕਾਇਮੀ ਦੀ ਗੱਲ ਕੀਤੀ ਸੀ। ਉਨ੍ਹਾਂ ਨੇ ਇਸ ਦੀ ਤਾਈਦ ਵਾਸਤੇ ਜੋ ਕੁਝ ਵੀ ਕਿਹਾ, ਉਹ ਮੈਂ ਵੀਹ ਸਾਲ ਪਹਿਲਾਂ (1983 ਵਿਚ) ਆਪਣੀ ਕਿਤਾਬ "ਕੇਸਰੀ ਕਿਤਾਬ" ਵਿਚ ਆਖ ਚੁਕਾ ਸਾਂ। ਇਹ ਕਿਤਾਬ 1993 ਵਿਚ ਕਿਸ਼ਤਵਾਰ ਬੈਲਜੀਅਮ ਦੇ ਰਸਾਲੇ 'ਜੱਦੋਜਹਿਦ' ਵਿਚ ਵੀ ਛਪੀ ਸੀ। 1995 ਵਿਚ ਜਦ ਸ਼ੋਮਣੀ ਕਮੇਟੀ ਨੇ ਅੰਮ੍ਰਿਤਸਰ ਵਿਚ 'ਵਰਲਡ ਸਿੱਖ ਕਨਵੈਨਸ਼ਨ ਕੀਤੀ ਸੀ ਤਾਂ ਮੈਂ ਇਸ ਕਾਨਫ਼ਰੰਸ ਵਾਸਤੇ ਲਿਖੇ ਇਕ ਪੇਪਰ ਵਿਚ ਦੁਨੀਆਂ ਭਰ ਦੇ ਸਿੱਖਾਂ ਦੀ ਇਕ "ਵਰਲਡ ਸਿੱਖ ਪਾਰਲੀਮੈਂਟ" ਕਾਇਮ ਕਰਨ ਦਾ ਸੁਝਾਅ ਲਿਖ ਭੇਜਿਆ ਸੀ ਅਤੇ ਇਸ ਵਾਸਤੇ ਇਕ ਢਾਂਚਾ ਵੀ ਪੇਸ਼ ਕੀਤਾ। ਮਨਜੀਤ ਸਿੰਘ (ਪ੍ਰੋ.) ਨੇ ਇਸ ਸੁਝਾਅ ਨੂੰ, ਘਾਗ-ਸੋਚ ਨਾਲ, ਹਾਈਜੈਕ ਕਰ ਕੇ, ਆਪਣੀ ਜੇਬ੍ਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਉਸ ਵਿਚੋਂ ਪੈਦਾ ਹੋਈ "ਵਰਲਡ ਸਿੱਖ ਕੌਂਸਲ" ਦੀ ਜੰਮਦਿਆਂ ਹੀ ਹੋਈ ਮੌਤ ਦੀ ਵਜਹ ਮਨਜੀਤ ਸਿੰਘ ਦੀ ਸੋਚ ਬਣੀ। ਉਂਞ ਇਹ ਵੀ ਸ਼ੱਕ ਹੈ ਕਿ "ਵਰਲਡ ਸਿੱਖ ਕੌਂਸਲ" ਦੇ ਫ਼ੇਲ੍ਹ ਹੋਣ ਪਿੱਛੇ, ਸ਼ਾਇਦ, ਜਥੇਦਾਰ ਟੌਹੜਾ ਦਾ, ਉਸ ਦੀ ਆਪਣੀ ਸੁਪਰੀਮੇਸੀ ਖ਼ਤਮ ਹੋਣ ਦਾ, ਖ਼ਦਸ਼ਾ ਵੀ ਹੋਵੇ। ਇਹ ਸੱਚ ਹੀ ਹੈ ਕਿ ਉਹ (ਜਾਂ ਕੋਈ ਹੋਰ ਪ੍ਰਧਾਨ) ਆਪਣੇ ਮੁਕਾਬਲੇ ਵਿਚ ਇਕ "ਜਵਾਨ ਸੌਂਕਣ" ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਸੀ?

ਫਿਰ ਮੈਂ "ਅਕਾਲ ਤਖ਼ਤ ਸਾਹਿਬ: ਫ਼ਲਸਫ਼ਾ ਤੇ ਤਵਾਰੀਖ਼" ਕਿਤਾਬ ਵਿਚ ਇਸ ਨੂੰ ਹੋਰ ਤਫ਼ਸੀਲ ਨਾਲ ਪੇਸ਼ ਕੀਤਾ ਸੀ ਤੇ ਇਸ ਦਾ ਇਕ ਢਾਂਚਾ ਵੀ ਸੁਝਾਇਆ ਸੀ। 24 ਮਈ 2000 ਦੇ ਦਿਨ ਮੈਂ ਇਹ ਕਿਤਾਬ ਰਲੀਜ਼ ਕੀਤੀ ਸੀ। ਪਰ, ਨੱਬੇ ਫ਼ੀ ਸਦੀ ਸਿੱਖ ਲਡਿਰਸ਼ਿਪ ਕਿਤਾਬਾਂ ਜਾਂ ਰਿਸਾਲੇ ਪੜ੍ਹਦੀ ਹੀ ਨਹੀਂ ਇਸ ਕਰ ਕੇ ਕਿਸੇ ਚੌਧਰੀ ਨੇ ਕੋਈ ਜਵਾਬੇ-ਅਮਲ (reaction) ਨਹੀਂ ਦਿਖਾਇਆ ਸੀ। ਇਹ ਵੀ ਹੋ ਸਕਦਾ ਹੈ ਕਿ ਇਨ੍ਹਾਂ ਨੂੰ ਉਸ ਨੁਕਤੇ ਦੀ ਸਮਝ ਹੀ ਨਾ ਆਈ ਹੋਵੇ। ਉਂਞ ਗੁਰਚਰਨ ਸਿੰਘ ਟੌਹੜਾ ਨੇ ਵੀ ਇਹ ਕਿਤਾਬ ਪੜ੍ਹੀ ਸੀ ਤੇ ਇਸ ਦੀ ਰੱਜਵੀਂ ਤਾਰੀਫ਼ ਕੀਤੀ ਸੀ (ਉਦੋਂ ਉਹ ਪ੍ਰਧਾਨਗੀ ਤੋਂ ਲੱਥਿਆ ਹੋਇਆ ਸੀ)।

ਜਿੱਥੋਂ ਤਕ ਅਸਲ ਏਪੈਕਸ ਬਾਡੀ (**ਵਰਲਡ ਸਿੱਖ ਪਾਰਲੀਮੈਂਟ** ਵਧੀਆ ਨਾਂ ਹੋ ਸਕਦਾ ਹੈ) ਦਾ ਸਵਾਲ ਹੈ, ਹਰ ਸੰਜੀਦਾ ਸਿੱਖ ਮਹਿਸੂਸ ਕਰਦਾ ਹੈ ਕਿ ਇਸ ਤੋਂ ਬਿਨਾ ਗੁਜ਼ਾਰਾ ਨਹੀਂ। ਇਸ ਦੇ ਕਾਰਨ ਕਈ ਹਨ:

(1) ਇਸ ਵਕਤ ਸਿੱਖ ਪੰਥ ਦੀ ਇਕ ਸਭ ਤੋਂ ਅਹਿਮ ਇੰਸਟੀਚਿਊਸ਼ਨ, **ਅਕਾਲ ਤਖ਼ਤ ਸਾਹਿਬ**, ਬਹਿਸ ਦਾ ਮੌਜ਼ੂਅ ਬਣਾ ਦਿਤੀ ਗਈ ਹੈ। ਇਸ ਦੀ ਸੇਵਾ ਸੰਭਾਲ ਦਾ ਮੁਖ ਸੇਵਾਦਾਰ "ਜਥੇਦਾਰ" ਬਣ ਬੈਠਾ ਹੈ ਤੇ ਪੋਪ ਵੀ, 'ਤੇ ਕੁਝ ਲੋਕਾਂ ਵਾਸਤੇ ਠਾਣੇਦਾਰ ਤੇ ਹਊਆ ਵੀ। ਕੁਝ ਭੋਲੇ ਸਿੱਖ ਇਸ ਨੂੰ ਪੰਥ ਦਾ ਸਭ ਤੋਂ ਵੱਡਾ ਨੁਮਾਇੰਦਾ ਸਮਝ ਰਹੇ ਹਨ ਅਤੇ ਕੁਝ ਇਸ ਨੂੰ "ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧੜੇ ਦੀ ਕਠਪੁਤਲੀ ਤੇ ਇਕ ਸੁਪਰ ਪੁਜਾਰੀ" ਆਖ ਰਹੇ ਹਨ।

(2) **ਸ਼੍ਰੋਮਣੀ ਅਕਾਲੀ ਦਲ** ਨੂੰ ਬਾਦਲ ਵੱਲੋਂ ਸਿੱਖਾਂ ਦੀ ਥਾਂ ਪੰਜਾਬੀਆਂ ਦੀ ਇਕ ਸਿਆਸੀ ਪਾਰਟੀ ਬਣਾ ਦਿਤਾ ਗਿਆ ਹੈ। ਇਸ ਨੇ ਸਿੱਖਾਂ ਦੇ ਧਾਰਮਿਕ ਮਸਲਿਆਂ ਨੂੰ ਆਪਣੀ ਜ਼ਦ ਵਿਚੋਂ ਬਾਹਰ ਕੱਢ ਦਿਤਾ ਹੈ। ਹੁਣ ਇਹ ਵਧੇਰੇ ਕਰ ਕੇ ਪਤਿਤਾਂ (ਧਰਮ ਤੋਂ ਗਿਰਿਆਂ) ਦੀ ਜਥੇਬੰਦੀ ਬਣ ਚੁਕਾ ਹੈ। ਟਕਸਾਲੀ ਤੇ ਸੰਜੀਦਾ ਸਿੱਖ ਇਸ ਨੂੰ ਪੰਥਕ ਜਥੇਬੰਦੀ ਨਹੀਂ ਮੰਨਦੇ।

(3) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਿਵੇਕਲੀ ਹਸਤੀ ਵੀ ਖ਼ਤਮ ਹੋਈ ਦਿਸ ਰਹੀ ਹੈ ਅਤੇ ਇਹ ਕਮੇਟੀ ਕਾਬਜ਼ ਸ਼੍ਰੋਮਣੀ ਅਕਾਲੀ (ਪੰਜਾਬੀ) ਧੜੇ ਦੀ ਇਕ ਯੂਨਿਟ ਬਣਾ ਦਿਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਨੂੰ ਸਿੱਖ ਨੌਜਵਾਨਾਂ ਅਤੇ ਸਿੱਖੀ ਦੀ ਦਰਦਨਾਕ ਹਾਲਤ ਦਾ ਜ਼ਰਾ-ਮਾਸਾ ਵੀ ਫ਼ਿਕਰ ਨਹੀਂ ਜਾਪਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ 'ਤੇ ਕਾਬਜ਼ ਅਕਾਲੀ ਧੜੇ ਦੀ 'ਜਾਗੀਰ' ਤੋਂ ਸਿਵਾ ਕੁਝ ਵੀ ਨਹੀਂ ਜਾਪਦੀ। ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਦੀਆਂ ਈਮਾਰਤਾਂ, ਅਖੰਡ ਪਾਠ, ਲੰਗਰ, ਕੜਾਹ ਪ੍ਰਸ਼ਾਦ ਤੇ ਚੰਦ ਦੂਜੇ/ਤੀਜੇ ਦਰਜੇ ਦੇ ਸਕੂਲਾਂ-ਕਾਲਜਾਂ ਦੇ 'ਇੰਤਜ਼ਾਮ' ਵਗ਼ੈਰਾ ਤੋਂ ਇਲਾਵਾ ਸ਼ਾਇਦ ਕੁਝ ਵੀ ਨਹੀਂ ਕਰ ਰਹੀ।

(4) ਸ਼ਰੋਮਣੀ ਅਕਾਲੀ ਦਲ (ਖ਼ਾਸ ਕਰ ਕੇ ਬਾਦਲ-ਟੌਹੜਾ ਧੜਾ) ਦੇ ਰੋਲ ਤੋਂ, ਪੰਜਾਬੋਂ ਬਾਹਰ ਦੇ ਸਿੱਖ, ਬੁਰੀ ਤਰ੍ਹਾਂ ਨਿਰਾਸ ਹੋ ਚੁਕੇ ਹਨ। ਉਹ ਮਹਿਸੂਸ ਕਰਦੇ ਹਨ ਕਿ ਅਕਾਲੀ ਦਲ ਉਨ੍ਹਾਂ ਵਾਸਤੇ ਜ਼ਰਾ-ਮਾਸਾ ਵੀ ਨਹੀਂ ਸੋਚਦਾ। ਉਹ ਸਮਝਦੇ ਹਨ ਕਿ ਉਨ੍ਹਾਂ ਦੀਆਂ ਵੋਟਾਂ ਦੀ ਤਾਕਤ ਨੂੰ, ਦੂਜੀਆਂ ਪਾਰਟੀਆਂ ਕੋਲ ਵੇਚ ਕੇ, ਪੰਜਾਬ ਦੇ ਕੁਝ ਅਕਾਲੀ ਆਗੂ ਜ਼ਾਤੀ ਫ਼ਾਇਦਾ ਉਠਾਉਂਦੇ ਹਨ। ਬੀਤੇ ਦਿਨੀਂ, ਖ਼ਾਸ ਕਰ ਕੇ ਦਿੱਲੀ ਦੇ ਸਿੱਖਾਂ ਦੇ ਇਕ ਬੜੇ ਵੱਡੇ ਹਿੱਸੇ ਨੇ, 1984 ਜੂਨ ਤੇ ਨਵੰਬਰ ਅਤੇ 1992 ਤੋਂ 1995 ਵਿਚਕਾਰ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਨ ਵਾਲੀ, ਕਾਂਗਰਸ ਪਾਰਟੀ ਦਾ ਸਾਥ ਦੇ ਕੇ ਅਕਾਲੀ ਦਲ ਬਾਦਲ ਦੇ ਖ਼ਿਲਾਫ਼ ਆਪਣਾ ਪ੍ਰੋਟੈਸਟ ਜੱਗ-ਜ਼ਾਹਿਰ ਕੀਤਾ ਸੀ। ਭਾਵੇਂ ਉਨ੍ਹਾਂ ਨੇ ਇਹ ਕਰ ਕੇ ਕੋਈ 'ਕਮਾਲ' ਨਹੀਂ ਕੀਤਾ ਪਰ ਹੁਣ ਹਾਲ ਇਹ ਹੈ ਕਿ ਪੰਜਾਬੋਂ ਬਾਹਰ ਦੇ ਸਿੱਖ ਅਕਾਲੀ ਪਾਰਟੀ ਨੂੰ ਸਾਰੇ ਪੰਥ ਦੀ ਸਾਂਝੀ ਨੁਮਾਇੰਦਾ ਪਾਰਟੀ ਨਹੀਂ ਮੰਨਦੇ।

(5) ਇਸ ਵਕਤ ਸਿੱਖਾਂ ਦਾ ਇਕ ਬੜਾ ਵੱਡਾ ਹਿੱਸਾ ਇੰਗਲੈਂਡ, ਕਨੇਡਾ, ਅਮਰੀਕਾ, ਯੂਰਪ, ਫ਼ਾਰ-ਈਸਟ ਤੇ ਕਈ ਹੋਰ ਮੁਲਕਾਂ ਵਿਚ ਰਹਿ ਰਿਹਾ ਹੈ। ਇਨ੍ਹਾਂ ਮੁਲਕਾਂ ਦੇ ਸਿੱਖਾਂ ਦੇ ਬੜੇ ਵੱਡੇ ਮਸਲੇ ਹਨ, ਜੋ ਸਿਰਫ਼ ਤੇ ਸਿਰਫ਼ ਇਸ ਕਰ ਕੇ ਹਨ ਕਿਉਂ ਕਿ ਸਿੱਖ ਕੇਸਧਾਰੀ ਤੇ ਦਸਤਾਰਧਾਰੀ ਹਨ। ਸ਼ਰੋਮਣੀ ਅਕਾਲੀ ਦਲ ਨੇ, ਕਦੇ ਵੀ, ਉਨ੍ਹਾਂ ਦੇ ਕਿਸੇ ਵੀ ਮਸਲੇ 'ਤੇ, ਕੋਈ ਰੋਲ ਅਦਾ ਨਹੀਂ ਕੀਤਾ। ਹੋਰ ਤਾਂ ਹੋਰ, ਅਕਾਲ ਤਖ਼ਤ ਸਾਹਿਬ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼ਰੋਮਣੀ ਅਕਾਲੀ ਦਲ, ਚੀਫ਼ ਖਾਲਸਾ ਦੀਵਾਨ ਜਾਂ ਕਿਸੇ ਵੀ ਜਮਾਤ (ਜੋ ਆਪਣੇ ਆਪ ਨੂੰ ਪੰਥ ਦੀ ਵਾਹਿਦ, ਇੱਕੋ-ਇਕ, ਜਮਾਤ ਸਮਝਦੀ ਹੈ) ਨੇ ਸਿੱਖਾਂ ਦੇ ਮੁਢਲੇ ਮਸਲਿਆਂ, ਖ਼ਾਸ ਕਰ ਕੇ ਕੇਸਾਂ, ਦਸਤਾਰ ਜਾਂ ਹੋਰ ਨਿਰੋਲ ਧਾਰਮਿਕ ਮਸਲਿਆਂ ਬਾਰੇ ਕੋਈ ਮਦਦ ਤਾਂ ਕੀ ਕਰਨੀ ਹੈ ਇਨ੍ਹਾਂ ਨੇ ਤਾਂ ਕਦੇ, ਸਹੀ ਤਰੀਕੇ ਨਾਲ, ਜ਼ਬਾਨ ਤਕ ਵੀ ਨਹੀਂ ਖੋਲ੍ਹੀ। ਮਿਸਾਲ ਵਜੋਂ ਅਜ ਕਲ੍ਹ ਫ਼ਰਾਂਸ ਵਿਚ ਸਿੱਖ ਦਸਤਾਰ ਦੇ ਆਪਣੇ ਧਾਰਮਿਕ ਹੱਕ

ਵਾਸਤੇ ਲੜ ਰਹੇ ਹਨ ਪਰ ਅਕਾਲੀ ਦਲ, ਸ਼ਰੋਮਣੀ ਕਮੇਟੀ ਤੇ ਅਕਾਲ ਤਖ਼ਤ ਦੇ ਮੁਖ ਸੇਵਾਦਾਰ ਆਰਾਮ ਦੀ ਨੀਂਦ ਸੌਂ ਰਹੇ ਹਨ। ਇਹ ਤਿੰਨੇ ਇੰਸਟੀਚਿਊਸ਼ਨਜ਼ ਕਿਹੜੇ ਸਿੱਖਾਂ ਦੀ ਨੁਮਾਇੰਦਗੀ ਕਰਦੇ ਹਨ? ਘਟੋ-ਘਟ ਫ਼ਰਾਂਸ ਦੇ ਸਿੱਖਾਂ ਦੀ ਤਾਂ ਨਹੀਂ!

(6) ਸਿੱਖ ਧਰਮ ਤੇ ਸਿੱਖ ਫ਼ਲਸਫ਼ੇ ਬਾਰੇ ਵੱਖ-ਵੱਖ ਅੰਸਰ (ਮਕਲਾਊਡ ਦੇ ਸਾਥੀ ਈਸਾਈ ਮਿਸ਼ਨਰੀ ਤੇ ਉਨ੍ਹਾਂ ਦਾ ਟੋਲਾ, ਫ਼ਿਰਕੂ ਹਿੰਦੂ, ਮੁਸਲਮਾਨ ਲਿਖਾਰੀ, ਨਾਮਧਾਰੀ, ਨਿਰੰਕਾਰੀ, ਰਾਧਾ ਸੁਆਮੀ, ਸਰਸੇ ਵਾਲੇ, ਆਸ਼ੂਤੋਸ਼ੀਏ, ਆਰ. ਐਸ. ਐਸ. ਤੇ ਕਈ ਹੋਰ) ਸਾਜਿਸ਼ਾਂ ਕਰ ਰਹੇ ਹਨ। ਇਨ੍ਹਾਂ ਵਲੋਂ ਸਿੱਖ ਤਵਾਰੀਖ਼ ਤੇ ਫ਼ਲਸਫ਼ੇ ਬਾਰੇ ਬਹੁਤ ਸਾਰਾ ਸਾਜਿਸ਼ੀ ਲਿਟਰੇਚਰ ਛਪ ਰਿਹਾ ਹੈ। ਪਰ, ਅਕਾਲੀ ਦਲ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਸੁਸਰੀ ਦੀ ਨੀਂਦ' ਸੁੱਤੇ ਪਏ ਹਨ। ਸਿੱਖ ਤਵਾਰੀਖ਼, ਸਿੱਖ ਧਰਮ ਤੇ ਸਿੱਖ ਫ਼ਲਸਫ਼ੇ ਬਾਰੇ ਸਹੀ ਕਿਤਾਬਾਂ, ਟਰੈਕਟ ਤੇ ਹੋਰ ਲਿਟਰੇਚਰ ਜਾਂ ਤਾਂ ਛਪ ਹੀ ਨਹੀਂ ਰਿਹਾ ਤੇ ਜਾਂ ਬਹੁਤ ਹੀ ਘਟੀਆ ਪੱਧਰ ਦਾ ਹੈ ਕਿਉਂ ਕਿ ਅਕਾਲੀ ਆਗੂ ਵਿਦਵਾਨਾਂ ਨਾਲ ਸਿਰਫ਼ 'ਨਫ਼ਰਤ' ਕਰਦੇ ਹਨ ਤੇ ਇਸੇ ਕਰ ਕੇ ਕੋਈ ਵੀ ਸਹੀ ਵਿਦਵਾਨ ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਨਾਲ ਮਿਲ ਕੇ ਕੰਮ ਕਰਨ ਵਾਸਤੇ ਤਿਆਰ ਨਹੀਂ ਹੈ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਬਲੀਕੇਸ਼ਨਜ਼ ਵਿਚੋਂ ਬਹੁਤੀਆਂ ਸਮੇਂ ਦੀਆਂ ਹਾਣੀ ਨਹੀਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੈੱਬ-ਸਾਈਟ ਤੇ ਇੰਟਰਨੈੱਟ ਬੇਮਾਅਨਾ ਹੈ ਤੇ ਗੁਰਦੁਆਰਿਆਂ ਵਾਸਤੇ ਚਿੱਟਾ ਹਾਥੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 'ਸਿੱਖ ਹਿਸਟਰੀ ਰੀਸਰਚ ਬੋਰਡ' ਰੀਸਰਚ-ਪੱਖੋਂ ਤਕਰੀਬਨ ਖ਼ਤਮ ਹੋ ਚੁਕਾ ਹੈ। ਸਿੱਖ ਰੈਫ਼ਰੈਂਸ ਲਾਇਬਰੇਰੀ ਨੂੰ ਇਹ ਆਪਣੇ ਭਾਈਵਾਲਾਂ (ਬੀ. ਜੇ. ਪੀ.) ਦੇ ਦਿੱਲੀ ਦੇ ਤਖ਼ਤ 'ਤੇ ਹੋਣ ਦੇ ਬਾਵਜੂਦ ਵਾਪਿਸ ਨਹੀਂ ਲੈ ਸਕੇ।

(7) ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਸ਼ਾਨ ਹੈ, ਆਨ ਹੈ, ਮਾਣ ਹੈ, ਜਾਨ ਹੈ ਤੇ ਹਰ ਸੱਚਾ ਸਿੱਖ ਇਸ ਦੀ ਸ਼ਾਨ, ਇਸ ਦੇ ਸਟੇਟਸ, ਇਸ ਦੀ ਸੁਪਰਮੇਸੀ ਤੇ ਇਸ ਦੀ ਹਸਤੀ ਨੂੰ ਕਾਇਮ ਰਖਣਾ ਆਪਣਾ ਕੌਮੀ ਫ਼ਰਜ਼ ਸਮਝਦਾ ਹੈ। ਜਿਹੜਾ ਸਿੱਖ ਅਕਾਲ ਤਖ਼ਤ ਸਾਹਿਬ ਨੂੰ ਪਿੱਠ ਦਿਖਾਉਣ ਵਾਸਤੇ ਜ਼ਰਾ ਵੀ ਸੋਚਦਾ ਹੈ, ਹੋਰ ਜੋ ਮਰਜ਼ੀ ਪਿਆ ਹੋਵੇ ਪਰ ਘਟੋ-ਘਟ ਉਸ ਵਿਚ ਪੰਥਕ ਸੋਚ ਦੀ ਕਮੀ ਜ਼ਰੂਰ ਹੈ। ਸਿੱਖ ਵਾਸਤੇ ਆਪਣੀ ਨਿਜੀ ਸ਼ਾਨ ਤੋਂ ਵੀ ਵਧ ਅਹਮੀਅਤ ਅਕਾਲ ਤਖ਼ਤ ਸਾਹਿਬ ਦੀ ਹੈ।

ਪਰ, ਅਜ ਅਕਾਲ ਤਖ਼ਤ ਸਾਹਿਬ ਕਈ ਪਾਸਿਓਂ ਸਿੱਧੇ ਅਤੇ ਅਸਿੱਧੇ ਹਮਲਿਆਂ ਦੀ ਮਾਰ ਹੇਠ ਆਇਆ ਹੋਇਆ ਹੈ। ਇਹ ਹਮਲੇ ਚਾਰ ਪਾਸਿਆਂ ਤੋਂ ਹੋ ਰਹੇ ਹਨ: (1) ਕੁਝ ਪੰਥ ਦਰਦੀਆਂ ਵੱਲੋਂ ਨਿਜੀ ਖਿਝ 'ਚੋਂ ਪੈਦਾ ਹੋਏ ਹਾਲਾਤ ਕਾਰਨ (2) ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰਾਂ ਦੀਆਂ ਸ਼ੱਕੀ ਤੇ ਧੜੇਬੰਦਕ ਕਾਰਵਾਈਆਂ ਕਾਰਨ (3) ਪੰਥ ਦੇ ਦੁਸ਼ਮਣਾਂ ਵੱਲੋਂ ਸਿੱਧੇ ਹਮਲਿਆਂ ਕਾਰਨ, ਅਤੇ (4) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਵੱਲੋਂ ਅਕਾਲ ਤਖ਼ਤ ਸਾਹਿਬ ਨੂੰ ਆਪਣੀ ਜਾਇਦਾਦ ਸਮਝਣ ਕਾਰਨ।

ਹਾਲ ਦੀ ਘੜੀ ਤਾਂ ਅਕਾਲ ਤਖ਼ਤ ਸਾਹਿਬ ਕਾਬਜ਼ ਧੜੇ ਦੀ ਜਾਇਦਾਦ ਬਣਿਆ ਜਾਪਦਾ ਹੈ। ਇਸ ਦਾ ਮੁਖ ਸੇਵਾਦਾਰ ਸਿਰਫ਼ ਕਾਬਜ਼ ਧੜੇ ਦੇ ਹਿਤਾਂ ਦਾ ਰਖਵਾਲਾ ਹੈ। ਉਹ ਆਪਣੇ 'ਆਕਾਵਾਂ' ਦੀਆਂ ਖ਼ਾਹਿਸ਼ਾਂ ਮੁਤਾਬਿਕ ਅਖੌਤੀ-

ਹੁਕਮਨਾਮੇ ਜਾਰੀ ਕਰਦਾ ਹੈ ਤੇ ਇਸ ਤੇ ਮੁਹਰ ਲਾਉਣ ਵਾਸਤੇ ਚਾਰ ਹੋਰ ਗ੍ਰੰਥੀਆਂ ਦਾ "ਗੂਠਾ" ਲੁਆ ਲੈਂਦਾ ਹੈ। ਇਨ੍ਹਾਂ ਸਾਰੇ ਗ੍ਰੰਥੀਆਂ ਦੀ ਨਾਮਜ਼ਦਗੀ (ਤੇ ਬਰਖ਼ਾਸਤਗੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਨਿਜੀ ਮਰਜ਼ੀ ਨਾਲ ਹੁੰਦੀ ਹੈ। ਪਰ ਜੇ ਸ਼੍ਰੋਮਣੀ ਅਕਾਲੀ ਦਲ (ਇਸ ਵਕਤ ਸਿਰਫ਼ ਬਾਦਲ) ਉਸ ਨਾਲ ਨਾਰਾਜ਼ ਹੋ ਜਾਵੇ ਤਾਂ ਉਸ ਨੂੰ, ਸਣੇ ਪ੍ਰਧਾਨ ਦੇ, ਬਦਲਿਆ ਜਾ ਸਕਦਾ ਹੈ। ਅਖੌਤੀ ਜਥੇਦਾਰ ਸਿਰਫ਼ ਗ੍ਰੰਥੀਆਂ ਵਿਚੋਂ ਹੀ ਲਗ ਸਕਦੇ ਹਨ (ਯਾਨਿ ਕਿ ਉਹ 'ਸੁਪਰ-ਗ੍ਰੰਥੀ/ਪੁਜਾਰੀ' ਹਨ)। ਅਕਾਲ ਤਖ਼ਤ ਦੇ ਫ਼ਲਸਫ਼ੇ ਦਾ ਜੇ ਇਹ 'ਰੇਪ' ਨਹੀਂ ਤਾਂ ਹੋਰ ਕੀ ਹੈ? ਦੂਜੇ ਲਫ਼ਜ਼ਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਵਕਤ ਇਕ ਸ਼ਖ਼ਸ (ਯਾਨਿ ਬਾਦਲ) ਦੇ ਰਹਿਮੋ-ਕਰਮ 'ਤੇ ਹੈ।

ਇਸ ਸਾਰੀ ਹੰਗਾਮੀ ਹਾਲਤ ਵਿਚੋਂ ਨਿਕਲਣ ਵਾਸਤੇ ਦੁਨੀਆਂ ਭਰ ਦੇ ਸਿੱਖਾਂ ਦੀ ਇਕ ਨੁਮਾਇੰਦਾ ਜਥੇਬੰਦੀ ਦੀ ਲੋੜ ਹੈ। ਇਹ ਕਹਿਣਾ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ "ਸਰਬਤ ਖਾਲਸਾ" ਹੈ ਜਾਂ ਇਹ ਸਿੱਖ ਪੰਥ ਦੀ "ਸੁਪਰੀਮ ਬਾਡੀ" ਹੈ, ਉੱਕਾ ਹੀ ਗ਼ਲਤ, ਬੇਦਲੀਲਾ ਤੇ ਬੇਬੁਨਿਆਦ ਹੈ। ਅਜੋਕੀ ਹਾਲਤ ਵਿਚ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੰਥ ਦਾ ਸਰਬਤ ਖਾਲਸਾ ਤਾਂ ਕੀ "ਪੂਰੇ ਪੰਥ ਦੀ ਨੁਮਾਇੰਦਾ ਜਮਾਤ" ਜਾਂ "ਸਹੀ ਅਕਾਲੀ" ਵੀ ਨਹੀਂ ਕਿਹਾ ਜਾ ਸਕਦਾ ਕਿਉਂ ਕਿ:

(1) ਸ਼੍ਰੋਮਣੀ ਕਮੇਟੀ ਵਿਚ ਸਿੱਖਾਂ ਦੇ ਬਹੁਤ ਸਾਰੇ ਹਿੱਸਿਆਂ ਦੀ ਨੁਮਾਇੰਦਗੀ ਸ਼ਾਮਿਲ ਨਹੀਂ ਹੈ। ਪੰਜਾਬ, ਹਰਿਆਣਾ, ਹਿਮਾਂਚਲ, ਚੰਡੀਗੜ੍ਹ ਤੋਂ ਬਾਹਰ ਦੇ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਨੁਮਾਇੰਦਗੀ ਹਾਸਿਲ ਨਹੀਂ ਹੈ। ਸ਼੍ਰੋਮਣੀ ਕਮੇਟੀ ਵਿਚ ਨਾਮਜ਼ਦ 15 ਮੈਂਬਰਾਂ ਵਿਚੋਂ ਅੱਠ-ਦਸ ਬਾਹਰ ਦੇ ਹੁੰਦੇ ਹਨ ਪਰ ਇਸ ਨੂੰ ਉਨ੍ਹਾਂ ਇਲਾਕਿਆਂ ਦੀ ਨੁਮਾਇੰਦਗੀ ਨਹੀਂ ਮੰਨਿਆ ਜਾ ਸਕਦਾ। ਇਹ ਤਾਂ ਉਨ੍ਹਾਂ ਇਲਾਕਿਆਂ ਵਿਚੋਂ ਕਾਬਜ਼ ਧੜੇ ਦੇ 'ਯਾਰਾਂ' ਦੀ ਕੋਆਪਸ਼ਨ ਹੈ, ਹੋਰ ਕੁਝ ਨਹੀਂ ਹੈ। ਉਞ ਇਹ ਗਿਣਤੀ ਵੀ ਬਹੁਤ ਥੋੜ੍ਹੀ ਹੈ ਕਿਉਂਕਿ ਇਨ੍ਹਾਂ ਸੂਬਿਆਂ ਵਿਚ ਸਿੱਖਾਂ ਦੀ ਆਬਾਦੀ ਪੰਜਾਬ ਦੀ ਸਿੱਖ ਆਬਾਦੀ ਦਾ 20 ਤੋਂ 25% ਹੈ।

(2) ਸ਼੍ਰੋਮਣੀ ਕਮੇਟੀ ਵਾਸਤੇ ਚੁਣੇ ਜਾਣ ਵਾਲੇ ਪੰਜਾਬ, ਹਰਿਆਣਾ, ਹਿਮਾਂਚਲ, ਚੰਡੀਗੜ੍ਹ ਦੇ ਮੈਂਬਰਾਂ ਦੀ ਕੋਈ ਘਟੋ-ਘਟ ਧਾਰਮਿਕ ਯੋਗਤਾ ਨਹੀਂ ਹੈ। ਉਨ੍ਹਾਂ ਵਿਚੋਂ ਵੀ ਬਹੁਤੇ ਮੈਂਬਰ ਸਿੱਖ ਧਰਮ, ਸਿੱਖ ਫ਼ਲਸਫ਼ੇ, ਸਿੱਖ ਕਲਚਰ ਬਾਰੇ ਨਾ ਤਾਂ ਜਾਣਦੇ ਹਨ ਤੇ ਨਾ ਹੀ ਉਹ ਸੰਜੀਦਾ ਸਿੱਖ ਹਨ। ਹੈਰਾਨੀ ਦੀ ਗਲ ਤਾਂ ਇਹ ਹੈ ਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਸੱਚਮੁਚ ਦੇ ਪਾਹੁਲੀਏ (ਅੰਮ੍ਰਿਤਧਾਰੀ) ਵੀ ਨਹੀਂ ਹਨ। ਉਨ੍ਹਾਂ ਦੇ ਬੱਚੇ ਪਤਿਤ ਹਨ ਤੇ ਉਨ੍ਹਾਂ ਦੇ ਘਰਾਂ ਵਿਚ ਸਿੱਖੀ ਜੀਵਨ ਨਹੀਂ ਜੀਵਿਆ ਜਾਂਦਾ। ਉਨ੍ਹਾਂ ਵਿਚੋਂ ਬਹੁਤੇ ਸਿਆਸੀ ਪਾਰਟੀਆਂ, ਬਿਰਾਦਰੀ, ਧੜਿਆਂ ਕਾਰਨ, ਪੈਸੇ ਜਾਂ ਸ਼ਰਾਬ ਵੰਡ ਕੇ ਜਾਂ ਹੋਰ ਅ-ਸਿੱਖ ਤਰੀਕਿਆਂ ਨਾਲ ਚੁਣੇ ਜਾਂਦੇ ਹਨ। ਏਨਾ ਹੀ ਨਹੀਂ, 5000 ਵੋਟਾਂ ਹਾਸਿਲ ਕਰਨ ਵਾਲਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਹੈ ਪਰ 4999 ਵੋਟਾਂ ਹਾਸਿਲ ਕਰਨ ਵਾਲਾ ਨਹੀਂ ਹੈ। ਯਾਨਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਉਨ੍ਹਾਂ 4999 ਸਿੱਖਾਂ ਦੀ ਨੁਮਾਇੰਦਗੀ ਨਹੀਂ ਹੈ।

(3) ਸ਼੍ਰੋਮਣੀ ਕਮੇਟੀ ਵਿਚ ਪੰਥ ਦੀਆਂ ਬਹੁਤ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦੇ ਨਹੀਂ ਹਨ: (ਮਿਸਾਲ ਵਜੋਂ): ਚੀਫ਼ ਖਾਲਸਾ ਦੀਵਾਨ, ਬੁੱਢਾ ਦਲ, ਤਰੁਣਾ

ਦਲ, ਸਿੱਖ ਸਟੂਡੈਂਟ ਫ਼ੈਡਰੇਸ਼ਨਜ਼, ਸਿੱਖ ਯੂਥ ਜਥੇਬੰਦੀਆਂ, ਅਖੰਡ ਕੀਰਤਨੀ ਜਥਾ, ਭਿੰਡਰਾ-ਮਹਿਤਾ ਜਥਾ, ਸਿੱਖ ਮਿਸ਼ਨਰੀ ਜਥੇਬੰਦੀਆਂ, ਰਾਮਗੜ੍ਹੀਆ ਬਿਰਾਦਰੀ, ਰਾਜਪੂਤ, ਆਹਲੂਵਾਲੀਆ ਬਿਰਾਦਰੀ, ਲੁਬਾਣਾ ਬਿਰਾਦਰੀ, ਕੰਬੋਜ ਬਿਰਾਦਰੀ, ਵਣਜਾਰਾ-ਸਿਲਕੀਗਰ ਬਿਰਾਦਰੀ, ਮਜ਼ਹਬੀ ਸਿੱਖ ਬਿਰਾਦਰੀਆਂ ਵਗ਼ੈਰਾ (ਰੀਜ਼ਰਵ ਸੀਟਾਂ ਵਿਚੋਂ ਕਦੇ ਕੋਈ ਜੁਲਾਹਾ ਜਾ ਰਵਿਦਾਸੀਆ ਤਾਂ ਆ ਜਾਂਦਾ ਹੈ ਪਰ ਬਾਲਮੀਕੀ ਬਿਰਾਦਰੀ ਚੋਂ ਬਹੁਤੀ ਵਾਰ ਕੋਈ ਨਹੀਂ ਹੁੰਦਾ)। ਮੰਨਿਆ ਕਿ ਸ਼ਰੋਮਣੀ ਕਮੇਟੀ ਵਿਚ ਜਥੇਬੰਦੀਆਂ ਦੇ ਅਧਾਰ 'ਤੇ ਚੋਣਾਂ ਨਹੀਂ ਹੋ ਸਕਦੀਆਂ ਪਰ ਵਰਲਡ ਸਿੱਖ ਪਾਰਲੀਮੈਂਟ 'ਤੇ ਅਜਿਹੀ ਕੋਈ ਪਾਬੰਦੀ ਨਹੀਂ ਲਗ ਸਕਦੀ। ਕੋਈ ਤਾਂ ਜਮਾਤ/ਅਦਾਰਾ ਹੋਣਾ ਚਾਹੀਦਾ ਹੈ ਜਿੱਥੇ ਪੰਥ ਦਾ ਤਕਰੀਬਨ ਹਰ ਹਿੱਸਾ ਨੁਮਾਇੰਦਗੀ ਹਾਸਿਲ ਕਰ ਸਕੇ।

(4) ਸੰਜੀਦਾ ਸਿੱਖ ਵਿਦਵਾਨ ਵੋਟਾਂ ਦੇ ਸਿਆਸੀ ਸਿਸਟਮ ਵਿਚ ਹਿੱਸਾ ਲੈਣ ਵਾਸਤੇ ਤਿਆਰ ਨਹੀਂ। ਉਹ ਇਲੈਕਸ਼ਨ ਲੜਨਗੇ ਹੀ ਨਹੀਂ। ਦਰਅਸਲ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਵੀ ਤਾਂ ਸਿੱਖ ਵਿਦਵਾਨਾਂ ਨੂੰ ਨਾਲ ਨਹੀਂ ਰੱਖਣਾ ਚਾਹੁੰਦੀ। ਅੱਵਲ ਤਾਂ ਕੋਈ ਸਿੱਖ ਵਿਦਵਾਨ ਸ਼੍ਰੋਮਣੀ ਕਮੇਟੀ ਦੇ ਨੇੜੇ ਆਉਂਦਾ ਹੀ ਨਹੀਂ ਪਰ ਕੋਈ ਜਜ਼ਬਾਤੀ ਤੇ ਸਿਰੜੀ ਸਿੱਖ ਵਿਦਵਾਨ ਪੰਥ ਦੀ ਸੇਵਾ ਦੀ ਖ਼ਾਹਿਸ਼ ਨਾਲ ਆ ਹੀ ਜਾਵੇ ਤਾਂ ਕਮੇਟੀ ਦੇ ਚੌਧਰੀ ਬਾਕੀ ਸਾਰੇ ਕੰਮ ਛੱਡ ਕੇ ਉਸ ਵਿਦਵਾਨ ਦੇ ਖ਼ਿਲਾਫ਼ ਮੋਰਚਾ ਲਾ ਦੇਂਦੇ ਹਨ।

ਯਾਨਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਹੁਤ ਸਾਰੇ ਪੱਖਾਂ ਤੋਂ ਅਧੂਰੀ ਹੈ। ਇਹ, ਕੁਝ ਹੱਦ ਤਕ, ਗੁਰਦੁਆਰਿਆਂ ਦੀਆਂ ਬਿਲਡਿੰਗਾਂ, ਲੰਗਰ, 'ਅਖੰਡ' ਪਾਠ, ਧਾਰਮਿਕ ਰਸਮਾਂ ਨਿਭਾਉਣ ਵਾਸਤੇ ਢੁਕਵੀਂ ਹੈ। ਪਰ, ਇਸ ਨੂੰ ਕਿਸੇ ਤਰ੍ਹਾਂ ਵੀ ਘਟੋ-ਘਟ ਸਰਬਤ ਖਾਲਸਾ ਤਾਂ ਨਹੀਂ ਕਿਹਾ ਜਾ ਸਕਦਾ। ਇਸੇ ਕਰ ਕੇ ਇਕ ਅਜਿਹੀ "***ਵਰਲਡ ਸਿੱਖ ਪਾਰਲੀਮੈਂਟ***" ਦੀ ਲੋੜ ਹੈ, ਜਿਹੜੀ ਅਕਾਲ ਤਖ਼ਤ ਸਾਹਿਬ ਵਾਸਤੇ ਕਾਇਦਾ ਕਾਨੂੰਨ ਤਿਆਰ ਕਰੇ ਤੇ ਇਸ ਦੇ ਸਪੋਕਸਮੈਨ, ਸਪੀਕਰ, ਮੁਖ ਸੇਵਾਦਾਰ ਦੀ ਚੋਣ ਕਰੇ; ਪੰਜਾਬੋਂ ਬਾਹਰ ਦੇ ਅਤੇ ਵਿਦੇਸ਼ਾਂ ਵਿਚ ਬੈਠੇ ਸਿੱਖਾਂ ਦੇ ਮਸਲਿਆਂ ਦੇ ਹੱਲ ਵਾਸਤੇ ਰੋਲ ਅਦਾ ਕਰੇ; ਜਿਹੜੀ ਸਿੱਖਾਂ ਦੇ ਕੌਮੀ ਧਾਰਮਿਕ ਤੇ ਸਿਆਸੀ ਮਸਲਿਆਂ ਬਾਰੇ ਗੁਰਮਤੇ ਕਰੇ। ਇਸ ਵਿਚ ਪੰਜਾਬ, ਹਰਿਆਣਾ, ਹਿਮਾਂਚਲ, ਚੰਡੀਗੜ੍ਹ ਦੇ ਨਾਲ ਨਾਲ ਬਾਕੀ ਸੂਬਿਆਂ ਦੇ 20-25 ਲੱਖ ਸਿੱਖਾਂ ਦੇ ਨੁਮਾਇੰਦੇ, ਵਿਦੇਸ਼ਾਂ ਦੇ 20 ਲੱਖ ਤੋਂ ਵਧ ਸਿੱਖਾਂ ਦੇ ਨੁਮਾਇੰਦੇ, ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਸਿੱਖ ਵਿਦਵਾਨ, ਸਿੱਖ ਮਿਸ਼ਨਰੀ, ਵਖ-ਵਖ ਬਿਰਾਦਰੀਆਂ ਦੇ ਨੁਮਾਇੰਦੇ ਸ਼ਾਮਿਲ ਹੋਣ (ਸਿੱਖ ਧਰਮ ਵਿਚ ਜ਼ਾਤ-ਪਾਤ ਨਹੀਂ, ਪਰ, ਸਿੱਖਾਂ ਵਿਚ 'ਬਿਰਾਦਰੀਆਂ' ਜ਼ਰੂਰ ਹੁੰਦੀਆਂ ਹਨ। ਸਿਰਫ਼ ਇਸ ਨਾਲ ਹੀ 'ਸਰਬਤ ਖਾਲਸਾ' ਦਾ ਫ਼ਲਸਫ਼ਾ ਕੁਝ ਹੱਦ ਤਕ ਅਮਲ ਵਿਚ ਆ ਸਕੇਗਾ। ਇਹ ਸਾਰਾ ਕੁਝ ਸ਼ਰੋਮਣੀ ਕਮੇਟੀ ਵਿਚ ਇਨ੍ਹਾਂ ਸਿੱਖ ਹਿੱਸਿਆਂ ਦੇ ਨੁਮਾਇੰਦਿਆਂ ਨੂੰ ਕੋਆਪਟ ਕੀਤਿਆਂ ਨਹੀਂ ਹੋ ਸਕਦਾ ਕਿਉਂ ਕਿ ਉਹ ਇਕ ਮੁਲਕ ਦੇ ਕਾਨੂੰਨ ਤੋਂ ਬਾਹਰ ਨਹੀਂ ਜਾ ਸਕਦੀ (ਤੇ ਵਿਦੇਸ਼ਾਂ ਦੇ ਸਿੱਖਾਂ ਨੂੰ ਕਦੇ ਵੀ ਕੋਆਪਟ ਨਹੀਂ ਕਰ ਸਕੇਗੀ)। (ਦਸੰਬਰ 2003)।

ਕੀ ਗੁਰਦੁਆਰਾ ਕਮੇਟੀਆਂ ਦੇ ਅਹੁਦੇਦਾਰਾਂ ਦੇ ਕੁਝ ਫ਼ਰਜ਼ ਵੀ ਹਨ?

ਮੈਂ ਇਸ ਮਜ਼ਮੂਨ ਦਾ ਹੈਡਿੰਗ ਗੁਰਦੁਆਰਾ ਕਮੇਟੀਆਂ ਦੇ ਅਹੁਦੇਦਾਰਾਂ ਦੇ ਫ਼ਰਜ਼ ਰੱਖਿਆ ਹੈ ਨਾ ਕਿ ਉਨ੍ਹਾਂ ਦੇ ਹੱਕ। ਗੁਰਦੁਆਰਿਆਂ ਦੇ ਪ੍ਰਧਾਨਾਂ, 'ਸੀਨੀਅਰ' ਤੇ 'ਜੂਨੀਅਰ' ਮੀਤ ਪਰਧਾਨਾਂ, ਜਨਰਲ ਸਕੱਤਰਾਂ/ਸਕੱਤਰਾਂ, ਸਟੇਜ ਸਕੱਤਰਾਂ ਨੂੰ ਆਪਣੇ ਹੱਕ, ਆਪਣੇ ਸਟੇਟਸ, ਆਪਣੇ ਅਹੁਦੇ ਅਤੇ ਅਖੌਤੀ "ਹਸਤੀ" ਦਾ ਤਾਂ ਪਤਾ ਜ਼ਰੂਰ ਹੁੰਦਾ ਹੈ ਪਰ ਆਪਣੇ ਫ਼ਰਜ਼ ਦਾ ਅਕਸਰ ਪਤਾ ਨਹੀਂ ਹੁੰਦਾ। ਇਸ ਕਰ ਕੇ ਮੈਂ ਹੱਥਲੇ ਮਜ਼ਮੂਨ ਵਿਚ ਗੁਰਦੁਆਰਾ ਕਮੇਟੀਆਂ ਦੇ ਅਹੁਦੇਦਾਰਾਂ ਦੇ ਫ਼ਰਜ਼ਾਂ ਬਾਰੇ ਗੱਲ ਕਰਨੀ ਚਾਹਵਾਂਗਾ।

ਅੱਜ ਕਲ੍ਹ ਵੱਡੇ (ਚੜ੍ਹਾਵੇ ਪੱਖੋਂ ਵੱਡੇ; ਉਂਞ ਤਾਂ ਹਰ ਗੁਰਦੁਆਰੇ ਦਾ ਦਰਜਾ ਇਕੋ ਜਿਹਾ ਹੁੰਦਾ ਹੈ) ਗੁਰਦੁਆਰਿਆਂ ਦੇ ਬਹੁਤੇ (ਸਾਰੇ ਨਹੀਂ) ਪ੍ਰਧਾਨ, ਸੀਨੀਅਰ ਤੇ ਜੂਨੀਅਰ ਮੀਤ ਪਰਧਾਨ, ਜਨਰਲ ਸਕੱਤਰ/ਸਕੱਤਰ, ਸਟੇਜ ਸਕੱਤਰ ਆਪਣੇ ਨਾਂ ਨਾਲ ਅਹੁਦੇ ਦਾ 'ਫੁੰਮਣ' ਲਾ ਕੇ ਬੜਾ ਮਾਣ (ਸ਼ਾਇਦ ਆਕੜ ਤੇ ਹੰਕਾਰ) ਮਹਿਸੂਸ ਕਰਿਆ ਕਰਦੇ ਹਨ। ਇੰਞ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ ਜਾਂ ਵੱਡੀ ਆਮਦਨ ਵਾਲੇ ਗੁਰਦੁਆਰਿਆਂ ਦੇ ਤਾਂ ਸਿਰਫ਼ (ਆਮ) ਐਗਜ਼ੈਕਟਿਵ ਮੈਂਬਰ ਵੀ ਆਪਣੇ ਆਪ ਨੂੰ ਗਵਰਨਰ ਤੋਂ ਘਟ ਨਹੀਂ ਸਮਝਦੇ।

ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਲ ਵਿਚ ਦੋ ਵਾਰ (ਪ੍ਰਧਾਨਗੀ ਚੋਣ ਅਤੇ ਬਜਟ ਪਾਸ ਕਰਨ) ਹੀ ਅੰਮ੍ਰਿਤਸਰ ਜਾਂਦੇ ਹਨ। ਉਨ੍ਹਾਂ ਨੇ ਇਨ੍ਹਾਂ ਮੀਟਿੰਗਾਂ ਵਿਚ ਪ੍ਰਕਾਸ਼ ਬਾਦਲ ਦੇ ਹੁਕਮ ਨੂੰ ਪਰਵਾਨ ਚੜ੍ਹਾਉਣ ਵਾਸਤੇ (ਜੇ ਲੋੜ ਪਵੇ ਤਾਂ) ਵੋਟ ਪਾਉਣਾ ਹੀ ਹੈ। ਉਨ੍ਹਾਂ ਦੀ ਇਸ ਤੋਂ ਵਧ ਲੋੜ ਹੀ ਕੋਈ ਨਹੀਂ। ਹਾਂ ਪਿਛਲੇ 30 ਸਾਲਾਂ ਤੋਂ ਇਹ ਮੈਂਬਰ ਪ੍ਰਧਾਨ ਕੋਲੋਂ ਰਿਸ਼ਤੇਦਾਰਾਂ ਤੇ ਹੋਰਾਂ ਨੂੰ ਸ਼੍ਰੋਮਣੀ ਕਮੇਟੀ ਵਿਚ ਨੌਕਰੀਆਂ ਦਿਵਾਉਣ ਦਾ ਕੰਮ ਜ਼ਰੂਰ ਕਰ ਰਹੇ ਹਨ। ਇਹ ਵੀ ਚਰਚਾ ਹੈ ਕਿ ਪ੍ਰਧਾਨਾਂ ਦੇ ਚਹੇਤਿਆਂ, ਚਮਚਿਆਂ ਜਾਂ ਦਬਕਾ ਮਾਰਨ ਵਾਲਿਆਂ ਨੂੰ ਗੁਰਦੁਆਰੇ 'ਅਲਾਟ ਕੀਤੇ ਹੋਏ ਹਨ' ਜਿਨ੍ਹਾਂ ਦੇ ਮੈਨੇਜਰਾਂ ਤੋਂ ਉਹ ਹਰ ਮਹੀਨੇ ਬੱਧੀ ਰਕਮ ਦੇ ਨਾਲ-ਨਾਲ ਲੰਗਰ (ਜਾਂ ਲੰਗਰ ਫ਼ੰਡ) ਵਿਚੋਂ ਘਰ ਦਾ ਪੂਰਾ ਰਾਸ਼ਨ ਵੀ ਲੈ ਰਹੇ ਹਨ। ਇਹ ਪਿਰਤ ਗੁਰਚਰਨ ਸਿੰਘ ਟੌਹੜਾ ਨੇ ਸ਼ੁਰੂ ਕੀਤੀ ਸੀ ਤੇ ਜਾਗੀਰ ਕੌਰ ਨੇ ਤਾਂ ਇਸ ਨੂੰ ਸਿਖਰ 'ਤੇ ਲੈ ਆਂਦਾ ਸੀ ਤੇ ਅਵਤਾਰ ਸਿੰਘ ਮੱਕੜ ਨੇ ਤਾਂ ਬਿਲਕੁਲ ਹੀ ਹੱਦ ਕਰ ਦਿੱਤੀ ਹੈ।

ਕੋਈ ਜ਼ਮਾਨਾ ਸੀ (ਖ਼ਾਸ ਕਰ ਕੇ 1920 ਵਿਚ, ਜਦ ਕਾਨੂੰਨੀ ਵੋਟਾਂ ਵਾਲੀ ਸ਼੍ਰੋਮਣੀ ਕਮੇਟੀ ਅਜੇ ਬਣਨ ਵਾਲੀ ਸੀ) ਕਿ ਬਹੁਤੇ ਸਿੱਖ ਸੇਵਾਦਾਰ/ਆਗੂ (ਸਾਰੇ ਨਹੀਂ) ਕਿ ਲੋਕ ਗੁਰਦੁਆਰਾ ਕਮੇਟੀ ਦਾ ਮੈਂਬਰ ਬਣਨ ਤੋਂ ਪਹਿਲਾਂ ਸੌ ਵਾਰ ਸੋਚਿਆ ਕਰਦੇ ਸਨ। ਉਨ੍ਹਾਂ ਵਾਸਤੇ ਗੁਰਦੁਆਰਾ ਕਮੇਟੀ ਦਾ ਮੈਂਬਰ ਬਣਨ ਦਾ ਮਤਲਬ ਵੱਡਾ ਸੇਵਾਦਾਰ (ਨਾ ਕਿ ਲੀਡਰ) ਬਣਨਾ ਹੋਇਆ ਕਰਦਾ ਸੀ। ਇਸ ਦਾ ਮਤਲਬ ਹੁੰਦਾ ਸੀ ਕਿ ਗੁਰਦੁਆਰੇ ਵਿਚ ਜਾ ਕੇ ਸੇਵਾ-ਸੰਭਾਲ ਵਾਸਤੇ ਵਧੇਰਾ ਸਮਾਂ ਦੇਣਾ, ਗੁਰਦੁਆਰੇ

ਵਾਸਤੇ ਚੋਖਾ ਚੰਦਾ ਦੇਣਾ ਤੇ ਦੂਜਿਆਂ ਤੋਂ ਇਕੱਠਾ ਕਰਨਾ, ਸਮਾਜ ਸੇਵਾ ਵਿਚ ਵਧ ਹਿੱਸਾ ਪਾਉਣਾ, ਅੰਮ੍ਰਿਤ ਪਰਚਾਰ ਕਰਨਾ, ਵਗ਼ੈਰਾ। ਉਦੋਂ ਸਿਰਫ਼ ਕੁਝ ਲੋਕ ਚੌਧਰੀ ਬਣਨ ਦੀ ਸੋਚ ਨਾਲ ਗੁਰਦੁਆਰਿਆਂ ਦੇ ਮੈਂਬਰ ਬਣਨਾ ਲੋਚਿਆ ਕਰਦੇ ਸਨ। ਪਰ ਅਜਿਹੇ ਲੋਕਾਂ ਦੀ ਗਿਣਤੀ ਉਂਗਲੀਆਂ 'ਤੇ ਗਿਣੀ ਜਾ ਸਕਿਆ ਕਰਦੀ ਸੀ। ਉਂਞ, ਇਸ ਕਿਸਮ ਦੇ ਲੋਕਾਂ ਦਾ ਨਿਸ਼ਾਨਾ ਵੀ ਗੁਰਦੁਆਰਾ ਮੈਂਬਰੀ ਨੂੰ ਪੌੜੀ ਬਣਾ ਕੇ ਸਿਆਸਤ ਵਿਚ ਆਪਣੀ ਥਾਂ ਬਣਾਉਣਾ ਹੁੰਦਾ ਸੀ ਨਾ ਕਿ ਹੈਂਕੜ ਦਿਖਾਉਣਾ ਜਾਂ ਫ਼ੰਡਾਂ ਦੀ ਗ਼ਲਤ ਵਰਤੋਂ ਜਾਂ ਕੁਰਪਸ਼ਨ ਕਰਨਾ।

ਪਰ ਉਦੋਂ ਇਹ ਕਦੇ ਨਹੀਂ ਸੀ ਹੋਇਆ ਕਿ ਕਿਸੇ ਨੇ ਮੈਂਬਰ ਬਣਨ ਵਾਸਤੇ ਜ਼ਾਤ-ਬਿਰਾਦਰੀ ਦੇ ਨਾਂ ਤੇ ਵੋਟਾਂ ਮੰਗੀਆਂ ਹੋਣ ਜਾਂ ਸ਼ਰਾਬਾਂ ਪਿਆ ਕੇ ਜਾਂ ਪੈਸੇ ਵੰਡ ਕੇ ਵੋਟਾਂ ਹਾਸਿਲ ਕੀਤੀਆਂ ਹੋਣ। ਇਹੋ ਜਿਹੇ ਤਰੀਕੇ ਨਾਲ ਵੋਟਾਂ ਖ਼ਰੀਦਣ ਦੀ ਬੀਮਾਰੀ, ਵੀਹ ਵਿਸਵੇ, 1960 ਤੋਂ ਮਗਰੋਂ ਦੀ ਹੈ ਤੇ ਇਸ ਦਾ ਮੁੱਢ ਪ੍ਰਤਾਪ ਸਿੰਘ ਕੈਰੋਂ ਨੇ ਬੰਨ੍ਹਿਆ ਸੀ ਜਿਸ ਨੇ ਸਭ ਤੋਂ ਪਹਿਲਾਂ ਜ਼ਾਤ-ਬਿਰਾਦਰੀ (ਜੱਟ-ਭਾਪਾ) ਦੇ ਨਾਂ ਤੇ ਪੰਥ ਵਿਚ ਫੁੱਟ ਪਾਈ ਸੀ ਤੇ ਅਕਾਲੀ ਦਲ ਦੇ ਦੋ ਧੜੇ ਬਣਵਾਏ ਸਨ। 1962 ਵਿਚ ਅਕਾਲੀ ਦਲ ਵਿਚ ਫੁੱਟ ਪੈਣ ਮਗਰੋਂ ਜ਼ਾਤ-ਪਾਤ ਅਤੇ ਧੜਾਬੰਦੀ ਦੇ ਅਧਾਰ 'ਤੇ ਚੋਣ ਜਿੱਤਣ ਮਗਰੋਂ ਗੁਰਦੁਆਰਿਆਂ ਦੇ ਮੈਂਬਰਾਂ ਵਿਚ ਕੁਰਪਸ਼ਨ, ਗੋਲਕਾਂ ਤੋੜਨ, ਝੂਠੇ ਬਿੱਲ ਬਣਾਉਣ, ਕੜਾਹ ਪ੍ਰਸ਼ਾਦ ਦੀਆਂ ਜਾਅਲੀ ਪਰਚੀਆਂ ਬਣਾਉਣ ਦੀ ਪਿਰਤ ਸ਼ੁਰੂ ਹੋਈ। ਇਹ ਪਿਰਤ ਵਧਦੀ ਵਧਦੀ ਅੱਜ "ਬਲਾਅ" ਬਣ ਗਈ ਹੈ।

ਭਾਵੇਂ 1960 ਤੋਂ ਮਗਰੋਂ ਕਈ ਮੈਂਬਰ ਇਸ ਬੀਮਾਰੀ ਦਾ ਸ਼ਿਕਾਰ ਹੋਣ ਲਗ ਪਏ ਸਨ ਪਰ ਫਿਰ ਵੀ ਕਾਫ਼ੀ ਮੈਂਬਰ, ਅਜੇ ਵੀ, ਗੁਰਦੁਆਰਿਆਂ ਵਿਚ ਜਾ ਕੇ ਸੇਵਾ ਕਰਨ, ਅੰਮ੍ਰਿਤ ਪਰਚਾਰ ਕਰਨ ਤੇ ਹੋ ਪੰਥਕ ਕਾਰਵਾਈਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਕਰਦੇ ਸਨ। "ਕੋਈ ਹਰਿਆ ਬੂਟ ਰਹਿਓ ਰੀ" ਵਾਂਗ ਉਨ੍ਹਾਂ ਨੇ ਸੇਵਾ ਦੀ ਜੜ੍ਹ ਹਰੀ ਰੱਖੀ।

ਪਰ, ਸਿੱਖ ਸਿਆਸਤ ਵਿਚ 1967 ਵਿਚ ਇਕ ਨਵਾਂ ਮੋੜ ਆ ਗਿਆ। ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਬਣ ਗਈ। ਹੁਣ ਅਕਾਲੀ ਵਰਕਰਾਂ ਦਾ ਇਕ ਹਿੱਸਾ ਵਜ਼ੀਰ, ਐਮ.ਐਲ.ਏ., ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਵਾਲਾ ਬਣ ਗਿਆ। ਇਨ੍ਹਾਂ ਵਿਚੋਂ ਕਈ ਤਾਂ ਧੌਣਾਂ ਅਕੜਾ ਕੇ ਟੁਰਨ ਲਗ ਪਏ (ਪਰ ਫਿਰ ਵੀ ਕੁਝ ਟਕਸਾਲੀ ਆਗੂਆਂ ਵਿਚ ਪੰਥਕ ਹਲੀਮੀ ਅਜੇ ਵੀ ਕਾਇਮ ਰਹੀ ਸੀ)। ਦੂਜੇ ਪਾਸੇ ਕਈ ਅਕਾਲੀ ਵਰਕਰ, ਖ਼ਾਸ ਕਰ ਕੇ, ਸ਼੍ਰੋਮਣੀ ਕਮੇਟੀ ਦੇ ਕਈ ਮੈਂਬਰ (ਜਿਹੜੇ ਨਵੇਂ ਬਣੇ ਵਜ਼ੀਰਾਂ, ਐਮ.ਐਲ.ਏਜ਼. ਤੇ ਚੇਅਰਮੈਨਾਂ ਤੋਂ ਚੋਖੇ ਸੀਨੀਅਰ ਸਨ), ਇਸ ਤਿਲਸਮ ਨੂੰ ਵੇਖ ਕੇ ਬੌਂਦਲ ਗਏ ਤੇ ਉਨ੍ਹਾਂ ਵਿਚ "ਸੀਨੀਅਰ" ਹੋਣ ਦਾ ਅਹਿਸਾਸ ਆਉਣ ਲਗ ਪਿਆ। ਪਰ ਇਨ੍ਹਾਂ ਮੈਂਬਰਾਂ ਕੋਲ ਕੋਈ 'ਤਾਕਤ' ਨਹੀਂ ਸੀ ਇਸ ਕਰ ਕੇ ਉਹ ਕੁਝ ਚਿਰ ਤਾਂ ਤਰਲੋ-ਮੱਛੀ ਹੁੰਦੇ ਰਹੇ। ਪਰ, 1978 ਤੋਂ ਬਾਅਦ, ਜਦ ਦੋਬਾਰਾ 'ਅਕਾਲੀ' ਸਰਕਾਰ ਬਣੀ ਅਤੇ ਨਾਲ ਹੀ ਸ਼੍ਰੋਮਣੀ ਕਮੇਟੀ ਨੂੰ ਆਪਣੇ ਹੱਥ ਵਿਚ ਰੱਖਣ ਦੀ ਦੌੜ ਵੀ ਸ਼ੁਰੂ ਹੋਈ ਤਾਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦਾ ਰੁਖ਼ ਵੀ ਬਦਲਣ ਲਗ ਪਿਆ। ਹਰ ਸਾਲ ਮਗਰੋਂ ਹੋਣ ਵਾਲੀ, ਪ੍ਰਧਾਨ ਦੀ ਚੋਣ ਵੇਲੇ ਜੋੜ-ਤੋੜ

ਕਾਰਨ, ਬਹੁਤ ਸਾਰੇ ਮੈਂਬਰ ਜਾਇਜ਼-ਨਾਜਾਇਜ਼ ਮੰਗਾਂ ਰੱਖਣ ਲਗ ਪਏ। ਕਈ ਮੈਂਬਰਾਂ (ਸਾਰਿਆਂ ਨਹੀਂ) ਵਿਚੋਂ ਤਾਂ ਤਾਕਤ ਦੀ ਬੂਅ ਵੀ ਆਉਣ ਲਗ ਪਈ ਤੇ ਅੱਜ ਵੀ ਕਈਆਂ ਵਿਚ ਉਹ ਬੂਅ ਆਉਂਦੀ ਹੈ। (ਪਰ, ਇਸ ਦੇ ਬਾਵਜੂਦ ਅੱਜ ਵੀ ਕੋਈ-ਕੋਈ ਮੈਂਬਰ ਪੰਥਕ ਦਰਦ ਰੱਖਣ ਵਾਲਾ ਵੀ ਹੈ)।

ਸ਼੍ਰੋਮਣੀ ਕਮੇਟੀ ਦਾ ਇਹ ਅਸਰ ਪੰਜਾਬ ਤੋਂ ਬਾਹਰ ਦੇ ਵੱਡੀ ਆਮਦਨ ਵਾਲੇ ਗੁਰਦੁਆਰਿਆਂ 'ਤੇ ਵੀ ਪਿਆ ਪਰ ਉੱਥੇ ਪੰਜਾਬ ਵਾਲਾ ਹਾਲ ਨਹੀਂ ਸੀ। ਪਰ, ਵਿਦੇਸ਼ਾਂ ਵਿਚ ਇਸ ਦਾ ਸਭ ਤੋਂ ਵਧ ਅਸਰ ਪਿਆ ਤੇ ਉਹ ਵੀ ਖਾਸ ਕਰ ਕੇ 1984 ਤੋਂ ਬਾਅਦ। ਇਸ ਦਾ ਮੁਖ ਕਾਰਨ ਚੜ੍ਹਾਵੇ ਨੂੰ ਆਪਣੇ ਹੱਥ ਵਿਚ ਰਖਣਾ ਸੀ। ਬੜੇ ਗੁਰਦੁਆਰਿਆਂ ਦੇ ਚੌਧਰੀਆਂ ਨੇ ਸ਼ਹੀਦਾਂ ਤੇ ਜੁਝਾਰੂਆਂ ਦੇ ਨਾਂ ਤੇ ਲੱਖਾਂ ਡਾਲਰ ਤੇ ਪੌਂਡ ਇਕੱਠੇ ਕਰ ਕੇ ਆਪਣੇ ਘਰ, ਫ਼ੈਕਟਰੀਆਂ ਤੇ ਜ਼ਮੀਨਾਂ ਖ਼ਰੀਦ ਲਈਆਂ। ਇਸ ਦਾ ਪਤਾ ਇਸ ਗੱਲ ਤੋਂ ਸਾਫ਼ ਲਗ ਸਕਦਾ ਹੈ ਕਿ ਜਿਨ੍ਹਾਂ ਕੋਲ 1984 ਤੋਂ ਪਹਿਲਾਂ ਕੁਝ ਵੀ ਨਹੀਂ ਸੀ ਤੇ ਹੁਣ ਕੈਸ਼ 'ਤੇ (ਨਕਦ) ਲਏ ਹੋਏ ਘਰ ਹਨ ਤੇ ਵੱਡੀਆਂ ਵੱਡੀਆਂ ਫ਼ੈਕਟਰੀਆਂ, ਕੋਠੀਆਂ, ਜ਼ਮੀਨਾਂ, ਜਾਇਦਾਦਾਂ ਹਨ; ਉਹ ਯਕੀਨਨ ਸ਼ਹੀਦੀ ਫ਼ੰਡਾਂ ਦੀ ਮਿਹਰ ਸਦਕਾ ਹੀ ਹੋਣੇ ਹਨ। ਪਰ, ਇਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਕਾਲ ਪੁਰਖ ਦਾ ਥੱਪੜ ਵੀ ਬੜਾ ਸਖ਼ਤ ਹੈ ਉਹ ਹੀ ਇਨ੍ਹਾਂ ਨੂੰ ਸਜ਼ਾ ਦੇਵੇਗਾ ਤੇ ਉਹ ਵੀ ਸਖ਼ਤ ਸਜ਼ਾ। ਖ਼ੈਰ...

ਕੋਈ ਵੇਲਾ ਸੀ ਕਿ ਗੁਰਦੁਆਰਿਆਂ ਵਿਚ ਮੈਂਬਰ ਤੇ ਅਹੁਦੇਦਾਰ ਬਣਨ ਦਾ ਮਾਅਨਾ ਵਧੇਰੇ ਸੇਵਾ ਕਰਨਾ ਹੋਇਆ ਕਰਦਾ ਸੀ। ਪਰ ਤਾਕਤ ਦੀ ਸਿਆਸਤ, ਗੁਰਦੁਆਰਿਆਂ ਦੀ ਆਮਦਨ ਵਿਚ ਵਾਧੇ, ਧਰਮ ਪਰਚਾਰ ਦੀ ਕਮੀ, ਆਗੂਆਂ ਵਿਚ ਰੂਹਾਨੀਅਤ ਦੀ ਘਾਟ, ਲਾਲਚ, ਦਿਓ-ਸੋਚ, ਜ਼ਾਤ-ਪਾਤ ਅਤੇ ਕਬਾਇਲੀ ਸੋਚ ਦਾ ਵਾਧਾ, ਆਮ ਸਮਾਜ ਵਿਚ ਇਨਸਾਨੀਅਤ ਤੇ ਧਰਮ ਦੀ ਭਾਵਨਾ ਦੀ ਕਮੀ ਅਤੇ ਪਾਪੀ ਸੋਚ ਵਾਲੇ ਬੰਦਿਆਂ ਦੇ ਚੁਣੇ ਜਾਣ ਨੇ ਗੁਰਦੁਆਰਿਆਂ ਦੇ ਦੁਆਲੇ ਕੁਰਪਟ ਅੰਸਰ ਨੂੰ ਵਧਾਉਣ ਵਿਚ ਰੋਲ ਅਦਾ ਕੀਤਾ ਹੈ। ਹੁਣ ਗੁਰਦੁਆਰਿਆਂ ਦੀਆਂ ਚੋਣਾਂ ਸਿਰਫ਼ ਤੇ ਸਿਰਫ਼ ਸਿਆਸੀ ਬਣ ਗਈਆਂ ਹਨ। ਹੁਣ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ ਉਹ ਨਹੀਂ ਬਣਦੇ ਜੋ ਵਧ ਸੇਵਾ ਕਰਨ ਵਾਲੇ ਹੋਣ, ਚੰਗੇ ਸਿੱਖ ਹੋਣ, ਕਾਬਲੀਅਤ ਵਾਲੇ ਹੋਣ, ਸਿੱਖ ਫ਼ਲਸਫ਼ੇ ਨੂੰ ਵਧ ਸਮਝਣ ਵਾਲੇ ਹੋਣ, ਈਮਾਨਦਾਰ ਹੋਣ; ਬਲਕਿ ਉਹ ਬਣਦੇ ਹਨ ਜਿਨ੍ਹਾਂ ਦੀ ਬਿਰਾਦਰੀ ਦੀਆਂ ਵੋਟਾਂ ਵਧ ਹੋਣ, ਜੋ ਵਧ ਪੈਸੇ ਖ਼ਰਚ ਕੇ ਸ਼ਰਾਬ ਤੇ ਮੀਟ ਦੀਆਂ ਪਾਰਟੀਆਂ ਕਰ ਸਕਣ, ਜੋ ਵਰਕਰ ਅਤੇ ਵੋਟਾਂ ਖ਼ਰੀਦ ਸਕਣ, ਜੋ ਸ਼ਰਾਬਾਂ ਪਿਆ ਕੇ ਵੋਟਾਂ ਪੁਆ ਸਕਣ ਜਾਂ ਵੋਟਾਂ ਦੀ ਗਿਣਤੀ ਵਿਚ ਹੇਰਾ ਫੇਰੀ ਕਰ/ਕਰਵਾ ਸਕਦੇ ਹੋਣ।

ਪਰਦੇਸਾਂ ਵਿਚ ਇਹ ਬੀਮਾਰੀ ਚੜ੍ਹਾਵੇ ਅਤੇ ਫ਼ੰਡਾਂ ਦੇ ਲਾਲਚ ਦੇ ਨਾਲ-ਨਾਲ ਜ਼ਾਤ ਪਾਤ, ਬਿਰਾਦਰੀ, ਇਲਾਕਾ-ਵੰਡ (ਮਾਝਾ, ਮਾਲਵਾ, ਦੁਆਬਾ), ਧੜੇ ਦੀ ਸੋਚ ਨਾਲ ਵਧੇਰੇ ਲਿਬੜੀ ਹੋਈ ਹੈ। ਉੱਥੇ ਵੋਟਾਂ ਪੈਸੇ ਨਾਲ ਖ਼ਰੀਦੀਆਂ ਤਾਂ ਨਹੀਂ ਜਾਂਦੀਆਂ ਪਰ ਚੋਣ ਜਿੱਤਣ ਦਾ ਪਿਛੋਕੜ ਗੁਰਦੁਆਰੇ ਦਾ ਚੜ੍ਹਾਵਾ ਤੇ ਚੌਧਰ ਵਧੇਰੇ ਹੁੰਦਾ ਹੈ। (ਇਸੇ ਕਰ ਕੇ ਵਿਦੇਸ਼ਾਂ ਵਿਚ ਗੁਰਦੁਆਰਿਆਂ ਦਾ ਰੋਲ ਜਮ੍ਹਾਂ-ਪੱਖੀ ਹੋਣ ਦੀ ਬਜਾਏ

ਨਫ਼ੀ-ਪੱਖੀ ਹੋਈ ਜਾ ਰਿਹਾ ਹੈ... ਤੇ ਇਹ ਬੀਮਾਰੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਇਸੇ ਕਰ ਕੇ ਨਵੀਂ ਪਨੀਰੀ ਨੂੰ ਗੁਰਦੁਆਰੇ ਨਾਲ ਜ਼ਰਾ-ਮਾਸਾ ਵੀ ਲਗਾਅ ਨਹੀਂ। ਜਾਪਦਾ ਹੈ ਕਿ ਹੋਰ 25-30 ਸਾਲ ਮਗਰੋਂ ਇਹ ਸਾਰੇ ਗੁਰਦੁਆਰੇ ਚਰਚਾਂ ਵਾਂਗ ਖਾਲੀ ਨਜ਼ਰ ਆਇਆ ਕਰਨਗੇ)।

ਗੁਰਦੁਆਰਿਆਂ ਦੇ ਫ਼ੰਡ, ਤਾਕਤ, ਹੈਂਕੜ, ਜ਼ਾਤ-ਪਾਤ, ਲਾਲਚ ਅਤੇ ਉੱਪਰ ਜ਼ਿਕਰ ਕੀਤੇ ਹੋਰ ਕਾਰਨਾਂ ਕਰ ਕੇ ਗੁਰਦੁਆਰਿਆਂ ਦੇ ਪ੍ਰਧਾਨ, ਸੀਨੀਅਰ ਮੀਤ ਪਰਧਾਨ, ਜਨਰਲ ਸਕੱਤਰ, ਸਟੇਜ ਸਕੱਤਰ ਤੇ ਹੋਰ ਚੌਧਰੀ ਆਪਣੇ ਆਪ ਨੂੰ ਹਾਕਮ ਤੇ ਗੁਰਦੁਆਰੇ ਦੇ ਮਾਲਕ ਸਮਝਣ ਲਗ ਪਏ ਹਨ। ਕਈਆਂ ਨੇ ਤਾਂ ਗੁਰਦੁਆਰਿਆਂ ਦੇ ਵਿਧਾਨ (constitution) ਵੀ ਅਜਿਹੇ ਬਣਾ ਲਏ ਹਨ ਕਿ ਉਨ੍ਹਾਂ ਉਤੇ ਉਨ੍ਹਾਂ ਦਾ, ਉਨ੍ਹਾਂ ਦੇ ਟੱਬਰ ਦਾ ਜਾਂ ਉਨ੍ਹਾਂ ਦੇ ਸਾਥੀਆਂ ਦਾ ਹਮੇਸ਼ਾ ਵਾਸਤੇ ਕਬਜ਼ਾ ਰਿਹਾ ਕਰੇਗਾ। ਯਾਨਿ, ਗੁਰਦੁਆਰੇ ਉਨ੍ਹਾਂ ਦੇ ਖ਼ਾਨਦਾਨ ਜਾਂ ਉਨ੍ਹਾਂ ਦੀ ਬਿਰਾਦਰੀ ਦੀ ਜਾਗੀਰ/ਜਾਇਦਾਦ ਹੀ ਬਣ ਗਏ ਹਨ। ਇਸੇ ਕਰ ਕੇ ਬਹੁਤੇ ਪ੍ਰਧਾਨ ਤੇ ਚੌਧਰੀ ਹੁਣ ਉਹੀ ਬਣਦੇ ਹਨ ਜਿਨ੍ਹਾਂ ਨੂੰ ਸਿੱਖ ਧਰਮ, ਸਿੱਖ ਫ਼ਲਸਫ਼ੇ, ਸਿੱਖ ਜੀਵਨ ਜਾਚ, ਧਰਮ, ਇਖ਼ਲਾਕ, ਇਨਸਾਨੀਅਤ, ਸੇਵਾ ਭਾਵਨਾ, ਪੰਥਕ ਸੋਚ ਵਾਲ ਕੋਈ ਵਾਸਤਾ ਨਹੀਂ ਹੁੰਦਾ।

ਇਸ ਸਾਰੇ ਦਾ ਨਤੀਜਾ ਇਹ ਹੋਣ ਲਗ ਪਿਆ ਹੇ ਕਿ ਗੁਰਦੁਆਰੇ ਦੇ ਆਗੂਆਂ ਵਿਚੋਂ ਸ਼ਾਇਦ ਸੈਂਕੜਿਆਂ ਵਿਚੋਂ ਇਕ-ਅੱਧ ਫ਼ੀ ਸਦੀ ਹੀ ਕਦੇ ਗੁਰਦੁਆਰੇ ਵਿਚ ਝਾੜੂ ਦੇਂਦਾ ਦਿਸੇ ਜਾਂ ਲੰਗਰ ਵਿਚ ਜੂਠੇ ਭਾਂਡਿਆਂ ਦੀ ਸੇਵਾ ਵਾਸਤੇ ਖੜਾ ਨਜ਼ਰ ਆਵੇ ਜਾਂ ਜੋੜਿਆਂ ਵਿਚ ਡਿਊਟੀ ਦੇਂਦਾ ਹੋਵੇ ਜਾਂ ਦਰੀਆਂ ਸੰਭਾਲਦਾ ਹੋਵੇ। ਬਹੁਤੇ ਚੌਧਰੀ (90 ਤੋਂ 99 ਫ਼ੀ ਸਦੀ) ਤਾਂ ਐਤਵਾਰ ਜਾਂ ਕਿਸੇ ਸਮਾਗਮ (ਅਖੌਤੀ ਕਾਨਫ਼ਰੰਸ) ਵਾਲੇ ਦਿਨ, ਦੁਪਹਿਰ ਦੇ ਵੇਲੇ ਗੁਰਦੁਆਰੇ ਆਉਂਦੇ ਹਨ ਅਤੇ ਦੋ-ਚਾਰ ਘੰਟੇ ਗੁਰਦੁਆਰੇ ਦੇ ਦਫ਼ਤਰ, ਸਟੇਜ ਜਾਂ ਕਿਸੇ ਨੁੱਕਰ ਵਿਚ ਮਜ੍ਰਮਾ ਲਾ ਕੇ ਬੈਠੇ ਗਪੌੜ ਸੁਣ/ਸੁਣਾ ਰਹੇ ਨਜ਼ਰ ਆਉਂਦੇ ਹਨ। ਉਨ੍ਹਾਂ ਵਾਸਤੇ ਰੋਟੀ (ਇਹ ਲੰਗਰ ਨਹੀਂ ਹੁੰਦਾ) ਤੇ ਚਾਹ ਦੀਆਂ ਪਿਆਲੀਆਂ ਲਗਾਤਾਰ ਹਾਜ਼ਿਰ ਹੋ ਰਹੀਆਂ ਹੁੰਦੀਆਂ ਹਨ ਤੇ ਉਹ ਸੇਵਾਦਾਰਾਂ, ਗ੍ਰੰਥੀਆਂ ਅਤੇ ਆਮ ਸ਼ਰਧਾਲੂਆਂ 'ਤੇ ਰੋਅਬ ਪਾ ਕੇ ਆਪਣੀ ਮੈਂਬਰੀ, ਪ੍ਰਧਾਨਗੀ ਤੇ ਚੌਧਰ ਦੀ "ਡਿਊਟੀ" ਨਿਭਾ ਕੇ ਘਰੋ ਘਰੀ ਚਲੇ ਜਾਂਦੇ ਹਨ। ਉਨ੍ਹਾਂ ਵਾਸਤੇ ਗੁਰਦੁਆਰੇ ਦੀ ਸੇਵਾ ਗ੍ਰੰਥੀ ਨੇ ਕਰਨੀ ਹੁੰਦੀ ਹੈ ਜੋ ਉਨ੍ਹਾਂ ਦਾ "ਨੌਕਰ" ਜਾਂ "ਘਟੀਆ ਸਟੇਟਸ ਦਾ ਸੇਵਾਦਾਰ" ਤੋਂ ਵਧ ਕੁਝ ਨਹੀਂ ਹੁੰਦਾ।

ਇਸ ਮਾਹੌਲ ਨੇ ਗੁਰਦੁਆਰਿਆਂ ਵਿਚੋਂ ਰੂਹਾਨੀ ਮਾਹੌਲ ਨੂੰ ਖ਼ਤਮ ਕੀਤਾ ਹੈ, ਸਿਆਸਤ ਵਧਾਈ ਹੈ ਤੇ ਧਾਰਮਿਕ ਅਦਾਰਿਆਂ ਨੂੰ ਬਿਜ਼ਨਸ ਸੈਂਟਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਧਰਮ ਦੇ ਨਿਘਾਰ ਦੇ ਕਾਰਨਾਂ ਵਿਚ ਹੋਰਨਾਂ ਗੱਲਾਂ ਦੇ ਨਾਲ-ਨਾਲ ਇਹ ਵੀ ਇਕ ਵੱਡਾ ਕਾਰਨ ਹੈ ਕਿ ਨਵੀਂ ਪੀੜ੍ਹੀ ਧਰਮ ਤੋਂ ਦੂਰ ਹੋਈ ਜਾ ਰਹੀ ਹੈ। ਇਸ ਦਾ ਵੱਡਾ ਸ਼ਿਕਾਰ ਉਂਞ ਇਨ੍ਹਾਂ ਚੌਧਰੀਆਂ ਦੇ ਬੱਚੇ ਜ਼ਿਆਦਾ ਹਨ ਜੋ ਆਪਣੇ ਚੌਧਰੀ-ਮਾਪਿਆਂ ਦੀਆਂ ਕਰਤੂਤਾਂ ਤੇ ਘਟੀਆ ਧਾਰਮਿਕ ਕਿਰਦਾਰ ਨੂੰ ਵੇਖ ਕੇ ਧਰਮ ਨੂੰ ਘਟੀਆ ਸਮਝਦੇ ਹਨ।

ਸੇਵਾ ਦੀ ਸਿੱਖੀ ਵਿਚ ਬੜੀ ਉੱਚੀ ਥਾਂ ਹੈ। ਜਿੰਨੀ ਨਿਮਰਤਾ ਵਾਲੀ ਸੇਵਾ ਹੋਵੇ ਓਨਾ ਹੀ ਉਹ ਸੇਵਾਦਾਰ ਗੁਰੂ ਅੱਗੇ ਵਿਚ ਵਧੇਰੇ ਕਬੂਲ ਹੁੰਦਾ ਹੈ। ਉਹ ਸਿੱਖ ਹੀ ਵਧੇਰੇ ਦਾਨਾ ਹੈ, ਮੋਹਤਬਰ ਹੈ, ਇੱਜ਼ਤ ਦੇ ਕਾਬਿਲ ਹੈ, ਭਲਾ ਹੈ ਜੋ ਵਧੇਰੇ ਸੇਵਾ ਕਰਦਾ ਹੈ ਤੇ ਖ਼ਾਸ ਕਰ ਕੇ ਵਧੇਰੀ ਨਿਮਰਤਾ ਵਾਲੀ ਸੇਵਾ ਕਰਦਾ ਹੈ। ਸੋ ਹਰ ਸੱਚੇ ਪ੍ਰਧਾਨ/ਮੀਤ ਪ੍ਰਧਾਨ/ਜਨਰਲ ਸਕੱਤਰ/ਸਕੱਤਰ ਨੂੰ ਚਾਹੀਦਾ ਹੈ ਕਿ ਉਹ ਲੰਗਰ ਦੇ ਜੂਠੇ ਭਾਂਡੇ ਮਾਂਜਿਆ ਕਰਨ, ਫ਼ਰਸ਼ ਸਾਫ਼ ਕਰਨ ਦੀ ਸੇਵਾ ਕਰਿਆ ਕਰਨ, ਜੋੜਿਆਂ ਦੀ ਜਾਂ ਹੋਰ ਨਿਮਰਤਾ ਵਾਲੀ ਸੇਵਾ ਕਰਿਆ ਕਰਨ ਤਾਂ ਜੋ ਉਨ੍ਹਾਂ ਵਿਚ ਪ੍ਰਧਾਨਗੀ/ਸਕੱਤਰੀ ਤੇ ਚੌਧਰ ਦੀ ਆਕੜ ਨਾ ਆਵੇ ਤੇ ਉਨ੍ਹਾਂ ਵਿਚ ਨਿਮਰਤਾ ਦਾ ਵਾਧਾ ਹੋਵੇ।

ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਚਾਹੀਦਾ ਹੈ ਕਿ ਉਹ ਨਾਜਾਇਜ਼ ਕੰਮ ਕਰਵਾਉਣ, ਪੂਜਾ ਦਾ ਧੰਨ ਖਾਣ, ਕੁਕਰਮ ਕਰਨ ਦੀ ਬਜਾਇ ਕੋਈ ਸੇਵਾ ਦਾ, ਹਲੀਮੀ ਦਾ, ਕੰਮ ਕਰਿਆ ਕਰਨ। ਜਦ ਉਹ ਅੰਮ੍ਰਿਤਸਰ ਵਿਚ ਮੀਟਿੰਗ ਤੇ ਨਹੀਂ ਆਉਂਦੇ ਤਾਂ ਨੇੜੇ ਦੇ ਕਿਸੇ ਗੁਰਦੁਆਰੇ ਵਿਚ ਜਾ ਕੇ ਝਾੜੂ, ਜੋੜਿਆਂ, ਭਾਂਡਿਆਂ ਦੀ ਸਫ਼ਾਈ ਜਾਂ ਸਮਾਜ ਸੇਵਾ ਜਾਂ ਧਰਮ ਪਰਚਾਰ ਦੀ ਸੇਵਾ ਕਰਿਆ ਕਰਨ। ਇੰਜ ਉਹ ਨਾਲੇ ਮਾਣ ਹਾਸਿਲ ਕਰਨਗੇ ਤੇ ਨਾਲੇ ਪੁੰਨ ਖੱਟਣਗੇ।

ਸੇਵਾ ਸਿੱਖ ਨੂੰ ਹਲੀਮੀ ਸਿਖਾਉਂਦੀ ਹੈ। ਉਸ ਦਾ ਮਨ ਨੀਵਾਂ ਮਤ ਉੱਚੀ ਤੇ ਰੂਹਾਨੀਅਤ 'ਚ ਵਾਧਾ ਕਰਦੀ ਹੈ। ਆਓ ਆਪਾਂ ਪ੍ਰਧਾਨਗੀਆਂ ਤੇ ਸਕੱਤਰੀਆਂ ਨੂੰ ਗੁਰਦੁਆਰਿਆਂ ਦੀ ਸੱਚੀ ਸੇਵਾ ਕਰਨ ਵਾਸਤੇ ਕਬੂਲ ਕਰੀਏ ਨਾ ਕਿ ਹੈਂਕੜ, ਦਬਕਾ, ਰੋਅਬ, ਲਾਲਚ, ਕੁਰਪਸ਼ਨ, ਕਬਾਇਲੀ ਸੋਚ ਜਾਂ ਨਾਜਾਇਜ਼ ਅ-ਪੰਥਕ ਕਾਰਵਾਈਆਂ ਵਾਸਤੇ ਕਰੀਏ। ਵਾਹਿਗੁਰੂ ਸਭ ਕੁਝ ਵੇਖ ਰਿਹਾ ਹੈ ਉਸ ਤੋਂ ਕੁਝ ਵੀ ਛੁਪਿਆ ਨਹੀਂ ਹੈ ਸੋ ਵੇਲਾ ਹੈ ਅੱਜ ਵੀ ਸੰਭਲ ਚਲੀਏ।

ਇਕ ਇਹ ਵੀ ਖਿਆਲ ਰਹੇ ਕਿ ਗੁਰਦੁਆਰੇ ਦਾ ਮਤਲਬ ਸਿਰਫ਼ ਅਖੰਡ ਪਾਠ ਕਰਵਾਉਣਾ, ਐਤਵਾਰੀ ਦੀਵਾਨ ਲਾਉਣਾ, ਬਿਲਡਿੰਗ ਬਣਾਉਣਾ, ਢਾਡੀ/ਕੀਰਤਨੀ ਦਰਬਾਰ ਕਰਵਾਉਣਾ, ਲੰਗਰ ਚਲਾਉਣਾ, ਲੈਕਚਰ ਕਰਵਾਉਣਾ ਨਹੀਂ ਹਨ ਇਹ ਸਿੱਖ ਧਰਮ ਦੇ ਪਰਚਾਰ ਦਾ ਕੇਂਦਰ ਵੀ ਹਨ ਤੇ ਜੇ ਅਸੀਂ ਧਰਮ ਪਰਚਾਰ ਵਿਚ ਰੋਲ ਅਦਾ ਨਹੀਂ ਕਰਦੇ ਤਾਂ ਅਸੀਂ ਗੁਰਦੁਆਰੇ ਦੇ ਅਹੁਦੇਦਾਰ ਅਖਵਾਉਣ ਦੀ ਬਜਾਇ ਕਿਸੇ ਸੋਸ਼ਲ ਕਲਬ ਦੇ ਲੀਡਰ ਹੋਵਾਂਗੇ।

ਅਕਾਲ ਤਖ਼ਤ ਦੇ ਮਸਲੇ 'ਤੇ ਸਿੱਖ ਕੌਮ ਕੀ ਕਰੇ?

(ਜੋਗਿੰਦਰ ਸਿੰਘ ਵੇਦਾਂਤੀ ਦੇ ਹਟਾਏ ਜਾਣ 'ਤੇ ਲਿਖਿਆ ਮਜ਼ਮੂਨ)

ਜੋਗਿੰਦਰ ਸਿੰਘ ਵੇਦਾਂਤੀ ਦਾ ਹਸ਼ਰ ਉਹੀ ਹੋਇਆ ਹੈ ਜਿਸ ਦੀ ਆਸ ਸੀ। ਕੁਝ ਲੇਖਕਾਂ ਨੇ ਵੇਦਾਂਤੀ ਤੋਂ ਅਸਤੀਫ਼ਾ ਲਏ ਜਾਣ (ਦਰਅਸਲ ਉਸ ਨੂੰ 'ਕੱਢੇ ਜਾਣ') 'ਤੇ ਸ਼ਿਕਵਾ ਜ਼ਾਹਿਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਉਸ ਨੂੰ ਹਟਾਉਣ ਦਾ ਤਰੀਕਾ ਗ਼ਲਤ ਹੈ।

ਇਸ ਤੋਂ ਇਲਾਵਾ ਇਸ ਸਬੰਧੀ ਉਠਾਏ ਗਏ ਹੋਰ ਸਵਾਲ ਹਨ: *1. ਕੀ ਵੇਦਾਂਤੀ ਨੂੰ ਹਟਾਉਣਾ ਗ਼ਲਤ ਹੈ? 2. ਵੇਦਾਂਤੀ ਨੂੰ ਹਟਾਉਣ ਦਾ ਹੱਕ ਕਿਸ ਨੂੰ ਹੈ? 3. ਵੇਦਾਂਤੀ ਦੀ ਥਾਂ ਨਵਾਂ ਮੁਖ ਸੇਵਾਦਾਰ ਕਿਵੇਂ ਲਾਉਣਾ ਚਾਹੀਦਾ ਹੈ? 4. (ਅਖੌਤੀ) ਜਥੇਦਾਰ ਦੀ ਨਾਮਜ਼ਦਗੀ ਕਿਵੇਂ ਹੋਵੇ? ਉਸ ਦੇ ਹੱਕ ਤੇ ਫ਼ਰਜ਼ ਕੀ ਹਨ ਤੇ ਉਸ ਨੂੰ ਹਟਾਉਣ ਦਾ ਤਰੀਕਾ ਕੀ ਹੈ? ਉਸ ਦਾ ਸਮਾਂ ਕਿੰਨਾ ਹੋਣਾ ਚਾਹੀਦਾ ਹੈ? 5. ਕੀ ਇਸ ਨਕਲੀ ਅਹੁਦੇ ਦੀ ਲੋੜ ਵੀ ਹੈ?*

ਗ਼ਲਤ ਸਵਾਲਾਂ ਦੇ ਗ਼ਲਤ ਜਵਾਬ

ਜਿਹੜਾ ਸਵਾਲ ਹੀ ਗ਼ਲਤ ਹੋਵੇ ਉਸ ਦਾ ਜਵਾਬ ਤਾਂ ਗ਼ਲਤ ਹੀ ਹੋਵੇਗਾ। ਇਹ ਸਾਰੇ ਸਵਾਲ ਹੀ ਗ਼ਲਤ ਹਨ। ਸਿੱਖ ਫ਼ਸਲਫ਼ੇ ਜਾਂ ਸਿੱਖ ਤਵਾਰੀਖ਼ ਵਿਚ ਅਖੌਤੀ **ਜਥੇਦਾਰ** ਦਾ ਕੋਈ ਅਹੁਦਾ ਨਹੀਂ ਹੈ। ਦਰਅਸਲ ਜਿਹੜਾ ਅਹੁਦਾ ਹੀ ਨਹੀਂ ਹੈ ਉਸ ਬਾਰੇ ਇਹੋ ਜਿਹੇ ਸਵਾਲ ਪੁੱਛਣੇ ਵੀ ਗ਼ਲਤ ਹਨ। ਇਹ ਅਹੁਦਾ 1920 ਵਿਚ ਅਚਾਣਕ ਹੋਈ ਇਕ ਘਟਨਾ ਵਿਚੋਂ ਬਣਾ ਲਿਆ ਗਿਆ ਸੀ। ਹੋਇਆ ਇੰਞ ਸੀ ਕਿ 12 ਅਕਤੂਬਰ 1920 ਦੇ ਦਿਨ ਜਦ ਕੁਝ ਅਖੌਤੀ-ਅਛੂਤ ਸਿੱਖ ਕੜਾਹ ਪ੍ਰਸ਼ਾਦ ਲੈ ਕੇ ਅਕਾਲ ਤਖ਼ਤ ਸਾਹਿਬ 'ਤੇ ਗਏ ਤਾਂ ਉਥੋਂ ਦੇ ਪੁਜਾਰੀ ਪ੍ਰਸ਼ਾਦ ਕਬੂਲ ਕਰਨ ਤੋਂ ਬਚਣ ਵਾਸਤੇ ਖਿਸਕ ਗਏ ਤੇ ਅਕਾਲ ਤਖ਼ਤ ਸਾਹਿਬ ਨੂੰ 'ਸੁੰਞਾ' ਛੱਡ ਗਏ। ਉੱਥੇ ਹਾਜ਼ਰ ਸੰਗਤ ਨੇ ਇਸ ਦਾ ਸੰਜੀਦਾ ਨੋਟਿਸ ਲਿਆ। ਇਸ ਮੌਕੇ 'ਤੇ ਹਾਜ਼ਰ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਸੰਗਤਾਂ ਦੇ ਇਕੱਠ ਵਿਚ ਖੜਾ ਹੋ ਕੇ ਕਿਹਾ ਕਿ ਪੁਜਾਰੀ ਤਖ਼ਤ ਨੂੰ ਸੁੰਞਾ ਛੱਡ ਗਏ ਹਨ ਇਸ ਕਰ ਕੇ ਇਸ ਦੀ ਸੇਵਾ ਸੰਭਾਲ ਵਾਸਤੇ ਕੁਝ ਸਿੱਖ ਨਿਤਰਣ। ਉਨ੍ਹਾਂ ਤਜਵੀਜ਼ ਕੀਤੀ ਕਿ 21 ਸਿੰਘ ਆਪਣੇ ਆਪ ਨੂੰ ਪੇਸ਼ ਕਰਨ। ਉਸ ਵੇਲੇ ਸਿਰਫ਼ 17 ਨਾਂ ਪੇਸ਼ ਹੋਏ। ਇਨ੍ਹਾਂ ਵਿਚੋਂ ਪੰਜ-ਪੰਜ ਸਿੰਘ ਤਖ਼ਤ ਦੇ ਤਿੰਨਾਂ ਗੇਟਾਂ 'ਤੇ, ਇਕ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਅਤੇ ਇਕ ਪ੍ਰਸ਼ਾਦ ਵਾਸਤੇ ਲਾ ਦਿੱਤਾ ਗਿਆ। ਇਸ ਜਥੇ ਦੇ ਜਥੇਦਾਰ ਤੇਜਾ ਸਿੰਘ ਭੁੱਚਰ ਬਣਾਏ ਗਏ। (ਉਹ ਤਖ਼ਤ ਦੇ ਜਥੇਦਾਰ ਨਹੀਂ, ਇਸ **"ਰਾਖੀ ਕਰਨ ਵਾਲੇ ਜਥੇ ਦੇ ਜਥੇਦਾਰ"** ਸਨ)। ਇਕ ਮਹੀਨੇ ਪਿੱਛੋਂ ਉਨ੍ਹਾਂ 'ਛੁੱਟੀਆਂ' ਮੰਗੀਆਂ ਤਾਂ ਇਹ ਸੇਵਾ ਦੀਦਾਰ ਸਿੰਘ ਮੱਟੂ ਭਾਈਕੇ ਨੂੰ ਸੌਂਪੀ ਗਈ। (ਵੇਖੋ ਕਿਤਾਬ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ)।

ਕੁਝ ਮਹੀਨੇ ਇੰਵ ਚਲਦਾ ਰਿਹਾ। ਪਰ ਜਦ ਚਾਬੀਆਂ ਦਾ ਮੋਰਚਾ ਲੱਗਾ ਤੇ ਗ੍ਰਿਫ਼ਤਾਰੀਆਂ ਹੋਣ ਲਗ ਪਈਆਂ ਤਾਂ ਅਕਾਲ ਤਖ਼ਤ ਸਹਿਬ 'ਤੇ ਇਕ ਸਿੰਘ ਪੱਕਾ ਗ੍ਰੰਥੀ ਲਾ ਦਿੱਤਾ ਗਿਆ ਤੇ ਇਕ ਸਿੰਘ ਨੂੰ ਸੇਵਾ ਸੰਭਾਲ ਦਾ ਜਥੇਦਾਰ। ਬਸ ਉਸ ਦਿਨ ਤੋਂ ਕੁਝ ਅਖ਼ਬਾਰਾਂ ਨੇ ਗ਼ਲਤੀ ਨਾਲ ਉਸ ਗ੍ਰੰਥੀ ਨੂੰ 'ਜਥੇਦਾਰ' ਲਿਖ ਦਿੱਤਾ। ਅਜੇ ਵੀ ਇਸ ਗ੍ਰੰਥੀ ਉਰਫ਼ ਅਖੌਤੀ-ਜਥੇਦਾਰ ਦਾ ਕੰਮ ਅਕਾਲ ਤਖ਼ਤ ਦੀ ਰਾਖੀ ਕਰਨਾ ਤੇ ਜਥਿਆਂ ਨੂੰ ਗ੍ਰਿਫ਼ਤਾਰੀ ਵਾਸਤੇ ਤੋਰਨਾ ਸੀ।

ਚੇਤੇ ਰਹੇ ਕਿ **ਸ਼੍ਰੋਮਣੀ ਕਮੇਟੀ ਬਣਾਉਣ ਵਾਸਤੇ 15 ਨਵੰਬਰ 1920 ਦੇ ਦਿਨ ਸੱਦੇ ਸਰਬਤ ਖਾਲਸਾ ਇਕੱਠ ਵਾਸਤੇ 'ਹੁਕਮਨਾਮਾ' ਤੇਜਾ ਸਿੰਘ ਭੁੱਚਰ** (ਜਥੇਦਾਰ ਅਕਾਲ ਤਖ਼ਤ ਦੀ ਸੇਵਾ ਸੰਭਾਲ ਵਾਲਾ 'ਸੇਵਕ ਜਥਾ') **ਨੇ ਵੀ ਨਹੀਂ ਬਲਕਿ ਡਾ: ਗੁਰਬਖ਼ਸ਼ ਸਿੰਘ** (ਅੰਗਰੇਜ਼ ਡੀ.ਸੀ. ਵੱਲੋਂ ਬਣਾਈ ਨੌਂ ਮੈਂਬਰੀ ਕਮੇਟੀ ਦੇ ਸਕੱਤਰ) **ਨੇ ਜਾਰੀ ਕੀਤਾ ਸੀ।**

1925 ਵਿਚ ਗੁਰਦੁਆਰਾ ਐਕਟ ਬਣ ਗਿਆ। ਉਸ ਵਿਚ ਵੀ ਅਖੌਤੀ ਜਥੇਦਾਰ ਦਾ ਕੋਈ ਜ਼ਿਕਰ ਨਹੀਂ ਕਿਉਂਕਿ ਇਹ ਕੋਈ ਅਹੁਦਾ ਹੈ ਹੀ ਨਹੀਂ ਸੀ। ਅਕਤੂਬਰ 1920 ਤੋਂ ਮਗਰੋਂ ਵੀ ਇਹ ਕੋਈ ਅਹੁਦਾ ਨਹੀਂ ਸੀ ਤੇ ਨਾ ਹੀ ਕੋਈ ਮਿਸਾਲ ਹੈ ਜਿਸ ਵਿਚ 'ਅਖੌਤੀ ਜਥੇਦਾਰ' ਨੇ ਕੋਈ ਐਕਸ਼ਨ ਆਪ ਲਿਆ ਹੋਵੇ। 1936 ਵਿਚ ਛੂਤਛਾਤ ਦੇ ਖ਼ਿਲਾਫ਼ 'ਹੁਕਮਨਾਮਾ' ਵੀ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੇ ਤਿਆਰ ਕੀਤਾ ਤੇ ਤਖ਼ਤ ਤੋਂ ਜਾਰੀ ਕੀਤਾ ਸੀ (ਤਫ਼ਸੀਲ ਵੇਖੋ ਕਿਤਾਬ: **ਸਿੱਖ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦਾ ਰੋਲ**)।

ਮਾਸਟਰ ਤਾਰਾ ਸਿੰਘ ਤੇ ਫ਼ਤਹਿ ਸਿੰਘ ਨੂੰ ਨਵੰਬਰ 1961 ਵਿਚ ਸਜ਼ਾ ਲਗੀ ਤਾਂ ਕਿਸੇ ਜਥੇਦਾਰ ਦਾ 'ਹੁਕਮਨਾਮਾ' ਨਹੀਂ ਸੀ, ਇਹ ਪੰਜ ਗ੍ਰੰਥੀਆਂ ਦਾ **'ਫ਼ੈਸਲਾ'** ਸੀ, ਤੇ ਉਹ ਵੀ ਉਸ ਦਰਖ਼ਾਸਤ 'ਤੇ ਜਿਹੜੀ ਇਨ੍ਹਾਂ (ਤਾਰਾ ਸਿੰਘ, ਫਤਹਿ ਸਿੰਘ ਵਗ਼ੈਰਾ) ਨੇ ਆਪ ਪੇਸ਼ ਕੀਤੀ ਸੀ ਨਾ ਕਿ ਕਿਸੇ ਦੀ ਤਲਬੀ ਹੋਈ ਸੀ।

ਹੋਰ ਤਾਂ ਹੋਰ ਜੂਨ 1978 ਵਿਚ ਨਿਰੰਕਾਰੀਆਂ ਦੇ ਖ਼ਿਲਾਫ਼ 'ਹੁਕਮਨਾਮਾ' ਕਿਸੇ ਜਥੇਦਾਰ ਨੇ ਜਾਰੀ ਨਹੀਂ ਸੀ ਕੀਤਾ। ਇਹ ਇਕ ਸੱਤ-ਮੈਂਬਰੀ ਕਮੇਟੀ ਨੇ ਬਣਾਇਆ ਸੀ ਤੇ ਸਾਧੂ ਸਿੰਘ ਭੌਰਾ ਨੇ ਤਖ਼ਤ ਤੋਂ ਜਾਰੀ ਕੀਤਾ ਸੀ।

1979 ਵਿਚ ਗੁਰਚਰਨ ਸਿੰਘ ਟੌਹੜਾ ਨੇ ਹਰਕਿਸ਼ਨ ਸਿੰਘ ਸੁਰਜੀਤ (ਇੱਤਫ਼ਾਕਨ ਦੋਵੇਂ ਟੁਰ ਗਏ ਹਨ) ਦੀ ਸਲਾਹ 'ਤੇ ਅਕਾਲ ਤਖ਼ਤ ਦੇ ਪੁਜਾਰੀ (ਅਖੌਤੀ ਜਥੇਦਾਰ) ਨੂੰ ਬਾਦਲ ਦੇ ਖ਼ਿਲਾਫ਼ ਵਰਤਣ ਦੀ ਕੋਸ਼ਿਸ਼ ਕੀਤੀ ਸੀ ਜਿਹੜੀ ਕਾਮਯਾਬ ਨਹੀਂ ਹੋਈ ਸੀ। **ਇਹ ਸੀ ਸ਼ੁਰੂਆਤ ਅਕਾਲ ਤਖ਼ਤ ਸਾਹਿਬ ਦੇ ਨਵੇਂ ਅਹੁਦੇ ਅਖੌਤੀ 'ਜਥੇਦਾਰ' ਦੀ 'ਤਾਕਤ' ਦੀ ਵਰਤੋਂ ਦੀ।**

ਇਸ ਮਗਰੋਂ ਫੇਰ 1984 ਤਕ ਚੁਪਚਾਪ ਰਹੀ। ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਸਰਕਾਰ ਨੇ ਇਨ੍ਹਾਂ ਗ੍ਰੰਥੀਆਂ ਨੂੰ ਵਰਤਣਾ ਸ਼ੁਰੂ ਕਰ ਦਿੱਤਾ। ਕਿਰਪਾਲ ਸਿੰਘ ਨੂੰ ਉਨ੍ਹਾਂ ਨੇ ਬਥੇਰਾ ਵਰਤਿਆ।

ਫਿਰ ਜਦ ਖਾੜਕੂਆਂ ਨੇ ਦਰਬਾਰ ਸਾਹਿਬ 'ਤੇ ਕੁਝ ਚਿਰ ਕਬਜ਼ਾ ਕੀਤਾ ਤਾਂ ਉਨ੍ਹਾਂ ਨੇ ਇਸ ਅਹੁਦੇ ਨੂੰ ਰੱਜ ਕੇ ਵਰਤਿਆ। ਫਿਰ ਜਦ ਖਾੜਕੂਆਂ ਦਾ ਜ਼ਵਾਲ

ਆਇਆ ਤਾਂ ਗੁਰਚਰਨ ਸਿੰਘ ਟੌਹੜਾ ਨੇ ਇਸ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਇਸ ਨੂੰ ਬਹੁਤਾ ਕਰ ਕੇ ਬਾਦਲ ਤੇ ਹੋਰ ਵਿਰੋਧੀਆਂ ਦੇ ਖ਼ਿਲਾਫ਼ ਨਿਜੀ ਤੇ ਸਿਆਸੀ ਮਕਸਦਾਂ ਵਾਸਤੇ ਵਰਤਿਆ। ਪਰ 1999 ਵਿਚ ਜਦ ਅਕਾਲ ਤਖ਼ਤ ਬਾਦਲ ਹੱਥ ਗਿਆ ਤਾਂ ਉਸ ਨੇ ਇਸ ਨੂੰ ਟੌਹੜਾ (ਤੇ ਉਸ ਨਾਲ ਦੋਬਾਰਾ ਯਾਰੀ ਪੈਣ ਮਗਰੋਂ) ਸਿਮਰਨਜੀਤ ਸਿੰਘ ਮਾਨ ਅਤੇ ਪਰਮਜੀਤ ਸਿੰਘ ਸਰਨਾ ਦੇ ਖ਼ਿਲਾਫ਼ ਵਰਤਿਆ।

ਯਾਨਿ ਇਸ 'ਨਾਜਾਇਜ਼ ਅਹੁਦੇ' ਨੂੰ 'ਨਾਜਾਇਜ਼ ਤਰੀਕੇ' ਨਾਲ ਹਰ ਉਸ ਚੌਧਰੀ ਨੇ ਵਰਤਿਆ ਜਿਸ ਦਾ ਦਾਅ ਲੱਗਿਆ ਜਾਂ ਜਿਸ ਦਾ ਸਿੰਙੀਂ ਹੱਥ ਪੈ ਗਿਆ।

ਵੇਦਾਂਤੀ ਦਾ ਮਸਲਾ: ਹੁਣ ਸਵਾਲ ਹੈ ਵੇਦਾਂਤੀ ਜਾਂ ਕਿਸੇ ਵੀ ਅਖੌਤੀ-ਜਥੇਦਾਰ ਨੂੰ ਕੱਢਣ ਦਾ ਮਸਲਾ। ਕੀ ਇਹ ਜਾਇਜ਼ ਸੀ ਜਾਂ ਨਹੀਂ? ਜਵਾਬ ਹੈ: ਜਿਸ ਨੂੰ ਲਾਉਣਾ ਜਾਇਜ਼ ਨਹੀਂ ਸੀ ਉਸ ਨੂੰ ਕੱਢਣਾ ਵੀ ਨਾਜਾਇਜ਼ ਨਹੀਂ ਹੈ। ਵੇਦਾਂਤੀ ਨੂੰ ਇਕ ਨਾਜਾਇਜ਼, ਅਪੰਥਕ, ਗੁਰਬਾਣੀ ਅਤੇ ਸਿੱਖ ਤਵਾਰੀਖ਼ ਦੇ ਉਲਟ ਕਾਇਮ ਕੀਤੇ ਗਏ, ਅਹੁਦੇ 'ਤੇ ਲਾਇਆ ਗਿਆ ਸੀ। ਜਿਹੜੇ ਲੋਕ ਉਸ ਨੂੰ ਹਟਾਏ ਜਾਣ ਦੇ ਤਰੀਕੇ 'ਤੇ ਇਤਰਾਜ਼ ਕਰ ਰਹੇ ਹਨ ਉਹ ਗ਼ਲਤ ਹਨ। ਉਨ੍ਹਾਂ ਨੂੰ ਇਸ ਦੀ ਬਜਾਏ ਇਹ ਮੁਹਿੰਮ ਚਲਾਉਣੀ ਚਾਹੀਦੀ ਹੈ ਕਿ ਇਸ ਨਕਲੀ ਅਹੁਦੇ ਨੂੰ ਪੰਥ ਰੱਦ ਕਰ ਦੇਵੇ ਤੇ ਅਜਿਹਾ ਅਹੁਦਾ ਖੜਾ ਕਰਨ ਦੀਆਂ ਸਾਜ਼ਿਸ਼ਾਂ ਨੂੰ ਦੁਰਕਾਰ ਦੇਵੇ। ਇਹੀ ਇਸ ਮਸਲੇ ਦਾ ਹੱਲ ਹੈ।

ਪਿੱਛੇ ਜਿਹੇ ਜਲੰਧਰ ਵਿਚ ਅਕਾਲ ਫ਼ੈਡਰੇਸ਼ਨ ਦੇ ਕਨਵੀਨਰ ਸ: ਨਾਰਾਇਣ ਸਿੰਘ ਅਤੇ ਉਨਾਂ ਦੇ ਕੁਝ ਵਿਦੇਸ਼ੀ ਸਾਥੀਆਂ ਨੇ ਇਕ ਇਕੱਠ ਕੀਤਾ ਸੀ ਜਿਸ ਵਿਚ ਮੈਨੂੰ ਕੀ-ਨੋਟ ਐਡਰੈੱਸ ਪੇਸ਼ ਕਰਨ ਦਾ ਮੌਕਾ ਮਿਲਿਆ। ਮੈਂ ਹੋਰਾਂ ਨੁਕਤਿਆਂ ਦੇ ਨਾਲ-ਨਾਲ ਇਸ ਨਾਜਾਇਜ਼ ਅਹੁਦੇ ਬਾਰੇ ਵੀ ਚਰਚਾ ਕੀਤੀ। (ਉਸ ਦਿਨ ਬਾਕੀ ਨੁਕਤੇ ਪਿੱਛੇ ਰਹਿ ਗਏ ਤੇ ਸਿਰਫ਼ ਇਸ ਬਾਰੇ ਹੀ ਗੱਲਾਂ ਹੋਈਆਂ)। ਉਸ ਵਿਚ ਮੈਂ ਇਹੀ ਗੱਲ ਕਹੀ ਸੀ ਕਿ ਇਹ ਅਹੁਦਾ ਗੁਰਬਾਣੀ ਅਤੇ ਸਿੱਖ ਤਵਾਰੀਖ਼ ਦੇ ਉਲਟ ਹੈ। ਇਸ ਸਮੇਂ ਕੁਝ ਕੱਚਘਰੜ, ਮੌਕਾਪ੍ਰਸਤ ਤੇ ਕਮਜ਼ੋਰ ਅਖੌਤੀ 'ਵਿਦਵਾਨਾਂ' ਨੇ ਇਹ ਦਲੀਲ ਦਿੱਤੀ ਸੀ ਕਿ ਬੇਸ਼ੱਕ ਇਹ ਅਹੁਦਾ ਗੁਰਬਾਣੀ ਅਤੇ ਸਿੱਖ ਤਵਾਰੀਖ਼ ਮੁਤਾਬਿਕ ਠੀਕ ਨਹੀਂ ਹੈ ਪਰ ਇਸ ਨੂੰ ਪੰਥ ਦਾ ਬਹੁਤਾ ਹਿੱਸਾ ਮਨਜ਼ੂਰ ਕਰ ਚੁਕਾ ਹੈ (*ਜਾਂ ਜਬਰੀ ਕਰਵਾਇਆ ਗਿਆ ਹੈ ਅਤੇ ਲੋਕਾਂ ਨੂੰ ਸੱਚ ਪਤਾ ਹੀ ਨਹੀਂ ਕਿ ਇਹ ਨਕਲੀ ਅਹੁਦਾ ਹੈ ਕੀ*) ਇਸ ਕਰ ਕੇ ਇਸ ਨੂੰ ਕਾਇਮ ਰਹਿਣ ਦਿੱਤਾ ਜਾਵੇ ਤੇ ਅਖੌਤੀ ਜਥੇਦਾਰ ਨੂੰ ਲਾਉਣ/ਹਟਾਉਣ/ਫ਼ਰਜ਼/ਹੱਕ ਬਾਰੇ ਨੇਮ ਬਣਾ ਲਏ ਜਾਣ।

ਕਿੰਨੀ ਅਜੀਬ ਸੋਚ ਹੈ ਕਿ ਭਾਵੇਂ ਇਹ ਅਹੁਦਾ ਗੁਰਬਾਣੀ ਅਤੇ ਸਿੱਖ ਤਵਾਰੀਖ਼ ਦੇ ਉਲਟ ਹੈ ਪਰ ਫਿਰ ਵੀ ਕਾਇਮ ਰੱਖਿਆ ਜਾਵੇ। ਕਲ੍ਹ ਨੂੰ ਤਾਂ ਕੋਈ ਇਹ ਵੀ ਕਹੇਗਾ ਕਿ 80% ਸਿੱਖਾਂ ਨੇ ਵਾਲ ਕਟਵਾ ਦਿੱਤੇ ਹਨ ਇਸ ਕਰ ਕੇ ਇਸ ਨੂੰ ਸਿਧਾਂਤ ਵਜੋਂ ਮਾਨਤਾ ਦੇ ਦਿੱਤੀ ਜਾਵੇ। ਉਨ੍ਹਾਂ ਦੀ ਦਲੀਲ ਹੋਵੇਗੀ ਕਿ ਜੇ ਪੰਥ ਇਕ ਗ਼ਲਤ ਗੱਲ (ਜਥੇਦਾਰ ਦੇ ਨਵੇਂ ਅਹੁਦੇ) ਨੂੰ ਮਨਜ਼ੂਰ ਕਰ ਸਕਦਾ ਹੈ ਤਾਂ ਇਸ ਨੂੰ ਕਿਉਂ ਨਹੀਂ? ਅਜੀਬ ਰੋਲ ਹੈ ਇਨ੍ਹਾਂ 'ਵਿਦਵਾਨਾਂ' ਦਾ, ਜੋ ਦਲੀਲ ਤੇ ਫ਼ਲਸਫ਼ੇ ਦੀ ਥਾਂ ਸਿਰਫ਼ 29 ਸਾਲ (1979 ਵਿਚ) ਪਹਿਲਾਂ ਘੜੀ ਗਈ ਸਾਜ਼ਿਸ਼ ਮੁਤਾਬਿਕ ਸਿੱਖੀ ਦੇ

ਅਸੂਲ ਬਦਲਣ ਵਾਸਤੇ ਵੀ ਤਿਆਰ ਹਨ। ਉਨ੍ਹਾਂ ਨੂੰ ਗੁਰਬਾਣੀ ਅਤੇ ਗੁਰੂ ਦੀ ਸਿਖਿਆ ਨੂੰ ਰੱਦ ਕਰ ਕੇ, ਨਾਜਾਇਜ਼ ਅਹੁਦਾ ਮਨਜ਼ੂਰ ਕਰਨਾ ਹੀ ਸਹੀ ਜਾਪਦਾ ਹੈ।

ਬਾਦਲ-ਵਿਰੋਧੀਆਂ ਦਾ ਰੋਲ/ਪੈਂਤੜਾ: ਇਕ ਹੈਰਾਨੀ ਉਨ੍ਹਾਂ ਬਾਦਲ ਵਿਰੋਧੀਆਂ 'ਤੇ ਵੀ ਹੁੰਦੀ ਹੈ ਕਿ ਉਹ ਇਹ ਜਾਣਦੇ ਹਨ ਕਿ ਅਖੌਤੀ ਜਥੇਦਾਰ ਸ਼੍ਰੋਮਣੀ ਕਮੇਟੀ ਨੇ ਹੀ ਲਾਉਣਾ ਹੈ ਕਿਉਂਕਿ ਉਸੇ ਦੀ ਬਹੁ ਗਿਣਤੀ ਹੈ ਤੇ ਉਸ ਪੁਜਾਰੀ/ਗ੍ਰੰਥੀ ਨੇ ਉਹੀ ਕਰਨਾ ਹੈ ਜੋ ਉਸ ਦੇ ਮਾਲਕ (ਯਾਨਿ ਬਾਦਲ) ਨੇ ਕਹਿਣਾ ਹੈ। ਫਿਰ ਵੀ ਇਹ ਲੋਕ ਅਜੇ ਵੀ ਇਸ "ਨਾਜਾਇਜ਼" ਅਹੁਦੇ ਨੂੰ ਰੱਦ ਕਰਨ ਦੀ ਜੁਰਅਤ ਨਹੀਂ ਕਰ ਰਹੇ। ਇਹ ਕਮਜ਼ੋਰੀ ਹੈ, ਬੁਜ਼ਦਿਲੀ ਹੈ ਕਿ ਸਿੱਖ ਫ਼ਲਸਫ਼ੇ ਤੋਂ ਅਣਜਾਣਤਾ, ਇਹ ਤਾਂ ਉਹ ਆਪ ਹੀ ਦੱਸਣ। ਸ਼ਾਇਦ ਉਹ ਇਹ ਸੋਚਦੇ ਹਨ ਕਿ ਕਲ੍ਹ ਨੂੰ ਸ਼੍ਰੋਮਣੀ ਕਮੇਟੀ ਉਨ੍ਹਾਂ ਦੇ ਹੱਥ ਵੀ ਆ ਸਕਦੀ ਹੈ ਤੇ ਅਖੌਤੀ ਜਥੇਦਾਰ ਉਹ ਲਾਉਣਗੇ। ਹਾਲਾਂ ਕਿ ਅੱਜ ਤਾਂ ਇਹ ਨਾਮੁਮਕਿਨ ਹੈ ਤੇ ਮੰਨ ਲਓ ਕਿ ਕਲ੍ਹ ਨੂੰ ਅਜਿਹਾ ਹੋ ਵੀ ਜਾਵੇ ਤਾਂ ਵੀ ਉਹ ਵੀ ਤਾਂ ਇਸ ਨਾਜਾਇਜ਼ ਅਹੁਦੇ ਨੂੰ ਆਪਣੇ ਫ਼ਾਇਦੇ ਵਾਸਤੇ ਵਰਤਣਗੇ।

ਸੋ ਗੁਰੂ ਨੂੰ ਮੰਨਣ ਵਾਲੇ ਸਿੱਖ ਦਾ ਫ਼ਰਜ਼ ਤਾਂ ਇਹੀ ਬਣਦਾ ਹੈ ਕਿ ਜੋ ਕੁਝ ਵੀ ਗੁਰਬਾਣੀ ਅਤੇ ਸਿੱਖ ਤਵਾਰੀਖ਼ ਦੇ ਉਲਟ ਹੈ ਉਸ ਨੂੰ ਰੱਦ ਕਰ ਦਿੱਤਾ ਜਾਵੇ। ਹੁਣ ਸਾਰੇ ਸਿੱਖ ਸਮਝ ਗਏ ਹਨ ਕਿ ਇਹ ਅਹੁਦਾ ਨਾਜਾਇਜ਼ ਹੈ। ਹੁਣ ਸਿੱਖ ਸਮਝਦੇ ਹਨ ਕਿ ਇਸ ਅਹੁਦੇ ਤੇ ਬੈਠਾ ਗ੍ਰੰਥੀ (ਇਥੇ ਗ੍ਰੰਥੀ ਜਾਂ ਮਜਬੂਰੀ ਵਿਚ ਕੋਈ ਹੋਰ ਲਾਏ ਗਏ ਹਨ) ਬੇਮਾਅਨਾ ਹੈ; ਉਹ ਸ਼੍ਰੋਮਣੀ ਕਮਟੀ ਪ੍ਰਧਾਨ ਜਾਂ ਚੀਫ਼ ਮਨਿਸਟਰ ਦੇ ਦਰ ਦਾ ਸਿਰਫ਼ ਤੇ ਸਿਰਫ਼ ਕੂਕਰ ਹੈ।

ਕੀ ਸਾਨੂੰ ਕਿਸੇ ਅਜਿਹੇ ਅਹੁਦੇ ਦੀ ਲੋੜ ਹੈ?

ਹੁਣ ਇਹ ਸਵਾਲ ਉੱਠੇਗਾ ਕਿ ਕੌਮ ਨੂੰ ਕਿਸੇ ਅਜਿਹੇ ਅਹੁਦੇ (ਸ਼ਾਇਦ 'ਹਊਆ') ਦੀ ਲੋੜ ਹੈ? ਉਂਞ ਤਾਂ ਇਸ ਦਾ ਸਾਫ਼ ਜਵਾਬ ਹੈ 'ਨਹੀਂ'। ਪਰ ਇਕ ਗੱਲ ਦੀ ਬੜੀ ਵੱਡੀ ਲੋੜ ਹੈ। ਉਹ ਹੈ ਕੌਮ ਨੂੰ ਇਕ ਸਾਂਝੇ ਪਲੇਟਫ਼ਾਰਮ ਦੀ ਜਿੱਥੇ ਬੈਠ ਕੇ ਸਾਰੇ ਆਗੂ ਤੇ ਵਿਦਵਾਨ ਕੌਮ ਦੇ ਧਾਰਮਿਕ ਮਸਲਿਆਂ ਬਾਰੇ ਗੱਲ ਕਰ ਸਕਣ। ਸਿੱਖਾਂ ਨੂੰ 'ਯਹੂਦੀ ਪਾਰਲੀਮੈਂਟ' (ਜਿਊਇਸ਼ ਕਾਂਗਰਸ), ਇਸਲਾਮਿਕ ਕਾਨਫ਼ਰੰਸ (ਜਾਂ ਇਸਲਾਮਿਕ ਕੋਰਟ), ਬੋਧ ਮਹਾਂਸੰਘ (ਬੋਧੀ ਪਾਰਲੀਮੈਂਟ) ਵਾਂਗ, ਇਕ ਧਾਰਮਿਕ (ਨਿਰੋਲ ਧਾਰਮਿਕ) 'ਸਿੱਖ ਪਾਰਲੀਮੈਂਟ' ਦੀ ਲੋੜ ਹੈ। ਇਸ ਦਾ ਨਾਂ ਵਰਲਡ ਸਿੱਖ ਪਾਰਲੀਮੈਂਟ, ਵਰਲਡ ਸਿੱਖ ਅਸੈਂਬਲੀ, ਵਰਲਡ ਸਿੱਖ ਕੌਂਸਲ, ਵਰਲਡ ਸਿੱਖ ਕਾਨਫ਼ਰੰਸ ਜਾਂ 'ਸਰਬਤ ਖਾਲਸਾ' ਜਾਂ ਕੁਝ ਵੀ ਰੱਖਿਆ ਜਾ ਸਕਦਾ ਹੈ। ਇਸ ਜਮਾਤ ਵਿਚ ਕੌਮ ਦੇ ਧਾਰਮਿਕ ਤੇ ਸਮਾਜਕ ਮਸਲੇ ਵਿਚਾਰੇ ਜਾਣ। ਇਸ ਦੀ ਕਾਰਵਾਈ 100% ਖ਼ੁਫ਼ੀਆ ਹੋਵੇ। ਇਸ ਦੀ ਚੋਣ ਪੱਖਪਾਤ-ਰਹਿਤ ਹੋਵੇ। ਇਸ ਵਿਚ ਕੌਮ ਦੇ ਹਰ ਹਿੱਸੇ ਨੂੰ ਨੁਮਾਇੰਦਗੀ ਮਿਲੇ ਤੇ ਵਿਦਵਾਨਾਂ ਦਾ ਇਸ ਵਿਚ ਵੱਡਾ ਰੋਲ ਹੋਵੇ।

ਇਸ ਪਾਰਲੀਮੈਂਟ ਦੀ ਚੋਣ ਕਿਵੇਂ ਹੋਵੇ? ਇਹ ਅਹਿਮ ਸਵਾਲ ਹੈ। ਇਸ ਦਾ ਇਕ ਵਧੀਆ ਤਰੀਕਾ ਇਹ ਹੈ ਕਿ ਹਰ ਇਕ ਇਲਾਕੇ ਵਿਚ, ਸਿਖਾਂ ਦੀ ਆਬਾਦੀ ਮੁਤਾਬਿਕ ਨੁਮਾਇੰਦਗੀ ਹੋਵੇ। ਮਿਸਾਲ ਵਜੋਂ ਪੰਜਾਬ, ਹਰਿਆਣਾ, ਚੰਡੀਗੜ੍ਹ,

ਹਿਮਾਂਚਲ (ਸ਼੍ਰੋਮਣੀ ਕਮੇਟੀ ਦਾ ਖੇਤਰ) ਵਿਚ 65-70% ਸਿੱਖ ਹਨ। ਇਸ ਪਾਰਲੀਮੈਂਟ ਵਿਚ ਏਨੀ ਗਿਣਤੀ ਸ਼ਰੋਮਣੀ ਕਮੇਟੀ ਚੋਂ ਚੁਣੀ ਜਾਵੇ। (ਯਾਨਿ ਜੇ 200 ਮੈਂਬਰਾਂ ਦੀ 'ਸਿੱਖ ਪਾਰਲੀਮੈਂਟ' ਹੋਵੇ ਤਾਂ ਸ਼੍ਰੋਮਣੀ ਕਮੇਟੀ ਚੋਂ 130/140 ਮੈਂਬਰ ਭੇਜੇ ਜਾਣ)। ਇੰਵ ਹੀ ਸਿੱਖ ਅਬਾਦੀ ਦਾ 5% ਦਿੱਲੀ ਵਿਚ ਹਨ ਤੇ ਏਨਾ ਹਿੱਸਾ ਦਿੱਲੀ ਕਮੇਟੀ ਚੋਂ ਚੁਣਿਆ ਜਾਵੇ। ਇੰਵ ਹੀ ਹੋਰ ਸੂਬਿਆ ਤੋਂ ਵਿਦੇਸ਼ਾਂ ਚੋਂ ਨੁਮਇੰਦੇ ਲਏ ਜਾ ਸਕਦੇ ਹਨ। ਇਸ ਤੋਂ ਇਲਾਵਾ ਇਸ ਵਿਚ 20-25 ਵਿਦਵਾਨ ਵੀ ਸ਼ਾਮਿਲ ਕੀਤੇ ਜਾਣ। ਇਹ ਉਹੀ ਵਿਦਵਾਨ ਹੋਣ ਜੋ ਫ਼ਲਸਫ਼ੇ ਦੇ ਮਾਹਿਰ ਹੋਣ ਅਤੇ ਸਿੱਖੀ ਨੂੰ ਪਰਣਾਏ ਹੋਣ (ਯਾਨਿ ਭਾਜਪਾ ਜਾਂ ਕਾਂਗਰਸ ਜਾਂ ਕਮਿਊਨਿਸਟਾਂ ਜਾਂ ਹੋਰਨਾਂ ਦੇ ਅਸਰ ਤੋਂ ਆਜ਼ਾਦ ਹੋਣ)। ਇਨ੍ਹਾਂ ਦੀ ਚੋਣ ਇਕ 'ਕੋਰ ਕਮੇਟੀ' ਕਰੇ ਜਿਸ ਨੂੰ 'ਸਿੱਖ ਪਾਰਲੀਮੈਂਟ' ਚੁਣੇ। ਇਸ ਪਾਰਲੀਮੈਂਟ ਵਿਚ ਸਾਰੇ ਫ਼ੈਸਲੇ ਗੁਰਮਤੇ ਰਾਹੀਂ ਹੋਣ ਜਾਂ ਘਟੋ ਘਟ ਦੋ-ਤਿਹਾਈ ਮੈਂਬਰ ਉਸ ਨੂੰ ਮਨਜ਼ੂਰੀ ਦੇਣ।

ਮੈਂ 1995 ਵਿਚ ਵੀ ਇਸ ਬਾਰੇ ਲਿਖਿਆ ਸੀ ਤੇ ਇਸ ਬਾਰੇ ਵਰਲਡ ਸਿੱਖ ਕਨਵੈਨਸ਼ਨ ਨੂੰ ਮਤਾ ਵੀ ਭੇਜਿਆ ਸੀ ਜਿਸ ਨੂੰ ਮਨਜੀਤ ਸਿੰਘ (ਗ੍ਰੰਥੀ ਕੇਸਗੜ੍ਹ) ਨੇ ਹਾਈਜੈਕ ਕਰ ਲਿਆ ਤੇ ਇਕ ਬੇਮਾਅਨਾ ਜਹੀ 'ਵਿਸ਼ਵ ਸਿੱਖ ਕੌਂਸਲ' ਬਣਾ ਲਈ ਤੇ ਉਹ ਵੀ ਆਪਣੀ ਜੇਬ੍ਹ ਵਿਚ ਪਾ ਲਈ। ਅਜਿਹਾ ਡਰਾਮਾ ਨਹੀਂ ਚਲ ਸਕਣਾ ਸੀ ਤੇ ਨਹੀਂ ਚੱਲਿਆ।

ਪਿੱਛੇ ਜਿਹੇ ਸਿੱਖ ਮਿਸ਼ਨਰੀਆਂ ਤੇ ਵਿਦਵਾਨਾਂ ਨੇ ਇਕ 'ਸਿੱਖ ਪਾਰਲੀਮੈਂਟ' ਕਾਇਮ ਕੀਤੀ ਹੈ ਜਿਸ ਦਾ ਦਫ਼ਤਰ ਰਕਾਬ ਗੰਜ ਦਿੱਲੀ ਵਿਚ ਹੈ। ਉਹ ਵਿਦਵਾਨਾਂ ਦੀ ਜਮਾਤ ਹੈ ਇਸ ਕਰ ਕੇ ਉਹ ਜਾਂ ਉਸ ਦਾ ਆਈਨ 'ਵਰਲਡ ਸਿੱਖ ਜਮਾਤ' ਵਾਂਗ ਕੌਮ ਦੀ ਪੂਰੀ ਨੁਮਾਇੰਦਗੀ ਨਹੀਂ ਕਰ ਸਕਦਾ (ਹਾਲਾਂ ਕਿ ਉਸ ਦਾ ਨਾਂ ਵੀ ਮੈਂ ਹੀ ਦਿੱਤਾ ਸੀ ਤੇ ਮੈਂ ਅਜੇ ਵੀ ਉਸ ਦੀ ਪੰਜ ਮੈਂਬਰੀ 'ਸੁਪਰੀਮ ਕੌਂਸਲ' ਵਿਚ ਹਾਂ)।

ਹਾਂ ਹਲਕੇ-ਵਾਰ ਨੁਮਾਇੰਦਗੀ (ਜਿਸ ਨੂੰ ਮੈਂ ਉੱਪਰ ਪੇਸ਼ ਕੀਤਾ ਹੈ ਜਾਂ ਉਸ ਵਾਂਗ ਕਿਸੇ ਹੋਰ ਤਰੀਕੇ ਦੀ) ਵਾਲੀ ਵਰਲਡ ਸਿੱਖ ਜਮਾਤ ਕਾਮਯਾਬ ਹੋ ਸਕਦੀ ਹੈ। ਵਰਨਾ, ਜੜ੍ਹਾ-ਜਥੇਦਾਰ ਜਾਂ ਅਖੌਤੀ-ਜਥੇਦਾਰ ਵਗੈਰਾ ਦਾ ਨਾਜਾਇਜ਼ ਅਹੁਦਾ ਕੌਮ ਵਾਸਤੇ ਮਸਲੇ ਖੜੇ ਕਰਦਾ ਰਹੇਗਾ ਅਤੇ ਕੌਮ ਦਾ ਨੁਕਸਾਨ ਕਰਦਾ ਰਹੇਗਾ। ਕੌਮ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਇਸ ਬਾਰੇ ਗੁਰੂ ਨਾਨਕ ਸਾਹਿਬ ਦੀ ਸਿਖਿਆ ਮੁਤਾਬਿਕ ਦਲੇਰਾਨਾ ਸਟੈਂਡ ਲੈਣ ਅਤੇ ਰਾਮ ਰਾਏ ਵਾਂਗ ਡਰਨ ਨਾ। ਕੌਮ ਮਰਦਾਂ ਨੂੰ ਕਬੂਲ ਕਰਦੀ ਹੈ, ਤਵਾਰੀਖ਼ ਮਰਦਾਂ ਨੂੰ ਚੇਤੇ ਕਰਦੀ ਹੈ, ਜਿੱਤ ਮਰਦਾਂ ਨੂੰ ਮਿਲਦੀ ਹੈ ਨਾ ਕਿ ਢਿੱਲੇ ਮੱਠਿਆਂ ਨੂੰ। ਆਓ, ਸੱਚੇ ਬਣੋ, ਬਾਬਰ ਨੂੰ ਜਾਬਰ ਕਹੋ, ਪਖੰਡੀ ਪਾਂਡੇ ਨੂੰ ਬਨਾਰਸ ਦੇ ਠੱਗ ਕਹੋ, 'ਕਰਮ ਕਾਂਡ' ਨੂੰ 'ਧਰਮ' ਨਾ ਕਹੋ।

ਗੁਰੂ ਨੇ ਕਿਹਾ ਸੀ: ਬ੍ਰਾਹਮਣ ਸੋ ਜੋ ਬ੍ਰਹਮ ਬੀਚਾਰੇ, ਮੁਸਲਮਾਨ ਸੋ ਜੋ ਮੁਸਲਮਾਨੀ ਧਰਮ ਜੀਵੇ, ਜੋਗੀ ਸੋ ਜੋ ਜੁਗਤ ਪਛਾਨੈ। ਇੰਵ ਹੀ ਸਿੱਖ ਸੋ ਹੀ ਹੈ ਜੋ ਸਿੱਖੀ ਅਸੂਲਾਂ 'ਤੇ ਚੱਲੇ। ਗੁਰੂ ਸਾਨੂੰ ਤਾਂ ਹੀ ਤਾਕਤ ਦੇਵੇਗਾ ਜੇ ਤੁਸੀਂ ਉਸ ਦੇ ਪੂਰਨਿਆਂ ਤੇ ਚਲੋਗੇ ਜੇ ਅਸੀਂ ਰਾਮ ਰਾਏ ਦੇ ਤਰੀਕੇ 'ਤੇ ਚੱਲਾਂਗੇ ਤਾਂ ਗੁਰੂ ਸਾਡੇ ਵੱਲ ਪਿੱਠ ਕਰ ਲਏਗਾ। ਆਓ ਗੁਰੂ ਵਾਲੇ ਬਣੀਏ। 'ਹਿੰਮਤੇ ਮਰਦਾਂ ਮਦਦੇ-ਖ਼ੁਦਾ'।

ਮੁਆਫ਼ੀ ਮੰਗਵਾਉਣ ਵਾਸਤੇ 'ਤਰਲੇ'

ਕਿੰਨੀ ਬੇਗ਼ੈਰਤ ਹੋ ਗਈ ਹੈ ਸਿੱਖ ਕੌਮ ਦੀ ਲੀਡਰਸ਼ਿਪ!

ਸਰਸੇ ਵਾਲੇ ਸਾਧ ਨੇ ਗੁਰੂ ਗੋਬਿੰਦ ਸਿੰਘ ਬਣਨ ਦਾ ਸਵਾਂਗ ਰਚਾਇਆ। ਸਿੱਖਾਂ ਨੂੰ ਭੁੱਲ ਗਿਆ ਕਿ 'ਗੁਰੂ ਨਿੰਦਕ' ਨਾਲ ਕੀ ਸਲੂਕ ਕਰਨਾ ਹੈ। ਬਿਆਨ ਆਉਣ ਲਗ ਪਏ ਕਿ 'ਸਰਸਾ ਵਾਲਾ ਸਾਧ ਮੁਆਫ਼ੀ ਮੰਗੇ'। ਕਈ ਸਿੱਖ ਚੌਧਰੀ ਉਸ ਨੂੰ ਚੋਰੀ-ਛਿਪੇ ਮਿਲੇ ਵੀ, ਪਰ ਉਹ ਆਕੜ ਗਿਆ; ਉਸ ਨੇ ਸ਼ਰਤਾਂ ਰੱਖੀਆਂ। 2007 ਦੀਆਂ ਚੋਣਾਂ ਵਿਚ ਬਾਦਲ ਨੂੰ ਉਸ ਨੇ ਨੁਕਸਾਨ ਪਹੁੰਚਾਇਆ ਸੀ, ਬਾਦਲ ਉਸ ਨੂੰ 'ਠੋਕਣਾ' ਲੋਚਦਾ ਸੀ। ਪਰ ਲੋਕ ਸਭਾ ਦੀਆਂ ਚੋਣਾਂ ਵਿਚ ਉਸ ਨੇ ਬਾਦਲ ਨੂੰ ਵੋਟਾਂ ਪੁਆ ਦਿੱਤੀਆਂ ਤਾਂ ਬਾਦਲ ਸਾਧ ਦਾ ਸਾਥੀ ਬਣ ਗਿਆ।

ਖ਼ੂਨੀ ਨਵੰਬਰ 1984 ਵਿਚ ਦਿੱਲੀ ਤੇ ਹੋਰ ਸੌ-ਕੁ ਸ਼ਹਿਰਾਂ ਤੇ ਪਿੰਡਾਂ ਵਿਚ ਸਿੱਖ ਦਾ ਬੇਰਹਿਮੀ ਨਾਲ ਕਤਲੇਆਮ ਹੋਇਆ। ਲੌਂਗੋਵਾਲ ਨੇ ਗ਼ਦਾਰੀ ਕਰ ਕੇ ਕਾਤਲਾਂ ਨੂੰ ਅਸਿੱਧੀ ਮੁਆਫ਼ੀ ਵੀ ਦੇ ਦਿੱਤੀ। ਪਰ, ਫਿਰ ਵੀ ਸਟੰਟ ਵਜੋਂ ਕੁਝ ਸਿੱਖ ਚੌਧਰੀ ਬਿਆਨ ਦੇ ਛੱਡਦੇ ਰਹੇ (ਤੇ ਹੁਣ ਵੀ ਬਿਆਨ ਦੇ ਛੱਡਦੇ ਹਨ) 'ਸਰਕਾਰ ਮੁਆਫ਼ੀ ਮੰਗੇ'। ਜੂਨ 1984 ਦੇ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੀ ਵੀ ਇਹੋ ਜਿਹੀ 'ਮੁਆਫ਼ੀ ਮੰਗਵਾਉਣ' ਬਾਰੇ ਬਿਆਨ ਆਏ ਤੇ ਆਉਂਦੇ ਰਹਿੰਦੇ ਹਨ।

ਕਿੰਨੀ ਸ਼ਰਮ ਦੀ ਗੱਲ ਹੈ ਕਿ ਮੁਆਫ਼ੀ ਮੰਗਵਾਉਣ ਵਾਸਤੇ ਤਰਲੇ ਕੀਤੇ ਜਾ ਰਹੇ ਹਨ! ਕਿੰਨੇ ਬੇਗ਼ੈਰਤ ਹੋ ਗਏ ਹਨ ਸਿੱਖ ਆਗੂ ਕਿ ਸਜ਼ਾ ਦੇਣ ਦੀ ਬਜਾਏ ਮੁਆਫ਼ੀ ਮੰਗਵਾਉਣ ਵਾਸਤੇ ਮਿੰਨਤਾਂ ਕੀਤੀਆਂ ਜਾ ਰਹੀਆਂ ਹਨ, ਵਿਚੋਲਿਆਂ ਤੋਂ 'ਅਰਜ਼ਾਂ' ਕਰਵਾਈਆਂ ਜਾ ਰਹੀਆਂ ਹਨ: "ਪਲੀਜ਼ ਸਾਡੇ ਤੋਂ ਮੁਆਫ਼ੀ ਮੰਗ ਲਓ!" ਕਿੰਨਾ ਗਿਰ ਚੁਕੇ ਹਨ ਇਹ ਚੌਧਰੀ! ਕਿੰਨੇ ਬੇਵਕੂਫ਼ ਬਣ ਚੁਕੇ (ਤੇ ਬਣ ਰਹੇ ਹਨ) ਆਮ ਸਿੱਖ ਕਿ ਅਜੇ ਵੀ ਇਨ੍ਹਾਂ ਚੌਧਰੀਆਂ ਦੇ ਟੇਟੇ ਚੜ੍ਹੇ ਹੋਏ ਹਨ।

ਫਿਰ, **ਮੁਆਫ਼ੀ ਤਾਂ ਉਸ ਨੂੰ ਦਿੱਤੀ ਜਾਂਦੀ ਹੈ ਜੋ ਮਾਸੂਮ ਹੋਵੇ, ਦਿਲੋਂ ਸ਼ਰਮਿੰਦਾ ਹੋਵੇ ਤੇ ਮੁੜ ਕੇ ਗ਼ਲਤੀ ਨਾ ਕਰਨਾ ਚਾਹਵੇ। ਮੁਆਫ਼ੀ ਮੰਗੀ ਜਾਂਦੀ ਹੈ ਮੰਗਵਾਈ ਨਹੀਂ। ਗੀਦੀ, ਬੁਜ਼ਦਿਲ, ਬੇਦਿਲ, ਕਮਜ਼ੋਰ, ਨਾਅਹਿਲ, ਸਜ਼ਾ ਨਾ ਦੇ ਸਕਣ ਵਾਲੇ ਲੋਕ ਮੁਆਫ਼ੀ ਮੰਗਵਾਉਂਦੇ ਹਨ ਕਿਉਂ ਕਿ ਉਹ ਸਜ਼ਾ ਦੇਣ ਦੇ ਕਾਬਿਲ ਨਹੀਂ ਹੁੰਦੇ।** ਕਲ੍ਹ ਨੂੰ ਕੋਈ ਕਹੇਗਾ ਜ਼ਕਰੀਆ, ਮੀਰ ਮੰਨੂ, ਅਹਿਮਦ ਸ਼ਾਹ ਦੁੱਰਾਨੀ, ਮੱਸਾ ਰੰਘੜ (ਉਨ੍ਹਾਂ ਦੇ ਵਾਰਿਸ ਹੀ ਸਹੀ) ਸਿੱਖਾਂ 'ਤੇ ਜ਼ੁਲਮ ਕਰਨ ਦੀ ਮੁਆਫ਼ੀ ਮੰਗ ਲੈਣ! **ਕਿੰਨਾ ਸ਼ਰਮਨਾਕ ਨਿਘਾਰ ਹੈ ਸਿੱਖ ਕੌਮ ਦਾ, ਜੋ ਸਜ਼ਾ ਦੇਣ ਦੀ ਥਾਂ 'ਤੇ ਮੁਆਫ਼ੀਆਂ ਮੰਗਵਾਉਣ ਵਾਸਤੇ ਤਰਲੇ ਲੈ ਰਹੀ ਹੈ।**

ਗੁਰੂ ਨਾਨਕ ਸਾਹਿਬ ਕਿ ਗੁਰੂ ਨਾਨਕ ਦੇਵ

ਕੁਝ ਲਿਖਾਰੀ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ "ਦੇਵ" ਲਿਖਦੇ ਹਨ। ਅਜਿਹੇ ਲੋਕ ਗੁਰੂ ਅੰਗਦ ਸਾਹਿਬ ਅਤੇ ਗੁਰੂ ਅਰਜਨ ਸਾਹਿਬ ਦੇ ਨਾਂ ਨਾਲ ਵੀ "**ਦੇਵ**" ਲਿਖਦੇ ਹਨ। ਇਹ ਬਿਲਕੁਲ ਗ਼ਲਤ ਹੈ। ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਤੇ ਗੁਰੂ ਅਰਜਨ ਸਾਹਿਬ ਵਿਚੋਂ ਕਿਸੇ ਦੇ ਨਾਂ ਨਾਲ "ਦੇਵ" ਕਦੇ ਵੀ ਨਹੀਂ ਸੀ ਤੇ ਇਹ ਲਿਖਣ ਦੀ ਰੀਤ ਕੁਝ ਕੁ ਦੁਹਾਕਿਆਂ ਦੀ ਹੈ ਇਸ ਪਿੱਛੇ ਕੋਈ ਸ਼ਰਾਰਤ ਸੀ ਜਾਂ ਅਨਜਾਣਤਾ-ਇਹ ਤਾਂ ਵਾਹਿਗੁਰੂ ਹੀ ਜਾਣਨ। ਪਰ ਇਹ ਗ਼ਲਤ ਰੀਤ ਅਜਿਹੀ ਚੱਲੀ ਕਿ '**ਸ੍ਰੀ**' ਦੀ ਵਰਤੋਂ ਵਾਂਗ 'ਦੇਵ' ਵੀ ਸਿੱਖਾਂ ਵਿਚ ਵੜਦਾ ਤੇ ਮਨਜ਼ੂਰ ਹੁੰਦਾ ਚਲਾ ਗਿਆ।

ਇਕ ਲੇਖਕ ਨੇ ਇਹ ਪਿਰਤ ਸ਼ੁਰੂ ਹੋਣ ਬਾਰੇ ਇਹ ਦਲੀਲ ਦਿੱਤੀ ਕਿ ਬਾਕੀ ਗੁਰੂ ਸਾਹਿਬਾਨਾਂ ਦੇ ਨਾਂ ਦੋ ਲਫ਼ਜ਼ਾਂ ਵਾਲੇ ਹਨ (ਜਿਵੇਂ ਗੁਰੂ ਅਮਰ ਦਾਸ, ਗੁਰੂ ਰਾਮ ਦਾਸ, ਗੁਰੂ ਹਰਿਗੋਬਿੰਦ, ਗੁਰੂ ਹਰਿ ਰਾਇ, ਗੁਰੂ ਹਰਕ੍ਰਿਸ਼ਨ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ), ਪਰ ਤਿੰਨ ਗੁਰੂ (ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਰਜਨ) ਸਾਹਿਬ ਦੇ ਨਾਂ ਦਾ ਇੱਕੋ ਲਫ਼ਜ਼ ਹੀ ਸੀ, ਸੋ ਇਸ ਕਰ ਕੇ 'ਦੇਵ' ਲਾ ਦੇਣਾ ਠੀਕ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਨੁਕਤਾ ਗ਼ਲਤ ਹੈ ਕਿ ਹਰਗੋਬਿੰਦ ਤੇ ਹਰਕ੍ਰਿਸ਼ਨ ਵਿਚ ਦੋ-ਦੋ ਲਫ਼ਜ਼ ਹਨ ਬਲਕਿ ਇਹ ਦੋਵੇਂ ਨਾਂ ਇਕ-ਇਕ ਲਫ਼ਜ਼ ਦੇ ਹਨ। ਦੂਜਾ, ਇਹ ਹਾਸੋ-ਹੀਣੀ ਦਲੀਲ ਹੈ ਕਿ ਜੇ ਸੱਤ (ਜਾਂ ਪੰਜ) ਗੁਰੂ ਸਾਹਿਬਾਨ ਦੇ ਨਾਂ ਨਾਲ ਦੋ ਲਫ਼ਜ਼ ਹਨ ਤਾਂ ਬਰਾਬਰਤਾ ਵਾਸਤੇ ਇਕ ਲਫ਼ਜ਼ ਪਾ ਦਿੱਤਾ ਜਾਏ। ਜੋ ਅਸਲ ਨਾਂ ਹੈ, ਉਹੀ ਕਿਉਂ ਨਾ ਰਹਿਣ ਦਿੱਤਾ ਜਾਏ ਤੇ ਨਾਂ ਬਦਲਿਆ ਜਾਂ ਵਿਗਾੜਿਆ ਕਿਉਂ ਜਾਵੇ।

ਇਕ ਹੋਰ ਸੱਜਣ ਨੇ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ '**ਦੇਵ**' ਜਾਂ '**ਦੇਉ**' ਲਫ਼ਜ਼ ਘਟੋ-ਘਟ 28 ਸਫ਼ਿਆਂ 'ਤੇ ਆਉਂਦਾ ਹੈ। ਇਨ੍ਹਾਂ ਵਿਚੋਂ ਕੁਝ ਜਗ੍ਹਾ 'ਤੇ '**ਨਾਨਕ ਦੇਉ**' ਵੀ ਆਉਂਦਾ ਹੈ ਅਤੇ 1409 ਸਫ਼ੇ 'ਤੇ 'ਜਪ੍ਉ ਜਿਨ **ਅਰਜਨੁ ਦੇਵ** ਗੁਰੁ...' ਵੀ ਆਉਂਦਾ ਹੈ। ਜੇ ਗੁਰੂ ਗ੍ਰੰਥ ਸਾਹਿਬ ਵਿਚ 'ਦੇਵ' ਲਫ਼ਜ਼ ਮਿਲਦਾ ਹੈ ਤਾਂ ਗੁਰੂ ਸਾਹਿਬ ਦੇ ਨਾਂ ਦਾ ਹਿੱਸਾ ਹੀ ਮੰਨ ਲੈਣਾ ਚਾਹੀਦਾ ਹੈ। ਇਹ ਦਲੀਲ ਵੀ ਬੇ-ਮਾਅਨਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਦਾ ਨਾਂ ਸਾਰੇ ਸ਼ਬਦਾਂ ਦੇ ਆਖ਼ਰੀ ਹਿੱਸੇ ਵਿਚ ਆਉਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੰਜ ਕੁ ਹਾਰ ਵਾਰੀ "ਨਾਨਕ", ਪੰਜਾਹ-ਸੱਠ ਵਾਰੀ ਨਾਨਕੁ ਅਤੇ ਦੋ ਦਰਜਨ ਵਾਰੀ ਵਾਰੀ "ਨਾਨਕਿ" ਆਉਂਦਾ ਹੈ ਪਰ 'ਦੇਉ' ਲਫ਼ਜ਼ (ਦੇਵ ਨਹੀਂ) ਗੁਰੂ ਸਾਹਿਬ ਦੇ ਨਾਂ ਦੇ ਨੇੜੇ ਸ਼ਾਇਦ ਸਿਰਫ਼ 4-5

ਵਾਰ ਆਇਆ ਹੈ (ਸਫ਼ਾ 150, 430, 1102, 1305) ਤੇ ਸਫ਼ਾ 1358 'ਤੇ 'ਨਾਨਕ ਗੁਰਦੇਵ' ਵੀ ਆਇਆ ਹੈ। ਆਓ, ਇਸ ਦਾ ਮਾਅਨਾ ਵਿਚਾਰੀਏ।

ਗੁਰੂ ਗ੍ਰੰਥ ਸਾਹਿਬ 'ਚ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਇਕ ਥਾਂ '**ਨਾਨਕ ਰਾਮ**' ਤੇ ਇਕ ਥਾਂ 'ਤੇ '**ਨਾਨਕ ਚੰਦ**' ਵੀ ਆਇਆ ਹੈ:

ਸਿਖ੍ਯਾ ਸੰਤ ਨਾਮੁ ਭਜੁ, ਨਾਨਕ, ਰਾਮ ਰੰਗਿ, ਆਤਮ ਸਿਉ ਰੰਉ ॥ (ਸਫ਼ਾ 1387)

ਇਸ ਉਪਰਲੀ ਤੁਕ ਵਿਚ ਗੁਰੂ ਨਾਨਕ ਸਾਹਿਬ ਦੇ ਨਾਂ ਦੇ ਪਿੱਛੇ 'ਰਾਮ' ਹੈ। ਹਾਲਾਂਕਿ ਨਾਨਕ ਤੋਂ ਮਗਰੋਂ ਫ਼ਿਕਰਾ ਟੁੱਟਦਾ ਹੈ ਤੇ 'ਕਾਮਾ' ਲੱਗਦਾ ਹੈ ਅਤੇ "ਰਾਮ ਰੰਗਿ ਆਤਮ ਸਿਉ ਰੰਉ" ਵੱਖਰਾ ਹਿੱਸਾ ਹੈ। ਕੋਈ ਭੋਲਾ ਬੰਦਾ ਇਸ ਤੁਕ ਦਾ ਮਾਅਨਾ ਨਾ ਸਮਝਦਾ ਹੋਇਆ, ਗੁਰੂ ਨਾਨਕ ਸਾਹਿਬ ਦਾ ਨਾਂ 'ਨਾਨਕ ਰਾਮ' ਲਿਖ ਸਕਦਾ ਹੈ।

ਪ੍ਰਥਮੇ ਨਾਨਕ ਚੰਦੁ, ਜਗਤ ਭਯੋ ਆਨੰਦੁ,
ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ ॥ (ਸਫ਼ਾ 1399)

ਉਪਰਲੀ ਤੁਕ ਤੋਂ ਕੋਈ ਬੇਸਮਝ ਸ਼ਖ਼ਸ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ 'ਚੰਦ' ਲਿਖ ਦੇਵੇ ਤਾਂ ਇਸ ਨੂੰ ਮਨਜ਼ੂਰ ਨਹੀਂ ਕੀਤਾ ਜਾ ਸਕਦਾ। ਇਥੇ 'ਚੰਦ' ਦਾ ਮਾਅਨਾ ਇਹ ਹੈ ਕਿ ਗੁਰੂ ਨਾਨਕ ਸਾਹਿਬ ਦੁਨੀਆਂ ਵਿਚ ਚੰਨ-ਰੂਪ ਪ੍ਰਗਟ ਹੋਏ ਅਤੇ ਮਨੁੱਖਾਂ ਨੂੰ ਤਾਰਨ ਵਾਸਤੇ ਪ੍ਰਕਾਸ਼ ਕੀਤਾ।

ਹੁਣ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਦੇ ਨਾਂ ਨੇੜੇ 'ਦੇਵ' ਵਾਲੀਆਂ ਤੁਕਾਂ ਦਾ ਵਿਚਾਰ ਕਰੀਏ:

ਦੀਖਿਆ ਆਖਿ ਬੁਝਾਇਆ, ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ, ਜਿਨ ਗੁਰੁ, ਨਾਨਕ, ਦੇਉ ॥ (ਸਫ਼ਾ 150)

ਇਸ ਤੁਕ ਦਾ ਮਾਅਨਾ ਹੈ: "ਹੇ ਨਾਨਕ! ਜਿਨ੍ਹਾਂ ਦਾ ਗੁਰਦੇਵ ਹੈ (ਭਾਵ ਜਿਨ੍ਹਾਂ ਦੇ ਸਿਰ 'ਤੇ ਗੁਰਦੇਵ), ਜਿਨ੍ਹਾਂ ਨੂੰ (ਗੁਰੂ ਨੇ) ਸਿੱਖਿਆ ਦੇ ਕੇ ਗਿਆਨ ਦਿੱਤਾ ਹੈ ਤੇ ਸਿਫ਼ਤਿ-ਸਾਲਾਹ ਦੀ ਰਾਹੀਂ ਸੱਚ ਨਾਲ ਜੋੜਿਆ ਹੈ, ਉਨ੍ਹਾਂ ਨੂੰ ਕਿਸੇ ਹੋਰ ਉਪਦੇਸ਼ ਦੀ ਲੋੜ ਨਹੀਂ ਰਹਿੰਦੀ। (ਭਾਵ ਪ੍ਰਭੂ ਦੇ ਨਾਮ ਵਿਚ ਜੁੜਨ ਦੀ ਸਿੱਖਿਆ ਤੋਂ ਉੱਚੀ ਹੋਰ ਕੋਈ ਸਿੱਖਿਆ ਨਹੀਂ ਹੈ)।" ਇਹ ਮਾਅਨੇ ਪ੍ਰਿੰਸੀਪਲ ਸਾਹਿਬ ਸਿੰਘ ਜੀ ਨੇ ਕੀਤੇ ਹਨ। ਮੈਂ ਇਸ ਨੂੰ ਇੰਵ ਪੇਸ਼ ਕੀਤਾ ਸੀ, "ਜਿਨ੍ਹਾਂ ਨੂੰ ਗੁਰੂ ਸੂਝ ਦਿੰਦਾ ਹੈ, ਉਨ੍ਹਾਂ ਨੂੰ ਹੋਰ ਉਪਦੇਸ਼ ਦੀ ਲੋੜ ਨਹੀਂ ਰਹਿੰਦੀ। (ਭਾਵ ਪ੍ਰਭੂ ਦੇ ਨਾਮ ਵਿਚ ਜੁੜਨ ਦੀ ਸਿੱਖਿਆ ਤੋਂ ਉੱਚੀ ਹੋਰ ਕੋਈ ਸਿੱਖਿਆ ਨਹੀਂ ਹੈ)।" ਹਾਲਾਂਕਿ ਦੋਹਾਂ ਮਾਅਨਿਆਂ ਦਾ ਭਾਵ-ਅਰਥ ਇਕੋ ਹੀ ਹੈ। ਪਰ ਇਹ ਸਪਸ਼ਟ ਹੈ ਕਿ ਇਸ ਤੁਕ ਵਿਚ 'ਦੇਉ' ਗੁਰੂ ਨਾਨਕ ਸਾਹਿਬ ਦੇ ਨਾਂ ਦਾ ਪਿਛੇਤਰ ਨਹੀਂ ਹੈ। ਇਥੇ 'ਦੇਉ' ਗੁਰੂ ਨਾਨਕ ਸਾਹਿਬ ਨੂੰ 'ਦੇਵ' ਆਖਣ ਵਾਸਤੇ ਨਹੀਂ ਹੈ।

ਸੋ ਵਸੈ ਇਤੁ ਘਰਿ ਜਿਸੁ ਗੁਰੂ ਪੂਰਾ ਸੇਵ ॥
ਅਬਿਚਲ ਨਗਰੀ, ਨਾਨਕ, ਦੇਵ ॥ *(ਸਫ਼ਾ 430)*

ਇਸ ਤੁਕ ਦਾ ਮਾਅਨਾ ਹੈ: ਹੇ ਨਾਨਕ ! ਪੂਰਾ ਗੁਰੂ ਜਿਸ ਮਨੁੱਖ ਨੂੰ ਪ੍ਰਭੂ ਦੀ ਸੇਵਾ-ਭਗਤੀ ਦੀ ਦਾਤ ਬਖ਼ਸ਼ਦਾ ਹੈ, ਉਹ ਇਸ (ਐਸੇ ਹਿਰਦੇ) ਘਰ ਵਿਚ ਵੱਸਦਾ ਰਹਿੰਦਾ ਹੈ, ਜੋ ਪ੍ਰਮਾਤਮਾ ਦੇ ਰਹਿਣ ਵਾਸਤੇ (ਵਿਕਾਰਾਂ ਵਿਚ) ਕਦੇ ਨਾ ਡੋਲਣ ਵਾਲੀ ਨਗਰੀ ਬਣ ਜਾਂਦਾ ਹੈ। ਇਸ ਤੁਕ ਵਿਚ 'ਦੇਵ' ਵਾਹਿਗੁਰੂ ਵਾਸਤੇ ਹੈ ਨਾ ਕਿ ਗੁਰੂ ਸਾਹਿਬ ਦੇ ਨਾਂ ਦਾ ਹਿੱਸਾ ।

ਬੋਹਿਥੁ, ਨਾਨਕ, ਦੇਉ ਗੁਰੁ, ਜਿਸੁ ਹਰਿ ਚੜਾਏ ਤਿਸੁ ਭਉਜਲੁ ਤਰਣਾ॥ *(ਸਫ਼ਾ 1102)*

ਇਸ ਤੁਕ ਦਾ ਮਾਅਨਾ ਹੈ: ਹੇ ਨਾਨਕ! ਗੁਰਦੇਉ (ਰੂਹਾਨੀ) ਜਹਾਜ਼ ਹੈ, ਹਰੀ ਨੇ ਇਸ ਜਹਾਜ਼ ਵਿਚ ਜਿਸ ਨੂੰ ਬਿਠਾ ਦਿੱਤਾ ਹੈ, ਉਸ ਨੇ ਇਸ ਦੁਨੀਆਂ ਦੇ ਭਉ-ਸਾਗਰ ਨੂੰ ਤਰ ਲਿਆ ਹੈ । ਇਸ ਤੁਕ ਵਿਚ ਦੇਉ 'ਗੁਰਦੇਉ' ਦਾ ਹਿੱਸਾ ਹੈ, ਨਾ ਕਿ ਗੁਰੂ ਨਾਨਕ ਸਾਹਿਬ ਦੇ ਨਾਂ ਦਾ ਪਿਛੇਤਰ।

ਦਰਸਨ ਪਿਆਸ ਬਹੁਤੁ ਮਨਿ ਮੇਰੈ ॥
ਮਿਲੁ, ਨਾਨਕ, ਦੇਵ ਜਗਤਗੁਰ ਕੇਰੈ ॥ *(ਸਫ਼ਾ 1304)*

ਇਸ ਤੁਕ ਦਾ ਮਾਅਨਾ ਹੈ: ਹੇ ਜਗਤ ਦੇ ਗੁਰਦੇਵ! ਮੇਰੇ ਮਨ ਵਿਚ ਤੇਰੇ ਦਰਸਨ ਦੀ ਬਹੁਤ ਪਿਆਸ ਹੈ, (ਮੈਨੂੰ) ਨਾਨਕ ਨੂੰ, ਮਿਲਾ। ਇਸ ਤੁਕ ਵਿਚ ਵੀ 'ਦੇਵ' 'ਗੁਰਦੇਵ' ਦਾ ਹਿੱਸਾ ਹੈ ਨਾ ਕਿ ਗੁਰੂ ਨਾਨਕ ਸਾਹਿਬ ਦੇ ਨਾਂ ਦਾ ਹਿੱਸਾ। ਇੰਞ ਹੀ ਗੁਰੂ ਅਰਜਨ ਸਾਹਿਬ ਦੇ ਨਾਂ ਦੇ ਪਿੱਛੇ ਦੇਵ (ਸਫ਼ਾ 1409) ਵਾਲੀ ਤੁਕ :

ਜਪ੍ਹਉ ਜਿਨ੍ਹ ਅਰਜਨ, ਦੇਵ ਗੁਰੂ, ਫਿਰਿ ਸੰਕਟ ਜੋਨਿ ਗਰਭ ਨ ਆਯਉ ॥

ਇਸ ਤੁਕ ਦਾ ਮਾਅਨਾ ਹੈ: ਜਿਨ੍ਹਾਂ ਨੇ ਗੁਰਦੇਵ ਅਰਜਨ (ਸਾਹਿਬ) ਨੂੰ ਜਪਿਆ ਹੈ, ਉਹ ਗਰਭ-ਜੂਨ ਦੇ ਦੁੱਖਾਂ (ਦੇ ਡਰ) ਵਿਚ ਨਹੀਂ ਆਉਂਦੇ। ਇਥੇ ਵੀ 'ਦੇਵ' 'ਗੁਰਦੇਵ' ਦਾ ਹੀ ਹਿੱਸਾ ਹੈ, ਨਾ ਕਿ ਗੁਰੂ ਅਰਜਨ ਸਾਹਿਬ ਦੇ ਨਾਂ ਦਾ ਹਿੱਸਾ। ਹੁਣ ਇਸ ਤੋਂ ਇਲਾਵਾ ਵੀ ਗੁਰੂ ਗ੍ਰੰਥ ਸਾਹਿਬ ਵਿਚ ਤਕਰੀਬਨ 20 ਕੁ ਹੋਰ ਜਗਹ 'ਤੇ 'ਦੇਵ' ਜਾ 'ਦੇਉ' ਇਨ੍ਹਾਂ ਮਾਅਨਿਆਂ ਵਿਚ ਆਉਂਦਾ ਹੈ। ਇਹ ਸਫ਼ੇ ਹਨ: 108, 155, 405, 469, 479, 522, 694, 795-96, 871, 943, 1129, 1142, 1149, 1172, 1173, 1180, 1183, 1192, 1338, 1353, 1389 ਵਗੈਰਾ।

ਇਨ੍ਹਾਂ ਸਾਰੇ ਸਫ਼ਿਆਂ 'ਤੇ 'ਦੇਵ ਅਤੇ 'ਦੇਉ' ਲਫ਼ਜ਼ਾਂ ਦਾ ਮਾਅਨਾ ਵਾਹਿਗੁਰੂ ਜਾਂ ਗੁਰਦੇਵ ਜਾਂ ਦੇਵਤਾ ਹੈ ਤੇ ਹੋਰ ਕੁਝ ਵੀ ਨਹੀਂ। ਮਿਸਾਲ ਵਜੋਂ :

ਗੁਰੁ ਜੈਸਾ ਨਾ ਹੀ ਕੋ ਦੇਵ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ॥ *(ਸਫ਼ਾ 1142)*
ਹਰਿ ਸਿਮਰਤ ਕਿਛੁ ਚਾਖੁ ਨ ਜੋਹੈ॥ ਹਰਿ ਸਿਮਰਤ ਦੈਤ ਦੇਉ ਨ ਪੋਹੈ॥
(ਸਫ਼ਾ 1149)

ਰੰਗੁ ਲਾਗਾ ਅਤਿ ਲਾਲ ਦੇਵ॥ *(ਸਫ਼ਾ 1180)*

ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ॥
ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭੂ ਕੀ ਸੇਵ॥ (ਸਫ਼ਾ 405)
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ॥
ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ॥ (ਸਫ਼ਾ 522)
ਘਟਿ ਘਟਿ ਸੁੰਨ ਕਾ ਜਾਣੈ ਭੇਉ॥ ਆਦਿ ਪੁਰਖੁ ਨਿਰੰਜਨ ਦੇਉ॥ (ਸਫ਼ਾ 943)

ਇਹ ਅਤੇ ਬਾਕੀ ਸਫ਼ਿਆਂ ਵਿਚ ਜਿਥੇ ਵੀ 'ਦੇਵ' ਜਾਂ 'ਦੇਉ' ਆਇਆ ਹੈ, ਉਹ ਦੇਵਤਾ, ਗੁਰਦੇਵ, ਵਾਹਿਗੁਰੂ ਦੇ ਮਾਅਨਿਆਂ ਵਿਚ ਹੀ ਆਇਆ ਹੈ, ਨਾ ਕਿ ਗੁਰੂ ਨਾਨਕ ਸਾਹਿਬ ਦੇ ਨਾਂ ਦੇ ਹਿੱਸੇ ਵਜੋਂ।

ਗੁਰੂ ਗ੍ਰੰਥ ਸਾਹਿਬ ਵਿਚ 'ਸੱਤਾ ਤੇ ਬਲਵੰਡ ਦੀ ਵਾਰ' 'ਭੱਟਾਂ ਦੇ ਸ੍ਵੈਯੈ' ਵਿਚ ਵੀ ਕਿਸੇ ਥਾਂ ਵੀ, ਕਿਸੇ ਵੀ ਗੁਰੂ ਦੇ ਨਾਂ ਨਾਲ ਵੀ, "ਦੇਵ" ਨਹੀਂ ਲਾਇਆ ਹੋਇਆ। ਗੁਰੂ ਗ੍ਰੰਥ ਸਾਹਿਬ ਵਿਚਲੀ ਇਸ ਭੱਟਾਂ ਦੀ ਬਾਣੀ ਨੂੰ ਤਾਂ ਗੁਰੂ ਅਰਜਨ ਸਾਹਿਬ ਨੇ ਖ਼ੁਦ ਮਨਜ਼ੂਰੀ ਦਿੱਤੀ ਸੀ।

ਗੁਰੂ ਨਾਨਕ ਸਾਹਿਬ ਦੀ ਤਵਾਰੀਖ਼ ਨੂੰ ਪੇਸ਼ ਕਰਨ ਵਾਲੀਆਂ ਮੁੱਖ ਜਨਮਸਾਖੀਆਂ ਇਹ ਹਨ:

1. *ਵਲਾਇਤ ਵਾਲੀ ਜਨਮਸਾਖੀ*
2. *ਮਿਹਰਬਾਨ ਵਾਲੀ ਜਨਮਸਾਖੀ*
3. *ਭਾਈ ਬਾਲੇ ਵਾਲੀ ਜਨਮਸਾਖੀ*
4. *ਭਾਈ ਮਨੀ ਸਿੰਘ ਦੇ ਨਾਂ ਨਾਲ ਜੋੜੀ ਜਾਂਦੀ ਜਨਮਸਾਖੀ*
5. *ਪੁਰਾਤਨ ਜਨਮਸਾਖੀ*

ਇਨ੍ਹਾਂ ਵਿਚੋਂ ਕਿਸੇ ਦੇ ਲਿਖਾਰੀ ਨੇ ਵੀ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ 'ਦੇਵ' ਨਹੀਂ ਲਿਖਿਆ। ਇਹ ਕਿਤਾਬਾਂ ਸਿੱਖ ਤਵਾਰੀਖ਼ ਦੀਆਂ ਸਭ ਤੋਂ ਪੁਰਾਣੀਆਂ ਕਿਤਾਬਾਂ ਮੰਨੀਆਂ ਜਾਂਦੀਆਂ ਹਨ।

ਜੋ ਅਰਦਾਸ ਅਜ ਕਲ੍ਹ ਆਮ ਚਲਦੀ ਹੈ ਤੇ ਸ਼੍ਰੋਮਣੀ ਕਮੇਟੀ ਵੱਲੋਂ ਛਪੀ 'ਰਹਿਤ ਮਰਿਆਦਾ' ਵਿਚ ਵੀ ਸ਼ਾਮਿਲ ਹੈ। ਇਸ ਵਿਚ ਵੀ ਗੁਰੂ ਨਾਨਕ ਸਾਹਿਬ ਜਾਂ ਦੂਜੇ ਤੇ ਪੰਜਵੇਂ ਨਾਨਕ ਨਾਲ 'ਦੇਵ' ਨਹੀਂ ਲਾਇਆ ਗਿਆ:

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਏ ॥
ਫਿਰ ਅੰਗਦ ਗੁਰ ਤੇ ਅਮਰ ਦਾਸ ਰਾਮ ਦਾਸੈ ਹੋਈਂ ਸਹਾਇ ॥
ਅਰਜਨ ਹਰਿਗੋਬਿੰਦ ਨੋ ਸਿਮਰੋ ਸ੍ਰੀ ਹਰਿ ਰਾਇ ॥....

ਬਚਿਤ੍ਰ ਨਾਟਕ ਦੇ ਲਿਖਾਰੀ (ਇਹ ਲਿਖਾਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਹੀਂ ਹਨ) ਨੇ ਵੀ ਨਾਨਕ ਸਾਹਿਬ ਦੇ ਨਾਂ ਨਾਲ 'ਦੇਵ' ਨਹੀਂ ਬਲਕਿ 'ਰਾਇ' ਲਿਖਿਆ ਹੈ:

*ਤਿਨ ਬੇਦੀਯਨ ਕੀ ਕੁਲ ਬਿਖੇ ਪ੍ਰਗਟੇ **ਨਾਨਕ ਰਾਇ**॥*

ਹਾਲਾਂ ਕਿ ਇਥੇ 'ਰਾਇ' ਤੋਂ ਭਾਵ ਬਾਦਸ਼ਾਹ, ਰੂਹਾਨੀ ਪਾਤਿਸ਼ਾਹ ਹੈ, ਨਾ ਕਿ ਇਹ ਗੁਰੂ ਜੀ ਦਾ ਨਾਂ 'ਨਾਨਕ ਰਾਇ' ਹੈ।

ਜਨਸਾਖੀਆਂ ਤੋਂ ਮਗਰੋਂ ਪੰਜਾਬੀ ਵਿਚ ਜਿੰਨੀਆਂ ਵੀ ਵਾਰਾਂ ਗੁਰੂ ਸਾਹਿਬ ਬਾਰੇ ਲਿਖੀਆਂ ਗਈਆਂ ਸਨ, ਉਨ੍ਹਾਂ ਵਿਚੋਂ ਮੁੱਖ ਹਨ :

ਰਾਮਕਲੀ ਦੀ ਵਾਰ (ਸੱਤਾ ਤੇ ਬਲਵੰਡ)
ਵਾਰ ਬਾਬੇ ਨਾਨਕ ਜੀ ਦੀ (ਭਾਈ ਗੁਰਦਾਸ)
ਕੜਖੇ ਪਾਤਸ਼ਾਹ ਦਸਵੇਂ ਕੇ (ਸੈਣ ਸਿੰਘ)
ਪਉੜੀਆਂ ਗੁਰੂ ਗੋਬਿੰਦ ਸਿੰਘ ਜੀ ਕੀਆਂ (ਮੀਰ ਮੁਸ਼ਕੀ ਤੇ ਛਬੀਲਾ)
ਜੁਧ ਗੁਰੂ ਗੋਬਿੰਦ ਸਿੰਘ ਜੀ ਕਾ (ਅਣੀ ਰਾਇ)
ਵਾਰ ਪਾਤਸ਼ਾਹੀ ਦਸਵੀਂ ਕੀ (ਅਗਿਆਤ)
ਵਾਰ ਭੇੜੇ ਕੀ ਪਾਤਸ਼ਾਹੀ ਦਸ (ਅਗਿਆਤ)
ਵਾਰ ਭੰਗਾਣੀ ਕੀ (ਅਗਿਆਤ)
ਜੁੱਧ-ਚਰਿਤ੍ਰ ਗੁਰੂ ਗੋਬਿੰਦ ਸਿੰਘ ਜੀ ਕਾ (ਵੀਰ ਸਿੰਘ ਬੱਲ)
ਵਾਰ ਅੰਮ੍ਰਿਤਸਰ ਕੀ (ਦਰਸ਼ਨ ਭਗਤ)
ਵਾਰ ਸਰਬ ਲੋਹ ਕੀ (ਅਗਿਆਤ)
ਵਾਰ ਕਲਿਆਨ ਕੀ (ਖ਼ੁਸ਼ਹਾਲ ਚੰਦ)

ਇਨ੍ਹਾਂ ਵਾਰਾਂ ਵਿਚ ਜਿੱਥੇ ਕਿਤੇ ਵੀ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਜਾਂ ਗੁਰੂ ਅਰਜਨ ਸਾਹਿਬ ਦਾ ਨਾਂ ਆਇਆ ਹੈ, ਉਥੇ ਗੁਰੂ ਸਾਹਿਬ ਦੇ ਨਾਂ ਨਾਲ 'ਦੇਵ' ਨਹੀਂ ਆਇਆ ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਕਈ ਜਗ੍ਹਾ ਲਫ਼ਜ਼ 'ਦੇਉ' ਆਇਆ ਹੈ। ਵਾਰ 3 (ਪਉੜੀ 2, ਪਉੜੀ 12), ਵਾਰ 13 (ਪਉੜੀ 25), ਵਾਰ 15 (ਪਉੜੀ 2), ਵਾਰ 24 (ਪਉੜੀ 1), ਵਾਰ 24 (ਪਉੜੀ 25), ਵਾਰ 28 (ਪਉੜੀ 11), ਵਾਰ 38 (ਪਉੜੀ 20), ਵਗੈਰਾ। ਹਾਲਾਂਕਿ ਪਹਿਲੀ ਵਾਰ ਪੂਰੀ ਦੀ ਪੂਰੀ ਗੁਰੂ ਨਾਨਕ ਸਾਹਿਬ ਬਾਰੇ ਹੈ ਤੇ ਉਥੇ ਕਿਤੇ ਵੀ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ 'ਦੇਵ' ਨਹੀਂ ਲੱਗਾ ਹੋਇਆ। ਉੱਪਰ ਜ਼ਿਕਰ ਕੀਤੀਆਂ 8 ਪਉੜੀਆਂ ਵਿਚ ਭਾਈ ਗੁਰਦਾਸ ਨੇ 'ਦੇਉ' ਜਾਂ 'ਦੇਵ' ਲਫ਼ਜ਼ ਵਰਤਿਆ ਹੈ। ਇਨ੍ਹਾਂ ਵਿਚੋਂ ਚਾਰ ਜਗ੍ਹਾ 'ਤੇ ਦੇਉ ਦਾ ਮਾਅਨਾ ਹੈ: **ਪਰਕਾਸ਼ ਰੂਪ** (ਵਾਰ 13, ਪਉੜੀ 25; ਵਾਰ 15, ਪਉੜੀ 2; ਵਾਰ 24 ਪਉੜੀ 25; ਵਾਰ 38, ਪਉੜੀ 20)। ਵਾਰ 28 ਦੀ ਪਉੜੀ 11 ਵਿਚ 'ਦੇਵ' ਦਾ ਮਾਅਨਾ **ਦੇਵਤਾ** ਹੈ। ਵਾਰ 24 ਪਉੜੀ ਪਹਿਲੀ ਵਿਚ 'ਦੇਉ ਜਪਾਇਆ' ਦਾ ਮਾਅਨਾ ਹੈ: ਗੁਰੂ ਸਾਹਿਬ ਨੇ ਰੱਬ ਦੇ ਨਾਂ ਦਾ ਜਾਪ ਕਰਵਾਇਆ। ਵਾਰ 3 ਪਉੜੀ, 12 ਵਿਚ 'ਦੇਉ ਗੁਰਾਂ ਗਰ' ਵਿਚ ਦੇਉ ਗੁਰ ਦਾ ਪਿਛੇਤਰ ਹੈ ਤੇ ਇਸ ਦਾ ਮਾਅਨਾ 'ਗੁਰਾਂ ਦਾ ਗੁਰਦੇਵ' ਬਣਦਾ ਹੈ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਭਾਈ ਗੁਰਦਾਸ ਨੇ ਵਾਰ ਬਾਬੇ ਨਾਨਕ ਕੀ (ਵਾਰ ਪਹਿਲੀ) ਵਿਚ ਪਉੜੀ 23 ਤੋਂ ਪਉੜੀ 45 ਤਕ ਗੁਰੂ ਨਾਨਕ ਸਾਹਿਬ ਦੀ ਜੀਵਨੀ, 45 ਤੋਂ 48 ਪਉੜੀਆਂ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਸਾਹਿਬ, ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿਗੋਬਿੰਦ ਸਾਹਿਬ

ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਇਨ੍ਹਾਂ 26 ਪਉੜੀਆਂ ਵਿਚ ਕਿਤੇ ਵੀ ਗੁਰੂ ਸਾਹਿਬ ਦੇ ਨਾਂ ਨਾਲ 'ਦੇਵ' ਨਹੀਂ ਲਿਖਿਆ।

'ਭੱਟ ਵਹੀਆਂ' ਤੇ 'ਪਾਂਡਾ ਵਹੀਆਂ' ਤਾਂ ਗੁਰੂ ਸਾਹਿਬ ਦੇ ਵੇਲੇ ਦੀਆਂ ਲਿਖੀਆਂ ਹੋਈਆਂ ਹਨ। ਉਨ੍ਹਾਂ ਵਿਚ 'ਦੇਵ' ਸ਼ਬਦ ਨਹੀਂ ਲਿਖਿਆ ਹੋਇਆ। ਸੈਨਾਪਤੀ, ਕੋਇਰ ਸਿੰਘ, ਕੇਸਰ ਸਿੰਘ ਛਿੱਬਰ, ਸ੍ਰੂਪ ਸਿੰਘ ਕੌਸ਼ਿਸ਼, ਰਤਨ ਸਿੰਘ ਭੰਗੂ, ਸੁਖਬਾਸੀ ਰਾਮ ਬੇਦੀ ਅਤੇ ਹੋਰ ਲੇਖਕ, ਜਿਨ੍ਹਾਂ ਅਠਾਰਵੀ ਤੇ ਉੱਨੀਵੀਂ ਸਦੀ ਵਿਚ ਸਿਖ ਤਵਾਰੀਖ਼ ਲਿਖੀ, ਉਨ੍ਹਾਂ ਨੇ ਕਿਸੇ ਗੁਰੂ ਸਾਹਿਬ ਦੇ ਨਾਂ ਨਾਲ 'ਦੇਵ' ਨਹੀਂ ਲਾਇਆ ਅਤੇ ਗੁਰੂ ਸਾਹਿਬ ਦਾ ਅਸਲ ਨਾਂ (ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਰਜਨ) ਹੀ ਲਿਖਿਆ। ਵੀਹਵੀਂ ਸਦੀ ਵਿਚ "ਦੇਵ" ਲਾਉਣ ਦੀ ਇਹ ਗ਼ਲਤੀ ਐਨੀ ਕਬੂਲ ਹੋਈ ਕਿ ਭੋਲੇ ਸਿੱਖ ਇਸ ਨੂੰ ਹੀ ਠੀਕ ਸਮਝਣ ਲਗ ਪਏ। ਉਂਵ ਸਾਡੀ ਕੌਮ ਦੇ ਲੇਖਕਾਂ ਦੀ ਇਹ 'ਸਿਫ਼ਤ' ਹੈ ਕਿ ਅੱਖਾਂ ਮੀਟ ਕੇ ਮੱਖੀ 'ਤੇ ਮੱਖੀ ਮਾਰੀ ਜਾਣਗੇ ਪਰ ਜਦੋਂ ਕੋਈ ਗ਼ਲਤੀ ਵੱਲ ਇਸ਼ਾਰਾ ਕਰੇਗਾ ਤਾਂ ਆਖ ਦੇਣਗੇ: "ਛੱਡੋ ਪਰਾਂ!" "ਤਾਂ ਕੀ ਹੈ?" "ਹੁਣ ਤਾਂ ਬਹੁਤ ਕਿਤਾਬਾਂ ਵਿਚ ਆ ਚੁੱਕਾ ਹੈ", ਵਗੈਰਾ... ਧੰਨ ਸਿੱਖੀ!!!

ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਦੇਵ ਦੀ ਬਹੁਤੀ ਬੀਮਾਰੀ 1972 ਤੋਂ ਮਗਰੋਂ ਸ਼ੁਰੂ ਹੋਈ ਸੀ। 1969 ਵਿਚ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ 'ਗੁਰੂ ਨਾਨਕ ਯੂਨੀਵਰਸਿਟੀ' ਬਣਾਈ ਗਈ ਸੀ। ਇਹ ਯੂਨੀਵਰਸਿਟੀ ਅਕਾਲੀ ਦਲ ਦੀ ਸਰਕਾਰ ਨੇ ਬਣਾਈ ਸੀ। 1972 ਵਿਚ (ਅ)ਗਿਆਨੀ ਜ਼ੈਲ ਸਿੰਘ ਪੰਜਾਬ ਦਾ ਚੀਫ਼ ਮਨਿਸਟਰ ਬਣ ਗਿਆ। ਉਹ ਇਕ ਅਨਪੜ੍ਹ (ਜਾਂ ਅੱਧਪੜ੍ਹ) ਬੰਦਾ ਸੀ। ਅਚਾਣਕ ਉਸ ਦੇ ਦਿਮਾਗ਼ ਵਿਚ ਆ ਗਿਆ ਕਿ ਕੁਝ ਲੋਕ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ 'ਦੇਵ' ਲਿਖਦੇ ਹਨ ਤੇ ਯੂਨੀਵਰਸਿਟੀ ਦਾ ਨਾਂ ਵੀ 'ਗੁਰੂ ਨਾਨਕ ਦੇਵ ਯੂਨੀਵਰਸਿਟੀ' ਕਰ ਦੇਣਾ ਚਾਹੀਦਾ ਹੈ। ਉਸ ਨੇ ਪਹਿਲਾ ਕੰਮ ਇਹੀ ਕੀਤਾ। ਨਤੀਜਾ ਇਹ ਹੋਇਆ ਕਿ ਉਸ ਦੇ ਰਾਜ ਦੌਰਾਨ ਗੁਰੂ ਨਾਨਕ ਸਾਹਿਬ ਨੂੰ ਹਰ ਥਾਂ ਦੇਵ ਲਿਖਿਆ ਜਾਣ ਲਗ ਪਿਆ। (ਉਸ ਅਨਪੜ੍ਹ ਸ਼ਖ਼ਸ ਨੇ ਤਾਂ ਰੂਪੜ ਸ਼ਹਿਰ ਨੂੰ ਵੀ 'ਰੋ ਪੜ' ਸਮਝ ਕੇ ਇਸ ਦਾ ਨਾਂ 'ਰੂਪਨਗਰ' ਕਰਵਾ ਦਿਤਾ ਸੀ। ਅਜਿਹੇ ਅਹਿਮਕ ਲੋਕਾਂ ਦੀਆਂ ਯਭਲੀਆਂ ਨਾਲ ਇੰਵ ਹੀ ਤਵਾਰੀਖ਼ਾਂ ਵਿਗੜਿਆ ਕਰਦੀਆਂ ਹਨ)। ਇਸ ਮਗਰੋਂ ਬਾਦਲ ਦੀ ਸਰਕਾਰ ਨੇ ਵੀ ਇਸ ਯਭਲੀ ਦੇ ਅਸਰ ਹੇਠਾਂ ਬਠਿੰਡਾ ਦੇ ਥਰਮਲ ਪਲਾਂਟ ਦਾ ਨਾਂ ਬਦਲ ਕੇ 'ਗੁਰੂ ਨਾਨਕ ਦੇਵ ਥਰਮਲ ਪਲਾਂਟ' ਕਰ ਦਿਤਾ। ਇੰਵ ਹੀ 2004 ਵਿਚ ਗੁਰੂ ਅੰਗਦ ਸਾਹਿਬ ਦਾ ਨਾਂ ਵੀ ਅੱਧਪੜ੍ਹ ਚੌਧਰੀਆਂ ਨੇ ਹੀ ਵਿਗਾੜ ਕੇ 'ਗੁਰੂ ਅੰਗਦ ਦੇਵ' ਬਣਾ ਛੱਡਿਆ ਸੀ।

ਗੁਰਬਾਣੀ ਦਾ ਫ਼ੁਰਮਾਨ ਹੈ:
ਅੰਧਾ ਆਗੂ ਜੇ ਥੀਐ, ਕਿਉ ਪਾਧਰੁ ਜਾਣੈ॥
ਆਪ ਮੁਸੈ ਮਤਿ ਹੋਛੀਐ, ਕਿਉ ਰਾਹੁ ਪਛਾਣੈ॥ (ਗੁਰੂ ਗ੍ਰੰਥ ਸਾਹਿਬ, ਸਫ਼ਾ 767)

ਗੁਰੂ ਨਾਨਕ ਸਾਹਿਬ ਦੀ ਅਸਲ ਜਨਮ ਤਾਰੀਖ਼

ਗੁਰੂ ਨਾਨਕ ਸਾਹਿਬ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਸੰਮਤ 1526 (20 ਅਕਤੂਬਰ 1469) ਦੇ ਦਿਨ ਹੋਇਆ ਸੀ। ਗੁਰੂ ਨਾਨਕ ਸਾਹਿਬ ਦੇ ਜਨਮ ਬਾਰੇ ਇਕ ਹੋਰ ਤਾਰੀਖ ਵਿਸਾਖ ਸੁਦੀ ਤਿੰਨ (15 ਅਪਰੈਲ 1469) ਵੀ ਲਿਖੀ ਜਾਂਦੀ ਹੈ। ਵਿਸਾਖ (ਅਪਰੈਲ) ਵਾਲੀ ਗ਼ਲਤ ਤਾਰੀਖ਼ ਸਭ ਤੋਂ ਪਹਿਲਾਂ ਪ੍ਰਿਥੀ ਚੰਦ ਮੀਣਾ ਦੇ ਪੁਤਰ ਮਿਹਰਬਾਨ ਨੇ ਲਿਖੀ ਸੀ। ਉਹ ਸਿੱਖ ਹਿਸਟਰੀ ਵਿਗਾੜਨ ਵਾਲਾ ਪਹਿਲਾ ਸਿੱਖ-ਦੋਖੀ ਸੀ। ਦੂਜਾ, ਕੁਝ ਹਿੰਦੂਆਂ ਵਿਚ ਇਹ ਭਰਮ ਹੈ ਕਿ ਕਤਕ ਮਹੀਨੇ ਵਿਚ ਜੰਮਿਆ ਬੱਚਾ ਨਹਿਸ਼ ਹੁੰਦਾ ਹੈ। ਅਜਿਹਾ ਜਾਪਦਾ ਹੈ ਕਿ ਹਿੰਦੂ ਅਤੇ ਹਿੰਦੂ-ਨੁਮਾ ਲੇਖਕਾਂ ਨੇ ਸਿੱਖਾਂ ਨੂੰ ਇਸ ਵਹਿਮ (ਸੂਤਕ) ਦਾ ਡਰ ਪਾ ਕੇ ਵਿਸਾਖ ਦੇ ਜਨਮ ਦਾ ਪ੍ਰਚਾਰ ਕੀਤਾ ਸੀ, ਜੋ ਕੁਝ ਭੋਲੇ ਸਿੱਖਾਂ ਨੇ ਚੁਪਚਾਪ ਮੰਨ ਲਿਆ।

ਕਰਮ ਸਿੰਘ ਹਿਸਟੋਰੀਅਨ ਨੇ ਗੁਰੂ ਨਾਨਕ ਸਾਹਿਬ ਦਾ ਜਨਮ ਕਤਕ ਦੀ ਬਜਾਇ ਵਿਸਾਖ ਮੰਨਿਆ ਸੀ। ਦਰਅਸਲ ਉਸ ਨੇ 'ਬਾਲੇ ਵਾਲੀ ਜਨਮਸਾਖੀ' ਨੂੰ ਰੱਦ ਕੀਤਾ ਸੀ ਤੇ ਸਿਰਫ਼ ਇਸੇ ਕਰ ਕੇ ਹੀ ਉਸ ਨੇ ਕੱਤਕ ਨੂੰ ਵੀ ਰੱਦ ਕਰ ਦਿੱਤਾ ਸੀ ਕਿਉਂਕਿ ਉਸ ਜਨਮਸਾਖੀ ਵਿਚ ਗੁਰੂ ਨਾਨਕ ਸਾਹਿਬ ਦਾ ਜਨਮ ਕੱਤਕ ਦਾ ਲਿਖਿਆ ਹੋਇਆ ਸੀ।(ਕਿਉਂਕਿ ਉਸ ਨੇ ਹੰਦਾਲੀਆਂ ਵੱਲੋਂ ਤਿਆਰ ਕੀਤੀ 'ਜਨਮ ਸਾਖੀ ਭਾਈ ਬਾਲਾ' ਹੀ ਵੇਖੀ ਸੀ ਤੇ ਅਸਲ ਜਨਮਸਾਖੀ ਭਾਈ ਬਾਲਾ ਨਹੀਂ)। ਕਰਮ ਸਿੰਘ ਜੀ ਇਹ ਨਾ ਸਮਝ ਸਕੇ ਕਿ ਵਿਸਾਖ ਵਿਚ ਗੁਰੂ ਸਾਹਿਬ ਦੇ ਜਨਮ ਦਾ ਪ੍ਰਚਾਰ ਮੀਣਿਆਂ ਦੇ ਆਗੂ ਮਿਹਰਬਾਨ ਨੇ ਕੀਤਾ ਸੀ। ਕਰਮ ਸਿੰਘ ਨੇ ਗੁਰੂ ਨਾਨਕ ਸਾਹਿਬ ਦਾ ਜਨਮ ਦਿਨ ਵਿਸਾਖ ਹੋਣ ਨੂੰ ਸਿਰਫ਼ ਮੀਣਿਆਂ ਦੀ ਲਿਖੀ ਜਨਮ ਸਾਖੀ ਦੇ ਅਧਾਰ 'ਤੇ ਮੰਨ ਲਿਆ ਸੀ। ਉਨ੍ਹਾਂ ਨੇ ਕੋਈ ਹੋਰ ਸੋਮਾ/ਸਬੂਤ ਨਹੀਂ ਦਿੱਤਾ ਸੀ। ਉਨ੍ਹਾਂ ਨੇ ਸੰਤੋਖ ਸਿੰਘ, ਭਾਈ ਗੁਰਦਾਸ. ਸਾਖੀ ਪੋਥੀਆਂ ਨੂੰ ਵੀ ਨਜ਼ਰ ਅੰਦਾਜ਼ ਕਰ ਦਿੱਤਾ ਸੀ। ਫਿਰ ਭਾਈ ਮਨੀ ਸਿੰਘ ਦੇ ਨਾਂ ਨਾਲ ਜੋੜੀ ਜਾਂਦੀ ਜਨਮਸਾਖੀ ਜਾਂ ਪੁਰਾਤਨ/ ਵਿਲਾਇਤ ਵਾਲੀ ਜਨਮਸਾਖੀ ਦਾ ਆਧਾਰ ਮਿਹਰਬਾਨ ਦੀ ਜਨਮਸਾਖੀ ਹੈ। ਇਸ ਕਰ ਕੇ ਇਨ੍ਹਾਂ ਵਿਚ ਉਹੀ ਤਾਰੀਖ਼ (ਵਿਸਾਖ ਵਾਲੀ) ਆਉਣੀ ਹੀ ਸੀ।

ਇਥੇ 'ਭਾਈ ਬਾਲੇ ਵਾਲੀ ਜਨਮ ਸਾਖੀ' ਦੀ ਗੱਲ ਕਰਨੀ ਵੀ ਬਣਦੀ ਹੈ। ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੀ ਤਵਾਰੀਖ਼ (ਜਨਮਸਾਖੀ) ਲਿਖਵਾਈ ਸੀ। ਇਹ ਵਖਰੀ ਗੱਲ ਹੈ ਕਿ ਜੰਗਾਂ ਤੇ ਜ਼ੁਲਮਾਂ ਦੀ ਹੰਗਾਮੀ ਹਾਲਤ ਕਾਰਨ ਸਿੱਖ ਕੌਮ ਉਸ ਤਵਾਰੀਖ਼ (ਅਸਲ ਜਨਮ ਸਾਖੀ) ਨੂੰ ਸੰਭਾਲ ਨਹੀਂ ਸਕੀ। ਜਿਹੜੀ "ਭਾਈ ਬਾਲੇ ਵਾਲੀ ਜਨਮ ਸਾਖੀ" ਅੱਜ ਮਿਲਦੀ ਹੈ ਉਹ ਅਸਲੀ ਜਨਮ ਸਾਖੀ ਵਿਚ ਜੰਡਿਆਲਾ ਕਸਬੇ ਦੇ ਹੰਦਾਲੀਆਂ (ਬਿਧੀਚੰਦੀਆਂ) ਵੱਲੋਂ ਮਿਲਾਏ ਗਏ ਖੋਟ ਨਾਲ ਭਰਪੂਰ ਹੈ, ਉਨ੍ਹਾਂ ਕੋਲ ਅਸਲ ਜਨਮ ਸਾਖੀ ਮੌਜੂਦ ਸੀ ਜਿਸ ਨੂੰ ਉਨ੍ਹਾਂ ਨੇ ਵਿਗਾੜ ਕੇ ਤੇ ਉਸ ਵਿਚ ਖੋਟ ਸ਼ਾਮਿਲ ਕਰ ਕੇ, ਅਸਲ ਜਨਮਸਾਖੀ ਕਹਿ ਕੇ ਪ੍ਰਚਾਰਿਆ। ਪਰ, ਅਜਿਹਾ ਜਾਪਦਾ ਹੈ ਕਿ ਜਦ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਲਿਖੀ ਤਾਂ ਉਨ੍ਹਾਂ ਕੋਲ ਉਹ ਜਨਮ ਸਾਖੀ ਅਜੇ ਮੌਜੂਦ ਸੀ ਕਿਉਂ ਕਿ ਉਸ ਤੋਂ ਬਿਨਾਂ ਭਾਈ

ਗੁਰਦਾਸ ਉਸ ਵਾਰ ਵਿਚ ਏਨੀ ਤਫ਼ਸੀਲ ਨਹੀਂ ਸਨ ਦੇ ਸਕਦੇ।

ਕਰਮ ਸਿੰਘ ਹਿਸਟੋਰੀਅਨ ਦੀ ਕਿਤਾਬ ਛਪਣ ਤੋਂ ਕੁਝ ਚਿਰ ਮਗਰੋਂ ਇਹ ਚਰਚਾ ਵੀ ਚਲਇਆ ਗਿਆ ਕਿ ਗੁਰੂ ਨਾਨਕ ਸਾਹਿਬ ਦਾ ਜਨਮ ਦਿਨ ਪਹਿਲਾਂ ਵਿਸਾਖ ਸੁਦੀ ਤੀਜ ਨੂੰ ਮਨਾਇਆ ਜਾਂਦਾ ਸੀ ਪਰ ਸਿੰਘ ਸਭਾ ਲਹਿਰ ਵੇਲੇ ਇਸ ਨੂੰ ਕੱਤਕ ਵਿਚ ਮਨਾਇਆ ਜਾਣ ਲਗ ਪਿਆ ਸੀ।

ਮੈਕਾਲਿਫ਼ ਨੇ ਤਾਂ ਇਹ ਵੀ ਲਿਖ ਦਿੱਤਾ ਕਿ ਰਣਜੀਤ ਸਿੰਘ (ਮਹਾਰਾਜਾ) ਵੇਲੇ ਤਕ ਗੁਰੂ ਨਾਨਕ ਸਾਹਿਬ ਦਾ ਦਾ ਜਨਮ ਦਿਨ ਵਿਸਾਖ ਵਿਚ ਮਨਾਇਆ ਜਾਂਦਾ ਸੀ। ਪਰ ਉਨ੍ਹੀਂ ਦਿਨੀ ਹੀ ਰਾਮ ਨੌਮੀ ਆਉਣ ਕਰ ਕੇ ਪੰਜਾਬ ਵਾਸੀ ਗੁਰੂ ਸਾਹਿਬ ਦਾ ਦਿਨ ਮਨਾਉਣ ਦੀ ਥਾਂ ਰਾਮ ਨੌਮੀ ਦਾ ਮੇਲਾ ਮਨਾਉਣ ਮਗਰੋਂ ਥੱਕੇ ਹੁੰਦੇ ਸੀ ਤੇ ਗੁਰਪੁਰਬ 'ਤੇ ਰੌਣਕ ਨਹੀਂ ਸੀ ਹੁੰਦੀ। ਇਸ ਕਰ ਕੇ ਰਣਜੀਤ ਸਿੰਘ (ਮਹਾਰਾਜਾ) ਨੇ ਕਤਕ ਵਿਚ ਮਨਾਉਣਾ ਸ਼ੁਰੂ ਕਰਵਾ ਦਿੱਤਾ। ਇਹ ਬਿਲਕੁਲ ਗ਼ਲਤ ਹੈ। ਇਸ ਨੁਕਤੇ ਵਿਚ ਤਿੰਨ ਵੱਡੀਆਂ ਗ਼ਲਤੀਆਂ ਹਨ: 1. ਕਿਸੇ ਵੀ ਸੋਮੇ ਵਿਚ, ਗੁਰੂ ਨਾਨਕ ਸਾਹਿਬ ਦਾ ਜਨਮ ਦਿਨ ਵਿਸਾਖ ਵਿਚ ਮਨਾਏ ਜਾਣ ਦਾ ਇਕ ਵੀ ਸਬੂਤ ਨਹੀਂ ਹੈ (ਹਾਂ ਕੱਤਕ ਦੇ ਦਿਨ ਦੀਆਂ ਬਹੁਤ ਹੀ ਮਿਸਾਲਾਂ ਹਨ) 2. ਪਹਿਲੀ ਗੱਲ, ਪੰਜਾਬ ਦੇ ਹਿੰਦੂ ਰਾਮ ਨੌਮੀ ਦਾ ਦਿਨ ਨਹੀਂ ਸਨ ਮਨਾਉਂਦੇ, ਪਰ, ਜੇ ਕਰ ਮਨਾਉਂਦੇ ਵੀ ਹੋਣ ਤਾਂ ਵੀ ਸਿੱਖ ਤਾਂ ਇਹ ਦਿਨ (ਰਾਮ ਨੌਮੀ) ਜਾਂ ਕੋਈ ਹੋਰ ਹਿੰਦੂ ਤਿਉਹਾਰ ਹਰਗਿਜ਼ ਨਹੀਂ ਸਨ ਮਨਾਉਂਦੇ। ਸੋ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਕੋਈ ਹੋਰ ਧਰਮ ਕਿਸ ਦਿਨ ਆਪਣਾ ਤਿਉਹਾਰ ਮਨਾਉਂਦਾ ਹੈ। ਇੰਞ ਤਾਂ ਮੁਸਲਮਾਨਾਂ ਦੀ ਈਦ ਵੀ ਕਈ ਵਾਰ ਕੱਤਕ/ਵਿਸਾਖ ਵਿਚ ਆਉਂਦੀ ਹੋਵੇਗੀ। ਕੀ ਇਸ ਦਾ ਸਿੱਖਾਂ ਦੇ ਗੁਰਪੁਰਬ 'ਤੇ ਕੋਈ ਅਸਰ ਪੈ ਸਕਦਾ ਹੈ? ਹਰਗਿਜ਼ ਨਹੀਂ। 3. ਤੀਜਾ ਉਨ੍ਹੀਂ ਦਿਨੀਂ ਇਸ ਪੱਧਰ 'ਤੇ ਗੁਰਪੁਰਬ ਜਾਂ ਹਿੰਦੂ ਤਿਉਹਾਰ ਨਹੀਂ ਸਨ ਮਨਾਏ ਜਾਂਦੇ ਕਿ ਕਿਸੇ ਦੇ ਤਿਉਹਾਰ ਦਾ ਕਿਸੇ ਹੋਰ ਪੂਰਬ ਨਾਲ ਝਗੜਾ/ਮੁਕਾਬਲਾ ਹੁੰਦਾ ਹੋਵੇ। ਉਂਞ ਰਣਜੀਤ ਸਿੰਘ ਦੇ ਦਰਬਾਰ ਦੇ ਰੋਜ਼ਾਨਾ ਦੀ ਕਾਰਵਾਈ ਦੇ ਰਿਕਾਰਡ (*ਉਮਦਾਤੁਤ ਤਵਾਰੀਖ਼*) ਵਿਚ ਕਿਸੇ ਥਾਂ 'ਤੇ ਵੀ ਇਸ ਬਾਰੇ ਜ਼ਰਾ ਮਾਸਾ ਵੀ ਇਸ਼ਾਰਾ ਨਹੀਂ ਹੈ। ਉਂਞ ਮੈਕਾਲਿਫ਼ ਨੇ ਤਾਂ ਛੇਵੇਂ ਪਾਤਸ਼ਾਹ ਦੇ ਪੁੱਤਰ ਅਟਲ ਰਾਏ ਅਤੇ ਗੁਰਦਿੱਤਾ ਦਾ ਜਨਮ ਵੀ ਕੱਤਕ ਦੀ ਪੂਰਨਮਾਸ਼ੀ ਦਾ ਲਿਖਿਆ ਹੈ। ਉਹ ਤਾਂ ਇਕ ਥਾਂ ਇਹ ਵੀ ਲਿਖ ਬੈਠਾ ਸੀ: "ਸੰਮਤ 1670 ਬੁਧਵਾਰ ਕੱਤਕ ਦੀ ਪੂਰਨਮਾਸ਼ੀ ਦੀ ਰਾਤ ਨੂੰ ਮਾਤਾ ਜੀ ਦੇ ਇਕ ਬਾਲਕ ਨੇ ਜਨਮ ਲਿਆ, ਜਿਸ ਦਾ ਨਾਂ ਪਿੱਛੋਂ ਗੁਰਦਿੱਤਾ ਰਖਿਆ ਗਿਆ। ਉਸ ਦੀ ਸ਼ਕਲ ਗੁਰੂ ਨਾਨਕ ਨਾਲ ਹੂਬਹੂ ਮਿਲਦੀ ਸੀ।" (*ਦ ਸਿਖ ਰਿਲੀਜਨ*, ਜਿਲਦ 4, ਸਫ਼ਾ 56)।

ਵਿਸਾਖ ਸੁਦੀ ਤਿੰਨ ਦਾ ਪਹਿਲਾ ਪਰਚਾਰ ਕਰਮ ਸਿੰਘ ਨੇ ਨਹੀਂ ਬਲਕਿ ਪ੍ਰੋ: ਗੁਰਮੁਖ ਸਿੰਘ ਨੇ ਕੀਤਾ ਸੀ। ਉਸ ਸਿੰਘ ਸਭਾ ਲਹਿਰ ਦਾ ਮੁਖੀ ਆਗੂ ਸੀ ਪਰ ਅੰਗਰੇਜ਼-ਭਗਤ ਵੀ ਸੀ। ਜਦ ਅੰਗਰੇਜ਼ਾਂ ਨੇ ਗੁਰੂ ਨਾਨਕ ਪੂਰਬ ਦੀ ਛੁੱਟੀ ਮਨਜ਼ੂਰ ਕੀਤੀ ਤਾਂ ਉਨ੍ਹਾਂ ਨੇ ਸਾਰਿਆਂ ਦੇ ਵਿਚਾਰ ਲੈ ਕੇ ਇਹ ਤਾਰੀਖ਼ ਕੱਤਕ ਹੀ ਮੰਨੀ ਹਾਲਾਂ ਕਿ ਪ੍ਰੋ: ਗੁਰਮੁਖ ਸਿੰਘ ਦੀ ਸਰਕਾਰੇ ਦਰਬਾਰੇ ਵਧੇਰੇ ਚਲਦੀ ਸੀ।

ਦੂਜੇ ਪਾਸੇ ਕੱਤਕ ਦੀ ਪੂਰਨਮਾਸ਼ੀ ਦੇ ਦਿਨ ਗੁਰੂ ਸਾਹਿਬ ਦਾ ਪੁਰਬ ਮਨਾਉਣ ਬਾਰੇ ਪੁਰਾਣੀਆਂ ਲਿਖਤਾਂ ਵਿਚ ਬਹੁਤ ਸਬੂਤ ਮਿਲਦੇ ਹਨ, ਮਿਸਾਲ ਵਜੋਂ:

ਗੁਰੂ ਕੀਆਂ ਸਾਖੀਆਂ, 1790 ਦੀ ਲਿਖਤ:

(ਸਾਖੀ 24):

...ਸਤਿਗੁਰਾਂ ਧੰਮਤਾਨ ਨਗਰੀ ਸੇ ਤਿਆਰੀ ਕੀ। ਭਾਈ ਦਗੋ ਨੇ ਬੇਨਤੀ ਕਰ ਕੇ ਗੁਰੂ ਜੀ ਕੋ ਕਾਰਤਕ ਕੀ ਪੂਰਨਮਾਸ਼ੀ ਤੀਕ ਇਥੇ ਹੀ ਠਹਿਰਾਇ ਲਿਆ। ਬਚਨ ਹੋਆ ਮਹਾਰਾਜ! ਗੁਰੂ ਨਾਨਕ ਜੀ ਕੇ ਅਵਤਾਰ ਧਾਰਨ ਕਾ ਸ਼ੁਭ ਦਿਹਾੜਾ ਆਇ ਗਿਆ ਹੈ, ਯਹਾਂ ਹੀ ਮਨਾਨਾ ਚਾਹੀਏ।...

(ਸਾਖੀ 51):

...ਪਾਤੀ ਮੇਂ ਲਿਖਾ ਥਾ- ਗਰੀਬਨਿਵਾਜ਼! ਤੋਕੀ ਕਾਰਤਕ ਕੀ ਪੂਰਨਮਾਂ ਕਾ ਗੁਰਪੁਰਬ ਖੁਰਵੱਧੀ ਨਗਰ ਮੇਂ ਆਇ ਕੇ ਮਨਾਈਏ...

(ਸਾਖੀ ਪੋਥੀ, 1745):

"...ਦੀਵਾਲੀ ਦਾ ਮੇਲਾ ਆਇਆ, ਸੰਗਤਾਂ ਆਈਆਂ। ਗੁਰੂ ਜੀ ਬਚਨ ਕੀਤਾ ਪੰਦਰਾਂ ਦਿਨ ਇਥੇ ਹੋਰ ਰਹਿਣਾ ਹੈ। ਗੁਰੂ ਨਾਨਕ ਜੀ ਕਾ ਪੂਰਨਿਮਾਂ ਕਾ ਪੁਰਬ ਕਰ ਕੇ ਚੜ੍ਹਾਂਗੇ...।"

ਸਿਰਫ਼ ਏਨਾ ਹੀ ਨਹੀਂ ਹੋਰ ਬਹੁਤ ਸਾਰੀਆਂ ਪੁਰਾਣੀਆਂ ਲਿਖਤਾਂ ਵਿਚ ਵੀ ਗੁਰੂ ਨਾਨਕ ਜਨਮ ਦਿਨ ਕੱਤਕ ਦੀ ਪੂਰਨਮਾਸ਼ੀ ਹੋਣ ਦਾ ਜ਼ਿਕਰ ਮਿਲਦਾ ਹੈ:

ਭਾਈ ਗੁਰਦਾਸ (ਮੌਤ 1638):

ਕਾਰਤਕ ਮਾਸ ਰੁਤਿ ਸ਼ਰਤ ਪੂਰਨਮਾਸ਼ੀ, ਆਠ ਜਾਮ ਸਾਠ ਘੜੀ ਆਜ ਤੇਰੀ ਬਾਰੀ ਹੈ।
ਅਉਸਰ ਅਭੀਚ ਬਹੁ ਨਾਇਕ ਕੀ ਨਾਇਕਾ ਹੈ, ਰੂਪ ਗੁਣ ਜੋਬਨ ਸ਼ਿੰਗਾਰ ਅਧਿਕਾਰੀ ਹੈ।
ਚਾਤਰ ਚਤਰ ਪਾਠ, ਸੇਵਕ ਸਹੇਲੀ ਸਾਠ, ਸੰਪਦਾ ਸਮਗਰੀ ਸੁਖ ਸਜਿਹ ਸੰਚਾਰੀ ਹੈ।
ਸੁੰਦਰ ਮੰਦਰ ਸਦਨਿ ਚਾਰ। ਸ਼ੁਭ ਲਗਨ ਸੰਜੋਗ ਭੋਗ, ਜੀਵਨ ਜਨਮ ਧੰਨ ਪ੍ਰੀਤਮ ਪਿਆਰੀ ਹੈ॥345॥

(ਕਬਿਤ 345)

1. **ਸੰਤੋਖ ਸਿੰਘ** ਵੀ "ਨਾਨਕ ਪ੍ਰਕਾਸ਼" (1832 ਦੀ ਲਿਖਤ) ਵਿਚ ਗੁਰੂ ਨਾਨਕ ਸਾਹਿਬ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਲਿਖਦਾ ਹੈ।
2. **ਬਾਬਾ ਬਿਨੋਦ ਸਿੰਘ** ਦਾ ਗ੍ਰੰਥ:
"ਉਰਜ ਮਾਸ ਕੀ ਪੂਰਨਮਾਸ਼ੀ। ਹਰਿ ਕੀਰਤ ਸੀ ਜੌਨ ਪ੍ਰਕਾਸ਼ੀ। ਸੰਮਤ ਨੌਂ ਖਟ ਸਹਿਸ ਛਬੀਸਾ। ਭੈ ਅਵਤਾਰ ਪ੍ਰਗਟ ਜਗਦੀਸ਼ਾ।"
3. **ਕੇਸਰ ਸਿੰਘ ਛਿਬਰ** (ਬੰਸਾਵਲੀਨਮਾ ਦਸਾਂ ਪਾਤਸਾਹੀਆਂ ਦਾ, ਲਿਖਤ 1780 ਦੀ): **"ਸੰਮਤ ਪੰਦਰਾਂ ਸੈ ਛੱਬੀ ਭਏ। ਤਬ ਬਾਬਾ ਨਾਨਕ ਸਾਹਿਬ ਜਨਮ ਲਏ। ਮਹਾਂ ਕਾਰਤਕ ਪੁੰਨਿਆ ਰਾਤ ਗੁਰੂ ਨਾਨਕ ਲੀਨਾ ਅਵਤਾਰ।"**
4. **ਗੁਲਾਬ ਸਿੰਘ ਨਿਰਮਲਾ** ਦੀ 1753 ਦੀ ਲਿਖਤ।
5. **ਸੰਤ ਸਿੰਘ ਛਿਬਰ** 'ਜਨਮ ਸਾਖੀ ਬਾਬਾ ਨਾਨਕ ਕੀ' (1810-15 ਦੀ ਲਿਖਤ)।
6. **ਗੁਲਾਬ ਸਿੰਘ** (ਦੂਜਾ) 'ਗੁਰ ਪ੍ਰਣਾਲੀ' (ਲਿਖਤ 1851 ਦੀ) ਵਿਚ ਸ਼ਰੇਆਮ ਲਿਖਦਾ ਹੈ: **"ਪ੍ਰਮਾਣੀਕ ਜਨਮ ਸਾਖੀਆਂ ਅਤੇ ਗੁਰੂ ਨਾਨਕ ਚੰਦਰੋਦਯ ਤੇ**

ਗੁਰਪ੍ਰਣਾਲੀਆਂ ਵਿਚ ਕਤਕ ਪੂਰਨਮਾਸ਼ੀ ਜਨਮ ਦਿਨ ਲਿਖਿਆ ਹੈ। ਪਰ ਮਿਹਰਬਾਨ ਨੇ ਵਿਸਾਖ ਸੁਦੀ ਤੀਜ ਲਿਖਆ ਹੈ। ਸ਼ੁਧ ਦਿਨ ਕਤਕ ਪੂਰਨਮਾਸ਼ੀ ਹੈ।"

7. ਗਣੇਸ਼ਾ ਸਿੰਘ ਬੇਦੀ, 'ਗੁਰੂ ਬੰਸ ਬਿਨੋਦ', ਲਿਖਤ 1879 ਦੀ।

8. ਨਿਹਾਲ ਸਿੰਘ, ਗੁਰਮੁਖ ਸਿੰਘ 'ਖੁਰਸ਼ੀਦ ਖਾਲਸਾ', ਲਿਖਤ 1890 ਦੀ।

9. ਤਾਰਾ ਸਿੰਘ ਨਰੋਤਮ 'ਗੁਰ ਤੀਰਥ ਸੰਗ੍ਰਹਿ' 1884 ਦੀ ਲਿਖਤ।

ਇਨ੍ਹਾਂ ਤੋਂ ਇਲਾਵਾ ਕਈ ਹੋਰ ਲਿਖਤਾਂ ਵਿਚ ਵੀ ਕੱਤਕ ਦੀ ਪੂਰਨਮਾਸ਼ੀ ਤਾਰੀਖ਼ ਹੀ ਮਿਲਦੀ ਹੈ (ਤੇ ਇਹ ਸਾਰੀਆਂ ਕਰਮ ਸਿੰਘ ਹਿਸਟੋਰੀਅਨ ਤੋਂ ਪਹਿਲਾਂ ਦੀਆਂ ਹਨ):

10. 1892 ਵਿਚ ਛਪੀ ਭਾਈ ਮਨੀ ਸਿੰਘ ਦੇ ਨਾਂ ਨਾਲ ਜੋੜੀ ਜਾਣ ਵਾਲੀ ਜਨਮਸਾਖੀ ਵਿਚ ਵੀ, ਸੁਧਾਈ ਕਰ ਕੇ, ਤਾਰੀਖ਼ ਕੱਤਕ ਕਰ ਦਿੱਤੀ ਗਈ ਸੀ।

11. ਜੇ.ਡੀ. ਕਨਿੰਘਮ (1848 ਦੀ ਲਿਖਤ)।

12. ਗਿਆਨੀ ਗਿਆਨ ਸਿੰਘ 'ਗੁਰ ਤੀਰਥ ਸੰਗ੍ਰਹਿ' (1891), 'ਤਵਾਰੀਖ਼ ਗੁਰੂ ਖਾਲਸਾ' (1899), ਪੰਥ ਪ੍ਰਕਾਸ਼ (1909)।

13. ਸੇਵਾ ਦਾਸ 'ਪਰਚੀਆਂ'।

14. ਸੁਮੇਰ ਸਿੰਘ ਪਟਨਾ 'ਸ੍ਰੀ ਬੇਦੀ ਬੰਸੋਤਮ ਸਹੰਸ੍ਰ।

15. ਖ਼ਜ਼ਾਨ ਸਿੰਘ 'ਹਿਸਟਰੀ ਐਂਡ ਫ਼ਿਲਾਸਫ਼ੀ ਆਫ਼ ਦ ਸਿੱਖਜ਼'।

16. ਰਾਮ ਨਾਰਾਇਣ 'ਗੁਰੂ ਚੰਦ੍ਰੋਦਯ ਕਮਉਦੀ'।

17. ਗਿਆਨੀ ਕਰਤਾਰ ਸਿੰਘ ਕਲਾਸਵਾਲੀਆ (ਹੈੱਡ ਗ੍ਰੰਥੀ ਦਰਬਾਰ ਸਾਹਿਬ 1925-30)।

18. ਡਾ ਬੀ.ਵੀ ਰਮਨ 'ਨੋਟੇਬਲ ਹੌਰੋ ਸਕੋਪਜ਼'।

ਇੰਵ ਹੀ ਮਿਹਰਬਾਨ ਪ੍ਰਣਾਲੀ ਵਾਲੇ ਲੇਖਕਾਂ ਨੇ ਗੁਰੂ ਨਾਨਕ ਸਾਹਿਬ ਦਾ ਜੋਤੀ-ਜੋਤਿ ਦਿਨ ਵੀ ਗ਼ਲਤ ਲਿਖਿਆ ਹੈ, ਜੋ ਅਸਲ ਵਿਚ ਅਸੂ ਵਦੀ 10 ਸੰਮਤ 1596 (7 ਸਤੰਬਰ 1539) ਹੈ, ਪਰ ਮਿਹਰਬਾਨ ਨੇ ਇਸ ਨੂੰ ਅੱਸੂ ਸੁਦੀ 10, ਯਾਨਿ 22 ਸਤੰਬਰ 1539) ਲਿਖ ਦਿੱਤਾ ਸੀ, ਜੋ ਦਰਅਸਲ ਮਾਤਾ ਸੁਲੱਖਣੀ ਦੇ ਚੜ੍ਹਾਈ ਕਰਨ ਦਾ ਦਿਨ ਹੈ।

ਇਕ ਹੋਰ ਗੱਲ ਅਹਿਮ ਇਹ ਵੀ ਹੈ ਕਿ ਇਨ੍ਹਾਂ ਵਿਚੋਂ ਕਿਸੇ ਵੀ ਲਿਖਤ ਵਿਚ ਗੁਰੂ ਨਾਨਕ ਸਾਹਿਬ ਨੂੰ "ਦੇਵ" ਨਹੀਂ ਲਿਖਿਆ ਬਲਕਿ ਗੁਰੂ ਨਾਨਕ ਜਾਂ ਬਾਬਾ ਨਾਨਕ ਹੀ ਲਿਖਿਆ ਹੈ।

ਨਨਕਾਣਾ ਕਿ ਨਾਨਕਾਣਾ
(ਯਾਨਿ, ਗੁਰੂ ਨਾਨਕ ਕਿ ਗੁਰੂ ਨਨਕ)

ਬਹੁਤ ਸਾਰੀਆਂ ਲਿਖਤਾਂ ਹੀ ਨਹੀਂ ਬਲਕਿ ਆਮ ਬੋਲ ਚਾਲ ਵਿਚ ਵੀ ਗੁਰੂ ਨਾਨਕ ਸਾਹਿਬ ਦੇ ਜਨਮ ਨਗਰ ਵਾਸਤੇ ਨਾਂ ਨਨਕਾਣਾ ਸਾਹਿਬ ਵਰਤਿਆ ਜਾਂਦਾ ਹੈ, ਜੋ ਕਿ ਸਰਾਸਰ ਗ਼ਲਤ ਹੈ।

ਇਸ ਗ਼ਲਤੀ ਦਾ ਪਿਛੋਕੜ ਅੰਗਰੇਜ਼ਾਂ ਵੱਲੋਂ ਗੁਰੂ ਨਾਨਕ ਸਾਹਿਬ ਦੇ ਜਨਮ ਨਗਰ ਦਾ ਨਾਂ ਅੰਗਰੇਜ਼ੀ ਵਿਚ ਲਿਖਣ ਮਗਰੋਂ ਉਸ ਦਾ **ਦੋਬਾਰਾ ਪੰਜਾਬੀ-ਕਰਨ** ਕੀਤੇ ਜਾਣ ਵਿਚ ਹੈ। ਅੰਗਰੇਜ਼ਾਂ ਨੇ ਗੁਰੂ ਨਾਨਕ ਸਾਹਿਬ ਦੇ ਨਗਰ ਨਾਨਕਾਣਾ ਨਗਰ ਦੇ ਸਪੈਲਿੰਗ ਪਹਿਲਾਂ NANAKANA ਹੀ ਲਿਖੇ ਸਨ। ਪਰ ਜਦ ਇਸ ਨੂੰ ਦੋਬਾਰਾ ਗੁਰਮੁਖੀ ਵਿਚ ਲਿਖਿਆ ਗਿਆ ਤਾਂ ਇਸ ਨੂੰ ਨਾਨਕਾਣਾ (ਨਾਨਕ+ਆਣਾ) ਦੀ ਜਗਹ, ਗ਼ਲਤੀ ਨਾਲ, ਨਨਕਾਣਾ (ਨਨਕ+ਆਣਾ) ਲਿਖ ਦਿੱਤਾ ਗਿਆ, ਯਾਨਿ ਗੁਰੂ ਨਾਨਕ ਸਾਹਿਬ ਦਾ ਨਾਂ **ਨਾਨਕ** ਤੋਂ **ਨਨਕ** ਬਣਾ ਦਿੱਤਾ ਗਿਆ। ਇਹ ਨਾਂ ਐਸਾ ਸ਼ੁਰੂ ਹੋਇਆ ਕਿ ਕਈ ਜਗਹ ਇਸ ਦੀ ਵਰਤੋਂ ਹੋ ਗਈ, ਖ਼ਾਸ ਕਰ ਕੇ ਅੰਗਰੇਜ਼ਾਂ ਦੇ ਸਰਕਾਰੀ ਕਾਗ਼ਜ਼ਾਂ ਵਿਚ। ਭੋਲੇ ਸਿੱਖਾਂ ਨੇ ਵੀ ਇਸ ਗ਼ਲਤ ਨਾਂ ਨੂੰ ਅਸਲ ਨਾਂ ਵਜੋਂ ਲਿਖਣਾ ਸ਼ੁਰੂ ਕਰ ਦਿੱਤਾ ਤੇ ਕੁਝ ਸਾਲ ਮਗਰੋਂ ਇਹ ਮਕਬੂਲ ਵੀ ਹੋ ਗਿਆ। ਹੁਣ ਜਾਪਦਾ ਹੈ ਕਿ ਅਸਲ ਨਾਂ ਇਹੀ ਹੈ।

ਲਿੱਪੀ ਦਾ ਮਸਲਾ ਕੀ ਹੈ?: ਰੋਮਨ ਵਿਚ A ਨੂੰ 'ਮੁਕਤਾ' ਵਜੋਂ ਹੀ ਲਿਖਿਆ ਜਾਂਦਾ ਹੈ, ਜਿਵੇਂ ਕਿ ਮਦਨਜੀਤ ਨੂੰ ਰੋਮਨ ਵਿਚ Madanjeet ਲਿਖਿਆ ਜਾਵੇਗਾ ਤੇ ਇਸ ਨੂੰ ਮਦਨਜੀਤ ਪੜ੍ਹਿਆ ਜਾਵੇਗਾ ਨਾ ਕਿ ਮਾਦਾਨਜੀਤ, ਮਾਦਾਨਜੀਤ ਵਾਸਤੇ ਜਾਂ ਤਾਂ AA (Maadaanjeet) ਪਾਈ ਜਾਵੇਗੀ ਤੇ ਜਾਂ ਫਿਰ A ਦੇ ਉੱਪਰ ਲਕੀਰ ਪਾਈ ਜਾਵੇਗੀ (Ā) ਤੇ ਇਸ ਨੂੰ MĀDĀNJEET ਦੇ ਸਪੈਲਿੰਗਜ਼ ਨਾਲ ਲਿਖਿਆ ਜਾਵੇਗਾ। Ā ਵਿਚ A ਉੱਪਰ ਪਈ ਲਕੀਰ AA ਵਾਂਗ 'ਕੰਨਾ' ਦੀ ਆਵਾਜ਼ ਦੇਵੇਗੀ। ਇੰਵ ਹੀ RAMAN ਨੂੰ 'ਰਮਨ' ਪੜ੍ਹਿਆ ਜਾਵੇਗਾ ਪਰ ਜੇ ਅਸੀਂ ਰਾਮਾਂ ਲਿਖਣਾ ਹੈ ਤਾਂ ਇਸ ਨੂੰ RĀMĀN ਜਾਂ Raamaan ਦੇ ਸਪੈਲਿੰਗਜ਼ ਨਾਲ ਹੀ ਸਹੀ ਕਿਹਾ ਜਾ ਸਕਦਾ ਹੈ।

ਸਿੱਖਾਂ ਅਤੇ ਹੋਰ ਪੰਜਾਬੀ ਲੋਕਾਂ ਵਿਚ 'ਚਲੋ ਕਿਤੇ ਨਹੀਂ' 'ਤਾਂ ਕੀ ਏ' 'ਫੇਰ ਕੀ ਹੋਇਆ' ਚਲੋ ਹੁਣ ਚਲ ਹੀ ਪਿਆ ਹੈ, ਕਿਤੇ ਹੀਂ' ਦੀ ਆਦਤ ਖ਼ਤਰਨਾਕ ਤਕ ਹੈ। ਸਿੱਖਾਂ ਦਾ ਨਿਸ਼ਾਨ ਸਾਹਿਬ ਗ਼ਲਤੀ ਨਾਲ ਨੀਲਾ ਤੋਂ ਕੇਸਰੀ/ਭਗਵਾ/ਪੀਲਾ/ਬਸੰਤੀ ਬਣ ਗਿਆ ਤੇ ਹੁਣ ਇਸ ਨੂੰ 'ਅਸਲ' ਵੀ ਸਮਝਿਆ ਜਾਣ ਲਗ ਪਿਆ ਹੈ (ਵੇਖੋ ਮੇਰਾ ਲੇਖ: ਸਿੱਖਾਂ ਦੇ ਨਿਸ਼ਾਨ ਸਾਹਿਬ ਦਾ ਅਸਲ ਰੰਗ)।

ਭਾਈ ਕਾਹਨ ਸਿੰਘ ਨਾਭਾ ਨੇ **ਨਾਨਕ+ਆਣਾ** ਵਾਲੀ ਗ਼ਲਤੀ ਨੂੰ ਦਰੁਸਤ

ਕਰਨ/ਕਰਵਾਉਣ ਵਾਸਤੇ ਕੋਸ਼ਿਸ਼ ਵੀ ਕੀਤੀ। ਮਹਾਨ ਕੋਸ਼ ਵਿਚ ਨਾਨਕਾਣਾ ਸਾਹਿਬ ਦੀ ਐਂਟਰੀ ਹੈ ਨਨਕਾਣਾ ਦੀ ਨਹੀਂ। ਉਂਞ ਜ਼ਿਲ੍ਹਾ ਸੰਗਰੂਰ ਵਿਚ ਇਕ ਹੋਰ ਗੁਰਦੁਆਰਾ ਵੀ ਹੈ ਜਿਸ ਦਾ ਨਾਂ ਅੱਜ ਵੀ ਨਾਨਕਾਣਾ ਸਾਹਿਬ ਹੈ ਕਿਉਂਕਿ ਉਸ ਦੇ ਨਾਂ ਦੇ ਸਪੈਲਿੰਗ ਅੰਗਰੇਜ਼ਾਂ ਨੇ ਨਹੀਂ ਸਨ ਬਣਾਏ।

ਪਰ ਕੌਮ ਦੇ 'ਚਲੋ ਕਿਤੇ ਨਹੀਂ' ਸੋਚ ਵਾਲੇ ਆਗੂਆਂ ਅਤੇ "ਦਲਿੱਦਰੀ" ਲੇਖਕਾਂ ਅਤੇ ਵਿਦਵਾਨਾਂ ਦੇ ਸਿਰਾਂ 'ਤੇ ਜੂੰ ਤਕ ਨਹੀ ਸਰਕੀ ਕਿ ਉਹ ਇਸ ਬਜਰ ਗ਼ਲਤੀ ਨੂੰ ਸਹੀ ਹੀ ਕਰ ਲੈਣ ਤੇ ਗੁਰੂ ਨਾਨਕ ਸਾਹਿਬ ਦਾ ਨਾਂ **ਨਾਨਕ** ਦੀ ਥਾਂ **ਨਨਕ** ਨਾ ਲਿਖਿਆ ਕਰਨ। ਪਰ ਉਹ ਵੀ ਕੀ ਕਰਨ ਉਨ੍ਹਾਂ ਨੇ ਤਾਂ ਅਧਪੜ੍ਹ ਆਗੂਆਂ ਦੇ ਪਿੱਛੇ ਲੱਗ ਕੇ ਗੁਰੂ ਨਾਨਕ ਸਾਹਿਬ ਦਾ ਨਾਂ ਗੁਰੂ ਨਾਨਕ ਦੇਵ ਵੀ ਕਰ ਦਿੱਤਾ ਹੈ। ਇੱਥੇ ਵੀ ਬਹੁਤ ਸਾਰੇ ਦਲਿੱਦਰੀ ਲੇਖਕਾਂ ਤੇ ਵਿਦਵਾਨਾਂ ਨੇ ਇਹ ਨਾਂ ਵੀ ਕਬੂਲ ਕਰ ਲਿਆ ਹੈ (ਵੇਖੋ ਮੇਰਾ ਲੇਖ: ਗੁਰੂ ਨਾਨਕ ਸਾਹਿਬ ਕਿ ਦੇਵ)।

ਜਦ ਕੌਮ ਨੂੰ ਕੋਈ ਸਹੀ ਆਗੂ ਮਿਲਿਆ ਤਾਂ ਉਹ ਗੁਰੂ ਨਾਨਕ ਸਾਹਿਬ ਦਾ ਨਾਂ ਨਨਕ ਤੋਂ ਨਾਨਕ, ਗੁਰੂ ਨਾਨਕ ਦੇਵ ਤੋਂ ਗੁਰੂ ਨਾਨਕ ਸਾਹਿਬ ਠੀਕ ਕਰ ਦੇਵੇਗਾ ਤੇ ਨਿਸ਼ਾਨ ਸਾਹਿਬ ਦਾ ਅਸਲ ਰੰਗ ਨੀਲਾ ਕਰ ਦੇਵੇਗਾ, ਪਰ ਇਹ ਤਾਂ ਹੋਵੇਗਾ ਜੇ ਕੋਈ ਸਹੀ ਤੇ ਸੱਚਾ ਸਿੱਖ ਕੌਮ ਦਾ ਆਗੂ ਬਣੇਗਾ।

ਗੁਰੂ ਨਾਨਕ ਸਾਹਿਬ, ਭਗਤ ਕਬੀਰ ਜੀ ਤੇ 'ਬਾਬਾ' ਰਵਿਦਾਸ ਜੀ

(ਇਹ ਲੇਖ ਦੇਵਨਾਗਰੀ ਵਿਚ ਲਿਖੇ ਇਕ ਬੜੇ ਪੁਰਾਣੇ ਖਰੜੇ ਦੇ ਆਧਾਰ 'ਤੇ ਹੈ। ਇਹ ਹੱਥਲਿਖਤ ਸਤਾਰ੍ਹਵੀਂ ਸਦੀ ਦੇ ਸ਼ੁਰੂ ਦੀ ਹੈ ਅਤੇ ਇਹ ਰਿਸ਼ੀਕੇਸ਼ ਵਿਚ 'ਬਾਬਾ' ਗੁਪਤੇਸ਼ਵਰ ਹਰਿ ਜੀ ਕੋਲ ਮੌਜੂਦ ਹੈ, ਮੈਂ ਇਸ ਨੂੰ 1979 ਵਿਚ ਪੜ੍ਹਿਆ ਸੀ।)।

ਸੋਲ੍ਹਵੀਂ ਸਦੀ ਵਿਚ ਏਸ਼ੀਆ ਦੀ ਸਰਜ਼ਮੀਂ 'ਤੇ ਜਿੱਥੇ ਮੁਗ਼ਲਾਂ ਦਾ ਬੋਲ-ਬਾਲਾ ਕਾਇਮ ਹੋਇਆ, ਉੱਥੇ ਇਸ ਇਲਾਕੇ ਵਿਚ ਰੂਹਾਨੀਅਤ ਦਾ ਛਿੱਟਾ ਦੇਣ ਦਾ ਮਾਣ ਗੁਰੂ ਨਾਨਕ ਸਾਹਿਬ ਨੂੰ ਹਾਸਿਲ ਹੋਇਆ। ਗੁਰੂ ਨਾਨਕ ਸਾਹਿਬ ਨੇ ਰੱਬ ਦਾ ਪੈਗ਼ਾਮ, ਇਨਸਾਨੀ ਮੁਹੱਬਤ, ਰੂਹਾਨੀਅਤ ਦੀ ਨਿੱਘ ਨੂੰ, ਚਾਲੀ ਪੰਜਾਹ ਹਜ਼ਾਰ ਕਿਲੋਮੀਟਰ ਦੇ ਕਰੀਬ ਸਫ਼ਰ ਕਰ ਕੇ, ਏਸ਼ੀਆ ਦੇ ਇਕ ਵੱਡੇ ਹਿੱਸੇ ਵਿਚ ਪਹੁੰਚਾਇਆ। ਇਸ ਪੈਗ਼ਾਮ ਨੂੰ ਘਰ ਘਰ ਪਹੁੰਚਾਉਣ ਵਾਸਤੇ ਗੁਰੂ ਨਾਨਕ ਸਾਹਿਬ 1507 ਵਿਚ ਸੁਲਤਾਨਪੁਰ ਤੋਂ ਟੁਰੇ ਸਨ। ਉਨ੍ਹਾਂ ਦੇ ਨਾਲ ਇਕ ਮਹਾਨ ਰਬਾਬੀ ਫ਼ਨਕਾਰ ਭਾਈ ਮਰਦਾਨਾ ਜੀ ਵੀ ਸਨ। ਗੁਰੂ ਨਾਨਕ ਸਾਹਿਬ ਨੇ ਇਹ ਪ੍ਰਚਾਰ 1507 ਤੋਂ 1521 ਤਕ, (ਇਕ ਸਾਲ ਦੇ ਵਕਫ਼ੇ ਨੂੰ ਛੱਡ ਕੇ) ਤਕਰੀਬਨ 13 ਸਾਲ ਕੀਤਾ। ਉਨ੍ਹਾਂ ਦੇ ਇਸ 13 ਸਾਲ ਦੇ ਸਫ਼ਰ ਨੂੰ ਚਾਰ-ਪੰਜ ਦੌਰਿਆਂ, ਜਿਨ੍ਹਾਂ ਨੂੰ ਉਦਾਸੀਆਂ ਆਖਿਆ ਜਾਂਦਾ ਹੈ, ਵਿਚ ਵੰਡਿਆ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦੌਰਾਨ ਗੁਰੂ ਸਾਹਿਬ ਨੇ ਵੱਖ ਵੱਖ ਇਲਾਕਿਆਂ ਵਿਚ, ਵੱਖ ਵੱਖ ਧਰਮਾਂ ਦੇ ਵਿਦਵਾਨਾਂ, ਆਗੂਆਂ ਤੇ ਪੈਰੋਕਾਰਾਂ ਨਾਲ ਵਿਚਾਰਾਂ ਕੀਤੀਆਂ।

ਅਪਣੀ ਪਹਿਲੀ ਉਦਾਸੀ ਦੌਰਾਨ ਗੁਰੂ ਨਾਨਕ ਸਾਹਿਬ ਕੁਰੂਕਸ਼ੇਤਰ, ਹਰਿਦੁਆਰ ਅਤੇ ਪ੍ਰਯਾਗ (ਹੁਣ ਅਲਾਹਾਬਾਦ) ਹੁੰਦੇ ਹੋਏ ਕਾਸ਼ੀ (ਜਿਸ ਨੂੰ ਬਨਾਰਸ ਤੇ ਵਾਰਾਨਸੀ ਵੀ ਆਖਿਆ ਜਾਂਦਾ ਹੈ) ਪੁੱਜੇ। ਇਹ ਗੱਲ 1507 ਦੇ ਅਖ਼ੀਰ ਦੀ ਹੈ। ਜਦ ਆਪ ਕਾਸ਼ੀ ਪੁੱਜੇ ਤਾਂ ਆਪ ਨੂੰ ਪਤਾ ਲੱਗਾ ਕਿ ਉੱਥੇ ਚਤੁਰ ਦਾਸ ਨਾਂ ਦਾ ਇਕ ਸ਼ਖ਼ਸ ਅਪਣੇ ਇਲਮ ਕਰ ਕੇ ਬੜਾ ਮਸ਼ਹੂਰ ਹੈ। ਪੁੱਛਦੇ-ਪੁਛਾਂਦੇ ਗੁਰੂ ਸਾਹਿਬ ਨੇ ਚਤੁਰ ਦਾਸ ਨੂੰ ਲੱਭ ਲਿਆ। ਗੁਰੂ ਸਾਹਿਬ ਨੇ ਚਤੁਰ ਦਾਸ ਨਾਲ ਕਈ ਵਾਰ ਵਿਚਾਰਾਂ ਕੀਤੀਆਂ। ਵਿਚਾਰਾਂ ਦੌਰਾਨ ਉਸ ਨੇ ਅਪਣੇ ਇਲਮ ਦਾ ਇਜ਼ਹਾਰ ਕਰਨਾ ਸ਼ੁਰੂ ਕਰ ਦਿਤਾ। ਅਜਿਹਾ ਕਰਦਿਆਂ ਕਰਦਿਆਂ ਉਸ ਨੇ ਅਪਣੀ ਤਾਲੀਮ ਤੇ ਗਿਆਨ ਦੀ ਹੈਂਕੜ ਦਿਖਾਣੀ ਵੀ ਸ਼ੁਰੂ ਕਰ ਦਿਤੀ। ਗੁਰੂ ਨਾਨਕ ਸਾਹਿਬ ਨੇ ਉਸ ਨੂੰ ਸਮਝਾਇਆ ਕਿ ਆਲਮ-ਫ਼ਾਜ਼ਲ ਬੰਦੇ ਨੂੰ ਹੰਕਾਰ ਨਹੀਂ ਹੋਣਾ ਚਾਹੀਦਾ। ਆਲਮ ਲੋਕਾਂ ਵਿਚ ਬੜੀ ਹਲੀਮੀ ਹੋਣੀ ਚਾਹੀਦੀ ਹੈ। ਗੁਰੂ ਸਾਹਿਬ ਨੇ ਪੰਡਤ ਨੂੰ ਦਸਿਆ ਕਿ 'ਕਿਤਾਬੀ ਇਲਮ ਰਸਤਾ ਹੈ, ਮੰਜ਼ਿਲ ਨਹੀਂ। ਜੇ ਕਿਤਾਬਾਂ ਪੜ੍ਹਨ ਤੇ ਗਿਆਨ ਹਾਸਿਲ ਕਰਨ ਮਗਰੋਂ ਉਸ 'ਤੇ ਅਮਲ ਨਾ ਕੀਤਾ ਜਾਵੇ ਤਾਂ ਉਹ ਸਾਰਾ ਇਲਮ ਬੇਮਾਅਨਾ ਹੈ।' ਗੁਰੂ ਸਾਹਿਬ ਦੀਆਂ ਗੱਲਾਂ ਸੁਣ ਕੇ ਪੰਡਤ ਸ਼ਰਮਿੰਦਾ ਹੋ ਗਿਆ। ਉਹ ਕੁਝ ਚਿਰ ਚੁੱਪ ਰਿਹਾ ਅਤੇ ਫਿਰ ਆਖਣ ਲੱਗਾ, 'ਗੁਰੂ ਜੀ, ਤੁਸੀਂ ਰੱਬ ਦੇ ਭਗਤ ਹੋ ਪਰ ਤੁਹਾਡੇ ਕੋਲ ਨਾ ਤਾਂ

ਤੁਲਸੀ ਦੀ ਮਾਲਾ ਹੈ ਤੇ ਨਾ ਹੀ ਸਾਲਗਰਾਮ ਹੈ। ਤੁਸੀਂ ਕਾਹਦੇ ਭਗਤ ਹੋ?' ਗੁਰੂ ਸਾਹਿਬ ਨੇ ਪੰਡਤ ਨੂੰ ਸਮਾਝਿਆ ਕਿ ਦਿਖਾਵੇ ਅਤੇ ਕਰਮਕਾਂਡ ਦਾ ਨਾਂ ਭਗਤੀ ਨਹੀਂ ਹੈ। ਮਾਲਾ, ਚੰਦਨ ਦਾ ਟਿੱਕਾ ਅਤੇ ਸਾਲਗਰਾਮ ਤਾਂ ਦਿਖਾਵਾ ਹੈ। ਇਹ ਤਾਂ ਬਗਲੇ ਵਾਲਾ ਕੰਮ ਹੈ। ਬਗਲੇ ਵਾਂਗ ਬਗਲਾ-ਭਗਤ ਹੁੰਦਾ ਹੈ ਜੋ ਵਧੇਰੇ ਗੁਨਾਹਗਾਰ ਹੁੰਦਾ ਹੈ। ਇਸ ਮਗਰੋਂ ਪੰਡਤ ਨੇ ਸੂਤਕ ਤੇ ਜੂਠ-ਸੁੱਚ ਦੇ ਨੁਕਤੇ 'ਤੇ ਬਹਿਸ ਛੇੜ ਲਈ। ਗੁਰੂ ਸਾਹਿਬ ਨੇ ਪੰਡਤ ਦੇ ਸੂਤਕ ਦੇ ਭਰਮ ਨੂੰ ਵੀ ਤੋੜਿਆ। ਅਖ਼ੀਰ ਗੁਰੂ ਸਾਹਿਬ ਦੀਆਂ ਦਲੀਲਾਂ ਅੱਗੇ ਪੰਡਤ ਨੇ ਸਿਰ ਝੁਕਾ ਦਿਤਾ। ਉਸ ਨੇ ਗੁਰੂ ਸਾਹਿਬ ਦੀ ਸਿੱਖੀ ਕਬੂਲ ਕਰ ਲਈ।

ਗੁਰੂ ਸਾਹਿਬ ਕੁਝ ਦਿਨ ਕਾਸ਼ੀ ਵਿਚ ਰਹੇ। ਚਤੁਰ ਦਾਸ ਅਤੇ ਕੁਝ ਹੋਰ ਲੋਕ ਰੋਜ਼ ਗੁਰੂ ਸਾਹਿਬ ਦੀ ਸੰਗਤ ਕਰਦੇ ਰਹੇ। ਇਕ ਦਿਨ ਗੱਲਾਂ ਹੀ ਗੱਲਾਂ ਵਿਚ ਚਤੁਰ ਦਾਸ ਨੇ ਦਸਿਆ ਕਿ ਕਾਸ਼ੀ ਦੇ ਪਰਗਨੇ ਵਿਚ ਦੋ ਸ਼ੂਦਰ ਭਗਤ ਵੀ ਰਹਿੰਦੇ ਹਨ, ਪਰ ਅਸੀਂ ਉਨ੍ਹਾਂ ਨੂੰ ਮੂੰਹ ਨਹੀਂ ਲਾਉਂਦੇ। ਗੁਰੂ ਸਾਹਿਬ ਨੇ ਉਸ ਨੂੰ ਸਮਝਾਇਆ ਕਿ "ਸ਼ੂਦਰ ਤਾਂ ਉਹ ਹੁੰਦੇ ਹਨ ਜਿਨ੍ਹਾਂ ਦੀ ਰੂਹ ਗੰਦੀ ਹੋਵੇ ਜਾਂ ਜਿਨ੍ਹਾਂ ਦਾ ਮਨ ਪਲੀਤ ਹੋਵੇ। ਨਾਲੇ ਭਗਤ ਤਾਂ ਰੱਬ ਦਾ ਸੱਚਾ ਪੁੱਤਰ ਹੁੰਦਾ ਹੈ। ਭਗਤਾਂ ਦੀ ਰੂਹ ਅਤੇ ਮਨ ਵਿਚ ਤਾਂ ਵਾਹਿਗੁਰੂ ਦਾ ਅਪਣਾ ਵਾਸਾ ਹੁੰਦਾ ਹੈ। ਇਸ ਕਰ ਕੇ ਭਗਤ ਤਾਂ ਵਾਹਿਗੁਰੂ ਦਾ ਅਪਣਾ ਹਿੱਸਾ ਹੁੰਦੇ ਹਨ। ਉਨ੍ਹਾਂ ਨੂੰ ਸ਼ੂਦਰ ਆਖਣਾ ਤਾਂ ਰੱਬ ਨੂੰ ਹੀ ਮਾੜਾ ਆਖਣਾ ਹੈ।"

ਗੁਰੂ ਸਾਹਿਬ ਦੀ ਗੱਲ ਸੁਣ ਕੇ ਪੰਡਤ ਨੂੰ ਬੜੀ ਸ਼ਰਮਿੰਦਗੀ ਹੋਈ। ਉਸ ਨੇ ਗੁਰੂ ਸਾਹਿਬ ਤੋਂ ਭੁੱਲ ਬਖ਼ਸ਼ਾਈ। ਗੁਰੂ ਸਾਹਿਬ ਨੇ ਚਤੁਰ ਦਾਸ ਨੂੰ ਕਿਹਾ ਕਿ ਮੈਂ ਇਨ੍ਹਾਂ ਦੋਹਾਂ ਭਗਤਾਂ ਨੂੰ ਮਿਲਣਾ ਚਾਹੁੰਦਾ ਹਾਂ। ਮੈਨੂੰ ਉਨ੍ਹਾਂ ਦੇ ਘਰ ਲੈ ਚੱਲੋ। ਚਤੁਰ ਦਾਸ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਉਹ ਦੋਵੇਂ ਵੱਖ ਕਾਸ਼ੀ ਦੇ ਬਾਹਰ ਵੱਖ-ਵੱਖ ਇਲਾਕਿਆਂ ਵਿਚ ਰਹਿੰਦੇ ਹਨ। ਇਕ ਦਾ ਨਾਂ ਰਵਿਦਾਸ ਹੈ ਜੋ ਇਕ ਪਿੰਡ ਵਿਚ ਚਮਾਰਾਂ ਦੇ ਇਲਾਕੇ ਵਿਚ ਰਹਿੰਦਾ ਹੈ ਅਤੇ ਦੂਜੇ ਦਾ ਨਾਂ ਕਬੀਰ ਹੈ ਜੋ ਜੁਲਾਹਿਆਂ ਦੀ ਪੱਤੀ ਵਿਚ ਰਹਿੰਦਾ ਹੈ। ਚਤੁਰ ਦਾਸ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਰਵਿਦਾਸ ਬੜਾ ਬਜ਼ੁਰਗ ਹੈ। ਉਸ ਦੀ ਉਮਰ ੧੦੦ ਸਾਲ ਦੇ ਕਰੀਬ ਹੋਣੀ ਹੈ ਅਤੇ ਕਬੀਰ ਵੀ ੫੦-੫੫ ਦੇ ਕਰੀਬ ਹੋਵੇਗਾ। ਗੁਰੂ ਸਾਹਿਬ ਨੇ ਚਤੁਰ ਦਾਸ ਨੂੰ ਕਿਹਾ ਕਿ ਮੈਂ ਦੋਹਾਂ ਸੱਜਣਾਂ ਨੂੰ ਜ਼ਰੂਰ ਮਿਲਣਾ ਹੈ। ਮੈਨੂੰ ਉਨ੍ਹਾਂ ਦੇ ਘਰ ਦਾ ਰਸਤਾ ਦੱਸੋ। ਚਤੁਰ ਦਾਸ ਨੇ ਗੁਰੂ ਸਾਹਿਬ ਨੂੰ ਕਬੀਰ ਦੇ ਇਲਾਕੇ ਦਾ ਰਸਤਾ ਦਸ ਦਿਤਾ ਪਰ ਜਦੋਂ ਗੁਰੂ ਸਾਹਿਬ ਨੇ ਉਸ ਨੂੰ ਨਾਲ ਚੱਲਣ ਵਾਸਤੇ ਕਿਹਾ ਤਾਂ ਉਹ ਬਹਾਨਾ ਲਾ ਕੇ ਖਿਸਕ ਗਿਆ।

ਅਗਲੇ ਦਿਨ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਭਗਤ ਕਬੀਰ ਜੀ ਦੇ ਘਰ ਜਾ ਪੁੱਜੇ। ਸਵੇਰ ਦਾ ਵੇਲਾ ਸੀ। ਕਬੀਰ ਜੀ ਦੀ ਕੁੱਲੀ ਦੇ ਅੰਦਰੋਂ ਬਾਣੀ ਦੀ ਆਵਾਜ਼ ਆ ਰਹੀ ਸੀ। ਗੁਰੂ ਸਾਹਿਬ ਆਵਾਜ਼ ਸੁਣ ਕੇ ਬਾਹਰ ਹੀ ਰੁਕ ਗਏ ਅਤੇ ਬਾਣੀ ਦਾ ਆਨੰਦ ਲੈਣ ਲੱਗ ਪਏ। ਜਦੋਂ ਕਬੀਰ ਜੀ ਨੇ ਬਾਣੀ ਪੜ੍ਹਨੀ ਬੰਦ ਕੀਤੀ ਤਾਂ ਉਹ ਕੁੱਲੀ ਵਿਚੋਂ ਬਾਹਰ ਨਿਕਲ ਆਏ। ਬਾਹਰ ਉਨ੍ਹਾਂ ਨੂੰ ਫਕੀਰੀ ਪਹਿਰਾਵੇ ਵਾਲੇ ਦੋ ਸੱਜਣ ਨਜ਼ਰ ਆਏ। ਕਬੀਰ ਜੀ ਉਨ੍ਹਾਂ ਨੂੰ ਵੇਖਦੇ ਹੀ ਰਹਿ ਗਏ। ਰੂਹਾਨੀ ਤਾਕਤ

ਵਾਲੇ ਕਬੀਰ ਜੀ ਨੂੰ ਇਕ ਦਮ ਅਹਿਸਾਸ ਹੋ ਗਿਆ ਕਿ ਜੋ ਸੱਜਣ ਉਨ੍ਹਾਂ ਦੇ ਸਾਹਮਣੇ ਖੜ੍ਹੇ ਹਨ ਉਹ ਫ਼ਕੀਰ ਨਹੀਂ, ਬਲਕਿ ਕੋਈ ਅਜ਼ਮਤ ਵਾਲੀ ਸ਼ਖ਼ਸ਼ੀਅਤ ਹਨ। ਕਬੀਰ ਜੀ ਨੇ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਨੂੰ ਸਿਰ ਝੁਕਾ ਦੇ ਪ੍ਰਣਾਮ ਕੀਤਾ ਅਤੇ ਅਪਣੀ ਕੁੱਲੀ ਦੇ ਅੰਦਰ ਆਉਣ ਵਾਸਤੇ ਅਰਜ਼ ਕੀਤੀ। ਗੁਰੂ ਸਾਹਿਬ ਤੇ ਭਾਈ ਮਰਦਾਨਾ ਅੰਦਰ ਜਾ ਕੇ ਇਕ ਦਰੀ 'ਤੇ ਬੈਠ ਗਏ। ਭਾਈ ਮਰਦਾਨਾ ਉਸ ਦਰੀ ਨੂੰ ਵੇਖ ਕੇ ਬੜੇ ਖ਼ੁਸ਼ ਹੋਏ ਅਤੇ ਆਖਣ ਲੱਗੇ, 'ਬਾਬਾ ਜੀ ਇਹ ਦਰੀ ਬੜੀ ਸੁਹਣੀ ਹੈ, ਕਿਸੇ ਚੰਗੇ ਕਾਰੀਗਰ ਦਾ ਕਮਾਲ ਏ।' ਇਹ ਸੁਣ ਕੇ ਕਬੀਰ ਜੀ ਨੇ ਜਵਾਬ ਦਿਤਾ, 'ਸੱਜਣ ਜੀ, ਇਹ ਦਰੀ ਪ੍ਰਮਾਤਮਾ ਨੇ ਮੈਥੋਂ ਬੁਣਵਾਈ ਹੈ। ਤੁਹਾਡੇ ਵਰਗੇ ਸੱਜਣਾਂ ਦੇ ਬੈਠਣ ਨਾਲ ਹੁਣ ਇਹ ਪਵਿੱਤਰ ਵੀ ਹੋ ਗਈ ਹੈ।'

ਭਾਈ ਮਰਦਾਨਾ ਤੇ ਕਬੀਰ ਜੀ ਦੀ ਇਸ ਗਲਬਾਤ ਮਗਰੋਂ ਗੁਰੂ ਨਾਨਕ ਸਾਹਿਬ ਨੇ ਆਖਿਆ, 'ਬਾਬਾ ਜੀ, ਜਦੋਂ ਅਸੀਂ ਆਏ ਸੀ, ਉਦੋਂ ਤੁਸੀਂ ਰੱਬ ਦੀ ਭਗਤੀ ਵਿਚ ਮਸਰੂਫ਼ ਸਓ। ਸਾਨੂੰ ਉਹ ਬੋਲ ਬੜੇ ਪਿਆਰੇ ਲੱਗੇ। ਸਾਨੂੰ ਕੁਝ ਹੋਰ ਵੀ ਸੁਣਾਓ।' ਭਗਤ ਕਬੀਰ ਜੀ ਨੇ ਇਕ ਹੋਰ ਸ਼ਬਦ ਸ਼ੁਰੂ ਕਰ ਲਿਆ। ਸ਼ਬਦ ਸੁਣਦਿਆਂ ਹੀ ਭਾਈ ਮਰਦਾਨਾ ਖਿੜ ਗਏ। ਉਨ੍ਹਾਂ ਨੇ ਰਬਾਬ ਵਜਾ ਕੇ ਕਬੀਰ ਜੀ ਨੂੰ ਸੰਗਤ ਦੇਣੀ ਸ਼ੁਰੂ ਕਰ ਦਿਤੀ, ਕਬੀਰ ਜੀ ਦੀ ਬਾਣੀ ਅਤੇ ਮਹਾਨ ਫ਼ਨਕਾਰ ਭਾਈ ਮਰਦਾਨਾ ਦੀ ਰਬਾਬ ਨੇ ਜੰਨਤ ਦਾ ਨਜ਼ਾਰਾ ਬੰਨ੍ਹ ਦਿਤਾ। ਸ਼ਬਦ ਮੁੱਕਣ ਮਗਰੋਂ ਗੁਰੂ ਨਾਨਕ ਸਾਹਿਬ ਨੇ ਆਖਿਆ, 'ਬਾਬਾ ਜੀ, ਤੁਸੀਂ ਤਾਂ ਰੱਬ ਦੇ ਬਹੁਤ ਨੇੜੇ ਹੋ। ਕਮਾਲ ਦੀ ਬਾਣੀ ਰਚਦੇ ਹੋ।' ਇਸ 'ਤੇ ਭਾਈ ਮਰਦਾਨਾ ਜੀ ਆਖਣ ਲੱਗੇ, 'ਗੁਰੂ ਜੀ, ਕਬੀਰ ਜੀ ਅਤੇ ਤੁਹਾਡੀ ਬਾਣੀ ਵਿਚ ਬੜੀ ਨੇੜਤਾ ਹੈ।' ਇਹ ਸੁਣ ਕੇ ਕਬੀਰ ਜੀ ਨੇ ਆਖਿਆ, 'ਮੇਰੇ ਧੰਨ ਭਾਗ ਕਿ ਮੇਰੇ ਘਰ ਤੁਹਾਡੇ ਵਰਗੇ ਮਹਾਂਪੁਰਖ ਆਏ। ਗੁਰੂ ਜੀ ਤੁਸੀਂ ਵੀ ਕੋਈ ਸ਼ਬਦ ਸੁਣਾਓ।' ਗੁਰੂ ਨਾਨਕ ਸਾਹਿਬ ਨੇ ਆਖਿਆ, 'ਮੈਂ ਤਾਂ ਗੁਰਮੁਖ ਦੀ ਖੋਜ ਵਿਚ ਟੁਰਿਆ ਹੋਇਆ ਹਾਂ। ਮੇਰਾ ਚਿਤ ਤਾਂ ਤੁਹਾਥੋਂ ਹੋਰ ਸੁਣਨ ਨੂੰ ਕਰਦਾ ਹੈ।' ਪਰ ਕਬੀਰ ਜੀ ਨੇ ਫੇਰ ਅਰਜ਼ ਕੀਤੀ ਤਾਂ ਗੁਰੂ ਸਾਹਿਬ ਨੇ ਇਕ ਸ਼ਬਦ ਗਾਇਆ। ਭਾਈ ਮਰਦਾਨਾ ਨੇ ਰਬਾਬ ਵਜਾਈ। ਅਜਿਹਾ ਰੰਗ ਬੱਝਿਆ ਕਿ ਕਬੀਰ ਜੀ ਝੂਮਣ ਲੱਗ ਪਏ ਹੈ। ਇਸ ਮਗਰੋਂ ਗੁਰੂ ਨਾਨਕ ਸਾਹਿਬ ਨੇ ਹੋਰ ਨਵੇਂ ਸ਼ਬਦ ਸੁਣਾਏ। ਇੰਵ ਕਈ ਘੜੀਆਂ ਲੰਘ ਗਈਆਂ। ਬਾਣੀ ਅਤੇ ਰੂਹਾਨੀ ਸੰਗੀਤ ਦੀ ਧੁਨ ਨੇ ਉਸ ਕੁਟੀਆਂ ਵਿਚ ਸਵਰਗ ਦਾ ਮਾਹੌਲ ਬੰਨ੍ਹ ਦਿਤਾ।

ਗੁਰੂ ਨਾਨਕ ਸਾਹਿਬ, ਬਾਬਾ ਕਬੀਰ ਤੇ ਭਾਈ ਮਰਦਾਨਾ ਨੇ ਇਸ ਮਗਰੋਂ ਪ੍ਰਸ਼ਾਦੇ ਛਕੇ ਤੇ ਫਿਰ ਗਿਆਨ ਚਰਚਾ ਚੱਲ ਪਈ। ਗੁਰੂ ਨਾਨਕ ਸਾਹਿਬ ਦੀਆਂ ਗੱਲਾਂ ਸੁਣ ਕੇ ਕਬੀਰ ਜੀ ਨੇ ਆਖਿਆ, 'ਗੁਰੂ ਜੀ ਤੁਸੀਂ ਉਮਰ ਵਿਚ ਦੀ ਮੇਰੇ ਨਾਲੋਂ ਦਸ-ਪੰਦਰਾਂ ਸਾਲ ਨਿੱਕੇ ਜਾਪਦੇ ਹੋ ਪਰ ਗਿਆਨ ਵਿਚ ਮੇਰੇ ਉਸਤਾਦ ਹੋ। ਤੁਸੀਂ ਮੇਰੇ ਮਨ ਦੇ ਕਈ ਭੁਲੇਖੇ ਦੂਰ ਕੀਤੇ ਹਨ। ਮੇਰਾ ਮਨ ਕਹਿੰਦਾ ਹੈ ਕਿ ਮੈਂ ਤੁਹਾਨੂੰ ਅਪਣਾ ਗੁਰੂ ਧਾਰਨ ਕਰ ਲਵਾਂ। ਤੁਸੀਂ ਹਰ ਪਾਸੇ ਚਾਨਣ ਵੰਡਦੇ ਹੋ। ਚਾਨਣ ਵੰਡਣ ਵਾਲਾ ਤਾਂ ਸੂਰਜ ਹੁੰਦਾ ਹੈ। ਪਰ ਸੂਰਜ ਤਾਂ ਸਿਰਫ਼ ਦਿਨ ਵੇਲੇ ਹੀ ਰੌਸ਼ਨੀ ਦੇਂਦਾ ਹੈ। ਤੁਸੀਂ ਤਾਂ ਹਰ ਵੇਲੇ ਰੌਸ਼ਨੀ ਦੇਂਦੇ ਹੋ। ਤੁਸੀਂ ਤਾਂ ਨਿਰਾ ਨੂਰ ਹੀ ਹੋ। ਮੈਨੂੰ ਕਈ ਦਿਨਾਂ ਤੋਂ

ਅਹਿਸਾਸ ਹੋ ਰਿਹਾ ਸੀ ਕਿ ਪ੍ਰਮਾਤਮਾ ਨੇ ਮੇਰੇ ਘਰ ਵਿਚ ਚਾਨਣ ਭਰ ਦੇਣਾ ਹੈ।' ਕਬੀਰ ਜੀ ਦੇ ਬੋਲ ਸੁਣ ਕੇ ਗੁਰੂ ਨਾਨਕ ਸਾਹਿਬ ਬੋਲੇ, 'ਬਾਬਾ ਜੀ ਤੁਸੀਂ ਉਮਰ ਵਿਚ ਵੀ ਵੱਡੇ ਹੋ। ਤੁਸੀਂ ਕਿਰਤ ਕਰ ਕੇ ਸੱਚੀ ਕਮਾਈ ਦੀ ਰੋਟੀ ਖਾਂਦੇ ਹੋ, ਵੰਡ ਕੇ ਛਕਦੇ ਹੋ ਤੇ ਰੱਬ ਦਾ ਨਾਂ ਜਪਦੇ ਹੋ। ਤੁਸੀਂ ਤਾਂ ਮੇਰੇ ਨਹੀਂ ਰੱਬ ਦੇ ਸਿੱਖ ਹੋ। ਤੁਸੀਂ ਭਗਤ ਵੀ ਹੋ ਤੇ ਵੱਡੇ ਵੀ ਹੋ। ਉਂਵ ਤਾਂ ਕਬੀਰ ਦਾ ਮਤਲਬ ਵੀ ਵੱਡਾ ਹੁੰਦਾ ਹੈ।'

ਗੁਰੂ ਸਾਹਿਬ ਅਤੇ ਕਬੀਰ ਜੀ ਦੀਆਂ ਗੱਲਾਂ ਸੁਣ ਕੇ ਭਾਈ ਮਰਦਾਨਾ ਦਾ ਮਨ ਪਸੀਜ ਗਿਆ। ਉਨ੍ਹਾਂ ਦੀਆਂ ਅੱਖਾਂ ਵਿਚੋਂ ਪਿਆਰ ਤੇ ਸ਼ਰਧਾ ਦੇ ਹੰਝੂ ਵਹਿ ਟੁਰੇ। ਭਾਈ ਮਰਦਾਨਾ ਜੀ ਆਖਣ ਲੱਗੇ, 'ਮੇਰੇ ਵੱਡੇ ਭਾਗ ਹਨ ਕਿ ਮੈਂ ਗੁਰੂ ਨਾਨਕ ਸਾਹਿਬ ਅਤੇ ਬਾਬਾ ਕਬੀਰ ਜੀ ਦੀ ਸੰਗਤ ਮਾਣ ਰਿਹਾ ਹਾਂ। ਮੇਰੇ ਜਿਹਾ ਵਡਭਾਗੀ ਹੋਰ ਕੌਣ ਹੋਵੇਗਾ!'

ਦੇਰ ਰਾਤ ਤਕ ਗੁਰੂ ਨਾਨਕ ਸਾਹਿਬ, ਭਗਤ ਕਬੀਰ ਜੀ ਅਤੇ ਭਾਈ ਮਰਦਾਨਾ ਜੀ ਰੂਹਾਨੀਅਤ ਦੀਆਂ ਗੱਲਾਂ ਕਰਦੇ ਰਹੇ ਅਤੇ ਫਿਰ ਦੋ ਪਹਿਰ ਵਾਸਤੇ ਆਰਾਮ ਕੀਤਾ। ਤੜਕੇ ਪਹਿਲੇ ਪਹਿਰ ਉੱਠ ਕੇ ਤਿੰਨਾਂ ਨੇ ਇਸ਼ਨਾਨ ਕਰ ਕੇ ਫੇਰ ਬਾਣੀ ਦਾ ਕੀਰਤਨ ਕਰਨਾ ਸ਼ੁਰੂ ਕਰ ਦਿਤਾ। ਇੰਨੇ ਚਿਰ ਵਿਚ ਆਲੇ ਦੁਆਲੇ ਦੇ ਬਹੁਤ ਸਾਰੇ ਲੋਕ ਉੱਥੇ ਇਕੱਠੇ ਹੋ ਚੁੱਕੇ ਸਨ। ਬਾਬਾ ਕਬੀਰ ਜੀ ਦੀ ਕੁੱਲੀ ਇਕ ਧਰਮਸ਼ਾਲਾ ਬਣ ਚੁੱਕੀ ਸੀ। ਲੋਕ ਖਾਣ ਵਾਸਤੇ ਕਿੰਨਾ ਕੁਝ ਲਿਆਏ ਹੋਏ ਸਨ। ਭਾਈ ਮਰਦਾਨਾ ਹੈਰਾਨ ਸਨ। ਕਬੀਰ ਜੀ ਨੇ ਉਨ੍ਹਾਂ ਨੂੰ ਦੱਸਿਆ ਕਿ ਇਨ੍ਹਾਂ ਲੋਕਾਂ ਨੂੰ ਕੁੱਲੀ ਵਿਚ ਬਾਣੀ ਦੇ ਕੀਰਤਨ ਦੀ ਆਵਾਜ਼ ਤੋਂ ਹੀ ਪਤਾ ਲੱਗ ਗਿਆ ਸੀ ਕਿ ਇਥੇ ਰੱਬ ਦੇ ਕੋਈ ਹੋਰ ਪਿਆਰੇ ਵੀ ਆਏ ਹੋਏ ਹਨ। ਏਸੇ ਕਰ ਕੇ ਇਹ ਖਾਣ-ਪੀਣ ਦਾ ਬੰਦੋਸਬਤ ਕਰ ਕੇ ਲਿਆਏ ਹਨ। ਇਨ੍ਹਾਂ ਦਾ ਖਾਣਾ ਭਾਵੇਂ ਸ਼ਾਹੀ ਖਾਣਾ ਨਹੀਂ ਪਰ ਇਹ ਇਨ੍ਹਾਂ ਦੀ ਕਿਰਤ-ਕਮਾਈ ਵਿਚੋਂ ਸ਼ਰਧਾ ਨਾਲ ਲਿਆਂਦਾ ਪਵਿੱਤਰ ਭੋਜਨ ਹੈ। ਇਸ 'ਤੇ ਗੁਰੂ ਨਾਨਕ ਸਾਹਿਬ ਨੇ ਕਿਹਾ, 'ਕਬੀਰ ਜੀ, ਇਹ ਤਾਂ ਵਾਹਿਗੁਰੂ ਦਾ ਭੇਜਿਆ ਲੰਗਰ ਹੈ। ਪਵਿੱਤਰ ਭੋਜਨ ਛੱਤੀ ਪਦਾਰਥ ਹੋਇਆ ਕਰਦਾ ਹੈ।' ਗੁਰੂ ਨਾਨਕ ਸਾਹਿਬ ਦੇ ਬੋਲ ਸੁਣ ਕੇ ਸੰਗਤਾਂ ਦੇ ਚਿਹਰੇ ਖਿੜ ਗਏ। ਇਸ ਮਗਰੋਂ ਸਾਰਿਆਂ ਨੇ ਰਲ ਕੇ ਲੰਗਰ ਛਕਿਆ।

ਲੰਗਰ ਛਕਣ ਮਗਰੋਂ ਲੋਕ ਆਪੋ ਆਪਣੇ ਕੰਮਾਂ-ਕਾਰਾਂ ਵਾਸਤੇ ਟੁਰ ਗਏ। ਕਬੀਰ ਜੀ ਨੇ ਇਕ ਨਵੀਂ ਦਰੀ ਬੁਣਨੀ ਸ਼ੁਰੂ ਕਰ ਦਿਤੀ। ਗੁਰੂ ਨਾਨਕ ਸਾਹਿਬ ਕਬੀਰ ਜੀ ਦੇ ਨੇੜੇ ਹੀ ਬੈਠ ਗਏ ਤੇ ਚਰਚਾ ਕਰਦੇ ਰਹੇ। ਕਬੀਰ ਜੀ ਜਿੱਥੇ ਤਾਣੇ-ਪੇਟੇ ਵਿਚ ਰੁਝੇ ਰਹੇ ਉੱਥੇ ਗੱਲਾਂ ਵੀ ਕਰੀ ਗਏ। ਕੁਝ ਚਿਰ ਮਗਰੋਂ ਗੁਰੂ ਸਾਹਿਬ ਨੇ ਸ਼ਬਦ ਸੁਣਾਏ ਅਤੇ ਭਾਈ ਮਰਦਾਨਾ ਜੀ ਨੇ ਰਬਾਬ ਵਜਾ ਕੇ ਸੰਗਤ ਕੀਤੀ। ਗੱਲਾਂ ਕਰਦਿਆਂ ਕਰਦਿਆਂ ਕਾਫ਼ੀ ਵਕਤ ਬੀਤ ਗਿਆ। ਅਨੰਦ ਵਿਚ ਆਏ ਭਾਈ ਮਰਦਾਨਾ ਜੀ ਨੇ ਆਖਿਆ, 'ਭਗਤ ਜੀ ਇਸ ਇਲਾਕੇ ਦੀ ਖ਼ੁਸ਼ਕਿਸਮਤੀ ਹੈ ਕਿ ਤੁਸੀਂ ਏਥੇ ਵੱਸਦੇ ਹੋ। ਤੁਸੀਂ ਕਿਰਤ ਕਮਾਈ ਵੀ ਕਰਦੇ ਹੋ ਅਤੇ ਰੂਹਾਨੀਅਤ ਦਾ ਛੱਟਾ ਵੀ ਦੇਂਦੇ ਹੋ।' ਇਹ ਸੁਣ ਕੇ ਕਬੀਰ ਜੀ ਬੋਲੇ, 'ਭਾਈ ਮਰਦਾਨਾ ਜੀ, ਇਸ ਪਰਗਨੇ ਵਿਚ ਇਕ ਹੋਰ

ਮਹਾਨ ਹਸਤੀ ਵੀ ਵੱਸਦੀ ਹੈ। ਉਹ ਏਥੋਂ ਕੁਝ ਕੋਹਾਂ ਦੀ ਵਿੱਥ 'ਤੇ ਹੈ। ਇਹ ਆਖ ਦੇ ਕਬੀਰ ਜੀ ਗੁਣਗੁਣਾਉਣ ਲੱਗ ਪਏ:

ਮ੍ਰਿਗ ਤ੍ਰਿਸ਼ਨਾ ਜਲ ਛਾਡ ਬਾਵਰੇ ਕਰੋ ਸੁਧਾਰਸ ਆਸਾ।
ਧਰੂ ਪ੍ਰਹਿਲਾਦ ਸੁਕਦੇਵ ਪੀਆ ਔਰ ਪੀਆ ਰਵਿਦਾਸਾ।

ਫੇਰ ਕਬੀਰ ਜੀ ਬੋਲੇ, 'ਇਹ ਰਵਿਦਾਸ ਭਗਤ ਜੀ ਹਨ। ਉਹ ਵੀ ਰੱਬ ਨੂੰ ਪਹੁੰਚੇ ਹੋਏ ਸੱਜਣ ਹਨ। ਮੈਂ ਕਈ ਵਾਰ ਉਨ੍ਹਾਂ ਦੇ ਦਰਸ਼ਨ ਕੀਤੇ ਹਨ। ਅੱਜ-ਕਲ੍ਹ ਉਹ ਬਜ਼ੁਰਗ ਹੋ ਗਏ ਹਨ। ਕੋਈ ੧੦੦ ਸਾਲ ਦੇ ਕਰੀਬ ਆਰਜਾ ਹੋਣੀ ਹੈ ਉਨ੍ਹਾਂ ਦੀ।' ਇਹ ਸੁਣ ਕੇ ਗੁਰੂ ਨਾਨਕ ਸਾਹਿਬ ਬੋਲੇ, 'ਅਸੀਂ ਉਨ੍ਹਾਂ ਨੂੰ ਵੀ ਜ਼ਰੂਰ ਮਿਲਣਾ ਚਾਹਵਾਂਗੇ, ਤੁਸੀਂ ਸਾਨੂੰ ਉਨ੍ਹਾਂ ਦੇ ਘਰ ਲੈ ਚੱਲੋ। ਕਬੀਰ ਜੀ ਨੇ ਆਖਿਆ, 'ਅੱਜ ਦੀ ਰਾਤ ਤੁਸੀਂ ਮੇਰੀ ਕੁਟੀਆ ਨੂੰ ਪਵਿੱਤਰ ਕਰੋ। ਆਪਾਂ ਸਾਰੇ ਭਲਕੇ ਸਵੇਰ ਵੇਲੇ ਉੱਠ ਕੇ ਭਗਤ ਰਵਿਦਾਸ ਜੀ ਦੇ ਡੇਰੇ 'ਤੇ ਚੱਲਾਂਗੇ।'

ਤ੍ਰਿਕਾਲਾਂ ਵੇਲੇ ਕਬੀਰ ਜੀ ਦੇ ਨਿਵਾਸ ਦੇ ਆਲੇ-ਦੁਆਲੇ ਤੋਂ ਸੰਗਤ ਫੇਰ ਇਕੱਠੀ ਹੋ ਗਈ। ਪਲਾਂ ਵਿਚ ਹੀ ਸਾਧ ਸੰਗਤ ਦੀਆਂ ਰੌਣਕਾਂ ਨੇ ਰੂਹਾਨੀ ਮਾਹੌਲ ਪੈਦਾ ਕਰ ਦਿਤਾ। ਕਦੇ ਗੁਰੂ ਨਾਨਕ ਸਾਹਿਬ ਅਤੇ ਕਦੇ ਭਗਤ ਕਬੀਰ ਜੀ ਬਾਣੀ ਗਾਉਂਦੇ। ਭਾਈ ਮਰਦਾਨਾ ਜੀ ਲਗਾਤਾਰ ਰਬਾਬ ਵਜਾ ਕੇ ਸੰਗਤ ਕਰਦੇ ਰਹੇ। ਹਨੇਰਾ ਪਸਰਨ ਤਕ ਕੀਰਤਨ ਹੁੰਦਾ ਰਿਹਾ। ਸਾਰੀ ਸੰਗਤ ਵਜਦ ਵਿਚ ਆ ਗਈ। ਕਿਸੇ ਦਾ ਜੀਅ ਨਹੀਂ ਸੀ ਕਰਦਾ ਕਿ ਇਹ ਸਤਸੰਗ ਖ਼ਤਮ ਹੋਵੇ।

ਅਗਲੀ ਸੁਬਹ ਤੜਕਸਾਰ ਹੀ ਗੁਰੂ ਨਾਨਕ ਸਾਹਿਬ, ਭਗਤ ਕਬੀਰ ਜੀ ਅਤੇ ਭਾਈ ਮਰਦਾਨਾ ਜੀ ਪੰਡੂਰ ਪਿੰਡ ਵੱਲ ਚੱਲ ਪਏ। ਦੋ ਤਿੰਨ ਘੰਟੇ ਦੇ ਸਫ਼ਰ ਮਗਰੋਂ ਉਹ ਤਿੰਨੇ ਰਵਿਦਾਸ ਜੀ ਦੇ ਘਰ ਜਾ ਪੁੱਜੇ। ਉਸ ਵੇਲੇ ਰਵਿਦਾਸ ਜੀ ਅਪਣੀ ਕੁੱਲੀ ਦੇ ਬਾਹਰ ਇਕ ਦਰੱਖ਼ਤ ਹੇਠਾਂ ਲੇਟੇ ਹੋਏ ਸਨ। ਰਵਿਦਾਸ ਜੀ ਨੇ ਸਫ਼ੈਦ ਪਗੜੀ ਬੰਨ੍ਹੀ ਹੋਈ ਸੀ। ਦਾੜ੍ਹੀ ਉਨ੍ਹਾਂ ਦੀ ਚਿੱਟੇ ਮੋਤੀਆਂ ਵਰਗੀ ਚਮਕ ਰਹੀ ਸੀ। ਚਿਹਰੇ 'ਤੇ ਨੂਰ ਸੀ। ਉੱਥੇ ਪੁਜਦਿਆਂ ਹੀ ਕਬੀਰ ਜੀ ਨੇ ਰਵਿਦਾਸ ਜੀ ਦੇ ਪੈਰ ਛੋਹੇ ਤਾਂ ਰਵਿਦਾਸ ਜੀ ਤ੍ਰਬਕ ਕੇ ਉੱਠ ਬੈਠੇ। ਉਹ ਆਖਣ ਲੱਗੇ, 'ਕਬੀਰ ਜੀ ਇਹ ਕੀ ਕੀਤਾ ਜੇ? ਪੈਰ ਤਾਂ ਤੁਹਾਡੇ ਵਰਗੇ ਵਿਦਵਾਨਾਂ ਦੇ ਫੜਨੇ ਚਾਹੀਦੇ ਹਨ।' ਕਬੀਰ ਜੀ ਆਖਣ ਲੱਗੇ, 'ਮੇਰੇ ਨਾਲੋਂ ਤੁਸੀਂ ਦੂਣੀ ਉਮਰ ਦੇ ਹੋ। ਤੁਹਾਡਾ ਸਤਿਕਾਰ ਕਰਨਾ ਮੇਰਾ ਫ਼ਰਜ਼ ਹੈ।' ਇਸ 'ਤੇ ਰਵਿਦਾਸ ਜੀ ਨੇ ਆਖਿਆ, 'ਵੱਡਾ ਜਾਂ ਛੋਟਾ ਕੋਈ ਉਮਰ ਨਾਲ ਥੋੜ੍ਹਾ ਹੀ ਹੁੰਦਾ ਹੈ। ਵੱਡਾ ਤਾਂ ਉਹ ਹੈ ਜਿਸ ਕੋਲ ਗਿਆਨ ਹੈ, ਜਿਸ ਦਾ ਸੱਚਾ ਜੀਵਨ ਰੱਬ ਦੇ ਨੇੜੇ ਹੈ।' ਇਸ 'ਤੇ ਕਬੀਰ ਜੀ ਨੇ ਆਖਿਆ, 'ਅੱਜ ਮੈਂ ਤੁਹਾਡੇ ਦਰ 'ਤੇ ਇਕ ਬ੍ਰਹਮ ਗਿਆਨੀ ਲੈ ਕੇ ਆਇਆ ਹਾਂ।' ਇਸ 'ਤੇ ਗੁਰੂ ਨਾਨਕ ਸਾਹਿਬ ਆਖਣ ਲੱਗੇ, 'ਭਗਤ ਜੀ, ਮੈਂ ਤਾਂ ਇਕ ਆਮ ਇਨਸਾਨ ਹਾਂ, ਜੋ ਗੁਰਮੁਖਾਂ ਦੀ ਭਾਲ ਵਿਚ ਨਿਕਲਿਆ ਹੋਇਆ ਹਾਂ।' ਇਸ 'ਤੇ ਰਵਿਦਾਸ ਜੀ ਬੋਲੇ, 'ਤੁਹਾਡੇ ਇਹ ਬੋਲ ਹੀ ਦੱਸਦੇ ਹਨ ਕਿ ਤੁਸੀਂ ਕੋਈ ਅਜ਼ਮਤ ਵਾਲੀ ਹਸਤੀ ਹੋ।' ਇਸ ਮਗਰੋਂ ਕਬੀਰ ਜੀ ਨੇ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਦੀ ਜਾਣ-ਪਛਾਣ ਕਰਵਾਈ। ਰਵਿਦਾਸ ਜੀ ਦੋਹਾਂ ਨੂੰ ਮਿਲ ਕੇ ਬੜੇ ਖ਼ੁਸ਼ ਹੋਏ। ਉਨ੍ਹਾਂ ਦੀਆਂ ਬਜ਼ੁਰਗ ਅੱਖਾਂ ਨਿੱਘੇ

ਪਿਆਰ ਨਾਲ ਭਰ ਆਈਆਂ। ਉਹ ਕਬੀਰ ਜੀ ਵੱਲ ਵੇਖ ਕੇ ਵਾਰ ਵਾਰ ਆਖ ਰਹੇ ਸਨ, ''ਧੰਨ ਹੋ, ਤੁਸੀਂ ਮੇਰੇ ਦਰ 'ਤੇ ਮਹਾਂਪੁਰਖਾਂ ਨੂੰ ਲਿਆਏ ਹੋ। ਮੈਂ ਤੁਹਾਡੇ ਤੋਂ ਵਾਰੀ ਜਾਵਾਂ।' ਗੁਰੂ ਨਾਨਕ ਸਾਹਿਬ ਰਵਿਦਾਸ ਜੀ ਦੇ ਪਿਆਰ, ਨਿੱਘ ਅਤੇ ਨਿਮਰਤਾ ਤੋਂ ਬੜਾ ਵਿਗਸੇ। ਏਨੇ ਵਿਚ ਕਬੀਰ ਜੀ ਬੋਲ ਉਠੇ:

ਸਾਧੂ ਸੰਗ ਜਾ ਕਉ ਹਰ ਰੰਗ ਲਾਗਾ। ਧਨ ਧਨ ਸੋ ਜਨੁ ਪੁਰਖੁ ਸੁਭਾਗਾ।

ਇਸ ਦੇ ਨਾਲ ਹੀ ਗੁਰੂ ਨਾਨਕ ਸਾਹਿਬ ਨੇ ਵੀ ਸਾਰੰਗ ਰਾਗ ਵਿਚ ਇਕ ਸ਼ਬਦ ਉਚਾਰਿਆ:

ਸਤਿ ਸੰਗਤਿ ਨਾਮ ਨਿਧਾਨੁ ਹੈ ਜਿਥਹੁ ਹਰਿ ਪਾਇਆ।।
ਗੁਰਪਰਸਾਦੀ ਘਟਿ ਚਾਨਣਾ ਆਨ੍ਹੇਰ ਗਵਾਇਆ।।......

ਭਾਈ ਮਰਦਾਨਾ ਨੇ ਵਜਦ ਵਿਚ ਆ ਕੇ ਰਬਾਬ ਵਜਾਈ। ਬੜਾ ਨਿੱਘਾ ਮਾਹੌਲ ਬਣ ਗਿਆ। ਕੁਝ ਚਿਰ ਮਗਰੋਂ ਕਬੀਰ ਜੀ ਬੋਲੇ, 'ਤੁਸੀਂ ਕੋਈ ਸ਼ਬਦ ਸੁਣਾਓ। ਗੁਰੂ ਸਾਹਿਬ ਤੁਹਾਡੀ ਬਾਣੀ ਸੁਣਨ ਆਏ ਹਨ।' ਰਵਿਦਾਸ ਜੀ ਕੁਝ ਚਿਰ ਰਹੇ, ਫਿਰ ਬੋਲੇ:

ਮਾਟੀ ਕੋ ਪੁਤਰਾ ਕੈਸੇ ਨਚਤ ਹੈ। ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ।
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ। ਮਾਇਆ ਗਈ ਤਕ ਰੋਵਨੁ ਲਗਤੁ ਹੈ।
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ। ਬਿਨਸ ਗਇਆ ਜਾਇ ਕਹੂੰ ਸਮਾਨਾ।
ਕਹੁ ਰਵਿਦਾਸ ਬਾਜੀ ਜਗੁ ਭਾਈ। ਬਾਜੀਗਰ ਸਉ ਮੋਹਿ ਪ੍ਰੀਤ ਬਨਿ ਆਈ।

ਰਵਿਦਾਸ ਜੀ ਦੀ ਬਾਣੀ ਸੁਣ ਕੇ ਗੁਰੂ ਨਾਨਕ ਸਾਹਿਬ ਬੜੇ ਖ਼ੁਸ਼ ਹੋਏ। ਉਹ ਆਖਣ ਲੱਗੇ, 'ਬਜ਼ੁਰਗੋ, ਕੁਝ ਹੋਰ ਸੁਣਾਓ, ਬੜਾ ਆਨੰਦ ਆ ਰਿਹਾ ਹੈ।' ਇਸ 'ਤੇ ਰਵੀਦਾਸ ਜੀ ਫੇਰ ਉਚਾਰਨ ਲੱਗ ਪਏ:

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ। ਹਰਿ ਸਿਮਰਤ ਜਨ ਗਏ ਨਿਸਤਰਿ ਤਰੇ।
ਹਰਿ ਕੇ ਨਾਮ ਕਬੀਰ ਉਜਾਗਰ। ਜਨਮ ਜਨਮ ਕੇ ਕਾਟੇ ਕਾਗਰ।
ਨਿਮਤ ਨਾਮਦੇਉ ਦੂਧ ਪਿਆਇਆ। ਤਉ ਜਗ ਜਨਮ ਸੰਕਟ ਨਹੀ ਆਇਆ।
ਜਨ ਰਵਿਦਾਸ ਰਾਮ ਰੰਗ ਰਾਤਾ। ਇਉ ਗੁਰਪਰਸਾਦਿ ਨਰਕ ਨਹੀ ਜਾਤਾ।

ਜਦੋਂ ਰਵਿਦਾਸ ਜੀ ਬਾਣੀ ਸੁਣਾ ਹਟੇ ਤਾਂ ਭਾਈ ਮਰਦਾਨਾ ਜੀ ਨੇ ਆਖਿਆ, 'ਬਾਬਾ ਜੀ, ਕੀ ਤੁਸੀਂ ਰਾਮ ਚੰਦਰ ਦੇ ਭਗਤ ਹੋ?' ਇਹ ਸੁਣ ਕੇ ਰਵਿਦਾਸ ਜੀ ਬੋਲੇ, 'ਮੇਰੇ ਸੰਗੀਤਕਾਰ ਅਜ਼ੀਜ਼, ਮੈਂ ਰਾਮ ਸ਼ਬਦ ਨੂੰ ਪਰਮਾਤਮਾ ਵਾਸਤੇ ਵਰਤਿਆ ਹੈ, ਅਯੁੱਧਿਆ ਦੇ ਰਾਜੇ ਵਾਸਤੇ ਨਹੀਂ। ਅਯੁਧਿਆ ਦੇ ਰਾਜੇ ਨੇ ਤਾਂ ਇਕ ਸ਼ੂਦਰ ਭਗਤ ਸ਼ੰਭੂਕ ਦੇ ਕੰਨਾਂ ਵਿਚ ਸਿੱਕਾ ਢਲਵਾ ਦਿਤਾ। ਅਯੁਧਿਆ ਦਾ ਇਹੋ ਜਿਹਾ ਰਾਜਾ ਪ੍ਰਮਾਤਮਾ ਥੋੜ੍ਹਾ ਹੀ ਹੋ ਸਕਦਾ ਹੈ। ਨਾਲੇ ਮੈਂ ਰਾਮ ਜਾਂ ਕ੍ਰਿਸ਼ਨ ਦਾ ਪੁਜਾਰੀ ਨਹੀਂ ਹਾਂ। ਮੈਂ ਤਾਂ ਸਿਰਫ਼ ਉਸ 'ਹਰਿ', ਉਸ ਪ੍ਰਮਾਤਮਾ, ਦੀ ਹੀ ਪੂਜਾ ਕਰਦਾ ਹੈ।' ਇਹ ਆਖ ਕੇ ਰਵਿਦਾਸ ਜੀ ਗਾਉਣ ਲੱਗ ਪਏ:

ਐਸੀ ਲਾਲ ਤੁਝ ਬਿਨ ਕਉਨੁ ਕਰੈ।
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ।
ਜਾ ਕੀ ਛੋਡਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ।
ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ।

ਨਾਮਦੇਵ ਕਬੀਰ ਤਿਲੋਚਨ ਸਧਨਾ ਸੈਨ ਤਰੈ।
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।

ਰਵਿਦਾਸ ਜੀ ਦੇ ਸਲੋਕ ਮਗਰੋਂ ਕੁਝ ਚਿਰ ਚੁੱਪ ਵਰਤ ਗਈ। ਫਿਰ ਰਵਿਦਾਸ ਜੀ ਪੁੱਛਣ ਲੱਗੇ, 'ਗੁਰੂ ਨਾਨਕ ਸਾਹਿਬ, ਤੁਸੀਂ ਪੰਜਾਬੋਂ ਚੱਲ ਕੇ ਕਿੱਥੇ ਕਿੱਥੇ ਗਏ ਸਓ?' ਗੁਰੂ ਜੀ ਨੇ ਆਖਿਆ ਕਿ ਮੈਂ ਮੁਲਤਾਨ, ਪਾਕਪਟਨ, ਕੁਰਖੇਤਰ, ਹਰਿਦੁਆਰ ਤੋਂ ਆਇਆ ਹਾਂ। ਹੁਣ ਤਾਂ ਹਰਿਦੁਆਰੋਂ ਸਿੱਧਾ ਢਾਈ ਸੌ ਕੋਹ ਪੈਂਡਾ ਕਰ ਕੇ ਤੁਹਾਡੇ ਵਰਗੇ ਬਜ਼ੁਰਗਾਂ ਦੀ ਸੰਗਤ ਮਾਣੀ ਹੈ। ਫਿਰ ਗੁਰੂ ਨਾਨਕ ਜੀ ਰਵਿਦਾਸ ਜੀ ਨੂੰ ਪੁੱਛਣ ਲੱਗ ਪਏ, 'ਹੁਣ ਤਾਂ ਤੁਸੀਂ ਬਜ਼ੁਰਗ ਹੋ ਗਏ ਹੋ। ਤੁਸੀਂ ਵੀ ਤਾਂ ਦੇਸ ਰਟਣ ਕੀਤਾ ਹੋਵੇਗਾ।' ਇਸ 'ਤੇ ਰਵਿਦਾਸ ਜੀ ਬੋਲੇ, 'ਮੈਂ ਤਾਂ ਕਦੇ ਕਾਸ਼ੀ ਤੋਂ ਦੂਰ ਨਹੀਂ ਗਿਆ।' ਫਿਰ ਭਾਈ ਮਰਦਾਨਾ ਨੇ ਪੁਛਿਆ, 'ਤੁਹਾਡੇ ਹਿੰਦੂ ਪਰਵਾਰਾਂ ਵਿਚ ਮ੍ਰਿਤਕ ਦੇ ਫੁੱਲ ਗੰਗਾ ਪਾਉਣ ਜਾਂਦੇ ਹਨ। ਤੁਸੀਂ ਹਰਿਦੁਆਰ ਤਾਂ ਗਏ ਹੋਵੋਗੇ।' ਇਹ ਸੁਣ ਕੇ ਰਵਿਦਾਸ ਜੀ ਬੋਲੇ, 'ਭਾਈ ਜੀ, ਅਸੀਂ ਹਿੰਦੂ ਨਹੀਂ। ਅਸੀਂ ਤਾਂ ਆਦਿ-ਧਰਮੀ ਹਾਂ। ਆਦਿ-ਧਰਮੀ ਗੰਗਾ ਦਰਿਆ ਨੂੰ ਪਵਿੱਤਰ ਨਹੀਂ ਮੰਨਦੇ। ਅਸੀਂ ਹਿੰਦੂ ਦੇਵੀ ਦੇਵਤਿਆਂ ਨੂੰ ਨਹੀਂ ਮੰਨਦੇ। ਨਾਲੇ ਮੈਂ ਤਾਂ ਕਾਸ਼ੀ ਨਗਰ ਵੀ ਨਹੀਂ ਜਾਂਦਾ ਤਾਂ ਜੋ ਏਥੋਂ ਦੀ ਝੂਠੀ ਪਵਿੱਤਰਤਾ ਦਾ ਭਰਮ ਮੇਰੇ 'ਤੇ ਨਾ ਆ ਜਾਵੇ। ਹਰਿਦੁਆਰ, ਗੰਗਾ, ਕਾਸ਼ੀ ਇਹ ਤਾਂ ਬ੍ਰਾਹਮਣਾਂ ਨੇ ਅਪਣੀ ਰੋਟੀ ਵਾਸਤੇ ਢੌਂਗ ਖੜੇ ਕੀਤੇ ਹੋਏ ਹਨ। ਮੇਰੇ ਛੋਟੇ ਭਾਈ ਕਬੀਰ ਜੀ ਏਨ੍ਹਾਂ ਬ੍ਰਾਹਮਣਾਂ ਨੂੰ ਆੜੇ (ਲੰਮੇ) ਹੱਥੀਂ ਲੈਂਦੇ ਹਨ।' ਇਹ ਸੁਣ ਕੇ ਕਬੀਰ ਜੀ ਨੂੰ ਜੋਸ਼ ਆ ਗਿਆ ਤੇ ਉਹ ਗਾਉਣ ਲੱਗ ਪਏ:

ਜੌ ਤੂ ਬ੍ਰਾਹਮਣ ਬ੍ਰਾਹਮਣੀ ਜਾਇਆ। ਤਉ ਆਨ ਬਾਟ ਕਾਹੇ ਨਹੀ ਆਇਆ।
ਤੁਮ ਕਤ ਬ੍ਰਾਹਮਣ ਹਰ ਕਤ ਸੂਦ। ਤੁਮ ਕਤ ਲੋਹੂ ਹਮ ਤਕ ਦੂਧ।

ਕਬੀਰ ਜੀ ਫੇਰ ਬੋਲੇ: 'ਮੈਂ ਹੋਰ ਵੀ ਕੁਝ ਲਿਖਿਆ ਹੈ, ਸੁਣੋ':

ਜੋ ਪਾਥਰ ਕੋ ਕਹਤੇ ਦੇਵ। ਤਾ ਕੀ ਬਿਰਥਾ ਹੋਵੈ ਸੇਵ।
ਜੋ ਪਾਥਰ ਕੀ ਪਾਂਈ ਪਾਇ। ਤਿਸਕੀ ਘਾਲ ਅਜਾਈਂ ਜਾਇ।
ਮਾਥੇ ਤਿਲਕ, ਹਥਿ ਮਾਲਾ, ਬਾਨਾ। ਲੋਗਨ ਰਾਮ ਖਿਲਉਨਾ ਜਾਨਾ।
ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰ ਨਾਈ।
ਓਇ ਲੇ ਜਾਰੇ, ਓਇ ਲੇ ਗਾਡੇ ਤੇਰੀ ਗਤਿ ਦੁਹੂ ਨਾ ਪਾਈ।
ਹਮਰਾ ਝਗਰਾ ਰਹਾ ਨਾ ਕੋਊ। ਪੰਡਿਤ ਮੂਲਾਂ ਛਾਡੇ ਦੋਊ।

ਕਬੀਰ ਜੀ ਦੇ ਬੋਲ ਸੁਣ ਕੇ ਰਵਿਦਾਸ ਜੀ ਵੈਰਾਗ ਵਿਚ ਆ ਗਏ। ਰਵਿਦਾਸ ਜੀ ਨੇ ਕਬੀਰ ਜੀ ਨੂੰ ਗਲਵਕੜੀ ਵਿਚ ਲੈ ਲਿਆ ਅਤੇ ਆਖਣ ਲੱਗੇ, 'ਤੁਸੀਂ ਇਨ੍ਹਾਂ ਪੰਡਿਤਾਂ ਦੇ ਨਗਰ ਕਾਸ਼ੀ ਵਿਚ ਰਹਿ ਕੇ ਵੀ ਬੜੀ ਦਲੇਰੀ ਨਾਲ ਗੱਲ ਆਖਦੇ ਹੋ। ਪ੍ਰਮਾਤਮਾ ਤੁਹਾਨੂੰ ਲੰਮੀ ਉਮਰ ਦੇਵੇ।'

ਗੁਰੂ ਨਾਨਕ ਸਾਹਿਬ ਨੇ ਰਵਿਦਾਸ ਜੀ ਵੱਲ ਨਿਗਾਹ ਕਰ ਕੇ ਆਖਿਆ, 'ਬਾਬਾ ਜੀ, ਕਬੀਰ ਜੀ ਕਮਾਲ ਦੇ ਵਿਦਵਾਨ ਹਨ। ਬੜੀ ਦਲੇਰੀ ਅਤੇ ਜਿਗਰੇ ਵਾਲੇ ਪੁਰਖ ਹਨ। ਮੈਨੂੰ ਪੰਡਿਤ ਚਤੁਰ ਦਾਸ ਨੇ ਕਬੀਰ ਜੀ ਬਾਰੇ ਪਹਿਲੋਂ ਹੀ ਦੱਸ ਦਿਤਾ ਸੀ। ਅਸਲ ਵਿਚ ਬ੍ਰਾਹਮਣਾਂ ਵਿਚ ਹੀਣਤਾ ਦੀ ਸੋਚ ਹੈ ਉਹ ਕਬੀਰ ਜੀ ਨਾਲ ਚਰਚਾ

ਕਰਨ ਜੋਗੇ ਨਹੀਂ ਇਸ ਕਰ ਕੇ ਉਹ ਜ਼ਾਤ-ਪਾਤ ਦਾ ਬਹਾਨਾ ਤਾਂ ਲਾਂਦੇ ਹੀ ਹਨ, ਪਰ ਅੰਦਰੋਂ ਚੋਰ ਵੀ ਹਨ।'

ਇਸ ਮਗਰੋਂ ਕਬੀਰ ਜੀ ਬੋਲੇ, 'ਗੁਰੂ ਸਾਹਿਬ ਜੀ, ਤੁਸੀਂ ਵੀ ਇਨ੍ਹਾਂ ਪਾਂਡਿਆਂ ਬਾਰੇ ਕੁਝ ਬਾਣੀ ਰਚੀ ਹੋਵੇਗੀ। ਤੁਸੀਂ ਵੀ ਕੁਝ ਸੁਣਾਓ'। ਗੁਰੂ ਨਾਨਕ ਸਾਹਿਬ ਇਕ ਪਲ ਚੁੱਪ ਰਹੇ ਤੇ ਫੇਰ ਭਾਈ ਮਰਦਾਨਾ ਨੂੰ ਰਬਾਬ ਵਜਾਉਣ ਵਾਸਤੇ ਆਖਿਆ। ਭਾਈ ਮਰਦਾਨਾ ਜੀ ਨੇ ਰਬਾਬ ਛੇੜੀ ਤੇ ਗੁਰੂ ਸਾਹਿਬ ਜੀ ਨੇ ਗਾਂਵਿਆ:

ਪੜਿ ਪੁਸਤਕ ਸੰਧਿਆ ਬਾਦੰ। ਸਿਲ ਪੂਜਸਿ ਬਗੁਲ ਸਮਾਧੰ।
ਮੁਖ ਝੂਠ ਬਿਭੂਖਣ ਸਾਰੰ। ਤ੍ਰੈਪਾਲ ਤਿਹਾਲ ਬਿਚਾਰੰ।
ਗਲਿ ਮਾਲਾ ਤਿਲਕ ਲਿਲਾਟੰ। ਦੁਇ ਧੋਤੀ ਬਸਤ੍ਰ ਕਪਾਟੰ।
ਜੋ ਜਾਣਸ ਬ੍ਰਹਮੰ ਧਰਮੰ। ਸਭਿ ਫੋਕਟ ਨਿਸਚਉ ਕਰਮੰ।

ਗੁਰੂ ਸਾਹਿਬ ਦੇ ਸ਼ਬਦ 'ਤੇ ਰਵਿਦਾਸ ਜੀ ਧੰਨ-ਧੰਨ ਕਰ ਉੱਠੇ ਤੇ ਬੋਲੇ, 'ਕਾਸ਼ੀ ਤਾਂ ਏਹੋ ਜਿਹੇ ਬ੍ਰਾਹਮਣਾਂ ਨਾਲ ਹੀ ਭਰਿਆ ਪਿਆ ਹੈ। ਗੁਰੂ ਸਾਹਿਬ ਨੇ ਜਵਾਬ ਦਿਤਾ, 'ਬਾਨਾਰਸ ਦੇ ਬ੍ਰਾਹਮਣ ਤਾਂ ਠੱਗ ਹਨ, ਰੱਬ ਦੇ ਭਗਤ ਨਹੀਂ। ਮੂਰਖ ਲੋਕ ਕਾਸ਼ੀ, ਹਰਿਦੁਆਰ, ਤ੍ਰਿਬੈਣੀ ਨੂੰ ਤੀਰਥ ਮੰਨ ਕੇ ਇਨ੍ਹਾਂ ਠੱਗਾਂ ਹੱਥੋਂ ਲੁਟੀਣ ਆ ਜਾਂਦੇ ਹਨ। ਅਸਲ ਤੀਰਥ ਤਾਂ ਸਿਰਫ਼ ਪ੍ਰਮਾਤਮਾ ਦੀ ਭਗਤੀ ਹੈ:

ਤੀਰਥ ਨਾਵਣ ਜਾਉ ਤੀਰਥੁ ਨਾਮੁ ਹੈ। ਤੀਰਥੁ ਸਬਦ ਬੀਚਾਰੁ ਅੰਦਰ ਗਿਆਨੁ ਹੈ।

ਨਾਵਣ ਚਲੇ ਤੀਰਥੀ ਮਨਿ ਖੋਟੇ ਤਨਿ ਚੋਰ।
ਇਕ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ।
ਬਾਹਰ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ।
ਸਾਧ ਭਲੇ ਅਣਨਾਤਿਆ। ਚੋਰ ਸਿ ਚੋਰਾ ਚੋਰ।

ਗੁਰੂ ਨਾਨਕ ਸਾਹਿਬ ਸ਼ਬਦ ਪੜ੍ਹ ਚੁੱਕੇ ਤਾਂ ਕਬੀਰ ਜੀ ਬੋਲੇ, 'ਮੈਨੂੰ ਹੁਣ ਕਾਸ਼ੀ ਵਿਚ ਰਹਿਣਾ ਬੋਝ ਲੱਗਣ ਲੱਗ ਪਿਆ ਹੈ। ਬ੍ਰਾਹਮਣਾਂ ਨੇ ਇਹ ਭਰਮ ਬੁਣਿਆਂ ਹੋਇਆ ਏ ਕਿ ਏਥੇ ਰਹਿਣ ਤੇ ਮਰਨ ਵਾਲਾ ਬੰਦਾ ਸੁਰਗਾਂ ਵਿਚ ਜਾਂਦਾ ਹੈ ਮੈਂ ਤਾਂ ਛੇਤੀ ਹੀ ਏਥੋਂ ਮਗਹਰ ਚਲਾ ਜਾਣਾ ਹੈ। ਬ੍ਰਾਹਮਣ ਆਖਦੇ ਹਨ ਕਿ ਓਥੇ ਮਰਨ ਵਾਲਾ ਨਰਕਾਂ ਵਿਚ ਜਾਂਦਾ ਹੈ। ਮੈਂ ਕਾਸ਼ੀ ਤੋਂ ਮਗਹਰ ਜਾ ਕੇ ਬ੍ਰਾਹਮਣਾਂ ਦੇ ਭਰਮ ਜਾਲ ਨੂੰ ਤੋੜਨਾ ਹੈ:

ਕਿਆ ਕਾਸੀ ਕਿਆ ਊਖਰੁ ਮਗਹਰੁ, ਰਾਮ ਰਿਦੈ ਜਉ ਹੋਈ।

ਮੇਰਾ ਰੱਬ ਤਾਂ ਹਰ ਥਾਂ ਹੈ। ਭਾਵੇਂ ਕਾਸ਼ੀ ਹੈ ਜਾਂ ਮਗਹਰ। ਉਹ ਹਰ ਥਾਂ ਰਾਖਾ ਹੈ:

ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ।
ਤੁਮ ਸਮਸਿਰ ਨਹੀ ਦਇਆਲੁ ਮੋਹਿ ਸਮਸਰਿ ਪਾਪੀ।

ਕਬੀਰ ਜੀ ਦੇ ਬੋਲ ਸੁਣ ਕੇ ਰਵਿਦਾਸ ਜੀ ਝੂਮਣ ਲੱਗ ਪਏ। ਉਨ੍ਹਾਂ ਵੀ ਸ਼ਬਦ ਉਚਾਰਿਆ:

ਹਮ ਸਰਿ ਦੀਨ, ਦਇਆਲ ਨ ਤੁਮ ਸਰਿ ਅਬ ਪਤੀਆਰ ਕਿਆ ਕੀਜੈ।
ਬਚਨੀ ਤੋਰ ਮੋਰ ਮਨ ਮਾਨੈ ਜਨ ਕਉ ਪੂਰਨ ਦੀਜੈ।
ਹਉ ਬਲਿ ਬਲਿ ਜਾਉ ਰਮਈਆ ਕਾਰਨੇ।

ਫੇਰ ਰਵਿਦਾਸ ਜੀ ਭਾਈ ਮਰਦਾਨਾ ਜੀ ਵੱਲ ਮੂੰਹ ਕਰ ਕੇ ਹੱਸ ਕੇ ਬੋਲੇ, 'ਭਾਈ ਸਾਹਿਬ, ਮੈਂ ਏਥੇ ਰਮੱਈਆ ਸ਼ਬਦ ਅਯੁਧਿਆ ਦੇ ਰਾਜੇ ਰਾਮ ਚੰਦਰ ਵਾਸਤੇ ਨਹੀਂ ਬਲਕਿ ਪ੍ਰਮਾਤਮਾ, ਜੋ ਹਰ ਥਾਂ ਰਮਿਆ ਹੈ, ਵਾਸਤੇ ਵਰਤਿਆ ਹੈ। ਮੈਂ ਤਾਂ ਪ੍ਰਮਾਤਮਾ ਦਾ ਪੁਜਾਰੀ ਹਾਂ, ਇਨ੍ਹਾਂ ਬੰਦਿਆਂ, ਰਾਜਿਆਂ ਜਾਂ ਬੁੱਤਾਂ ਦਾ ਨਹੀਂ। ਇਨ੍ਹਾਂ ਪਾਂਡਿਆਂ ਦੀ ਤਾਂ ਬੁਤ-ਪੂਜਾ ਵੀ ਦਿਖਾਵੇ ਤੇ ਕਰਮ-ਕਾਂਡ ਦੀ ਹੈ।' ਇਹ ਆਖ ਕੇ ਰਵਿਦਾਸ ਜੀ ਗਾਉਣ ਲੱਗ ਪਏ:

ਦੂਧ ਤ ਬਛਰੈ ਥਨਹੁ ਬਿਟਾਰਿਓ। ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।।
ਮਾਈ ਗੋਬਿੰਦ ਪੂਜ ਕਹਾ ਲੈ ਚਰਾਵਉ। ਤਨੁ ਮਨੁ ਅਰਪਉ ਪੂਜ ਕਰਾਵਉ।
ਗੁਰਪਰਸਾਦਿ ਨਿਰੰਜਨੁ ਪਾਵਉ।

ਰਵਿਦਾਸ ਜੀ ਨੇ ਸ਼ਬਦ ਖ਼ਤਮ ਕੀਤਾ ਤਾਂ ਕਬੀਰ ਜੀ ਝੂਮ ਉੱਠੇ:

ਕਹੁ ਪੰਡਿਤ ਸੂਚਾ ਕਵਨ ਠਾਉ। ਜਹਾ ਬੈਸਿ ਹਉ ਭੋਜਨੁ ਖਾਉ।
ਜਿਹਬਾ ਜੂਠੀ ਬੋਲਤ ਜੂਠਾ। ਕਰਨ ਨੇਤ੍ਰ ਸਭਿ ਜੂਠੇ।
ਇੰਦ੍ਰੀ ਕੀ ਜੂਠ ਉਤਰਸਿ ਨਾਹੀ। ਬ੍ਰਹਮ ਅਗਨਿ ਕੇ ਲੂਠੇ।
ਅਗਨਿ ਭੀ ਜੂਠੀ ਪਾਨੀ ਜੂਠਾ। ਜੂਠੀ ਬੈਸਿ ਪਕਾਇਆ।
ਜੂਠੀ ਕਰਛੀ ਪਰੋਸਨ ਲਾਗਾ। ਜੂਠੇ ਹੀ ਬੈਠਿ ਖਾਇਆ।
ਗੋਬਰ ਜੂਠਾ ਚਉਕਾ ਜੂਠਾ, ਜੂਠੀ ਕੀਨੀ ਕਾਰਾ।
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ।

ਕਬੀਰ ਜੀ ਦੇ ਮਗਰੋਂ ਰਵਿਦਾਸ ਜੀ ਨੇ ਆਖਿਆ, 'ਗੁਰੂ ਨਾਨਕ ਸਾਹਿਬ ਜੀ, ਇਹ ਜੂਠ ਤੇ ਸੂਤਕ ਦਾ ਭਰਮ ਪੈਦਾ ਕਰ ਕੇ ਬ੍ਰਾਹਮਣ ਨੇ ਹਿੰਦੂਆਂ ਨੂੰ ਬੜਾ ਉੱਲੂ ਬਣਾਇਆ ਹੋਇਆ ਹੈ। ਤੁਹਾਡਾ ਵੀ ਵਿਚਾਰ ਹੈ?' ਗੁਰੂ ਨਾਨਕ ਸਾਹਿਬ ਨੇ ਆਖਿਆ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕ ਹੋਇ।
ਗੋਹੇ ਅਤੈ ਲਕੜੀ। ਅੰਦਰਿ ਕੀੜਾ ਹੋਇ।
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ।
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।

ਕਬੀਰ ਜੀ ਇਹ ਸੁਣ ਕੇ ਬੋਲੇ, 'ਗੁਰੂ ਜੀ ਤੁਸੀਂ ਸੱਚ ਆਖਦੇ ਹੋ। ਜਾਨ ਤਾਂ ਅੰਨ ਤੇ ਪਾਣੀ ਵਿਚ ਵੀ ਹੁੰਦੀ ਹੈ। ਮੈਂ ਤਾਂ ਪਹਿਲਾਂ ਇਹ ਸਮਝਦਾ ਸੀ ਕਿ ਮਾਸ ਮੱਛੀ ਖਾਣ ਨਾਲ ਬੰਦਾ ਰੱਬ ਤੋਂ ਦੂਰ ਹੋ ਜਾਂਦਾ ਹੈ।' ਗੁਰੂ ਸਾਹਿਬ ਨੇ ਆਖਿਆ, 'ਮਾਸ ਤੇ ਅਨਾਜ ਵਿਚ ਕੋਈ ਫ਼ਰਕ ਨਹੀਂ। ਅਸਲ ਨੁਕਤਾ ਤਾਂ ਰੱਬ ਨੂੰ ਸਮਝਣ ਅਤੇ ਉਸ ਤੱਕ ਪਹੁੰਚਣ ਦਾ ਹੈ। ਮਾਸ ਦਾ ਝਗੜਾ ਤਾਂ ਵਿਸ਼ਨੂੰ ਦੇ ਭਗਤਾਂ ਨੇ ਖੜਾ ਕੀਤਾ ਹੈ। ਦੂਜੇ ਪਾਸੇ ਸ਼ਿਵ ਦੇ ਭਗਤ ਤਾਂ ਮਾਸ ਵੀ ਖਾਂਦੇ ਹਨ ਅਤੇ ਨਸ਼ੇ ਵੀ ਕਰਦੇ ਹਨ। ਸ਼ਿਵ-ਭਗਤ ਸ਼ਕਤੀ-ਪੂਜਕ ਹਨ। ਮਾਸ ਤੋਂ ਡਰਨ ਵਾਲੇ ਬੁਜ਼ਦਿਲ ਵਿਸ਼ਨੂੰ-ਪੂਜਕ, ਵੈਸ਼ਨੋ, ਹਨ।' ਇਹ ਆਖ ਕੇ ਗੁਰੂ ਸਾਹਿਬ ਨੇ ਸ਼ਬਦ ਗਾਉਣਾ ਸ਼ੁਰੂ ਕੀਤਾ:

ਮਾਸੁ ਮਾਸੁ ਕਰਿ ਮੂਰਖੁ ਝਗੜੈ, ਗਿਆਨੁ ਧਿਆਨੁ ਨਹੀ ਜਾਣੈ।
ਕਉਣੁ ਮਾਸੁ ਕਉਣੁ ਸਾਗੁ ਕਹਾਵੈ, ਕਿਸ ਮਹਿ ਪਾਪ ਸਮਾਣੈ।
ਗੈਂਡਾ ਮਾਰਿ ਹੋਮ ਜਗ ਕੀਏ, ਦੇਵਤਿਆ ਦੀ ਬਾਣੇ।

ਮਾਸੁ ਛੋਡਿ ਬੈਸਿ ਨਕੁ ਪਕੜਹਿ, ਰਾਤੀ ਮਾਣਸ ਖਾਣੇ।
ਮਾਤ ਪਿਤਾ ਕੀ ਰਕਤੁ ਨਿਪੰਨੇ, ਮਛੀ ਮਾਸੁ ਨ ਖਾਹੀ।
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ, ਓਥੈ ਮੰਧੁ ਕਮਾਹੀ।
ਮਾਸਹੁ ਨਿੰਮੇ ਮਾਸਹੁ ਜੰਮੇ, ਹਮ ਮਾਸੈ ਕੇ ਭਾਂਡੇ।

ਗੁਰੂ ਜੀ ਕੁਝ ਚਿਰ ਰੁਕ ਕੇ ਫਿਰ ਬੋਲੇ:

ਖਾਣਾ ਪੀਣਾ ਪਵਿਤ੍ਰ ਹੈ, ਦਿਤੋਨੁ ਰਿਜਕੁ ਸੰਬਾਹਿ।
ਨਾਨਕ ਜਿਨੀ ਗੁਰਮੁਖਿ ਬੁਝਿਆ, ਤਿਨਾ ਸੂਤਕੁ ਨਾਹਿ।

ਇਸ 'ਤੇ ਰਵਿਦਾਸ ਜੀ ਨੇ ਪੁੱਛਿਆ, 'ਤਾਂ ਫਿਰ ਗੁਰੂ ਜੀ ਨਾਲ ਪਵਿੱਤਰ ਭੋਜਨ ਕੀ ਹੈ?' ਗੁਰੂ ਜੀ ਆਖਿਆ ਕਿ ਇਨਸਾਨ ਨੂੰ ਘੱਟ ਤੋਂ ਘੱਟ ਖਾਣਾ ਚਾਹੀਦਾ ਹੈ। ਲੋੜ ਤੋਂ ਵੱਧ ਖਾਧਾ ਭੋਜਨ, ਸੁਆਦਾਂ ਭਰਿਆ ਭੋਜਨ, ਗ਼ਜ਼ਾ ਵਾਲਾ ਭੋਜਨ ਮਨ ਵਿਚ ਬੁਰੇ ਖ਼ਿਆਲ ਪੈਦਾ ਕਰਦਾ ਹੈ:

ਬਾਬਾ ਹੋਰੁ ਖਾਣਾ ਖੁਸੀ ਖੁਆਰੁ।
ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ।

ਜਦੋਂ ਗੁਰੂ ਸਾਹਿਬ ਰੁਕੇ ਤਾਂ ਰਵਿਦਾਸ ਜੀ ਆਖਣ ਲੱਗੇ, 'ਗੁਰੂ ਜੀ, ਤੁਸੀਂ ਬੜੀਆਂ ਉੱਚੀਆਂ ਗੱਲਾਂ ਕਰਦੇ ਹੋ। ਤੁਹਾਡੇ ਮੁੱਖੋਂ ਕੁਝ ਹੋਰ ਸੁਣਨ 'ਤੇ ਵੀ ਚਿੱਤ ਕਰਦੈ। ਪ੍ਰਭੂ ਭਗਤੀ ਦਾ ਕੋਈ ਹੋਰ ਸ਼ਬਦ ਵੀ ਸੁਣਾਓ।' ਇਸ 'ਤੇ ਗੁਰੂ ਸਾਹਿਬ ਨੇ ਭਾਈ ਮਰਦਾਨਾ ਜੀ ਨੂੰ ਰਬਾਬ ਛੇੜਨ ਵਾਸਤੇ ਆਖਿਆ ਤੇ ਰਾਗ ਗਉੜੀ 'ਚ ਇਕ ਸ਼ਬਦ ਉਚਾਰਿਆ:

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ।
ਗੁਰਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ।
ਮੈ ਬਨਜਾਰਨਿ ਰਾਮ ਜੀ ਤੇਰਾ ਨਾਮੁ ਵਖਰੁ ਵਾਪਾਰੁ ਜੀ।
ਕੋਕਿਲ ਹੋਵਾ ਅੰਬਿ ਬਸਾ ਸਹਿਜ ਸਬਦ ਬੀਚਾਰੁ।
ਸਹਿਜ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ।
ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ।
ਉਰਵਾਰਿ ਪਾਰਿ ਮੇਰਾ ਸਹੁ ਬਸੈ ਹਉ ਮਿਲਉਗੀ ਬਾਹ ਪਸਾਰਿ।
ਨਾਗਨਿ ਹੋਵਾ ਧਰ ਬਸਾ, ਸਬਦੁ ਵਸੈ ਭਉ ਜਾਇ।
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ।

ਸ਼ਬਦ ਸੁਣਨ ਮਗਰੋਂ ਕਬੀਰ ਜੀ ਪੁੱਛਣ ਲੱਗੇ, 'ਗੁਰੂ ਸਾਹਿਬ ਜੀ, ਤੁਸੀਂ ਵੀ 'ਰਾਮ' ਸ਼ਬਦ ਦੀ ਵਰਤੋਂ ਕੀਤੀ ਹੋਈ ਹੈ।' ਗੁਰੂ ਸਾਹਿਬ ਨੇ ਕਬੀਰ ਜੀ ਨੂੰ ਦੱਸਿਆ ਇੱਥੇ ਮੈਂ ਰਾਮ ਅਕਾਲ ਪੁਰਖ ਵਸਤੇ ਵਰਤਿਆ ਹੈ? ਉਂਵ ਮੈਂ ਅਪਣੀ ਬਾਣੀ ਵਿਚ ਅਯੁਧਿਆ ਦੇ ਰਾਜੇ ਰਾਮ ਦਾ ਜ਼ਿਕਰ ਵੀ ਕੀਤਾ ਹੈ: '*ਰੋਵੈ ਰਾਮੁ ਨਿਕਾਲਾ ਭਇਆ। ਸੀਤਾ ਲਖਮਣੁ ਵਿਛੜਿ ਗਇਆ।*' ਕਬੀਰ ਜੀ ਬੰਦੇ ਨੂੰ ਸੋਚਣਾ ਚਾਹੀਦਾ ਹੈ ਕਿ ਕਦੇ ਰੱਬ ਵੀ ਭਰਾ ਜਾਂ ਵਹੁਟੀ ਦੇ ਵਿਛੜਨ 'ਤੇ ਰੋਣ ਲੱਗ ਪੈਂਦਾ ਹੈ? ਕਦੇ ਰੱਬ ਜੰਗ ਵਿਚ ਇਕ ਧਿਰ ਦਾ ਰਥਵਾਨ ਬਣ ਸਕਦਾ ਹੈ? ਰਾਮ ਤੇ ਕ੍ਰਿਸ਼ਨ ਤਾਂ ਰਾਜੇ ਸਨ। ਰਾਮਾਇਣ ਤੇ ਮਹਾਂਭਾਰਤ ਤਾਂ ਕਹਾਣੀਆਂ ਹਨ। ਕਬੀਰ ਜੀ ਰੱਬ ਕਦੇ ਵੀ ਇਨਸਾਨੀ ਜਾਮੇ ਵਿਚ ਨਹੀਂ ਆਉਂਦਾ। ਉਹ ਅਜੂਨੀ ਹੈ।

ਇੰਵ ਸਾਰਾ ਦਿਨ ਗੁਰੂ ਸਾਹਿਬ, ਰਵਿਦਾਸ ਜੀ ਤੇ ਕਬੀਰ ਜੀ ਰੱਬ ਦੀ ਭਗਤੀ ਦੀਆਂ ਗੱਲਾਂ ਕਰਦੇ ਰਹੇ। ਜਦੋਂ ਹਨੇਰਾ ਪਸਰਨ ਲੱਗਾ ਤਾਂ ਰਵਿਦਾਸ ਜੀ ਆਖਣ ਲੱਗੇ, 'ਜੀਅ ਕਰਦਾ ਹੈ ਤੁਹਾਡੀ ਮਹਾਂਪੁਰਖਾਂ ਦੀ ਸੰਗਤ ਹਮੇਸ਼ਾ ਮਿਲੀ ਰਹੇ। ਇਹੀ ਬੈਕੁੰਠ ਹੈ। ਜਿੱਥੇ ਪ੍ਰਮਾਤਮਾ ਦੀ ਸਿਫ਼ਤ ਗਾਈ ਜਾਂਦੀ ਹੈ, ਉਹੀ ਸਵਰਗ ਹੈ।'

ਉਹ ਰਾਤ ਗੁਰੂ ਸਾਹਿਬ, ਕਬੀਰ ਜੀ ਅਤੇ ਭਾਈ ਮਰਦਾਨਾ ਨੇ ਰਵਿਦਾਸ ਜੀ ਕੋਲ ਹੀ ਬਿਤਾਈ। ਅਗਲੀ ਸਵੇਰ ਫੇਰ ਬਾਣੀ ਦਾ ਕੀਰਤਨ ਹੋਇਆ। ਅਖ਼ੀਰ ਗੁਰੂ ਸਾਹਿਬ ਨੇ ਚੱਲਣ ਦੀ ਤਿਆਰੀ ਕੀਤੀ। ਜਦੋਂ ਗੁਰੂ ਜੀ ਉੱਠਣ ਲੱਗੇ ਤਾਂ ਰਵਿਦਾਸ ਜੀ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਹ ਬੋਲੇ, 'ਮੇਰੇ ਧੰਨ ਭਾਗ, ਤੁਸੀਂ ਇਕ ਨੀਚ ਦੀ ਕੁੱਲੀ ਵਿਚ ਚਰਨ ਪਾਏ।' ਗੁਰੂ ਜੀ ਨੇ ਰਵਿਦਾਸ ਜੀ ਨੂੰ ਆਖਿਆ, 'ਬਾਬਾ ਜੀ, ਤੁਸੀਂ ਨੀਚ ਨਹੀਂ ਹੋ। ਨੀਚ ਤਾਂ ਉਹ ਹੈ ਜੋ ਰੱਬ ਨੂੰ ਚੇਤੇ ਨਹੀਂ ਕਰਦਾ। '*ਖਸਮ ਵਿਸਾਰਹਿ ਤੇ ਕਮਜਾਤਿ*।' ਨਾਲੇ ਬਾਬਾ ਜੀ ਮੈਂ ਤਾਂ ਪ੍ਰਮਾਤਮਾ ਦਾ ਢਾਢੀ ਹਾਂ। '*ਹਉ ਢਾਢੀ ਕਾ ਨੀਚ ਜਾਤ ਹੋਰ ਉਤਮ ਜਾਤ ਸਦਾਇਦੇ*।' ਇਹ ਆਖ ਕੇ ਗੁਰੂ ਜੀ ਨੇ ਸ਼ਬਦ ਗਾਵਿਆ:

ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚ।
ਨਾਨਕ ਤਿਨ ਕੇ ਸੰਗ ਸਾਥਿ ਵਡਿਆ ਸਿਉ ਕਿਆ ਰੀਸ।
ਜਿਥੈ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ।
ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ।
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।

ਗੁਰੂ ਨਾਨਕ ਸਹਿਬ ਇਹ ਆਖ ਕੇ ਟੁਰਨ ਲੱਗੇ ਤਾਂ ਰਵਿਦਾਸ ਜੀ ਨੇ ਗੁਰੂ ਸਾਹਿਬ ਦੇ ਪੈਰ ਛੂਹਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਛੇਤੀ ਨਾਲ ਪਿੱਛੇ ਹਟ ਗਏ। ਉਨ੍ਹਾਂ ਆਖਿਆ, 'ਤੁਸੀਂ ਮੈਥੋਂ ਉਮਰ 'ਚ ਬਹੁਤ ਹੀ ਵੱਡੇ ਹੋ। ਮੇਰੇ ਪੈਰ ਛੂਹਣਾ ਵਾਜਿਬ ਨਹੀਂ।' ਰਵਿਦਾਸ ਜੀ ਇਕ ਦਮ ਬੋਲੇ, 'ਮੈਂ ਤੁਹਾਡੇ ਨਹੀਂ ਅਪਣੇ ਗੁਰੂ ਦੇ ਪੈਰ ਛੂਹਣਾ ਚਾਹੁੰਦਾ ਹਾਂ। ਮੈਂ ਗੁਰੂ ਨਾਨਕ ਨੂੰ ਨਹੀਂ, ਉਨ੍ਹਾਂ ਦੇ ਅੰਦਰ ਪ੍ਰਕਾਸ਼ ਹੋਏ ਪ੍ਰਮਾਤਮਾ ਦੇ ਨੂਰ ਨੂੰ ਨਮਸਕਾਰ ਕਰਨਾ ਚਾਹੁੰਦਾ ਹਾਂ।' ਇਹ ਕਹਿੰਦਿਆਂ ਰਵਿਦਾਸ ਜੀ ਦਾ ਗੱਚ ਭਰ ਆਇਆ। ਭਰੇ ਹੋਏ ਗਲੇ ਨਾਲ ਉਨ੍ਹਾਂ ਫੇਰ ਆਖਿਆ, 'ਗੁਰੂ ਨਾਨਕ ਸਾਹਿਬ, ਮੈਂ ਤੁਹਾਨੂੰ ਅਪਣਾ ਗੁਰੂ ਧਾਰਨ ਕਰਨਾ ਚਾਹੁੰਦਾ ਹਾਂ। ਅੱਜ ਤਕ ਤਾਂ ਮੈਂ ਨਿਗੁਰਾ ਹੀ ਸੀ। ਹੁਣ ਤੁਹਾਡੇ ਦਰਸ਼ਨ ਕੀਤੇ ਹਨ ਤੇ ਮੇਰਾ ਜਨਮ ਸਫ਼ਲ ਹੋ ਗਿਆ ਹੈ। ਹੁਣ ਮੈਂ ਦੁਨੀਆਂ ਤੋਂ ਨਿਗੁਰਾ ਨਹੀਂ ਜਾਵਾਂਗਾ।'

ਗੁਰੂ ਸਾਹਿਬ ਨੇ ਰਵਿਦਾਸ ਜੀ ਨੂੰ ਗਲੇ ਨਾਲ ਲਾਇਆ ਤੇ ਆਖਿਆ, 'ਬਾਬਾ ਜੀ, ਤੁਸੀਂ ਤਾਂ ਮੇਰੇ ਹੀ ਨਹੀਂ ਸਾਰਿਆਂ ਦੇ ਹੀ ਬਜ਼ੁਰਗ ਹੋ।' ਇਸ 'ਤੇ ਰਵਿਦਾਸ ਜੀ ਬੋਲੇ, 'ਗੁਰੂ ਜੀ, ਕੋਈ ਹਸਤੀ ਵੱਡੀ ਹੋਣ ਨਾਲ ਤਾਂ ਗੁਰੂ ਨਹੀਂ ਬਣ ਜਾਂਦੀ। ਗੁਰੂ ਉਹ ਹੈ, ਜਿਸ ਕੋਲ ਪੂਰਾ ਗਿਆਨ ਹੋਵੇ ਤੇ ਜੋ ਦੂਜਿਆ ਦੇ ਮਨਾਂ ਦਾ ਹਨੇਰਾ ਦੂਰ ਕਰੇ। ਤੁਸੀਂ ਤਾਂ ਗਿਆਨ ਦਾ ਚਾਨਣ ਹੋ। ਤੁਹਾਡੇ ਵਿਚ ਆਤਮਕ ਨੂਰ ਦਾ ਖ਼ਜ਼ਾਨਾ ਹੈ। ਇਸ ਕਰ ਕੇ ਗੁਰੂ ਤਾਂ ਤੁਸੀਂ ਹੀ ਹੋ।'

ਰਵਿਦਾਸ ਜੀ ਦੀਆਂ ਗੱਲਾਂ ਸੁਣ ਕੇ ਨਾਨਕ ਸਾਹਿਬ ਚੁੱਪ ਹੋ ਗਏ ਤੇ ਫਿਰ ਬੋਲੇ 'ਰਵਿਦਾਸ ਜੀ, ਭਾਵੇਂ ਤੁਸੀਂ ਮੈਨੂੰ ਗੁਰੂ ਆਖਿਆ ਹੈ ਪਰ ਮੈਂ ਤੁਹਾਨੂੰ ਬਾਬਾ ਜੀ ਆਖ ਕੇ ਬੁਲਾਵਾਂਗਾ। ਤੁਸੀਂ ਮੇਰੇ ਨਹੀਂ ਬਲਕਿ ਮੇਰੇ ਸਾਰੇ ਸਿੱਖਾਂ ਦੇ ਬਾਬਾ ਜੀ ਹੋ। ਮੇਰੇ ਸਾਰੇ ਸਿੱਖ ਤੁਹਾਨੂੰ ਭਗਤ ਰਵਿਦਾਸ ਜੀ ਅਤੇ ਬਾਬਾ ਰਵਿਦਾਸ ਜੀ ਆਖ ਕੇ ਬੁਲਾਇਆ ਕਰਨਗੇ। ਜਿਹੜਾ ਸਿੱਖ ਤੁਹਾਨੂੰ ਨੀਵਾਂ ਸਮਝੇਗਾ ਉਸ ਵੱਲ ਮੇਰੀ ਪਿੱਠ ਹੋਵੇਗੀ।'

ਇਸ ਮਗਰੋਂ ਗੁਰੂ ਜੀ ਆਖਿਆ, 'ਬਾਬਾ ਜੀ, ਹੁਣ ਸਾਨੂੰ ਆਗਿਆ ਬਖ਼ਸ਼ੋ।' ਇਹ ਆਖ ਕੇ ਗੁਰੂ ਜੀ ਟੁਰ ਪਏ, ਪਿੱਛੋਂ ਰਵਿਦਾਸ ਜੀ ਗਾਉਣ ਲੱਗ ਪਏ:

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗ ਤੁਮ੍ਹਾਰੇ ਬਾਸਾ।
ਨੀਚ ਰੂਖ ਤੇ ਉਚ ਭਏ ਹੈ ਗੰਧ ਸੁਗੰਧ ਨਿਵਾਸਾ।

ਗੁਰੂ ਸਾਹਿਬ, ਭਾਈ ਮਰਦਾਨਾ ਜੀ ਤੇ ਭਗਤ ਕਬੀਰ ਜੀ ਭਗਤ ਰਵਿਦਾਸ ਦੀ ਕੁੱਲੀ ਤੋਂ ਬਾਹਰ ਵੱਲ ਚੱਲ ਪਏ। ਰਸਤੇ ਵਿਚ ਕਬੀਰ ਜੀ ਨੇ ਅਰਜ਼ ਕੀਤੀ, ''ਗੁਰੂ ਸਾਹਿਬ ਜਿਵੇਂ ਤੁਸੀਂ ਬਾਬਾ ਰਵਿਦਾਸ ਜੀ ਨੂੰ ਸਿੱਖੀ ਬਖ਼ਸ਼ੀ ਹੈ, ਮੈਨੂੰ ਵੀ ਸਿੱਖੀ ਬਖ਼ਸ਼ੋ। ਮੇਰੀ ਬਾਣੀ ਵਿਚ ਜਿਥੇ ਕਿਤੇ ਕਚਿਆਈ ਹੋਵੇ, ਸੁਧਾਰ ਕਰ ਦਿਉ। ਤੁਹਾਨੂੰ ਮਿਲਣ ਮਗਰੋਂ ਮੈਨੂੰ ਅਹਿਸਾਸ ਹੋਇਆ ਹੈ ਕਿ ਮੈਨੂੰ ਜਿਸ ਗੁਰੂ ਦੀ ਤਲਾਸ਼ ਸੀ, ਉਹ ਗੁਰੂ ਮਿਲ ਗਿਆ ਹੈ:

ਅਗਮ ਅਗੋਚਰ ਰਹੈ ਨਿਰੰਤਰ ਗੁਰ ਕਿਰਪਾ ਤੇ ਰਹੀਐ।
ਕਹੁ ਕਬੀਰ ਬਲਿ ਜਾਓ ਗੁਰੁ ਅਪਨੇ ਸੰਤ ਸੰਗਤ ਮਿਲਿ ਰਹੀਐ।

ਗੁਰੂ ਸਾਹਿਬ ਤੇ ਭਾਈ ਮਰਦਾਨਾ ਕਾਸ਼ੀ ਨਗਰ ਤਕ ਕਬੀਰ ਜੀ ਦੇ ਨਾਲ ਆਏ ਅਤੇ ਉੱਥੋਂ ਗਯਾ ਜਾਣ ਵਾਸਤੇ ਸਸਰਾਮ ਅਤੇ ਚੰਦਰੌਲੀ ਰਾਹ 'ਤੇ ਪੈ ਗਏ।

(ਨੋਟ: ਇਸ ਖਰੜੇ ਵਿਚ ਕਬੀਰ ਜੀ ਦਾ ਜਨਮ ੧੪੫੫ ਅਤੇ ਰਵਿਦਾਸ ਜੀ ਦਾ ਸੰਨ ੧੪੧੪ ਲਿਖਿਆ ਹੋਇਆ ਹੈ। ਇਸ ਮੁਲਾਕਾਤ ਵੇਲੇ ਕਬੀਰ ਜੀ ੫੪-੫੫ ਸਾਲਾਂ ਦੇ, ਰਵਿਦਾਸ ਜੀ ੯੪-੯੫ ਸਾਲਾਂ ਅਤੇ ਗੁਰੂ ਨਾਨਕ ਸਾਹਿਬ ੪੦ ਸਾਲ ਦੇ ਸਨ।)

ਗੁਰੂ ਅਰਜਨ ਸਾਹਿਬ ਦੇ ਦੋ ਵਿਆਹਾਂ ਸਬੰਧੀ

ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਸਬੰਧੀ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦਾ ਜਨਮ ਬਾਬਾ ਬੁੱਢਾ ਦੇ (ਅਖੌਤੀ) ਵਰ ਨਾਲ ਹੋਇਆ ਸੀ। ਇਹ ਝੂਠੀ ਕਹਾਣੀ ਮੀਣਿਆਂ ਨੇ ਪਰਚਾਰਨੀ ਸ਼ੁਰੂ ਕੀਤੀ ਸੀ। ਇਹ ਕਹਾਣੀ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਨੇ ਘੜੀ ਸੀ। ਮੀਣਿਆਂ ਦਾ ਮਕਸਦ ਇਹ ਸੀ ਕਿ ਗੁਰੂ ਅਰਜਨ ਸਾਹਿਬ ਨੂੰ ਨਿਤਾਣੇ ਤੇ ਕਮਜ਼ੋਰ ਦੱਸ ਕੇ ਲੋਕਾਂ ਵਿਚ ਉਨ੍ਹਾਂ ਦਾ ਦਰਜਾ ਘਟਾਇਆ ਜਾਵੇ। ਉਨ੍ਹਾਂ ਨੇ ਬਾਬਾ ਬੁੱਢਾ ਦਾ ਨਾਂ ਵਰਤ ਕੇ ਇਹ ਹਰਕਤ ਉਵੇਂ ਹੀ ਕੀਤੀ ਸੀ ਜਿਵੇਂ ਕਿ ਹੰਦਾਲੀਆਂ/ਬਿਧੀਚੰਦੀਆਂ ਨੇ ਹੰਦਾਲ ਨੂੰ ਉੱਚਾ ਚੁਕਣ ਵਾਸਤੇ ਨਵੀਂ ਜਨਮਸਾਖੀ ਬਣਾ ਕੇ ਕੀਤੀ ਸੀ। ਹੰਦਾਲੀਆਂ ਨੇ ਵੀ ਬਾਬਾ ਬੁੱਢਾ ਵਾਂਗ ਹੰਦਾਲ ਨੂੰ ਗੁਰੂ ਨਾਨਕ ਸਾਹਿਬ ਤੋਂ ਵੱਡਾ ਪਰਚਾਰਨ ਦੀ ਕੋਸ਼ਿਸ਼ ਕੀਤੀ ਸੀ।

ਅਸਲੀਅਤ ਕੀ ਹੈ?

ਗੁਰੂ ਅਰਜਨ ਸਾਹਿਬ ਅਜੇ ਛੋਟੇ ਹੀ ਸਨ ਕਿ ਆਪ ਦੇ ਨਾਨਾ ਗੁਰੂ ਅਮਰ ਦਾਸ ਸਾਹਿਬ ਆਪ ਦੀ ਕੁੜਮਾਈ ਮਊ (ਮੌ) ਪਿੰਡ (ਤਹਿਸੀਲ ਫ਼ਿਲੌਰ, ਜ਼ਿਲ੍ਹਾ ਜਲੰਧਰ) ਦੇ ਭਾਈ ਕਿਸ਼ਨ ਚੰਦ ਸੂਰੀ ਦੀ ਬੇਟੀ ਰਾਮ ਦੇਈ ਨਾਲ ਹੀ ਕਰ ਗਏ ਸਨ। ਪਰ ਆਪ ਦੀ ਸ਼ਾਦੀ ਦੀ ਰਸਮ 20 ਜੂਨ 1579 ਦੇ ਦਿਨ ਪੂਰੀ ਕੀਤੀ ਗਈ ਸੀ। ਪਰ ਕਈ ਸਾਲ ਆਪਣੀ ਸਿਹਤ ਖ਼ਰਾਬ ਰਹਿਣ ਕਾਰਨ ਮਾਤਾ ਰਾਮ ਦੇਈ ਬਿਸਤਰ ਨਾਲ ਹੀ ਬੱਝ ਗਏ। ਦੱਸ ਸਾਲ ਇੰਞ ਹੀ ਰਹਿਣ ਮਗਰੋਂ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਬਜ਼ੁਰਗ ਜਾਣ ਕੇ ਗੁਰੂ ਸਾਹਿਬ ਕੋਲ ਭੇਜਿਆ ਅਤੇ ਦੂਜਾ ਵਿਆਹ ਕਰਵਾਉਣ ਵਾਸਤੇ ਜ਼ੋਰ ਪਾਇਆ। ਪਹਿਲਾਂ ਤਾਂ ਗੁਰੂ ਸਾਹਿਬ ਨੇ ਨਾਂਹ ਕੀਤੀ ਪਰ ਬਾਬਾ ਬੁੱਢਾ ਜੀ ਦੇ ਵਾਰ-ਵਾਰ ਜ਼ੋਰ ਦੇਣ 'ਤੇ ਉਨ੍ਹਾਂ ਨੂੰ ਹਾਂ ਕਰਨੀ ਪਈ। ਕੇਸਰ ਸਿੰਘ ਛਿਬਰ (***ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਦਾ*** ਵਿਚ) ਸਾਫ਼ ਲਿਖਦੇ ਹਨ ਕਿ ਗੁਰੂ ਅਰਜਨ ਸਾਹਿਬ ਦੇ ਦੂਜੇ ਵਿਆਹ ਵਿਚ ਉਨ੍ਹਾਂ ਦੀ ਪਹਿਲੀ ਪਤਨੀ (ਮਾਤਾ) ਰਾਮ ਦੇਈ ਦਾ ਵੱਡਾ ਹੱਥ ਸੀ। ਛਿਬਰ ਮੁਤਾਬਿਕ ਮਾਤਾ ਰਾਮ ਦੇਈ ਨੇ ਸਿੱਖਾਂ ਨੂੰ ਸੁਨੇਹਾ ਭੇਜਿਆ ਕਿ ਜੇ ਕੋਈ ਆਪਣੀ ਸੁਤਾ (ਧੀ) ਗੁਰੂ ਸਾਹਿਬ ਨਾਲ ਵਿਆਹੁਣੀ ਚਾਹਵੇ ਤਾਂ ਉਹ ਦੱਸ ਪਾਏ। ਲਾਹੌਰ ਵਿਚ ਰਹਿਣ ਵਾਲੇ, ਰਿਖ ਰਾਓ ਜ਼ਾਤ ਦੇ, ਭਾਈ ਸੰਗਤ ਰਾਓ ਦੀਆ ਦੋ ਬੇਟੀਆਂ ਸਨ: ਗੰਗਾ ਵੱਡੀ ਤੇ ਜਮਨਾ ਛੋਟੀ ਸੀ। ਉਸ ਨੇ ਗੁਰੂ ਸਾਹਿਬ ਨੂੰ ਦੋਹਾਂ ਦੀ ਪੇਸ਼ਕਸ਼ ਕੀਤੀ। ਗੁਰੂ ਸਾਹਿਬ ਨੇ ਵੱਡੀ ਨੂੰ ਚੁਣਿਆ{

ਮਾਤਾ ਸਿੱਖਾਂ ਆਪਣਿਆ ਨੂੰ ਸਮਝਾਇਆ।
ਜੇ ਕਿਸੇ ਸਿੱਖ ਦੇ ਘਰ ਹੋਵੇ ਸੁਤਾ, ਤਾਂ ਸਾਹਿਬ ਨੂੰ ਚਾਹੇ ਦਵਾਇਆ।
ਲਾਹੌਰ ਵਿਚ ਖਤਰੀ ਸਿੱਖ, ਹੈਸੀ ਰਿਖ ਰਾਓ।
ਤਾ ਕੇ ਧਾਮ ਦੋਏ ਸੁਤਾ, ਨਾਊਂ ਸੰਗਤ ਰਾਓ।19।

ਤਿਸ ਕੋ ਮਾਤਾ ਕਹਿਆ ਬੁਝਾਏ।
ਸੋ ਮੰਨ ਕੇ, ਡੋਲਾ ਲੈ ਪਹੁਚਾ ਆਏ।20।
ਇਕ ਗੰਗਾ, ਦੂਜੀ ਜਮਨਾ, ਨਾਉਂ ਦੋਹਾਂ ਭੈਣਾਂ।
ਤਜੀ ਜਮਨਾ, ਗੰਗਾ ਵੱਡੀ ਨੂੰ ਕੀਤਾ ਲੈਣਾ।
ਸੰਮਤ ਸੋਲਾਂ ਸੈ ਛਤਾਲੀ, ਹਾੜ ਗਏ ਦਿਨ ਬਾਈ।
ਮਾਤਾ ਗੰਗਾ ਕਰ ਵਿਆਹ ਡੋਲੇ ਚੜ੍ਹ ਆਈ। 21।

ਅੱਗੇ ਲੇਖਕ ਇਕ ਬੰਦ ਵਿਚ ਦੋਹਾਂ ਮਾਤਾਵਾਂ (ਰਾਮ ਦੇਈ ਤੇ ਗੰਗਾ) ਦਾ ਇਕੱਠਾ ਜ਼ਿਕਰ ਵੀ ਕਰਦਾ ਹੈ:

ਮਾਤਾ ਰਾਮ ਦੇਈ ਤੇ ਛੋਟੀ ਮਾਤਾ ਗੰਗਾ।
ਹੱਥ ਜੋੜ ਬੇਨਤੀ ਕਰ ਇਨਾ ਮਿੱਠਾ ਮੇਵਾ ਮੰਗਾ। 47।

ਇੰਵ ਗੁਰੂ ਅਰਜਨ ਸਾਹਿਬ ਦਾ ਦੂਜਾ ਵਿਆਹ 22 ਹਾੜ ਸੰਮਤ 1646 (19 ਜੂਨ 1589) ਦੇ ਦਿਨ (ਮਾਤਾ) ਗੰਗਾ ਨਾਲ ਹੋਇਆ (ਮਾਤਾ ਗੰਗਾ ਨੇ ਰਾਮ ਦੇਈ ਦੀ ਬਹੁਤ ਸੇਵਾ ਕੀਤੀ ਪਰ ਉਹ ਠੀਕ ਨਾ ਹੋ ਸਕੇ ਤੇ ਛੇਤੀ ਹੀ ਚੜ੍ਹਾਈ ਕਰ ਗਏ)। ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਬਾਬਾ ਬੁੱਢਾ ਦੇ ਵਰ ਨਾਲ ਹੋਣ ਦੀ (ਝੂਠੀ) ਕਹਾਣੀ ਇਸੇ ਘਟਨਾ ਵਿਚੋਂ ਘੜੀ ਗਈ ਜਾਪਦੀ ਹੈ। ਇਸ ਵਿਆਹ ਵਿਚੋਂ ਇਕ ਸਾਲ ਦੇ ਅੰਦਰ-ਅੰਦਰ ਹੀ, 19 ਜੂਨ 1590 ਦੇ ਦਿਨ (ਗੁਰੂ) ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ ਸੀ। *(ਕੁਝ ਲੇਖਕ ਆਪ ਦਾ ਜਨਮ ੧੫੯੫ ਵਿਚ ਮੰਨਦੇ ਹਨ, ਜੋ ਸਹੀ ਨਹੀਂ ਹੈ)।*

ਇਹ ਕਹਿਣਾ ਕਿ ਗੁਰੂ ਅਰਜਨ ਸਾਹਿਬ ਬਾਬਾ ਬੁੱਢਾ ਨੂੰ (ਗੁਰੂ ਹਰਗੋਬਿੰਦ ਸਾਹਿਬ ਦੇ ਜਨਮ ਦਾ 'ਵਰ' ਦੇਣ ਦਾ) 'ਮਾਣ ਦੇਣਾ' ਚਾਹੁੰਦੇ ਸਨ ਦਾ ਮਤਲਬ ਇਹ ਨਿਕਲਦਾ ਹੈ ਕਿ ਗੁਰੂ ਅਰਜਨ ਸਾਹਿਬ ਆਪ ਗੁਰਬਾਣੀ 'ਤੇ ਯਕੀਨ ਨਹੀਂ ਕਰਦੇ ਸਨ ਤੇ ਬਾਬਾ ਬੁੱਢਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦੇ ਉਲਟ 'ਵਰ ਦੇਣ ਵਾਲਾ' ਸਾਬਿਤ ਕਰਨਾ ਚਾਹੁੰਦੇ ਸਨ। ਇਸ ਕਹਾਣੀ ਮੁਤਾਬਿਕ ਤਾਂ ਗੁਰੂ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦੇ ਉਲਟ ਕਾਰਵਾਈ ਕਰਦਾ ਦੱਸਿਆ ਗਿਆ ਹੈ। (ਸੁਣਨ ਨੂੰ ਸੁਹਣੀਆਂ ਜਾਪਣ ਵਾਲੀਆਂ, ਪਰ ਗੁਰੂ-ਨਿੰਦਾ ਦੀਆਂ ਤੇ ਗੁਰਬਾਣੀ-ਵਿਰੋਧੀ, ਇਹੋ ਜਿਹੀਆਂ ਬਹੁਤ ਸਾਰੀਆਂ ਕਹਾਣੀਆਂ, ਬ੍ਰਾਹਮਣ ਤੇ ਹੋਰ ਸਿੱਖ-ਵਿਰੋਧੀ ਲੇਖਕਾਂ ਨੇ ਘੜੀਆਂ ਹੋਈਆਂ ਹਨ)।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਤਿੰਨ ਵਿਆਹਾਂ ਸਬੰਧੀ

ਗੁਰੂ ਤੇਗ਼ ਬਹਾਦਰ ਸਾਹਿਬ ਮਾਰਚ 1673 ਦੇ ਆਖ਼ਰੀ ਹਫ਼ਤੇ ਤੋਂ 10 ਜੁਲਾਈ 1675 ਤਕ ਚੱਕ ਨਾਨਕੀ ਵਿਚ ਰਹੇ। ਇਨ੍ਹਾਂ ਦਿਨਾਂ ਵਿਚ ਸਾਰੇ ਪਾਸੇ ਤੋਂ ਸਿੱਖ ਸੰਗਤਾਂ ਚੱਕ ਨਾਨਕੀ ਆਉਣ ਲਗ ਪਈਆਂ। ਇਨ੍ਹਾਂ ਦਿਨਾਂ ਵਿਚ ਹੀ ਲਾਹੌਰ ਤੋਂ ਭਾਈ ਹਰਿਜਸ ਸੁਭਿੱਖੀ ਵੀ ਦਰਸ਼ਨਾਂ ਵਾਸਤੇ ਆਇਆ। ਉਸ ਦੀ ਬੇਟੀ ਬੀਬੀ ਜੀਤਾਂ/ਜੀਤੋ ਦੀ ਮੰਗਣੀ ਗੋਬਿੰਦ ਦਾਸ ਨਾਲ 12 ਮਈ 1673 ਦੇ ਦਿਨ ਕੀਤੀ ਗਈ।

ਕਸ਼ਮੀਰ ਦੇ ਬ੍ਰਾਹਮਣਾਂ ਨੂੰ ਜਬਰੀ ਮੁਸਲਮਾਨ ਬਣਾਏ ਜਾਣ ਦੇ ਖ਼ਿਲਾਫ਼ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਵਾਜ਼ ਉਠਾਈ ਤਾਂ ਉਨ੍ਹਾਂ ਨੂੰ 11 ਨਵੰਬਰ 1675 ਦੇ ਦਿਨ ਸ਼ਹੀਦ ਕਰ ਦਿੱਤਾ ਗਿਆ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖ ਪੰਥ ਦੀ ਵਾਗ-ਡੋਰ ਸੰਭਾਲੀ। 1677 ਵਿਚ ਭਾਈ ਹਰਿਜਸ ਸੁਭਿੱਖੀ ਨੇ ਗੁਰੂ ਸਾਹਿਬ ਦੀ ਸ਼ਾਦੀ ਵਾਸਤੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਉਸ ਦੀ ਚਾਹ ਸੀ ਕਿ ਗੁਰੂ ਸਾਹਿਬ ਬਰਾਤ ਲੈ ਕੇ ਲਾਹੌਰ ਆਉਣ। ਪਰ ਗੁਰੂ ਸਾਹਿਬ ਨੇ ਲਾਹੌਰ, ਹਿਫ਼ਾਜ਼ਤ ਪੱਖੋਂ, ਜਾਣਾ ਸਹੀ ਨਾ ਸਮਝਿਆ। ਪਰ, ਹੋਣ ਵਾਲੇ ਸਹੁਰੇ ਦੀ ਖ਼ਾਹਿਸ਼ ਪੂਰੀ ਕਰਨ ਵਾਸਤੇ, ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਤੋਂ ਯਾਰ੍ਹਾਂ ਕੁ ਕਿਲੋਮੀਟਰ ਦੂਰ 'ਗੁਰੂ ਦਾ ਲਾਹੌਰ' ਦੀ ਨੀਂਹ ਰੱਖੀ। 21 ਜੂਨ 1677 ਦੇ ਦਿਨ ਗੁਰੂ ਗੋਬਿਦ ਸਿੰਘ ਸਾਹਿਬ ਦਾ ਵਿਆਹ ਇਸੇ ਜਗ੍ਹਾ 'ਤੇ ਹੋਇਆ।

ਮਾਤਾ ਜੀਤੋ ਲਾਹੌਰ ਵਰਗੇ ਵੱਡੇ ਸ਼ਹਿਰ ਵਿਚ ਜੰਮੀ, ਪਲੀ ਤੇ ਵੱਡੀ ਹੋਈ ਸੀ। ਉੱਥੇ ਉਸ ਦੀਆਂ ਬਚਪਣ ਦੀਆਂ ਸਾਥਣਾਂ ਤੇ ਰਿਸ਼ਤੇਦਾਰ ਸਨ। ਵਿਆਹ ਮਗਰੋਂ ਉਹ ਇਕ ਨਿੱਕੇ ਜਿਹੇ ਪਿੰਡ 'ਚੱਕ ਨਾਨਕੀ' ਵਿਚ ਆ ਵਸੀ ਸੀ ਜਿੱਥੇ ਉਹ ਆਪਣੇ ਆਪ ਨੂੰ ਇਕੱਲੀ ਮਹਿਸੂਸ ਕਰਦੀ ਸੀ। ਭਾਵੇਂ ਹਜ਼ਾਰਾਂ ਸੰਗਤਾਂ ਉੱਥੇ ਆਉਂਦੀਆਂ ਸਨ ਪਰ ਉਹ ਸਾਰੇ ਗੁਰੂ ਸਾਹਿਬ ਦੇ ਦਰਸ਼ਨਾਂ ਵਾਸਤੇ ਆਉਂਦੇ ਸਨ, ਉਨ੍ਹਾਂ ਦਾ ਮਾਤਾ ਜੀਤੋ ਨਾਲ ਕੋਈ ਰਾਬਤਾ ਨਹੀਂ ਸੀ ਹੁੰਦਾ। ਇਸ ਇਕੱਲਪਣ ਕਾਰਨ ਉਹ ਬੀਮਾਰ ਰਹਿਣ ਲਗ ਪਈ।

ਅਖ਼ੀਰ ਜਦ ਸੱਤ-ਕੁ ਸਾਲ ਬੀਤ ਗਏ ਤੇ ਉਹ ਠੀਕ ਨਾ ਹੋ ਸਕੀ ਤਾਂ ਉਸ ਨੇ ਗੁਰੂ ਸਾਹਿਬ ਨੂੰ ਮਜਬੂਰ ਕਰ ਕੇ ਦੂਜਾ ਵਿਆਹ ਕਰਨ ਵਾਸਤੇ ਜ਼ੋਰ ਪਾਇਆ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਦੂਜਾ ਵਿਆਹ ਸੁੰਦਰੀ (ਮਗਰੋਂ ਸੁੰਦਰ ਕੌਰ) ਨਾਲ ਹੋਇਆ। 1685 ਵਿਚ ਗੁਰੂ ਸਾਹਿਬ ਪਾਉਂਟਾ ਚਲੇ ਗਏ। ਉੱਥੇ ਸੁੰਦਰ ਕੌਰ ਨੇ 26 ਜਨਵਰੀ 1686 ਦੇ ਦਿਨ ਅਜੀਤ ਸਿੰਘ ਨੂੰ ਜਨਮ ਦਿੱਤਾ। ਬੱਚੇ ਨੂੰ ਜਨਮ ਦੇਣ ਮਗਰੋਂ ਮਾਤਾ ਸੁੰਦਰੀ ਬੀਮਾਰ ਪੈ ਗਈ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਮਾਤਾ ਜੀਤੋ ਨੇ ਸੰਭਾਲਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਅਜੀਤ ਸਿੰਘ ਵਧੇਰੇ ਮਾਤਾ ਜੀਤੋ ਦੀ ਗੋਦੀ

ਵਿਚ ਹੀ ਰਹਿਣ ਲਗ ਪਿਆ। ਇਸ ਬਾਲ ਨਾਲ ਖੇਡਣ ਕਾਰਨ ਮਾਤਾ ਜੀਤੋ ਹੌਲੀ-ਹੌਲੀ ਠੀਕ ਹੋਣ ਲਗ ਪਈ। ਦੂਜੇ ਪਾਸੇ ਮਾਤਾ ਸੁੰਦਰੀ ਦੀ ਬੀਮਾਰੀ ਲਮਕ ਗਈ। ਮਾਤਾ ਜੀਤੋ ਠੀਕ ਹੋਣ ਮਗਰੋਂ ਸਾਰੇ ਕੰਮ ਵਿਚ ਪੂਰੀ ਦਿਲਚਸਪੀ ਲੈਣ ਲਗ ਪਈ। ਇਸ ਮਗਰੋਂ ਮਾਤਾ ਜੀਤੋ ਨੇ ਤਿੰਨ ਬੱਚਿਆਂ ਨੂੰ ਜਨਮ ਦਿੱਤਾ। ਉਹ ਮਾਤਾ ਸੁੰਦਰੀ ਦੀ ਸੇਵਾ ਵੀ ਕਰਦੀ ਰਹੀ।

1698 ਵਿਚ ਅਜਿਹਾ ਸਮਾਂ ਵੀ ਆ ਗਿਆ ਕਿ ਮਾਤਾ ਜੀਤੋ ਫਿਰ ਬੀਮਾਰ ਪੈ ਗਈ। ਹੁਣ ਮਾਤਾ ਸੁੰਦਰੀ ਤੇ ਮਾਤਾ ਜੀਤੋ ਦੋਵੇਂ ਬੀਮਾਰ ਸਨ ਤੇ ਮਾਤਾ ਗੁਜਰੀ ਬਹੁਤ ਬਜ਼ੁਰਗ ਸਨ। ਇਸ ਹਾਲਤ ਵਿਚ ਘਰ ਦਾ ਇੰਤਜ਼ਾਮ ਮੁਸ਼ਕਿਲ ਹੋ ਗਿਆ ਸੀ। ਇਨ੍ਹਾਂ ਦਿਨਾਂ ਵਿਚ ਰੋਹਤਾਸ ਤੋਂ ਸਾਹਿਬ ਦੇਵਾਂ ਦਾ ਪਰਵਾਰ ਉੱਥੇ ਪੁੱਜਾ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਸਾਹਿਬ ਦੇਵਾਂ ਨਾਲ ਵਿਆਹ ਕਰਨ ਵਾਸਤੇ ਅਰਜ਼ ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਕਿ ਹੁਣ ਮੈਂ ਗ੍ਰਹਿਸਤ ਭੋਗ ਚੁਕਾ ਹਾਂ ਤੇ ਹੋਰ ਇਸ ਤੋਂ ਅੱਗੇ ਨਹੀਂ ਚਲਣਾ ਚਾਹੁੰਦਾ। ਇਸ 'ਤੇ ਸਾਹਿਬ ਦੇਵਾਂ ਨੇ ਕਿਹਾ ਕਿ ਮੇਰੇ ਨਾਲ ਸ਼ਾਦੀ ਕਰ ਲਓ, ਮੈਂ ਤਾਂ ਸਿਰਫ਼ ਚੌਹਾਂ ਸਾਹਿਬਜ਼ਾਦਿਆਂ, ਤੁਹਾਡੀਆਂ ਦੋਹਾਂ ਬੀਮਾਰ ਪਤਨੀਆਂ ਅਤੇ ਮਾਤਾ ਗੁਜਰੀ ਜੀ ਦੀ ਸੇਵਾ ਕਰਿਆ ਕਰਾਂਗੀ। ਇਸ ਸੂਰਤ ਵਿਚ ਗੁਰੂ ਸਾਹਿਬ ਨੇ ਸਾਹਿਬ ਦੇਵਾਂ ਨਾਲ ਵਿਆਹ ਕਰ ਲਿਆ।

ਇਸ ਸੀ ਗੁਰੂ ਸਾਹਿਬ ਦੇ ਵਿਆਹਾਂ ਦੀ ਅਸਲੀਅਤ। ਕੁਝ ਲੇਖਕਾਂ ਨੇ ਇਸ ਮਸਲੇ ਦਾ ਹੱਲ ਕਰਨ ਵਾਸਤੇ ਇਹ ਕਹਾਣੀ ਬਣਾ ਲਈ ਕਿ ਗੁਰੂ ਸਾਹਿਬ ਦੀ ਪਤਨੀ ਦਾ ਨਾਂ ਜੀਤੋ ਬਚਪਣ ਦਾ ਸੀ, ਸੁੰਦਰੀ ਵਿਆਹ ਮਗਰੋਂ ਰੱਖਿਆ ਗਿਆ ਤੇ ਸਾਹਿਬ ਕੌਰ ਖੰਡੇ ਦੀ ਪਾਹੁਲ ਮਗਰੋਂ। ਇਹ ਲੇਖਕ ਇਹ ਨਹੀਂ ਦਸ ਸਕੇ ਕਿ ਮਾਤਾ ਗੁਜਰੀ ਦਾ ਬਚਪਣ ਦਾ ਨਾਂ ਕਿਉਂ ਨਹੀਂ ਬਦਲਿਆ ਤੇ ਬਾਕੀ ਮਾਤਾਵਾਂ ਦੇ ਨਾਂ ਬਚਪਣ ਦੇ ਨਾਂ ਕਿਉਂ ਨਹੀਂ ਸਨ ਬਦਲੇ ਗਏ ਤੇ ਗੁਰੂ ਪ੍ਰਵਾਰਾਂ ਦੀਆਂ ਉਨ੍ਹਾਂ ਮਾਤਾਵਾਂ ਦੇ ਨਾਂ, ਜੋ 1698/99 ਵਿਚ ਜਿਊਂਦੀਆਂ ਸਨ, ਖੰਡੇ ਦੀ ਪਾਹੁਲ ਮਗਰੋਂ ਕਿਉਂ ਨਹੀਂ ਬਦਲੇ ਗਏ। ਬਹੁਤ ਸਾਰੇ ਲੇਖਕ ਸਮੱਗਰੀ ਨਾ ਮਿਲਣ ਕਰ ਕੇ ਅਜਿਹੀਆਂ ਕਹਾਣੀਆਂ ਘੜ ਲੈਂਦੇ ਹਨ ਜੋ ਦਲੀਲ ਦੀ ਕਸਵੱਟੀ 'ਤੇ ਪੂਰੀਆਂ ਨਹੀਂ ਉਤਰਦੀਆਂ ਤੇ ਲੋਕ ਨੂੰ ਅਸਲੀਅਤ ਪਤਾ ਨਹੀਂ ਲਗਦੀ।

ਦਰਬਾਰ ਸਾਹਿਬ ਦਾ ਅਸਲ ਰਸਤਾ

1860 ਤਕ ਦਰਬਾਰ ਸਾਹਿਬ ਦਾ ਮੁਖ ਦਰਵਾਜ਼ਾ ਅਕਾਲ ਤਖ਼ਤ ਸਾਹਿਬ ਅਤੇ ਥੜ੍ਹਾ ਸਹਿਬ ਦੇ ਵਿਚਕਾਰ ਹੋਇਆ ਕਰਦਾ ਸੀ। ਦਰਬਾਰ ਸਾਹਿਬ ਦੀ ਮੁਖ ਸੜਕ ਲਾਹੌਰੀ ਦਰਵਾਜ਼ੇ ਤੋਂ ਗੁਰੂ ਦੇ ਮਹਲ, ਚੁਰਸਤੀ ਅਟਾਰੀ, ਦਰਸ਼ਨੀ ਡਿਉਢੀ ਵੱਲੋਂ ਆਉਂਦੀ ਸੀ। ਜਦ ਅੰਗਰੇਜ਼ਾਂ ਨੇ ਹਾਲ ਗੇਟ ਅਤੇ ਹਾਲ ਬਾਜ਼ਾਰ ਬਣਾਇਆ ਅਤੇ ਦਰਬਾਰ ਸਾਹਿਬ ਦੇ ਬਾਹਰ ਚਰਚ ਦੀ ਸ਼ਕਲ ਦਾ ਘੰਟਾ ਘਰ ਉਸਾਰਿਆ। ਉਨ੍ਹਾਂ ਨੇ ਰੇਲਵੇ ਸਟੇਸ਼ਨ ਤੋਂ ਦਰਬਾਰ ਸਾਹਿਬ ਤਕ ਇਕ ਪੱਕੀ ਸੜਕ ਵੀ ਬਣਾਈ। ਹੌਲੀ-ਹੌਲੀ ਇਹ ਰਸਤਾ ਅਸਲ ਜਾਪਣ ਲਗ ਪਿਆ। ਅੰਗਰੇਜ਼ਾਂ ਨੇ ਇਹ ਸਭ ਕੁਝ ਦਰਬਾਰ ਸਾਹਿਬ ਦੇ ਅਸਲ ਵਿਰਸੇ ਨੂੰ ਖ਼ਤਮ ਕਰਨ ਵਾਸਤੇ ਪਹਿਲੇ ਐਕਸ਼ਨ ਵਜੋਂ ਕੀਤਾ ਸੀ।

(ਮਗਰੋਂ 2004 ਵਿਚ ਸ਼੍ਰੋਮਣੀ ਕਮੇਟੀ ਨੇ ਅਸਲ ਰਸਤੇ ਨੂੰ ਬਿਲਕੁਲ ਹੀ ਬੰਦ ਕਰ ਦਿੱਤਾ ਅਤੇ ਇਸ ਥਾਂ 'ਤੇ ਸਿੱਖੀ ਅਸੂਲਾਂ ਦੇ ਉਲਟ 'ਅਖੰਡ ਪਾਠ' ਵਾਸਤੇ ਕਮਰੇ ਬਣਾ ਦਿੱਤੇ ਤੇ ਗੁਰੂ ਸਾਹਿਬ ਦੇ ਯਾਦਗਾਰੀ ਤੇ ਅਸਲ ਰਸਤੇ ਨੂੰ ਬਿਲਕੁਲ ਹੀ ਖ਼ਤਮ ਕਰ ਦਿੱਤਾ)।

ਦਰਬਾਰ ਸਾਹਿਬ ਦੇ ਗੇਟ 'ਤੇ ਗੁਰੂ ਤੇਗ਼ ਬਹਾਦਰ ਸਾਹਿਬ

22 ਨਵੰਬਰ 1664 ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਦਰਬਾਰ ਸਾਹਿਬ ਆਏ ਸਨ। ਉਨ੍ਹਾਂ ਨੇ ਇਸ ਦੇ ਮੁਖ ਗੇਟ ਦੇ ਨਾਲ ਵਾਲੇ ਥੜ੍ਹੇ 'ਤੇ ਦੀਵਾਨ ਸਜਾ ਕੇ ਦਰਸ਼ਨ ਦਿੱਤੇ ਸਨ। ਮਗਰੋਂ ਉਨ੍ਹਾਂ ਦੀ ਯਾਦ ਵਿਚ ਇਸ ਥਾਂ 'ਤੇ ਗੁਰਦੁਆਰਾ ਥੜ੍ਹਾ ਸਾਹਿਬ ਬਣਾ ਦਿੱਤਾ ਗਿਆ।

ਦਰਬਾਰ ਸਾਹਿਬ ਦੇ ਗੇਟ 'ਤੇ ਸ਼ਹੀਦੀਆਂ

ਅਕਤੂਬਰ 1764 ਵਿਚ 30 ਹਜ਼ਾਰ ਫ਼ੌਜ ਲੈ ਕੇ, ਅਹਿਮਦ ਸ਼ਾਹ ਦੁੱਰਾਨੀ ਪੰਜਾਬ ਨੂੰ ਚੱਲ ਪਿਆ। ਇਸ ਹਮਲੇ ਦੌਰਾਨ ਲੁੱਟ-ਮਾਰ ਕਰਦਾ ਅਹਿਮਦ ਸ਼ਾਹ ਅੰਮ੍ਰਿਤਸਰ ਵੱਲ ਵੀ ਗਿਆ। ਪਹਿਲੀ ਦਸੰਬਰ 1764 ਨੂੰ ਜਦੋਂ ਉਹ ਉੱਥੇ ਪੁੱਜਾ ਤਾਂ ਸਿਰਫ਼ ੩੦ ਸਿੱਖ ਅਕਾਲ ਤਖ਼ਤ ਸਾਹਿਬ ਦੇ ਨਾਲ ਲਗਦੇ ਬੁੰਗੇ ਵਿਚ ਹਾਜ਼ਿਰ ਸਨ, ਜੋ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਵਾਸਤੇ ਮੌਜੂਦ ਸਨ। ਉਸ ਵੇਲੇ ਅਹਿਮਦ ਸ਼ਾਹ ਨਾਲ 30 ਹਜ਼ਾਰ ਫ਼ੌਜੀ ਸਨ। ਜਦ ਅਹਿਮਦ ਸ਼ਾਹ ਦੀਆਂ ਫ਼ੌਜਾਂ ਨੇ ਦਰਬਾਰ ਸਾਹਿਬ ਵਿਚ ਦਾਖ਼ਿਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਸਿੱਖਾਂ ਨੇ ਇਨ੍ਹਾਂ ਨੂੰ ਦਰਬਾਰ ਸਾਹਿਬ ਦੇ ਮੁਖ ਗੇਟ 'ਤੇ ਰੋਕਿਆ (ਜੋ ਅਕਾਲ ਤਖ਼ਤ ਓਤੇ ਥੜ੍ਹਾ ਸਾਹਿਬ ਦੇ ਵਿਚਕਾਰ ਸੀ। ਇਨ੍ਹਾਂ ਨੇ ਸਿੱਖਾਂ ਨੂੰ ਵੇਖ ਕੇ ਉਨ੍ਹਾਂ 'ਤੇ ਹਮਲ਼ਾ ਕਰ ਦਿੱਤਾ। **ਬਾਬਾ ਗੁਰਬਖ਼ਸ਼ ਸਿੰਘ ਲੀਲ੍ਹ ਦੀ ਅਗਵਾਈ ਵਿਚ ਸਿਰਫ਼ 30 ਸਿੱਖ, 30 ਹਜ਼ਾਰ ਅਫ਼ਗਾਨ ਤੇ ਬਲੋਚ ਫ਼ੌਜਾਂ ਨਾਲ ਅ-ਸਾਵੀਂ ਲੜਾਈ ਵਿਚ ਜਾਨ ਤੋੜ ਕੇ ਲੜੇ। ਸਾਰੇ 30 ਦੇ 30 ਸਿੰਘ, ਸੈਂਕੜੇ ਅਫ਼ਗਾਨਾਂ ਤੇ ਬਲੋਚਾਂ ਨੂੰ ਮਾਰਨ ਮਗਰੋਂ, ਸ਼ਹੀਦ ਹੋ ਗਏ।**

ਅਹਿਮਦ ਸ਼ਾਹ ਨਾਲ ਆਏ ਇਕ ਬਲੋਚੀ ਤਾਰੀਖ਼ਦਾਨ ਕਾਜ਼ੀ ਨੂਰ ਮੁਹੰਮਦ ਨੇ ਇਸ ਲੜਾਈ ਦਾ ਬਿਆਨ ਕਰਦਿਆਂ ਲਿਖਿਆ ਹੈ ਕਿ "***ਉਹ ਸਿਰਫ਼ ਤੀਹ ਸਨ ਪਰ ਉਨ੍ਹਾਂ ਦੇ ਦਿਲ ਵਿਚ ਜ਼ਰਾ ਜਿੰਨਾ ਵੀ ਡਰ ਨਹੀਂ ਸੀ...ਉਹ ਗੁਰੂ ਵਾਸਤੇ ਜਾਨਾਂ ਵਾਰਨ ਵਾਸਤੇ ਡੱਟੇ ਹੋਏ ਸਨ... ਉਹ ਸ਼ੇਰ ਦੀ ਤਰ੍ਹਾਂ ਆਉਂਦੇ ਸਨ ਅਤੇ ਲੂੰਬੜ ਦੀ ਤਰ੍ਹਾਂ ਪਿੱਛੇ ਹੱਟ ਜਾਂਦੇ ਸਨ... ਜੇ ਕਿਸੇ ਨੇ ਲੜਾਈ ਦਾ ਹੁਨਰ ਸਿੱਖਣਾ ਹੋਵੇ ਤਾਂ ਉਹ ਸਿੱਖਾਂ ਨਾਲ ਆਹਮੋ-ਸਾਹਮਣੀ ਲੜਾਈ ਕਰੇ... ਉਹ ਇਕ-ਇਕ ਪੰਜਾਹ-***

ਪੰਜਾਹ ਜਿੰਨੇ ਸਨ... ਜੇ ਉਹ ਲੜਾਈ ਵਿਚ ਪਿੱਛੇ ਹਟਦੇ ਸਨ ਤਾਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਭੱਜ ਰਹੇ ਸਨ, ਇਹ ਤਾਂ ਉਨ੍ਹਾਂ ਦਾ ਇਕ ਪੈਂਤੜਾ ਹੀ ਹੁੰਦਾ ਹੈ...."

ਸੈਂਕੜੇ ਅਫ਼ਗਾਨਾਂ ਨੂੰ ਮਾਰਨ ਮਗਰੋਂ ਇਹ ਸਾਰੇ ਸਿੰਘ ਅਕਾਲ ਤਖ਼ਤ ਸਾਹਿਬ ਤੇ ਥੜ੍ਹਾ ਸਾਹਿਬ ਵਿਚਕਾਰ ਦਰਬਾਰ ਸਾਹਿਬ ਦੇ ਮੁਖ ਦਰਵਾਜ਼ੇ 'ਤੇ ਸ਼ਹੀਦ ਹੋ ਗਏ।

੧੯੮੪ ਵਿਚ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ, ਭਾਈ ਅਮਰੀਕ ਸਿੰਘ ਤੇ ਸੈਂਕੜੇ ਹਰ ਸਿੰਘ ਵੀ ਇਸੇ ਥਾਂ 'ਤੇ ਸ਼ਹੀਦ ਹੋਏ ਸਨ।

ਦਰਬਾਰ ਸਾਹਿਬ ਕਿ ਗੋਲਡਨ ਟੈਂਪਲ:

ਗੁਰੂ ਅਰਜਨ ਸਾਹਿਬ ਨੇ ਗੁਰੂ-ਦਾ-ਚੱਕ (ਹੁਣ ਅੰਮ੍ਰਿਤਸਰ) ਵਿਚ ਅਕਾਲ ਪੁਰਖ ਦੇ ਦਰਬਾਰ ਦੀ ਨੀਂਹ ਰੱਖੀ ਸੀ ਤੇ ਇੱਥੇ ਸਿਰਫ਼ ਅਕਾਲ ਪੁਰਖ ਦੀ ਸਿਫ਼ਤ ਹੁੰਦੀ ਸੀ। ਭੰਗੀ ਮਿਸਲ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਸੋਨੇ ਦੇ ਪਤਰਿਆਂ ਵਿਚ ਜੜ ਦਿੱਤਾ ਤੇ ਇਸ ਦਰਬਾਰ ਨੂੰ 'ਸੋਨੇ ਦਾ ਮੰਦਰ' ਬਣਾ ਦਿੱਤਾ। ਇਹ ਉਵੇਂ ਹੀ ਸੀ ਜਿਵੇਂ ਹਿੰਦੂ ਰਾਜਿਆਂ ਨੇ ਕਨੌਜ, ਮਥਰਾ, ਸੋਮਨਾਥ ਵਗ਼ੈਰਾ ਦੇ ਮੰਦਰਾਂ ਨਾਲ ਕੀਤਾ ਸੀ। ਉਸ ਨੇ (ਜਾਂ ਉਸ ਦੇ ਪੁਜਾਰੀਆਂ ਨੇ) ਇਸ ਦੇ ਮੂੰਹ 'ਤੇ ਇਕ ਤਖ਼ਤੀ ਵੀ ਲਾ ਦਿੱਤੀ ਜਿਸ 'ਤੇ ਲਿਖ ਦਿੱਤਾ ਕਿ *'ਸਿੰਘ ਸਾਹਿਬ' ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਸੋਨੇ ਵਿਚ ਮੜ੍ਹ ਦਿੱਤਾ* (ਹਾਲਾਂ ਕਿ ਅੱਧੇ ਤੋਂ ਵਧ ਸੋਨਾ ਭੰਗੀ ਮਿਸਲ ਨੇ ਲਾਇਆ ਸੀ)। ਹੁਣ ਇਸ ਦਰਬਾਰ ਵਿਚ ਦਾਖ਼ਿਲ ਹੋਣ ਤੋਂ ਪਹਿਲਾਂ ਇਸ ਤਖ਼ਤੀ ਨੂੰ ਪੜ੍ਹ ਕੇ ਰਣਜੀਤ ਸਿੰਘ ਦੀ ਸਿਫ਼ਤ ਸਲਾਹ ਹੋਣ ਲਗ ਪਈ। ਅੰਗਰੇਜ਼ਾਂ ਨੇ ਇਕ ਸਾਜ਼ਿਸ਼ ਹੇਠ ਇਸ ਦਾ ਨਾਂ 'ਗੋਲਡਨ ਟੈਂਪਲ' ਲਿਖਣਾ ਸ਼ੁਰੂ ਕਰ ਦਿੱਤਾ (ਉਹ ਵੀ ਸਿੱਖਾਂ ਨੂੰ ਗੁਰੂ ਤੋਂ ਤੋੜ ਕੇ ਸੋਨੇ ਅਤੇ ਪੂਜਾ ਵੱਲ ਟੋਰਨਾ ਚਾਹੁੰਦੇ ਸਨ)। ਇਸ ਨਾਲ ਇਹ 'ਦਰਬਾਰ' ਵੀ ਨਾ ਰਿਹਾ ਅਤੇ 'ਗੁਰਦੁਅ'ਰੇ ਦੀ ਥਾਂ 'ਤੇ ਮੰਦਰ (ਟੈਂਪਲ) ਬਣ ਗਿਆ। ਹਿੰਦੂਆਂ ਨੇ ਤਾਂ ਇਸ ਨੂੰ ਮੰਦਰ ਗਰਦਾਨ ਕੇ 'ਸਵਰਨ ਮੰਦਰ' ਹੀ ਲਿਖਣਾ ਸ਼ੁਰੂ ਕਰ ਦਿੱਤਾ।

ਹੋਰ ਤਾਂ ਹੋਰ ਸ਼੍ਰੋਮਣੀ ਕਮੇਟੀ ਵੀ ਇਸ ਨੂੰ 'ਗੋਲਡਨ ਟੈਂਪਲ' ਲਿਖਣ ਲਗ ਪਈ। ਮੈਂ ਇਸ ਬਾਰੇ ੧੯੯੦ ਵਿਚ ਇਕ ਲੇਖ ਲਿਖਿਆ ਸੀ ਤੇ ਸਿੱਖਾਂ ਨੂੰ ਅਰਜ਼ ਕੀਤੀ ਸੀ ਕਿ ਗੁਰਦੁਆਰੇ ਨੂੰ ਸਿੱਖ ਟੈਂਪਲ ਨਾ ਲਿਖਿਆ ਕਰਨ। ਪਰ, ਸ਼੍ਰੋਮਣੀ ਕਮੇਟੀ ਫਿਰ ਵੀ ਨਾ ਹਟੀ। ੧੯੯੯ ਵਿਚ ਮੈਂ ਫਿਰ ਇਸ ਬਾਰੇ ਇਕ ਲੇਖ ਲਿਖਿਆ। ਅਖ਼ੀਰ ਕਿਸੇ ਚੌਧਰੀ ਨੂੰ ਸੁਮੱਤ ਆਈ ਅਤੇ ਕਝ ਕਾਗ਼ਜ਼ਾਂ ਵਿਚ ਇਹ 'ਗੋਲਡਨ ਟੈਂਪਲ' ਤੋਂ ਫਿਰ ਦਰਬਾਰ ਸਾਹਿਬ ਬਣ ਗਿਆ। ਪਰ, ਸ਼ਾਇਦ, ਅਜੇ ਵੀ ਉਹ 'ਗੋਲਡਨ ਟੈਂਪਲ' ਨਾਂ ਦਾ ਬਰੌਸ਼ਰ ਵੰਡਦੇ ਹਨ। ਪਰ ਅੰਮ੍ਰਿਤਸਰ ਦੀ ਹਿੰਦੂ ਫ਼ਿਰਕੂ ਪਾਰਟੀ ਭਾਜਪਾ ਦੇ ਕਬਜ਼ੇ ਹੇਠਲੀ ਮਿਊਂਸਪਲ ਕਾਰਪੋਰੇਸ਼ਨ ਤਾਂ ਅੱਜ ਵੀ ਸਵਰਨ ਮੰਦਰ ਓਤੇ ਗੋਡਨ ਟੈਂਪਲ ਹੀ ਲਿਖਦੀ ਹੈ। ਦਰਬਾਰ ਸਾਹਿਬ ਨੂੰ ਜਾਣ ਵਾਲੇ ਸਾਰੇ ਰਸਤਿਆਂ 'ਤੇ ਸੜਕਾਂ 'ਤੇ ਬੋਰਡਾਂ 'ਤੇ ਅੱਜ ਵੀ ਇਹੀ ਨਾਂ ਲਿਖੇ ਮਿਦੇ ਹਨ। ਸਿੱਖਾਂ ਨੂੰ ਚਾਹੀਦਾ ਹੈ ਕਿ ਦਰਬਾਰ ਸਾਹਿਬ ਨੂੰ ਰੱਬ ਦਾ ਤੇ ਗੁਰੂ ਦਾ ਦਰਬਾਰ ਰਹਿਣ ਦੇਣ ਨਾ ਕਿ ਸੋਨੇ ਦਾ ਇਕ ਮੰਦਰ ਬਣਾ ਦੇਣ।

ਦਮਦਮਾ ਸਾਹਿਬ ਵਾਲੀ ਬੀੜ ਦੀ ਅਸਲੀਅਤ

1678 ਵਿਚ ਗੁਰੂ ਗੋਬਿੰਦ ਸਾਹਿਬ ਨੇ ਤਖ਼ਤ ਦਮਦਮਾ ਸਾਹਿਬ (ਅਨੰਦਪੁਰ ਸਾਹਿਬ) ਵਿਚ ਗੁਰੂ ਗ੍ਰੰਥ ਸਾਹਿਬ ਦਾ ਨਵਾਂ ਮੁਕੰਮਲ ਸਰੂਪ ਤਿਆਰ ਕਰਵਾਉਣਾ ਸ਼ੁਰੂ ਕੀਤਾ। ਉਸ ਵਕਤ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ ਧੀਰਮੱਲੀਆਂ ਕੋਲ ਸੀ। ਧੀਰ ਮੱਲ ਆਪ ਤਾਂ 16 ਨਵੰਬਰ 1677 ਦੇ ਦਿਨ ਔਰੰਗਜ਼ੇਬ ਦੀ ਕੈਦ ਵਿਚ ਮਰ ਚੁੱਕਾ ਸੀ ਤੇ ਉਸ ਦੇ ਵੱਡੇ ਪੁੱਤਰ ਰਾਮ ਚੰਦ ਨੂੰ 24 ਜੁਲਾਈ 1678 ਦੇ ਦਿਨ ਔਰੰਗਜ਼ੇਬ ਨੇ ਚਾਂਦਨੀ ਚੌਕ ਦਿੱਲੀ ਵਿਚ ਕਤਲ ਕਰਵਾ ਦਿੱਤਾ ਸੀ। ਰਾਮ ਚੰਦ ਤੋਂ ਮਗਰੋਂ ਉਸ ਦਾ ਛੋਟਾ ਭਰਾ, ਭਾਰ ਮੱਲ, ਧੀਰ ਮੱਲ ਦਾ ਵਾਰਿਸ ਬਣਿਆ। 9 ਅਗਸਤ 1678 ਵਿਚ ਰਾਮ ਚੰਦ ਦੀ ਅੰਤਿਮ ਰਸਮ 'ਤੇ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਬਕਾਲਾ ਭੇਜਿਆ।

ਰਸਮ ਪੂਰੀ ਹੋਣ ਮਗਰੋਂ ਭਾਈ ਮਨੀ ਸਿੰਘ ਨੇ ਭਾਰ ਮੱਲ ਨੂੰ ਆਖਿਆ ਕਿ ਗੁਰੂ ਸਾਹਿਬ ਨਵਾਂ ਸਰੂਪ ਤਿਆਰ ਕਰਨਾ ਚਾਹੁੰਦੇ ਹਨ, ਇਸ ਕਰ ਕੇ ਉਹ ਕੁਝ ਦਿਨਾਂ ਵਾਸਤੇ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ ਦੇ ਦੇਵੇ। ਭਾਰ ਮੱਲ ਨੇ ਚੱਕ ਨਾਨਕੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ ਭੇਜਣ ਵਾਸਤੇ ਅਸਿੱਧੇ ਤਰੀਕੇ ਨਾਲ ਨਾਂਹ ਕਰ ਦਿੱਤੀ ਅਤੇ ਆਖਿਆ ਕਿ ਮੈਂ ਹੁਣ ਬਕਾਲਾ ਛੱਡ ਕੇ ਕਰਤਾਰਪੁਰ (ਜਲੰਧਰ) ਰਹਿਣ ਲੱਗ ਪੈਣਾ ਹੈ। ਗੁਰੂ ਸਾਹਿਬ ਕਿਸੇ ਨੂੰ ਉੱਥੇ ਭੇਜ ਕੇ ਉਤਾਰਾ ਕਰਵਾ ਲੈਣ। ਇਸ ਮਗਰੋਂ ਗੁਰੂ ਸਾਹਿਬ ਭਾਈ ਮਨੀ ਰਾਮ (ਸਿੰਘ) ਨੇ ਗੁਰੂ ਸਾਹਿਬ ਦੀ ਹਦਾਇਤ 'ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਸ਼ਾਮਿਲ ਕਰਵਾ ਕੇ ਦਮਦਮੀ ਸਰੂਪ ਤਿਆਰ ਕੀਤਾ। ਕਿਉਂਕਿ ਇਹ ਸਰੂਪ ਦਮਦਮਾ ਸਾਹਿਬ (ਅਨੰਦਪੁਰ ਸਾਹਿਬ) ਵਿਚ ਮੁਕੰਮਲ ਕੀਤਾ ਗਿਆ ਸੀ ਇਸ ਕਰ ਕੇ ਇਸ ਨੂੰ 'ਦਮਦਮੀ ਬੀੜ' ਨਾਂ ਦਿੱਤਾ ਗਿਆ ਸੀ।

1706 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਤਲਵੰਡੀ ਸਾਬੋ ਵਿਚ ਸਨ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ, ਜੋ ਉਸ ਵੇਲੇ ਅੰਮ੍ਰਿਤਸਰ ਵਿਚ ਸਨ, ਨੂੰ ਉੱਥੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆਉਣ ਵਾਸਤੇ ਕਿਹਾ। ਭਾਈ ਮਨੀ ਸਿੰਘ ਅੰਮ੍ਰਿਤਸਰ ਵਾਲਾ ਸਰੂਪ ਲੈ ਆਏ। ਗੁਰੂ ਸਾਹਿਬ ਨੇ ਤਲਵੰਡੀ ਸਾਬੋ ਵਿਚ ਦਮਦਮੇ ਵਾਲੀ ਥਾਂ 'ਤੇ ਭਾਈ ਮਨੀ ਸਿੰਘ ਤੋਂ ਇਸ ਦਾ ਇਕ ਉਤਾਰਾ ਕਰਵਾਇਆ। ਮਗਰੋਂ ਦੀਪ ਸਿੰਘ (ਬਾਬਾ) ਨੇ ਇਸ ਦੇ ਕਈ, ਸ਼ਾਇਦ ਚਾਰ, ਉਤਾਰੇ ਕਰਵਾਏ। ਇਨ੍ਹਾਂ ਉਤਾਰਿਆਂ ਕਰ ਕੇ ਕੁਝ ਲੇਖਕਾਂ ਨੇ ਭੁਲੇਖੇ ਨਾਲ ਅਨੰਦਪੁਰ ਸਾਹਿਬ ਦੇ ਦਮਦਮਾ ਸਾਹਿਬ ਵਿਚ ਤਿਆਰ ਹੋਈ ਬੀੜ ਨੂੰ ਤਲਵੰਡੀ ਸਾਬੋ ਵਾਲੇ ਦਮਦਮੇ ਵਿਚ ਤਿਆਰ ਹੋਈ ਬੀੜ ਸਮਝ ਲਿਆ। ਅਸਲ ਵਿਚ ਦਮਦਮੇ ਵਾਲੀ ਬੀੜ ਦਮਦਮਾ ਸਾਹਿਬ, ਅਨੰਦਪੁਰ, ਵਿਚ ਤਿਆਰ ਹੋਈ ਸੀ।

ਇੱਥੇ ਇਹ ਵੀ ਖਿਆਲ ਰੱਖਣ ਦੀ ਲੋੜ ਹੈ ਕਿ "ਦਮਦਮਾ" ਦੇ ਨਾਂ ਵਾਲੇ ਕਾਈ ਹੋਰ ਗੁਰਦੁਆਰੇ ਵੀ ਹਨ, ਜਿਵੇਂ:

(ਗੁਰੂ ਅਮਰ ਦਾਸ ਸਾਹਿਬ ਦਾ) ਦਮਦਮਾ ਸਾਹਿਬ, ਪਿੰਡ ਕਾਂਵਾਂ

(ਗੁਰੂ ਹਰਿਗੋਬਿੰਦ ਸਾਹਿਬ ਦਾ) ਦਮਦਮਾ ਸਾਹਿਬ, ਗੁਰੂ ਦੀ ਵਡਾਲੀ, ਅੰਮ੍ਰਿਤਸਰ

(ਗੁਰੂ ਹਰਿਗੋਬਿੰਦ ਸਾਹਿਬ ਦਾ) ਦਮਦਮਾ ਸਾਹਿਬ, ਗੋਬਿੰਦਪੁਰ (ਹੁਣ ਹਰਿਗੋਬਿੰਦਪੁਰ)

(ਗੁਰੂ ਹਰਿਗੋਬਿੰਦ ਸਾਹਿਬ ਦਾ) ਦਮਦਮਾ ਸਾਹਿਬ, ਊਨਾ (ਹਿਮਾਂਚਲ)

(ਗੁਰੂ ਹਰਿਗੋਬਿੰਦ ਸਾਹਿਬ ਦਾ) ਦਮਦਮਾ ਸਾਹਿਬ, ਰਕਬਾ, ਜ਼ਿਲ੍ਹਾ ਲੁਧਿਆਣਾ

(ਗੁਰੂ ਹਰਿ ਰਾਇ ਸਾਹਿਬ ਦਾ) ਦਮਦਮਾ ਸਾਹਿਬ, ਕੀਰਤਪੁਰ ਸਾਹਿਬ

(ਗੁਰੂ ਹਰਿ ਰਾਇ ਸਾਹਿਬ ਦਾ) ਦਮਦਮਾ ਸਾਹਿਬ, ਡਰੌਲੀ ਭਾਈ, ਜ਼ਿਲ੍ਹਾ ਫ਼ਰੀਦਕੋਟ

(ਗੁਰੂ ਹਰਿ ਰਾਇ ਸਾਹਿਬ ਦਾ) ਦਮਦਮਾ ਸਾਹਿਬ, ਡੇਹਲੋਂ, ਜ਼ਿਲ੍ਹਾ ਲੁਧਿਆਣਾ

(ਗੁਰੂ ਤੇਗ਼ ਬਹਾਦਰ ਸਾਹਿਬ ਦਾ) ਦਮਦਮਾ ਸਾਹਿਬ, ਧੁਬੜੀ, ਅਸਾਮ

(ਗੁਰੂ ਤੇਗ਼ ਬਹਾਦਰ ਸਾਹਿਬ ਦਾ) ਦਮਦਮਾ ਸਾਹਿਬ, ਅਨੰਦਪੁਰ ਸਾਹਿਬ। **(ਜਿੱਥੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਮੁਕੰਮਲ ਕਰਵਾਇਆ)।**

(ਗੁਰੂ ਗੋਬਿੰਦ ਸਿੰਘ ਸਾਹਿਬ ਦਾ) ਦਮਦਮਾ ਸਾਹਿਬ, ਚਮਕੌਰ ਸਾਹਿਬ

(ਗੁਰੂ ਗੋਬਿੰਦ ਸਿੰਘ ਸਾਹਿਬ ਦਾ) ਦਮਦਮਾ ਸਾਹਿਬ, ਤਲਵੰਡੀ ਸਾਬੋ

(ਜਿੱਥੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦਾ ਉਤਾਰਾ ਕਰਵਾਇਆ)॥

ਕੀ ਗੁਰੂ ਜੀ ਨੇ ਪੰਜ ਪਿਆਰਿਆਂ ਤੋਂ ਪਾਹੁਲ ਲਈ ਸੀ?

ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਜ ਤੋਂ ਤਿੰਨ ਸੌ ਸਾਲ ਪਹਿਲਾਂ ਖਾਲਸਾ ਪਰਗਟ ਕੀਤਾ ਸੀ। ਜਿਸ ਵੇਲੇ ਗੁਰੂ ਸਾਹਿਬ ਨੇ ਖਾਲਸਾ ਪਰਗਟ ਕਰਨ ਵੇਲੇ 'ਸੀਸ ਭੇਟ ਕੌਤਕ' ਕੀਤਾ, ਉਸ ਤੋਂ ਪਹਿਲਾਂ ਸਿੱਖ ਪੰਥ ਦਾ ਜਥੇਬੰਦਕ ਢਾਂਚਾ, ਜੋ ਗੁਰੂ ਨਾਨਕ ਸਾਹਿਬ ਵੇਲੇ 'ਧਰਮਸਾਲਾ' ਤੇ 'ਸੰਗਤ' ਵਜੋਂ ਸ਼ੁਰੂ ਹੋਇਆ ਸੀ ਅਤੇ ਗੁਰੂ ਅਮਰ ਦਾਸ ਸਾਹਿਬ ਵੇਲੇ 'ਮੰਜੀਆਂ' ਤੇ 'ਪੀੜ੍ਹੀਆਂ' ਦੇ ਰੂਪ ਵਿਚ 'ਚ ਫੈਲਿਆ ਸੀ, ਉਹ ਗੁਰੂ ਰਾਮਦਾਸ ਸਾਹਿਬ ਵੇਲੇ 'ਮਸੰਦ' ਜਮਾਤ ਵਜੋਂ ਕਾਇਮ ਹੋ ਗਿਆ ਸੀ। ਮਸੰਦ ਜਮਾਤ ਦੇ ਕਾਇਮ ਹੋਣ ਨਾਲ ਸਿੱਖ ਪੰਥ, ਸਿੱਖ ਧਰਮ ਤੇ ਸਿੱਖ ਕੌਮ ਇਕ ਸ਼ਾਨਦਾਰ ਜਥੇਬੰਦਕ ਢਾਂਚੇ ਵਿਚ ਪਰੋਈ ਗਈ। ਸਿੱਖੀ ਦਾ ਧਾਰਮਿਕ ਪ੍ਰਚਾਰ ਅਤੇ ਮਾਲੀ ਨਿਜ਼ਾਮ ਇਕ-ਸਾਰ ਕੰਮ ਕਰਨ ਲੱਗ ਪਿਆ। ਸੰਗਤਾਂ ਦਾ ਦਸਵੰਧ ਸੁਚੱਜੇ ਤਰੀਕੇ ਨਾਲ ਗੁਰੂ ਦਰਬਾਰ ਵਿਚ ਪੁੱਜਣ ਲੱਗ ਪਿਆ ਅਤੇ ਇਸ ਖ਼ਜ਼ਾਨੇ 'ਚੋਂ ਲੋਕ ਭਲਾਈ ਦੇ ਕੰਮ, ਤੇ ਲੋੜਵੰਦਾਂ ਦੀ ਪੂਰੀ ਇਮਦਾਦ, ਹੋਣ ਲੱਗ ਪਈ। ਚੌਥੇ ਤੋਂ ਨੌਵੇਂ ਪਾਤਸ਼ਾਹ ਤਕ ਇਸ ਮਸੰਦ ਜਮਾਤ ਨੇ ਮਾਅਰਕੇ ਦਾ ਰੋਲ ਅਦਾ ਕੀਤਾ। ਇਸ ਵੇਲੇ ਤਕ ਇਸ ਜਮਾਤ ਦਾ ਰੋਲ ਕਾਫ਼ੀ ਹੱਦ ਤਕ ਸਹੀ ਸੀ ਪਰ ਜਿਉਂ-ਜਿਉਂ ਅਸਲ ਮਸੰਦਾਂ ਦੇ (ਮਰਨ ਪਿੱਛੋਂ) ਉਨ੍ਹਾਂ ਦੀ ਜਗ੍ਹਾ ਉਨ੍ਹਾਂ ਦੀ ਔਲਾਦ ਆਈ ਤਾਂ ਇਸ ਜਮਾਤ ਵਿਚ ਖ਼ਰਾਬੀਆਂ ਆਉਣੀਆਂ ਸ਼ੁਰੂ ਹੋ ਗਈਆਂ। ਕਈ ਮਸੰਦਾਂ ਵਿਚ ਪੈਸੇ ਦੀ ਬੇਈਮਾਨੀ ਤੇ ਕੁਝ ਹੱਦ ਤਕ ਮੁਜਰਮਾਨਾ ਸੋਚ ਆਉਣੀ ਵੀ ਸ਼ੁਰੂ ਹੋ ਗਈ।

ਮਸੰਦਾਂ ਨੂੰ ਸਜ਼ਾਵਾਂ

ਇਹ ਗੱਲ 1698 ਦੀ ਹੈ। 8 ਫ਼ਰਵਰੀ ਤੋਂ 14 ਫ਼ਰਵਰੀ ਤਕ ਸਿੱਖਾਂ ਦੇ ਕਈ ਜੱਥੇ ਅਨੰਦਪੁਰ ਸਾਹਿਬ ਆਉਂਦੇ ਰਹੇ। ਇਸ ਮੌਕੇ 'ਤੇ ਧਾਰਮਿਕ ਪ੍ਰੋਗਰਾਮ ਦੇ ਨਾਲ-ਨਾਲ ਖੇਡਾਂ, ਕੁਸ਼ਤੀਆਂ, ਗਤਕਾ, ਘੋੜ-ਸਵਾਰੀ, ਨੇਜ਼ਾਬਾਜ਼ੀ ਤੇ ਤਲਵਾਰ-ਅੰਦਾਜ਼ੀ ਦੇ ਮੁਕਾਬਲੇ ਵੀ ਹੁੰਦੇ ਰਹੇ। ਵਿਚਕਾਰ ਕੁਝ ਮੌਕਿਆਂ 'ਤੇ ਭੰਡ ਵੀ ਆਪਣਾ ਫ਼ਨ ਵਿਖਾਉਂਦੇ ਰਹਿੰਦੇ ਸਨ। ਇਨ੍ਹਾਂ ਦਿਨਾਂ ਵਿਚ ਹੀ, ਇਕ ਮੌਕੇ 'ਤੇ, ਭੰਡਾਂ ਨੇ ਇਨ੍ਹਾਂ ਮਸੰਦਾਂ ਦੀਆਂ ਕਰਤੂਤਾਂ ਦੀ ਨਕਲ ਲਾ ਕੇ ਦਿਖਾਈ। ਉਨ੍ਹਾਂ ਨੇ ਮਸੰਦਾਂ ਨੂੰ ਲੁਟੇਰੇ, ਠੱਗ, ਹੈਂਕੜਬਾਜ਼, ਕੁਰਪਟ, ਬਦ-ਇਖ਼ਲਾਕ ਅਤੇ ਅੱਯਾਸ਼ ਜਿਹੇ ਦਿਖਾਇਆ। ਉਸ ਵੇਲੇ ਗੁਰੂ ਸਾਹਿਬ ਕੋਲ ਭਾਈ ਨਾਨੂ ਰਾਮ ਦਿਲਵਾਲੀ ਬੈਠਾ ਸੀ। ਉਸ ਨੇ ਗੁਰੂ ਸਾਹਿਬ ਨੂੰ ਮਸੰਦਾਂ ਬਾਰੇ ਕੁਝ ਹੋਰ ਵਾਕਫ਼ੀ ਵੀ ਦਿੱਤੀ। ਇਹ ਸਾਰਾ ਕੁਝ ਸੁਣ ਕੇ ਗੁਰੂ ਸਾਹਿਬ ਦੇ ਰੌਂਗਟੇ ਖੜ੍ਹੇ ਹੋ ਗਏ। ਗੁਰੂ ਸਾਹਿਬ ਨੇ ਦੀਵਾਨ ਮਨੀ ਰਾਮ (ਮਗਰੋਂ ਭਾਈ ਮਨੀ ਸਿੰਘ) ਨੂੰ ਹੁਕਮ ਕੀਤਾ ਕਿ ਸਾਰੇ ਮਸੰਦਾਂ ਨੂੰ ਮੁਸ਼ਕਾਂ ਬੰਨ੍ਹ ਕੇ ਅਨੰਦਪੁਰ ਸਾਹਿਬ

ਬੁਲਾਇਆ ਜਾਏ। ਭਾਈ ਆਲਮ ਚੰਦ (ਸਿੰਘ) 'ਨੱਚਣਾ' ਨਾਲ ਚਾਰ ਹੋਰ ਸਿੰਘ ਭੇਜੇ ਗਏ ਤਾਂ ਜੋ ਉਹ ਮਸੰਦਾਂ ਨੂੰ ਅਨੰਦਪੁਰ ਸਾਹਿਬ ਲਿਆ ਕੇ ਗੁਰੂ ਸਾਹਿਬ ਅੱਗੇ ਪੇਸ਼ ਕਰਨ।

ਕੁਝ ਹੀ ਦਿਨਾਂ ਵਿਚ ਸਾਰੇ ਮਸੰਦ ਅਨੰਦਪੁਰ ਸਾਹਿਬ ਪਹੁੰਚ ਗਏ। ਗੁਰੂ ਸਾਹਿਬ ਨੇ ਮਸੰਦਾਂ ਦੀ ਪਰਖ ਕੀਤੀ। ਜਿਹੜੇ ਮਸੰਦ ਬੇਈਮਾਨ ਤੇ ਮੁਜਰਿਮ ਸਨ, ਉਨ੍ਹਾਂ ਨੂੰ ਮੌਕੇ 'ਤੇ ਹੀ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਵੱਡੇ ਮੁਜਰਮਾਂ ਨੂੰ ਸਜ਼ਾਏ-ਮੌਤ ਸੁਣਾਈ ਗਈ। ਇਸ ਸਜ਼ਾ 'ਤੇ ਅਮਲ ਵੀ, ਉਥੇ ਹੀ ਤੇ ਉਸੇ ਵੇਲੇ ਹੀ, ਕੀਤਾ ਗਿਆ। ਕੁਝ ਮਸੰਦ ਇਸ ਇਮਤਿਹਾਨ ਵਿਚੋਂ ਸੁਰਖ਼ੁਰ ਹੋ ਕੇ ਨਿਕਲੇ। ਇਨ੍ਹਾਂ ਨੂੰ ਗੁਰੂ ਸਾਹਿਬ ਵੱਲੋਂ ਸਿਰੋਪਾਓ ਭੇਟ ਕੀਤੇ ਗਏ। ਇਨ੍ਹਾਂ ਵਿਚ ਭਾਈ ਬਖ਼ਤ ਮੱਲ ਸੂਰੀ (ਜਲਾਲਪੁਰ ਜੱਟਾਂ) ਤੇ ਭਾਈ ਸੰਗਤ/ਫੇਰੂ (ਮੀਆਂ ਕੀ ਮੌੜ, ਲਾਹੌਰ) ਵੀ ਸ਼ਾਮਿਲ ਸਨ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਮੰਸਦ ਜਮਾਤ ਖ਼ਤਮ ਕਰਨ ਦਾ ਐਲਾਨ ਕੀਤਾ। ਗੁਰੂ ਸਾਹਿਬ ਨੇ ਸਾਰੀਆਂ ਸੰਗਤਾਂ ਨੂੰ ਹੁਕਮਨਾਮਾ ਜਾਰੀ ਕੀਤਾ ਕਿ ਅੱਗੇ ਤੋਂ ਕੋਈ ਵੀ ਸਿੱਖ ਆਪਣਾ ਦਸਵੰਧ ਭੇਟਾ ਮਸੰਦਾਂ ਨੂੰ ਨਾ ਦੇਵੇ ਅਤੇ ਸਿੱਧਾ ਗੁਰੂ ਦਰਬਾਰ ਨੂੰ ਭੇਜੇ। ਉਨ੍ਹਾਂ ਐਲਾਨ ਕੀਤਾ ਕਿ ਮਸੰਦ ਰਾਹੀਂ ਆਈ ਭੇਟਾ ਕਬੂਲ ਨਹੀਂ ਕੀਤੀ ਜਾਵੇਗੀ। ਗੁਰੂ ਸਾਹਿਬ ਨੇ ਗੁਰੂ ਤੇ ਸਿੱਖ ਵਿਚਕਾਰ ਵਿਚੋਲੇ ਖ਼ਤਮ ਕਰ ਦਿੱਤੇ ਤੇ ਸਿੱਖ ਸੰਗਤਾਂ ਨੂੰ ਅਕਾਲ ਪੁਰਖ ਦੀ ਰਿਆਇਆ ਬਣਾਉਣ ਦਾ ਐਲਾਨ ਕਰ ਦਿਤਾ।

ਪੰਜ ਸਿਰਾਂ ਦੀ ਮੰਗ ਤੇ ਖੰਡੇ ਦੀ ਪਾਹੁਲ

ਮਾਰਚ ਦੇ ਸ਼ੁਰੂ ਵਿਚ ਗੁਰੂ ਸਾਹਿਬ ਨੇ ਸਾਰੇ ਸਿੱਖਾਂ ਨੂੰ ਹੁਕਮਨਾਮੇ ਭੇਜ ਕੇ ਬਿਕ੍ਰਮੀ ਸੰਮਤ ਦੇ ਵਿਸਾਖ ਮਹੀਨੇ ਦੀ ਪਹਿਲੀ ਤਾਰੀਖ਼ (29 ਮਾਰਚ 1698) ਦੇ ਦਿਨ ਅਨੰਦਪੁਰ ਸਾਹਿਬ ਪਹੁੰਚਣ ਵਾਸਤੇ ਆਖਿਆ।

(ਕੁਝ ਸੋਮੇ ਇਸ ਕੌਤਕ ਨੂੰ 29 ਮਾਰਚ 1699 ਨੂੰ ਅਤੇ ਕੁਝ 1695 ਵਿਚ ਹੋਇਆ ਦਸਦੇ ਹਨ ਪਰ ਮੈਂ 1698 ਨੂੰ ਵਧੇਰੇ ਸਹੀ ਮੰਨਦਾ ਹਾਂ। ਦਰਅਸਲ ਅਗਲੇ ਸਾਲ ਦੀ ਵਿਸਾਖੀ (29 ਮਾਰਚ 1699) ਦੇ ਦਿਨ ਅਨੰਦਪੁਰ ਸਾਹਿਬ ਵਿਚ **1698 ਤੋਂ ਵੀ ਵੱਡਾ ਇਕੱਠ** ਹੋਇਆ ਸੀ ਤੇ ਇਸ ਦਿਨ ਵੀ ਹਜ਼ਾਰਾਂ ਸਿੱਖਾਂ ਨੇ ਪਾਹੁਲ ਲਈ ਸੀ। ਇਹ ਭੁਲੇਖਾ ਇਸ ਤੋਂ ਹੀ ਸ਼ੁਰੂ ਹੋਇਆ ਹੋਵੇਗਾ। ਇੰਵ ਹੀ 1695 ਵਿਚ ਕੇਸਧਾਰੀ ਹੋਣ ਤੇ ਕੜਾ ਪਾਉਣ ਦਾ ਹੁਕਮਨਾਮਾ ਜਾਰੀ ਹੋਇਆ ਸੀ। ਕਿਸੇ ਨੇ ਭੁਲੇਖੇ ਨਾਲ ਇਸ ਨੂੰ ਹੀ ਪਾਹੁਲ ਨਾਲ ਜੋੜ ਦਿੱਤਾ ਹੋਵੇਗਾ।

ਸੰਤੋਖ ਸਿੰਘ ਨੇ *ਸੂਰਜ ਪ੍ਰਕਾਸ਼* ਵਿਚ ਇਸ ਦਾ ਕੋਈ ਸਾਲ ਨਹੀਂ ਦਿੱਤਾ। 1699 ਸਾਲ ਦੀ ਗ਼ਲਤੀ ਸਭ ਤੋਂ ਪਹਿਲਾਂ ਗਿਆਨੀ ਗਿਆਨ ਸਿੰਘ ਨੇ 1891 ਵਿਚ *ਪੰਥ ਪ੍ਰਕਾਸ਼* ਵਿਚ ਕੀਤੀ ਸੀ (*ਪੰਥ ਪ੍ਰਕਾਸ਼*, ਪੱਥਰ ਛਾਪਾ ਐਡੀਸ਼ਨ 1891, ਸਫ਼ਾ 309)। ਬਾਕੀ ਸਾਰਿਆਂ ਨੇ ਇਸੇ ਗ਼ਲਤੀ ਨੂੰ ਤਵਾਰੀਖ਼ ਬਣਾ ਦਿੱਤਾ। *ਗੁਰੂ ਕੀਆਂ ਸਾਖੀਆਂ*, ਲਿਖਣ ਸਾਲ 1798, ਵਿਚ ਤਾਰੀਖ਼ 1698 ਦੀ ਦਿਤੀ ਹੋਈ ਹੈ। ***ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ*** ਵਿਚ ਵੀ 1698 ਦਾ ਸਾਲ ਦਿੱਤਾ ਹੋਇਆ ਹੈ (ਇਸ ਦਾ ਇੰਦਰਾਜ ਅਗਲੇ ਸਫ਼ੇ 'ਤੇ ਵੇਖੋ)।

ਉਸ ਦਿਨ ਹਜ਼ਾਰਾਂ ਸਿੱਖ ਗੁਰੂ ਦੀ ਨਗਰੀ ਅਨੰਦਪੁਰ ਸਾਹਿਬ ਵਿਚ ਪੁੱਜੇ। ਸਵੇਰ ਵੇਲੇ ਰਬਾਬੀਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ। ਕੀਰਤਨ ਤੋਂ ਬਾਅਦ ਭਾਈ ਮਨੀ ਰਾਮ (ਸਿੰਘ) ਨੇ ਇਕ ਸ਼ਬਦ ਦੀ ਕਥਾ ਕੀਤੀ। ਇਸ ਦੇ ਨਾਲ ਹੀ ਗੁਰੂ ਸਾਹਿਬ ਖੜ੍ਹੇ ਹੋ ਗਏ, ਆਪਣੀ ਕਿਰਪਾਨ ਮਿਆਨ ਵਿਚੋਂ ਕੱਢੀ ਤੇ ਆਖਿਆ ਕਿ 'ਮੈਨੂੰ ਇਕ ਸਿਰ ਚਾਹੀਦਾ ਹੈ।' ਗੁਰੂ ਸਾਹਿਬ ਦੇ ਬੋਲ ਸੁਣ ਕੇ ਸਾਰੇ ਪਾਸੇ ਚੁੱਪ ਛਾ ਗਈ। ਗੁਰੂ ਸਾਹਿਬ ਨੇ ਤਿੰਨ ਵਾਰੀ ਇਹੀ ਬੋਲ ਆਖੇ। ਤੀਜੀ ਵਾਰ ਆਖਣ ਤੋਂ ਪਿੱਛੋਂ ਭਾਈ ਦਇਆ ਰਾਮ ਖੜ੍ਹਾ ਹੋਇਆ। ਗੁਰੂ ਸਾਹਿਬ ਤਖ਼ਤ ਤੋਂ ਉਤਰੇ ਤੇ ਉਸ ਨੂੰ ਫੜ ਕੇ ਨੇੜੇ ਵਾਲੀ ਇਕ ਹੋਰ ਪਹਾੜੀ 'ਤੇ ਗੱਡੇ ਹੋਏ ਤੰਬੂ ਲੈ ਗਏ (ਹੁਣ ਇਹ 'ਤੰਬੂ ਵਾਲੀ ਪਹਾੜੀ' ਵਜੂਦ ਵਿਚ ਨਹੀਂ ਹੈ)। ਕੁਝ ਪਲਾਂ ਬਾਅਦ ਗੁਰੂ ਸਾਹਿਬ ਖ਼ੂਨ ਨਾਲ ਲਿਬੜੀ ਕਿਰਪਾਨ ਲੈ ਕੇ ਬਾਹਰ ਆਏ। ਇਸ ਵਾਰ ਗੁਰੂ ਸਾਹਿਬ ਨੇ ਇਕ ਹੋਰ ਸਿਰ ਦੀ ਮੰਗੀ ਕੀਤੀ।

ਇਹ ਕੌਤਕ ਗੁਰੂ ਸਾਹਿਬ ਨੇ ਪੰਜ ਵਾਰ ਦੁਹਰਾਇਆ। ਪੰਜਵੇਂ ਸਿੱਖ ਵੱਲੋਂ ਸਿਰ ਭੇਟ ਕਰਨ ਤੋਂ ਕੁਝ ਚਿਰ ਮਗਰੋਂ ਗੁਰੂ ਸਾਹਿਬ ਸੀਸ ਭੇਟ ਕਰਨ ਵਾਲੇ ਪੰਜਾਂ ਸਿੱਖਾਂ ਨੂੰ ਨੀਲੇ ਬਾਣੇ ਵਿਚ ਪੰਡਾਲ ਵਿਚ ਲੈ ਕੇ ਆਏ। ਗੁਰੂ ਸਾਹਿਬ ਨੇ ਆਪ ਵੀ **ਨੀਲਾ** ਬਾਣਾ ਪਹਨਿਆ ਹੋਇਆ ਸੀ। (ਵੇਖੋ: ਗੁਰੂ ਕੀਆਂ ਸਾਖੀਆਂ, ਸਾਖੀ 59, ਮਹਿਮਾ ਪ੍ਰਕਾਸ਼, ਸਫ਼ਾ 825, ਗੁਰਦਾਸ ਸਿੰਘ ਦੀ ਵਾਰ (ਭਾਈ ਗੁਰਦਾਸ ਦੀ ੪੧ਵੀਂ ਵਾਰ ਵਜੋਂ ਛਪੀ ਹੋਈ)। ਇਸ ਸਬੰਧੀ ***ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ*** ਵਿਚ ਇਕ ਇੰਦਰਾਜ ਇੰਞ ਮਿਲਦਾ ਹੈ:

ਗੁਰੂ ਗੋਬਿੰਦ ਸਿੰਘ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ ਸਾਲ ਸਤਰਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿਖੋਂ ਕੋ ਕਾਂਡੇ ਕੀ ਪਾਹੁਲ ਦੀ ਸਿੰਘ ਨਾਮ ਰਾਖਾ। ਪ੍ਰਿਥਮੈ ਦੈਆ ਰਾਮ ਸੋਪਤੀ ਖਤਰੀ ਬਾਸੀ ਲਾਹੌਰ ਆ ਖਲਾ ਹੂਆ। ਪਾਛੈ ਮੋਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ ਜ਼ਫਰਾਬਾਦ, ਧਰਮ ਚੰਦ ਜਵੰਦਾ ਜਾਟ ਬਾਸੀ ਹਸਤਨਾਪੁਰ, ਹਿੰਮਤ ਚੰਦ ਝੀਵਰ ਬਾਸੀ ਜਗਨਨਾਥ ਬਾਰੋ ਬਾਰੀ ਖਲੇ ਹੁਏ। ਸਭ ਕੋ ਨੀਲ ਅੰਬਰ ਪਹਿਨਾਇਆ। ਵਹੀ ਬੇਸ ਅਪਨਾ ਕੀਆ। ਹੁੱਕਾ, ਹਲਾਲ, ਹਜਾਮਤ ਹਰਾਮ, ਟਿੱਕਾ ਜੰਞੂ ਧੋਤੀ ਕਾ ਤਿਆਗ ਕਰਾਇਆ। ਮੀਣੇ ਧੀਰਮਲੀਏ ਰਾਮ ਰਾਈਏ, ਸਿਰਗੁੰਮ, ਮਸੰਦਾਂ ਕੀ ਵਰਤਨ ਬੰਦ ਕੀ। ਕੰਘਾ, ਕਰਦ, ਕੇਸਗੀ, ਕੜਾ, ਕਛਹਿਰਾ ਸਭ ਕੋ ਦੀਆ। ਸਭ ਕੇਸਧਾਰੀ ਕੀਏ।

ਸਿਰ ਭੇਟ ਕਰਨ ਵਾਲੇ ਪੰਜਾਂ ਸਿੱਖਾਂ (ਭਾਈ ਦਇਆ ਰਾਮ, ਭਾਈ ਮੁਹਕਮ ਚੰਦ, ਭਾਈ ਸਾਹਿਬ ਚੰਦ, ਭਾਈ ਧਰਮ ਚੰਦ, ਭਾਈ ਹਿੰਮਤ ਚੰਦ) ਦੇ ਚਿਹਰੇ 'ਤੇ ਵੱਖਰੀ ਕਿਸਮ ਦਾ ਨੂਰ ਝਲਕ ਰਿਹਾ ਸੀ। ਜਦੋਂ ਗੁਰੂ ਸਾਹਿਬ ਦੀਵਾਨ ਵਿਚ ਪਹੁੰਚੇ ਤਾਂ ਉਨ੍ਹਾਂ ਨੂੰ ਪੰਡਾਲ ਵਿਚ ਪੰਜ ਹੋਰ ਸਿੱਖ ਖੜ੍ਹੇ ਨਜ਼ਰ ਆਏ। ਇਹ ਸਨ: ਦੇਵਾ ਰਾਮ, ਰਾਮ ਚੰਦ, ਟਹਿਲ ਦਾਸ, ਈਸ਼ਰ ਦਾਸ ਤੇ ਫ਼ਤਹਿ ਚੰਦ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਕਿਉਂ ਖੜ੍ਹੇ ਹੋਏ ਹੋ ਤਾਂ ਉਨ੍ਹਾਂ ਜਵਾਬ ਦਿੱਤਾ ਕਿ ਅਸੀਂ ਵੀ ਸਿਰ ਭੇਟ ਕਰਨ ਵਾਸਤੇ ਹਾਜ਼ਿਰ ਹਾਂ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਸਿਰਫ਼

ਪੰਜ ਸਿਰ ਚਾਹੀਦੇ ਸੀ ਪਰ ਕਿਉਂ ਕਿ ਤੁਸੀਂ ਸਿਦਕ ਦਿਲੀ ਨਾਲ ਹਾਜ਼ਿਰ ਹੋਏ ਹੋ, ਇਸ ਕਰ ਕੇ ਤੁਹਾਨੂੰ ਪੰਜ ਮੁਕਤੇ ਕਰ ਕੇ ਜਾਣਿਆ ਜਾਏਗਾ।

ਗੁਰੂ ਸਾਹਿਬ ਨੇ ਸੰਗਤਾਂ ਨੂੰ ਮੁਖ਼ਾਤਿਬ ਹੋ ਕੇ ਆਖਿਆ ਕਿ ਹੁਣ ਤੋਂ ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ 'ਪੰਜ ਪਿਆਰੇ' ਆਖਿਆ ਜਾਇਆ ਕਰੇਗਾ। ਜਦ ਤਕ ਚੰਦ ਸੂਰਜ ਕਾਇਮ ਰਹਿਣਗੇ, ਗੁਰੂ ਨੂੰ ਸਿਰ ਭੇਟ ਕਰਨ ਵਾਲੇ ਪਹਿਲੇ ਪੰਜ ਸਿੱਖਾਂ ਦਾ ਨਾਂ ਦੁਨੀਆਂ ਭਰ 'ਚ ਕਾਇਮ ਕਰੇਗਾ। ਜਦੋਂ ਵੀ ਕੜਾਹ ਪ੍ਰਸ਼ਾਦ ਦੀ ਦੇਗ਼ ਤਿਆਰ ਹੋਇਆ ਕਰੇਗੀ, ਇਨ੍ਹਾਂ ਦਾ ਛਾਂਦਾ (ਹਿੱਸਾ) ਸਭ ਤੋਂ ਪਹਿਲਾਂ ਕੱਢਿਆ ਜਾਇਆ ਕਰੇਗਾ। ਇਸ ਪਿੱਛੋਂ ਗੁਰੂ ਸਾਹਿਬ ਨੇ ਭਾਈ ਚਉਪਤਿ ਰਾਇ ਨੂੰ ਆਖਿਆ ਕਿ ਉਹ ਸਤਲੁਜ ਵਿਚੋਂ ਸਾਫ਼ ਪਾਣੀ ਭਰ ਕੇ ਲਿਆਉਣ। ਗੁਰੂ ਜੀ ਨੇ ਦੀਵਾਨ ਧਰਮ ਚੰਦ ਛਿੱਬਰ ਨੂੰ ਪੱਥਰ ਦਾ ਕੂੰਡਾ, ਲੋਹੇ ਦਾ ਬਾਟਾ ਅਤੇ ਖੰਡਾ ਲਿਆਉਣ ਵਾਸਤੇ ਆਖਿਆ। ਗੁਰੂ ਸਾਹਿਬ ਨੇ ਪੱਥਰ ਦੇ ਕੂੰਡੇ 'ਤੇ ਲੋਹੇ ਦਾ ਬਾਟਾ ਰੱਖ ਕੇ, ਉਸ ਵਿਚ ਸਤਲੁਜ ਦਰਿਆ ਤੋਂ ਮੰਗਵਾਇਆ ਪਾਣੀ ਪਾ ਕੇ, ਪਾਹੁਲ ਤਿਆਰ ਕਰਨੀ ਸ਼ੁਰੂ ਕਰ ਦਿੱਤੀ। ਪੰਜੇ ਪਿਆਰੇ ਗੁਰੂ ਸਾਹਿਬ ਦੇ ਨੇੜੇ ਬੈਠ ਗਏ। ਗੁਰੂ ਸਾਹਿਬ ਆਪਣੇ ਹੱਥ ਨਾਲ ਖੰਡਾ ਫੇਰ ਕੇ ਪਾਹੁਲ ਤਿਆਰ ਕਰਨ ਲੱਗ ਪਏ। (**ਖੰਡੇ ਦੀ ਪਾਹੁਲ ਗੁਰੂ ਸਾਹਿਬ ਨੇ ਇਕੱਲਿਆਂ ਤਿਆਰ ਕੀਤੀ ਸੀ, ਉਨ੍ਹਾਂ ਨਾਲ ਚਾਰ ਹੋਰ ਜਣੇ ਨਹੀਂ ਸਨ**)।

ਗੁਰੂ ਸਾਹਿਬ ਨੇ ਇਸ ਮਗਰੋਂ ਅਰਦਾਸ ਕੀਤੀ ਤੇ ਜੈਕਾਰਾ ਛੱਡਣ ਮਗਰੋਂ 'ਖੰਡੇ ਦੀ ਪਾਹੁਲ' ਦੇਣ ਦੀ ਰਸਮ ਸ਼ੁਰੂ ਕੀਤੀ। ਗੁਰੂ ਸਾਹਿਬ ਨੇ ਖੰਡੇ ਨਾਲ ਪਹਿਲਾਂ ਆਪਣੇ ਮੂੰਹ ਵਿਚ ਅੰਮ੍ਰਿਤ ਦੀਆਂ ਪੰਜ ਬੂੰਦਾਂ ਪਾਈਆਂ ਤੇ ਫਿਰ ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦਿੱਤੀ। ਇਸ ਸਬੰਧੀ 'ਗੁਰੂ ਕੀਆਂ ਸਾਖੀਆਂ' (ਲਿਖਤ 1798 ਵਿਚ ਇੰਵ ਲਿਖਿਆ ਮਿਲਦਾ ਹੈ:

"*ਸਤਿਗੁਰਾਂ ਖਾਂਡੇ ਕੇ ਪਿਪਲੇ ਤੇ ਅੰਮ੍ਰਿਤ ਪਾਇ ਪਾਂਚ ਦਫਾ ਅਪਨੇ ਮੁਖ ਮੇਂ ਚੁਆਇ। ਪਾਂਚ ਹੀ ਬਾਰ ਵਾਹਿਗੁਰੂ ਜੀ ਦੀ ਫਤਹਿ ਗਜਾਈ...*" (ਸਾਖੀ 59, ਸਫ਼ਾ 123)।

ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦੇਣ ਪਿੱਛੋਂ ਫਿਰ ਆਪ ਉਨ੍ਹਾਂ ਕੋਲੋਂ ਪਾਹੁਲ ਲੈਣ ਦੀ ਕਹਾਣੀ ਮਗਰੋਂ ਘੜੀ ਗਈ ਜਾਪਦੀ ਹੈ।

ਉਂਵ ਅਸੂਲੀ ਤੌਰ 'ਤੇ ਵੀ ਵੇਖਿਆ ਜਾਵੇ ਤਾਂ ਪੰਜ ਪਿਆਰਿਆਂ ਨੂੰ ਪਾਹੁਲ ਦੇ ਕੇ ਫਿਰ ਉਨ੍ਹਾਂ ਤੋਂ ਪਾਹੁਲ ਲੈਣਾ ਬੇਦਲੀਲੀ ਗੱਲ ਜਾਪਦੀ ਹੈ। ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਪਾਹੁਲ ਦੇਣ ਵੇਲੇ ਗੁਰੂ ਸਾਹਿਬ ਆਪ ਤਾਂ ਅਜੇ ਪਾਹੁਲੀਏ ਨਹੀਂ ਸਨ (ਯਾਨਿ, ਇਸ ਕਹਾਣੀ ਮੁਤਾਬਿਕ ਉਹ ਇਕ ਤਰ੍ਹਾਂ ਨਾਲ '*ਬੇਅੰਮ੍ਰਿਤੀਏ*' ਹੀ ਸਨ)। ਇਸ ਹਿਸਾਬ ਨਾਲ ਜਾਂ ਤਾਂ ਪੰਜ ਪਿਆਰਿਆਂ ਨੇ ਇਕ 'ਬੇਅੰਮ੍ਰਿਤੀਏ' ਪਾਸੋਂ ਪਾਹੁਲ ਲਈ ਸੀ।

ਪਰ ਇਹ ਸਹੀ ਨਹੀਂ। ਗੁਰੂ ਸਾਹਿਬ ਵੱਲੋਂ ਪਹਿਲਾਂ ਆਪਣੇ ਮੂੰਹ ਵਿਚ ਪਾਹੁਲ ਦੀਆਂ ਪੰਜ ਬੂੰਦਾਂ ਪਾਉਣ ਵਾਲੀ ਗੱਲ ਸਹੀ ਜਾਪਦੀ ਹੈ। ਉਹ ਆਪ ਪਹਿਲਾਂ 'ਪਾਹੁਲੀਏ' ਬਣੇ ਸਨ ਤੇ ਫਿਰ ਹੋਰਨਾਂ ਨੂੰ ਪਾਹੁਲ ਦਿੱਤੀ ਸੀ।

ਪੰਜ ਪਿਆਰਿਆਂ ਨੂੰ ਪਾਹੁਲ ਦੇਣ ਦੀ ਰਸਮ ਪੂਰੀ ਹੋਣ ਮਗਰੋਂ ਗੁਰੂ ਸਾਹਿਬ ਨੇ ਆਪਣੇ ਹੱਥੀਂ ਪੰਜ ਮੁਕਤਿਆਂ: ਦੇਵਾ ਰਾਮ, ਰਾਮ ਚੰਦ, ਟਹਿਲ ਦਾਸ, ਈਸ਼ਰ ਦਾਸ, ਤੇ ਫ਼ਤਹਿ ਚੰਦ ਨੂੰ ਖੰਡੇ ਦੀ ਪਾਹੁਲ ਦਿੱਤੀ ਤੇ 'ਸਿੰਘ' ਨਾਂ ਬਖਸ਼ੇ। ਇਨ੍ਹਾਂ ਦਸਾਂ ਮਗਰੋਂ ਭਾਈ ਮਨੀ ਸਿੰਘ, ਉਨ੍ਹਾਂ ਦੇ ਛੇ ਸਪੁੱਤਰ (ਭਾਈ ਚਿਤਰ ਸਿੰਘ, ਬਚਿਤਰ ਸਿੰਘ, ਭਾਈ ਉਦੈ ਸਿੰਘ, ਭਾਈ ਅਨਿਕ ਸਿੰਘ, ਭਾਈ ਅਜਬ ਸਿੰਘ ਤੇ ਭਾਈ ਅਜਾਇਬ ਸਿੰਘ), ਭਾਈ ਚੌਪਾ ਸਿੰਘ, ਭਾਈ ਧਰਮ ਸਿੰਘ (ਦੀਵਾਨ), ਭਾਈ ਆਲਮ ਸਿੰਘ 'ਨੱਚਣਾ' ਤੇ ਭਾਈ ਗੁਰਬਖਸ਼ ਸਿੰਘ (ਰਾਮ ਕੰਵਰ); ਯਾਰ੍ਹਾਂ ਸਿੱਖਾਂ ਨੇ ਖੰਡੇ ਦੀ ਪਾਹੁਲ ਲਈ। ਇਨ੍ਹਾਂ ਇੱਕੀਆਂ ਤੋਂ ਮਗਰੋਂ ਭਾਈ ਰਾਇ ਸਿੰਘ ਮੁਲਤਾਨੀ, ਭਾਈ ਗੁਰਬਖਸ਼ ਸਿੰਘ, ਭਾਈ ਗੁਰਬਖ਼ਸ਼ੀਸ਼ ਸਿੰਘ, ਭਾਈ ਕਿਰਪਾ ਸਿੰਘ ਦੱਤ (ਕਿਰਪਾ ਰਾਮ), ਭਾਈ ਸਨਮੁਖ ਸਿੰਘ ਦੱਤ (ਭਰਾ ਭਾਈ ਕਿਰਪਾ ਰਾਮ), ਭਾਈ ਗੁਰਮੁਖ ਸਿੰਘ (ਪਿਤਾ ਭਾਈ ਕਿਰਪਾ ਰਾਮ), ਭਾਈ ਸੁਬੇਗ ਸਿੰਘ; ਭਾਈ ਅਮਰੀਕ ਸਿੰਘ, ਭਾਈ ਦਯਾ ਸਿੰਘ ਪੁਰੋਹਤ, ਭਾਈ ਬਰਨ ਸਿੰਘ, ਭਾਈ ਅਣੀ ਸਿੰਘ, ਭਾਈ ਲਾਲ ਸਿੰਘ ਪਿਸ਼ੌਰੀਆ, ਭਾਈ ਰੂਪ ਸਿੰਘ, ਸੋਢੀ ਦੀਪ ਸਿੰਘ, ਸੋਢੀ ਨੰਦ ਸਿੰਘ, ਭਾਈ ਨਾਨੂੰ ਸਿੰਘ ਦਿਲਵਾਲੀ, ਸਰਹਿੰਦ ਦੇ ਭਾਈ ਹਜ਼ਾਰੀ ਸਿੰਘ, ਭਾਈ ਭੰਡਾਰੀ ਸਿੰਘ ਤੇ ਭਾਈ ਦਰਬਾਰੀ ਸਿੰਘ ਵ਼ਗੈਰਾ ਨੇ ਖੰਡੇ ਦੀ ਪਾਹੁਲ ਲਈ।

ਇਸ ਮਗਰੋਂ ਪੰਜ ਪਿਆਰਿਆਂ ਨੇ ਪਾਹੁਲ ਦੇਣੀ ਸ਼ੁਰੂ ਕੀਤੀ। ਪਹਿਲਾਂ ਉਨ੍ਹਾਂ ਨੇ ਗੁਰੂ ਸਾਹਿਬ ਦੇ ਸਾਹਮਣੇ ਕੁਝ ਸਿੱਖਾਂ ਨੂੰ ਪਾਹੁਲ ਦਿੱਤੀ। ਹੁਣ ਪੰਜ ਸਿੰਘਾਂ ਦੇ ਕਈ ਜੱਥੇ ਬਣਾ ਦਿੱਤੇ ਗਏ ਜੋ ਹਜ਼ਾਰਾਂ ਸਿੱਖਾਂ ਨੂੰ ਪਾਹੁਲ ਦੇਣ ਲੱਗ ਪਏ। ਇੰਞ ਲਗਾਤਾਰ ਕਈ ਦਿਨ ਖੰਡੇ ਦੀ ਪਾਹੁਲ ਦੇਣ 'ਚ ਬੀਤ ਗਏ ਤੇ ਤਕਰੀਬਨ ਵੀਹ ਹਜ਼ਾਰ ਸਿੱਖਾਂ ਨੇ ਖੰਡੇ ਦੀ ਪਾਹੁਲ ਹਾਸਿਲ ਕੀਤੀ।

ਮੁਕਤਸਰ ਦੇ ਚਾਲ੍ਹੀ ਮੁਕਤੇ ਕਿਹੜੇ ਸਨ? ਉਨ੍ਹਾਂ ਨੇ ਬੇਦਾਵਾ ਕਿੱਥੇ ਲਿਖਿਆ ਸੀ?

7 ਤੇ 8 ਦਸੰਬਰ 1705 ਦੀ ਰਾਤ ਤੱਕ ਚਮਕੌਰ ਦੀ ਗੜ੍ਹੀ ਵਿਚ ਹਾਜ਼ਿਰ 45 ਸਿੰਘਾਂ ਤੇ ਦੋ ਸਾਹਿਬਜ਼ਾਦਿਆਂ ਵਿਚੋਂ ਸਿਰਫ਼ ਸੱਤ ਸਿੱਖ ਹੀ ਬਚੇ ਸਨ: ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਦਯਾ ਸਿੰਘ ਪੁਰੋਹਤ, ਭਾਈ ਮਾਨ ਸਿੰਘ ਨਿਸ਼ਾਨਚੀ, ਭਾਈ ਰਾਮ ਸਿੰਘ (ਪੁੱਤਰ ਭਾਈ ਬਚਿਤਰ ਸਿੰਘ ਤੇ ਪੋਤਾ ਭਾਈ ਮਨੀ ਸਿੰਘ), ਭਾਈ ਸੰਤ ਸਿੰਘ ਬੰਗੇਸ਼ਰੀ ਤੇ ਭਾਈ ਸੰਗਤ ਸਿੰਘ ਛਾਬੜਾ । ਇਸ ਵੇਲੇ ਤੱਕ ਦੋਵੇਂ ਵੱਡੇ ਸਾਹਿਬਜ਼ਾਦੇ, ਅਜੀਤ ਸਿੰਘ ਤੇ ਜੁਝਾਰ ਸਿੰਘ, ਤਿੰਨ ਪਿਆਰਿਆਂ (ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ) ਸਣੇ ਕੁਲ 38 ਸਿੰਘ ਸ਼ਹੀਦ ਹੋ ਚੁੱਕੇ ਸਨ।

ਇਸ ਘੇਰੇ, ਲੜਾਈ ਅਤੇ ਸ਼ਹੀਦੀਆਂ ਦੀ ਖ਼ਬਰ ਕੋਟ ਪਠਾਣਾਂ ਦੇ ਭਾਈ ਨਿਹੰਗ ਖਾਨ ਦੀ ਭੈਣ ਬੀਬੀ ਉਮਰੀ ਦੇ ਘਰਾਂ ਤੱਕ ਪਹੁੰਚ ਚੁੱਕੀ ਸੀ। ਬੀਬੀ ਉਮਰੀ ਦੇ ਪੁੱਤਰ ਭਾਈ ਨਬੀ ਖਾਨ ਤੇ ਗ਼ਨੀ ਖਾਨ ਦੋਵੇਂ ਭਰਾ ਰੋਪੜ ਦੇ ਨਵਾਬ ਮਲੇਰੀਏ ਪਠਾਣ ਦੀ ਫ਼ੌਜ ਦੇ ਸਿਪਾਹੀ ਸਨ। ਇਹ ਦੋਵੇਂ ਭਰਾ ਮਾਛੀਵਾੜੇ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਅੱਧੀ ਰਾਤ ਵੇਲੇ ਗੜ੍ਹੀ ਦੇ ਇਕ ਪਾਸੇ ਤੋਂ ਨੇੜੇ ਰਾਹੀਂ ਗੁਰੂ ਸਾਹਿਬ ਨੂੰ ਫ਼ੌਜੀ ਵਰਦੀ ਪਹੁੰਚਾਈ ਜਿਸ ਨੂੰ ਪਹਿਣ ਕੇ ਗੁਰੂ ਸਾਹਿਬ ਉੱਥੋਂ ਨਿਕਲੇ ਅਤੇ ਮਾਛੀਵਾੜਾ ਨੂੰ ਚਲ ਪਏ। ਬਾਕੀ ਦੇ ਪੰਜ ਸਿੱਖ ਇਕ-ਇਕ ਕਰ ਕੇ ਗੜ੍ਹੀ ਦੇ ਪਿਛਲੇ ਪਾਸੇ ਤੋਂ ਉਤਰ ਕੇ ਨਿਕਲ ਪਏ। ਪਿੱਛੇ ਸਿਰਫ਼ ਦੋ ਸਿੱਖ (ਸੰਤ ਸਿੰਘ ਅਰੋੜਾ ਤੇ ਸੰਗਤ ਸਿੰਘ ਬੰਗੇਸ਼ਰੀ*) ਹੀ ਰਹਿ ਗਏ।

(*ਇਸ ਸੰਗਤ ਸਿੰਘ ਛਾਬੜਾ, ਅਰੋੜਾ ਸਿੱਖ ਸੀ, ਨਾ ਕਿ ਦਲਿਤ, ਜਿਹਾ ਕਿ ਪਿੱਛੇ ਜਿਹੇ ਕਿਸੇ ਲਿਖਾਰੀ ਨੇ ਗ਼ਲਤ ਲਿਖ ਦਿਤਾ ਹੈ)।

ਗੁਰੂ ਸਾਹਿਬ ਦੇ ਨਾਲ ਚਮਕੌਰ ਦੀ ਗੜ੍ਹੀ 'ਚੋਂ ਨਿਕਲਣ ਵਾਲੇ ਪੰਜ ਸਿੰਘ ਸਨ: ਭਾਈ ਦਯਾ ਸਿੰਘ, ਭਾਈ ਧਰਮ ਸਿੰਘ (ਦੋਵੇਂ ਪਿਆਰੇ), ਭਾਈ ਦਯਾ ਸਿੰਘ ਪੁਰੋਹਤ, ਭਾਈ ਮਾਨ ਸਿੰਘ ਨਿਸ਼ਾਨਚੀ ਅਤੇ ਭਾਈ ਰਾਮ ਸਿੰਘ ਪਰਮਾਰ।

ਚਮਕੌਰ ਤੋਂ ਨਿਕਲ ਕੇ ਗੁਰੂ ਸਾਹਿਬ ਮਾਛੀਵਾੜਾ ਪੁੱਜੇ। ਫਿਰ ਮਾਛੀਵਾੜਾ ਤੋਂ ਕਿੜੀ ਪਠਾਣਾਂ, ਘੁੰਘਰਾਲੀ, ਮਾਣੂਪੁਰ ਹੁੰਦੇ ਹੋਏ ਅਜਨੇਰ ਪੁੱਜ ਕੇ ਹਾਜੀ ਚਰਾਗ਼ ਸ਼ਾਹ ਦੇ ਡੇਰੇ 'ਤੇ ਰਹੇ। ਅਗਲੇ ਦਿਨ ਆਪ ਨੇ ਮਲਕਪੁਰ, ਲੱਲਾਂ, ਕਟਾਣਾ, ਰਾਮਪੁਰ ਤੋਂ ਹੁੰਦੇ ਹੋਏ ਰਾਤ ਦੋਰਾਹੇ ਕੱਟੀ। ਦੋਰਾਹਾ ਤੋਂ ਕਨੇਚ ਤੇ ਆਲਮਗੀਰ ਹੁੰਦੇ ਹੋਏ ਹੇਹਰ ਪੁੱਜੇ। ਹੇਹਰ ਤੋਂ ਆਪ ਲੰਮੇ ਜਟਪੁਰੇ ਪੁੱਜੇ ਤੇ ਇਥੇ ਭਾਈ ਰਾਏ ਕਲ੍ਹਾ ਨਾਲ ਮੇਲ ਹੋਇਆ। ਇਸ ਤੋਂ ਬਾਅਦ ਆਪ ਤਖ਼ਤੂਪੁਰਾ, ਮਧੇਅ ਅਤੇ ਭਦੌੜ ਹੁੰਦੇ ਹੋਏ 20 ਦਸੰਬਰ ਨੂੰ ਦੀਨਾ ਪੁੱਜੇ ਜਿਥੇ ਅਗਲੇ ਦਿਨ ਆਪ ਨੇ ਔਰੰਗਜ਼ੇਬ ਨੂੰ ਖ਼ਤ ਲਿਖਿਆ, ਜਿਸ ਨੂੰ ਪਹੁੰਚਾਉਣ ਵਾਸਤੇ ਆਪ ਨੇ ਦਇਆ ਸਿੰਘ ਤੇ ਧਰਮ ਸਿੰਘ ਨੂੰ ਔਰੰਗਾਬਾਦ ਭੇਜ ਦਿੱਤਾ। ਦੀਨਾ-ਕਾਂਗੜ ਤੋਂ ਚਲ ਕੇ ਆਪ ਰੁਖਾਲਾ, ਭਗਤਾ, ਵਾਂਦਰ, ਬਰਗਾੜੀ,

ਬਹਿਬਲ, ਸਰਾਵਾਂ ਤੋਂ ਹੁੰਦੇ ਹੋਏ ਢਿਲਵਾਂ ਕਲਾਂ ਪੁੱਜ ਗਏ। ਇਸ ਵੇਲੇ ਤੱਕ ਆਪ ਨਾਲ ਕਾਫ਼ੀ ਸਿੱਖ ਹੋ ਚੁੱਕੇ ਸਨ। ਇਨ੍ਹਾਂ ਵਿਚੋਂ ਤਿੰਨ ਗੁਰੂ ਸਾਹਿਬ ਦੇ ਨਾਲ ਚਮਕੌਰ ਤੋਂ ਆਏ ਸਨ ਅਤੇ ਕੁਝ ਦੀਨਾ ਵਗ਼ੈਰਾ ਤੋਂ ਰਲੇ ਸਨ। ਢਿਲਵਾਂ ਵਿਚ ਰਾਤ ਰਹਿਣ ਮਗਰੋਂ ਆਪ ਸੁਨੀਆਰ ਪਿੰਡ ਤੇ ਫਿਰ ਕੋਟਕਪੂਰਾ ਗਏ। ਇੱਥੇ ਕਪੂਰਾ ਸਿੰਘ ਨੇ ਆਪ ਨੂੰ ਆਪਣੀ ਭੈਣ ਕੋਲ ਤਲਵੰਡੀ ਸਾਬੋ ਜਾਣ ਵਾਸਤੇ ਸਲਾਹ ਦਿੱਤੀ। ਤਲਵੰਡੀ ਸਾਬੋ ਜਾਂਦਿਆਂ, 29 ਦਸੰਬਰ 1705 ਦੇ ਦਿਨ ਆਪ ਪਿੰਡ ਰੂਪੇਆਣਾ (ਰੁਪਾਣਾ) ਦੀ ਰੋਹੀ ਕੋਲ ਜਾ ਰਹੇ ਸਨ ਤਾਂ ਮਾਝੇ ਤੋਂ ਆ ਰਿਹਾ ਸਿੱਖਾਂ ਦਾ ਇਕ ਜੱਥਾ ਆਪ ਨੂੰ ਮਿਲ ਗਿਆ। (ਇਸ ਥਾਂ 'ਤੇ ਅੱਜ ਕਲ ਪਿੰਡ ਮਲ੍ਹਣ ਸੋਢੀਆਂ ਵਸ ਚੁੱਕਾ ਹੈ) ਇਹ ਸਿੱਖ ਪੱਟੀ (ਉਦੋਂ ਜ਼ਿਲ੍ਹਾ ਲਾਹੌਰ, ਹੁਣ ਜ਼ਿਲ੍ਹਾ ਅੰਮ੍ਰਿਤਸਰ) ਅਤੇ ਝਬਾਲ ਦੇ ਇਲਾਕੇ 'ਚੋਂ ਆਏ ਸਨ।

ਉਨ੍ਹੀਂ ਦਿਨੀਂ ਪੱਟੀ ਵਿਚ ਭਾਈ ਦੇਸ ਰਾਜ ਵੜੈਚ ਦੀ ਮੌਤ ਦੇ ਸਬੰਧ ਵਿਚ ਪਾਏ ਗਏ ਭੋਗ ਦੇ ਮੌਕੇ 'ਤੇ ਉਸ ਇਲਾਕੇ ਦੇ ਬਹੁਤ ਸਾਰੇ ਸਿੱਖ ਪੁੱਜੇ ਸਨ। ਇਸ ਸਮੇਂ ਕਿਸੇ ਨੇ ਉੱਥੇ ਹਾਜ਼ਰ ਸੰਗਤਾਂ ਨੂੰ ਗੁਰੂ ਸਾਹਿਬ ਦੇ ਅਨੰਦਪੁਰ ਛੱਡਣ, ਮਾਤਾ ਜੀ, ਚੌਹਾਂ ਸਾਹਿਬਜ਼ਾਦਿਆਂ ਅਤੇ ਸੈਂਕੜੇ ਸਿੱਖਾਂ ਦੀਆਂ ਸ਼ਹੀਦੀਆਂ ਬਾਰੇ ਦੱਸਿਆ। ਇਸ ਵਾਰਤਾ ਨੂੰ ਸੁਣ ਕੇ ਇਲਾਕੇ ਦੇ ਲੋਕਾਂ ਨੇ ਅਫ਼ਸੋਸ ਜ਼ਾਹਿਰ ਕੀਤਾ ਕਿ ਸਾਨੂੰ ਅਨੰਦਪੁਰ ਸਾਹਿਬ ਦੇ ਹਾਲਾਤ ਪਤਾ ਨਹੀਂ ਸਨ, ਵਰਨਾ ਅਸੀਂ ਉੱਥੇ ਜਾ ਕੇ ਗੁਰੂ ਜੀ ਦਾ ਸਾਥ ਦੇਂਦੇ। ਇਸ ਸਮੇਂ ਇਹ ਜ਼ਿਕਰ ਵੀ ਹੋਇਆ ਕਿ ਪਹਿਲਾਂ ਵੀ ਮਾਝੇ ਦੇ ਲੋਕਾਂ ਨੇ ਗੁਰੂ ਸਾਹਿਬ ਨੂੰ ਪਿੱਠ ਦਿਖਾ ਕੇ ਇਲਾਕੇ ਦੀ ਹੇਠੀ ਕਰਵਾਈ ਸੀ ਜਦੋਂ ਅਨੰਦਪੁਰ 'ਤੇ ਬਿਲਾਸਪੁਰੀ ਫ਼ੌਜ ਦੇ ਹਮਲੇ ਸਮੇਂ, 31 ਅਗਸਤ 1700 ਦੀ ਰਾਤ ਨੂੰ ਦੂਨੀ ਚੰਦ ਮਸੰਦ ਆਪਣੇ ਨਾਲ ਚਾਰ ਪੰਜ ਸਾਥੀ ਲੈ ਕੇ ਅਨੰਦਪੁਰ ਸਾਹਿਬ ਤੋਂ ਭੱਜ ਆਇਆ ਸੀ ਤੇ ਮਗਰੋਂ ਉਸ ਦੇ ਪੋਤਿਆਂ ਭਾਈ ਅਨੂਪ ਸਿੰਘ ਅਤੇ ਸਰੂਪ ਸਿੰਘ ਨੇ, ਉਸ ਦੀ ਬੁਜ਼ਦਿਲੀ ਦਾ ਧੋਣਾ ਧੋਣ ਵਾਸਤੇ ਨਿਰਮੋਹਗੜ੍ਹ ਦੀ ਲੜਾਈ ਵਿਚ 8 ਅਕਤੂਬਰ 1700 ਦੇ ਦਿਨ ਸ਼ਹੀਦੀਆਂ ਪਾਈਆਂ ਸਨ। ਇਲਾਕੇ ਦੇ ਲੋਕਾਂ ਨੇ ਵਿਚਾਰ ਕੀਤਾ ਕਿ ਗੁਰੂ ਸਾਹਿਬ ਉਸ ਵੇਲੇ (17-18 ਦਸੰਬਰ ਨੂੰ) ਮਾਲਵੇ ਵਿਚ, ਦੀਨਾ-ਕਾਂਗੜ ਦੇ ਨੇੜੇ-ਤੇੜੇ ਦੇ ਇਲਾਕੇ ਵਿਚ ਸਨ, ਸਾਨੂੰ ਜਾ ਕੇ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਉਹ ਅਨੰਦਪੁਰ ਸਾਹਿਬ ਤੋਂ ਮਾਲਵੇ ਵਲ ਗਏ ਹਨ ਤੇ ਮਾਝੇ ਵਲ ਨਹੀਂ ਆਏ। ਸਾਨੂੰ ਜਾ ਕੇ ਉਨ੍ਹਾਂ ਨੂੰ ਮਾਝੇ ਵਿਚ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਇਹ ਵੀ ਵਿਚਾਰ ਕੀਤੀ ਕਿ ਝਬਾਲ ਦੇ ਚੌਧਰੀ ਭਾਗ ਸਿੰਘ ਢਿੱਲੋਂ (ਭਾਗ ਕੌਰ ਦੇ ਵੱਡੇ ਭਰਾ), ਜੋ ਉੱਥੇ ਮਾਤਮ-ਪੁਰਸੀ ਕਰਨ ਆਏ ਹੋਏ ਸਨ, ਦੇ ਲਾਹੌਰ ਦੇ ਸੂਬੇਦਾਰ ਨਾਲ ਵਧੀਆ ਸਬੰਧ ਹਨ ਉਨ੍ਹਾਂ ਰਾਹੀਂ ਗੁਰੂ ਸਾਹਿਬ ਦਾ ਦਿਲੀ ਦਰਬਾਰ ਨਾਲ ਸਮਝੌਤਾ ਕਰਵਾਇਆ ਜਾ ਸਕਦਾ ਹੈ।

ਅਖ਼ੀਰ ਆਪਸ ਵਿਚ ਵਿਚਾਰ ਕਰ ਕੇ ਭਾਈ ਭਾਗ ਸਿੰਘ ਝਬਾਲ, ਭਾਈ ਸੁਲਤਾਨ ਸਿੰਘ ਵੜੈਚ, ਭਾਈ ਨਿਧਾਨ ਸਿੰਘ ਵੜੈਚ (ਪਤੀ ਮਾਈ ਭਾਗ ਕੌਰ), 37 ਹੋਰ ਸਿੰਘ ਅਤੇ ਮਾਈ ਭਾਗ ਕੌਰ ਗੁਰੂ ਸਾਹਿਬ ਨੂੰ ਮਿਲਣ ਵਾਸਤੇ ਮਾਲਵੇ ਵਲ ਚਲ ਪਏ। ਇਹ ਸਾਰੇ ਸਿੰਘ ਗੁਰੂ ਸਾਹਿਬ ਦੀ ਭਾਲ ਵਿਚ, ਪੱਟੀ ਤੋਂ ਚਲ ਕੇ, ਮੱਖੂ ਤੇ

ਜ਼ੀਰਾ ਤੋਂ ਹੁੰਦੇ ਹੋਏ, ਦੀਨਾ-ਕਾਂਗੜ ਜਾਣ ਵਾਸਤੇ ਮੋਗਾ ਵਲ ਚਲੇ ਗਏ। ਮੋਗਾ ਦੇ ਨੇੜੇ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਦੀਨਾ-ਕਾਂਗੜ ਤੋਂ ਤਲਵੰਡੀ ਸਾਬੋ ਵੱਲ ਚਲ ਚੁੱਕੇ ਹਨ ਤੇ ਉਸ ਵੇਲੇ ਰਾਮੇਆਣਾ ਤੋਂ ਰੂਪੇਆਣਾ ਦੇ ਰਸਤੇ ਵਿਚ ਸਨ। ਇਸ ਮਗਰੋਂ ਇਨ੍ਹਾਂ ਚਾਲੀ ਸਿੰਘਾਂ ਤੇ ਮਾਈ ਭਾਗ ਕੌਰ ਨੇ ਰੂਪੇਆਣਾ ਵਲ ਮੂੰਹ ਕਰ ਲਿਆ। ਰੂਪੇਆਣਾ ਪਿੰਡ ਦੀ ਰੋਹੀ ਵਿਚ (ਜਿੱਥੇ ਹੁਣ ਪਿੰਡ ਮਲੂਣ ਸੋਢੀਆਂ ਹੈ) ਗੁਰੂ ਸਾਹਿਬ ਤੇ ਇਸ ਜਥੇ ਦਾ ਮੇਲ ਹੋ ਗਿਆ। ਗੁਰੂ ਸਾਹਿਬ ਉਨ੍ਹਾਂ ਨੂੰ ਆਉਂਦਿਆਂ ਵੇਖ ਕੇ ਉੱਥੇ ਹੀ ਰੁਕ ਗਏ ਅਤੇ ਚਾਦਰਾਂ ਵਿਛਾ ਕੇ ਬੈਠ ਗਏ। ਭਾਗ ਸਿੰਘ ਨੇ ਗੁਰੂ ਜੀ ਨਾਲ ਮਾਤਾ ਜੀ, ਚੌਹਾਂ ਸਾਹਿਬਜ਼ਾਦਿਆਂ ਅਤੇ ਸਾਰੇ ਸਿੰਘਾਂ ਦੀਆਂ ਸ਼ਹੀਦੀਆਂ ਬਾਰੇ ਰਸਮੀ 'ਮਾਤਮ-ਪੁਰਸੀ' ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਹ ਸਭ ਵਾਹਿਗੁਰੂ ਦੀ ਲੀਲ੍ਹਾ ਹੈ। ਮਰਨਾ ਜਾਂ ਸ਼ਹੀਦ ਹੋਣਾ ਦੁਖ ਜਾਂ ਅਫ਼ਸੋਸ ਵਾਲੀ ਗੱਲ ਨਹੀਂ ਹੁੰਦੀ। ਸਾਨੂੰ ਹਰ ਹਾਲਤ ਵਿਚ ਵਾਹਿਗੁਰੂ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ।

ਕੁਝ ਚਿਰ ਮਗਰੋਂ ਚੌਧਰੀ ਭਾਗ ਸਿੰਘ ਝਬਾਲੀਏ ਨੇ ਗੁਰੂ ਸਾਹਿਬ ਨੂੰ ਆਖਿਆ ਕਿ ਮੇਰੀ ਲਾਹੌਰ ਦੇ ਸੂਬੇਦਾਰ ਨਾਲ ਕਾਫ਼ੀ ਨੇੜਤਾ ਹੈ ਅਤੇ ਮੈਂ ਸੂਬੇਦਾਰ ਜਾਂ ਕਿਸੇ ਹੋਰ ਰਸੂਖ ਵਾਲੇ ਦਰਬਾਰੀ ਰਾਹੀਂ ਦਿੱਲੀ ਸਰਕਾਰ ਨਾਲ ਤੁਹਾਡਾ ਸਮਝੌਤਾ ਕਰਵਾ ਦੇਂਦਾ ਹਾਂ। ਉਸ ਦੀ ਗੱਲ ਸੁਣ ਕੇ ਗੁਰੂ ਸਾਹਿਬ ਨੇ ਜਵਾਬ ਦਿੱਤਾ: "ਤੁਸੀਂ ਹੁਣ ਸਰਕਾਰ ਨਾਲ ਸਮਝੌਤੇ ਦੀ ਗੱਲ ਕਰਦੇ ਹੋ! ਤੁਸੀਂ ਜਾਂ ਤੁਹਾਡੇ ਵਡੇਰੇ ਉਦੋਂ ਕਿੱਥੇ ਸਨ ਜਦੋਂ ਪੰਜਵੇਂ ਪਾਤਸ਼ਾਹ ਸ਼ਹੀਦ ਕੀਤੇ ਗਏ ਸਨ, ਜਦੋਂ ਛੇਵੇਂ ਪਾਤਸ਼ਾਹ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਰਖਿਆ ਸੀ, ਜਦੋਂ ਨੌਵੇਂ ਗੁਰੂ ਨੂੰ ਦਿੱਲੀ ਵਿਚ ਲਿਜਾ ਕੇ ਸ਼ਹੀਦ ਕੀਤਾ ਸੀ। ਉਸ ਵੇਲੇ ਤਾਂ ਕਿਸੇ ਸਿੱਖ ਨੇ ਨਾਂ ਨਹੀਂ ਸੀ ਲਿਆ। ਫਿਰ ਅਨੰਦਪੁਰ ਸਾਹਿਬ ਵਿਚ ਕਈ ਮਹੀਨੇ ਘੇਰਾ ਪਿਆ ਰਿਹਾ ਤਾਂ ਵੀ ਤੁਸੀਂ ਨਹੀਂ ਆਏ। ਤੁਸੀਂ ਹੁਣ ਕੀ ਲੈਣ ਆਏ ਹੋ? ਤੁਹਾਨੂੰ ਅਜਿਹੀਆਂ ਗੱਲਾਂ ਕਰਨ ਲਗਿਆਂ ਸੰਗ ਨਹੀਂ ਆਉਂਦੀ?"

ਗੁਰੂ ਸਾਹਿਬ ਦਾ ਜਵਾਬ ਸੁਣ ਕੇ ਭਾਗ ਸਿੰਘ ਆਖਣ ਲੱਗਾ: ਜੇ ਤੁਸੀਂ ਇੰਵ ਹੀ ਰਹਿਣਾ ਹੈ ਤਾਂ ਤੁਹਾਡੀ-ਸਾਡੀ ਨਿਭ ਨਹੀਂ ਸਕਦੀ। ਸਾਥੋਂ ਇਹੋ ਜਿਹੀ ਸਿੱਖੀ ਨਹੀਂ ਨਿਭਣੀ। ਫਿਰ ਅਸੀਂ ਵਾਪਿਸ ਚਲੇ ਜਾਂਦੇ ਹਾਂ। ਗੁਰੂ ਜੀ ਭਾਗ ਸਿੰਘ ਦੇ ਬੋਲ ਸੁਣ ਕੇ ਆਖਿਆ: ਅਸੀਂ ਤੁਹਾਨੂੰ ਮਦਦ ਵਾਸਤੇ ਤਾਂ ਨਹੀਂ ਬੁਲਾਇਆ। ਤੁਸੀਂ ਆਪੇ ਹੀ ਆਏ ਹੋ। ਪਰ, ਜੇ ਤੁਹਾਡੇ ਤੋਂ ਸਿੱਖੀ ਨਹੀਂ ਨਿਭ ਸਕਦੀ ਤਾਂ ਠੀਕ ਹੈ! ਲਓ, ਕਾਗ਼ਜ਼ ਤੇ ਲਿਖ ਦਿਓ ਕਿ ਸਾਡਾ ਇਲਾਕਾ ਅੱਜ ਤੋਂ ਗੁਰੂ ਦਾ ਸਿੱਖ ਨਹੀਂ ਰਿਹਾ। ਗੁਰੂ ਸਾਹਿਬ ਦੇ ਬੋਲ ਸੁਣ ਕੇ ਭਾਈ ਮਾਨ ਸਿੰਘ ਨਿਸ਼ਾਨਚੀ ਨੇ ਕਾਗ਼ਜ਼, ਕਲਮ ਤੇ ਦਵਾਤ ਕੱਢ ਕੇ ਭਾਗ ਸਿੰਘ ਦੇ ਅੱਗੇ ਰੱਖ ਦਿੱਤੀ। ਇਹ ਦੇਖ ਕੇ, ਜੋਸ਼ ਤੇ ਉਬਾਲ ਵਿਚ ਆਏ, ਚੌਧਰੀ ਭਾਗ ਸਿੰਘ ਨੇ ਕਾਗ਼ਜ਼ 'ਤੇ ਬੇਦਾਵਾ ਲਿਖ ਦਿੱਤਾ ਤੇ ਹੇਠਾਂ ਆਪਣੇ ਦਸਤਖ਼ਤ ਕਰ ਦਿੱਤੇ। ਇਸ ਮਗਰੋਂ ਦਿਲਬਾਗ ਸਿੰਘ, ਘਰਬਾਰਾ ਸਿੰਘ, ਗੰਡਾ ਸਿੰਘ ਨੇ ਵੀ ਦਸਤਖ਼ਤ ਕਰ ਦਿੱਤੇ ਪਰ ਬਾਕੀ ਸਿੰਘਾਂ ਨੇ ਦਸਤਖ਼ਤ ਨਹੀਂ ਕੀਤੇ।

ਅਜੇ ਇਹ ਗੱਲਾਂ ਚਲ ਹੀ ਰਹੀਆਂ ਸਨ ਕਿ ਇਕ ਸੂਹੀਏ ਸਿੱਖ ਨੇ ਖ਼ਬਰ ਲਿਆ ਦਿੱਤੀ ਕਿ ਸਰਹਿੰਦ ਦੀ ਫ਼ੌਜ ਇਸ ਇਲਾਕੇ ਦੇ ਨੇੜੇ ਹੀ ਆ ਪੁੱਜੀ ਹੈ। ਇਸ

'ਤੇ ਗੁਰੂ ਸਾਹਿਬ ਨੇ ਸਿੰਘਾਂ ਨੂੰ ਘੋੜਿਆਂ 'ਤੇ ਸਵਾਰ ਹੋ ਕੇ ਅੱਗੇ ਕੂਚ ਕਰਨ ਦਾ ਹੁਕਮ ਦਿੱਤਾ। ਗੁਰੂ ਸਾਹਿਬ ਨੇ ਝਬਾਲੀਆਂ ਦਾ ਬੇਦਾਵਾ ਜੇਬ੍ਹ ਵਿਚ ਪਾਇਆ ਅਤੇ ਸਾਥੀ ਸਿੰਘਾਂ ਨੂੰ ਨਾਲ ਲੈ ਕੇ ਉਥੋਂ ਚਲੇ ਗਏ।

ਗੁਰੂ ਸਾਹਿਬ ਦੇ ਜਾਣ ਮਗਰੋਂ ਮਾਈ ਭਾਗ ਕੌਰ, ਜੋ ਭਾਗ ਸਿੰਘ ਤੇ ਦਿਲਬਾਗ ਸਿੰਘ ਦੀ ਵੱਡੀ ਭੈਣ ਸੀ ਅਤੇ ਨਿਧਾਨ ਸਿੰਘ ਵੜੈਚ ਦੀ ਘਰ ਵਾਲੀ ਸੀ, ਨੇ ਇਨ੍ਹਾਂ ਚਾਲੀ ਸਿੰਘਾਂ ਵੱਲ ਮੂੰਹ ਕਰ ਕੇ ਆਖਿਆ: "ਅਜੇ ਤਾਂ ਦੁਨੀ ਚੰਦ ਧਾਲੀਵਾਲ ਅਤੇ ਉਸ ਦੇ ਸਾਥੀ ਚਾਰ-ਪੰਜ ਮਝੈਲ ਸਿੰਘਾਂ ਵੱਲੋਂ ਅਨੰਦਗੜ੍ਹ ਕਿਲ੍ਹੇ 'ਚੋਂ ਰੱਸਾ ਬੰਨ੍ਹ ਕੇ ਭੱਜਣ ਦਾ ਕਲੰਕ ਸਾਡੇ ਮੱਥੇ ਤੋਂ ਨਹੀਂ ਲੱਥਾ। ਅੱਜ ਅਸੀਂ ਗੁੱਸੇ ਵਿਚ ਆ ਕੇ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਦਿੱਤਾ ਹੈ। ਹੁਣ ਅਸੀਂ ਕਿਹੜਾ ਮੂੰਹ ਲੈ ਕੇ ਵਾਪਿਸ ਵਤਨਾਂ ਨੂੰ ਜਾਵਾਂਗੇ। ਤੁਹਾਨੂੰ ਘਰ ਗਿਆਂ ਨੂੰ ਘਰ-ਵਾਲੀਆਂ ਕੀ ਆਖਣਗੀਆਂ ਕਿ ਸਤਿਗੁਰਾਂ ਦੇ ਕਿਹੋ ਜਿਹੇ ਦਰਸ਼ਨ ਕਰ ਕੇ ਆਏ ਹੋ? ਲੋਕ ਲਾਅਨਤਾਂ ਪਾਉਣਗੇ। ਕਿਹੜਾ ਮੂੰਹ ਲੈ ਕੇ ਬਾਹਰ ਫਿਰੋਗੇ? ਉੱਠੋ ਸ਼ੇਰੋ! ਹੰਭਲਾ ਮਾਰੋ! ਗੁਰੂ ਜੀ ਬਖ਼ਸ਼ਿੰਦ ਹਨ। ਉਹ ਜ਼ਰੂਰ ਮੁਆਫ਼ ਕਰ ਦੇਣਗੇ। ਚਲੋ ਚਲੀਏ।" ਇਹ ਆਖ ਕੇ ਮਾਈ ਭਾਗ ਕੌਰ ਨੇ ਪੱਲੂ ਫੇਰਿਆ। ਮਾਈ ਦੇ ਬੋਲਾਂ ਨੇ ਉਸ ਦੇ ਛੋਟੇ ਭਰਾ ਚੌਧਰੀ ਭਾਗ ਸਿੰਘ ਨੂੰ ਵੀ ਟੁੰਬ ਹੀ ਲਿਆ ਅਤੇ ਉਸ ਨੇ ਵੀ ਬਾਕੀਆਂ ਨੂੰ ਗੁਰੂ ਜੀ ਦੇ ਪਿੱਛੇ ਜਾਣ ਵਾਸਤੇ ਆਖਿਆ। ਸਾਰੇ ਸਿੱਖ ਜੈਕਾਰਾ ਛੱਡ ਕੇ ਉਸੇ ਪਾਸੇ ਵਲ ਚਲ ਪਏ ਜਿਧਰ ਗੁਰੂ ਸਾਹਿਬ ਗਏ ਸਨ।

ਮਾਈ ਭਾਗ ਕੌਰ ਅਤੇ ਚਾਲ੍ਹੀ ਸਿੰਘ ਚਲਦੇ-ਚਲਦੇ ਖਿਦਰਾਣੇ ਦੀ ਢਾਬ ਦੇ ਕੰਢੇ 'ਤੇ ਪਾਣੀ ਪੀਣ ਵਾਸਤੇ ਰੁਕੇ। ਇਸ ਵੇਲੇ ਗੁਰੂ ਸਾਹਿਬ ਢਾਬ ਲੰਘ ਕੇ ਨੇੜੇ ਦੀ ਇਕ ਟਿੱਬੀ ਕੋਲ ਪੁੱਜ ਚੁਕੇ ਸਨ। (ਇਹ ਉਹੀ ਥਾਂ ਹੈ ਜਿੱਥੇ ਗੁਰਦੁਆਰਾ ਟਿੱਬੀ ਸਾਹਿਬ ਬਣਿਆ ਹੋਇਆ ਹੈ)। ਢਾਬ ਵਾਲੀ ਥਾਂ 'ਤੇ ਗੁਰਦੁਆਰਾ ਦਰਬਾਰ ਸਾਹਿਬ, ਤੰਬੂ ਸਾਹਿਬ ਅਤੇ ਅੰਗੀਠਾ ਸਾਹਿਬ ਬਣੇ ਹੋਏ ਹਨ)।

ਕੁਝ ਹੀ ਚਿਰ ਮਗਰੋਂ ਸਰਹੰਦ ਦੀ ਫ਼ੌਜ ਵੀ ਉੱਥੇ ਆ ਪੁੱਜੀ। ਇਹ ਵੀ ਚਰਚਾ ਹੈ ਕਿ ਸਰਹੰਦ ਦਾ ਸੂਬੇਦਾਰ ਵਜ਼ੀਰ ਖਾਨ ਖ਼ੁਦ ਆਪ ਫ਼ੌਜ ਦੀ ਅਗਵਾਈ ਕਰ ਰਿਹਾ ਸੀ। ਚਾਲ੍ਹੀ ਸਿੱਖਾਂ ਨੂੰ ਵੇਖ ਕੇ ਮੁਗ਼ਲ ਫ਼ੌਜ ਨੇ ਸਮਝਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਵੀ ਇਨ੍ਹਾਂ ਵਿਚ ਸ਼ਾਮਿਲ ਹਨ, ਇਸ ਕਰ ਕੇ ਉਨ੍ਹਾਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ।। ਵੇਖਦਿਆਂ-ਵੇਖਦਿਆਂ ਹੀ ਦੋਹਾਂ ਪਾਸਿਆਂ ਤੋਂ ਗੋਲੀਆਂ ਅਤੇ ਤੀਰਾਂ ਦਾ ਮੀਂਹ ਪੈਣਾ ਸ਼ੁਰੂ ਹੋ ਗਿਆ। ਪੌਣੇ ਘੰਟੇ (2 ਘੜੀਆਂ) ਮਗਰੋਂ ਜਦੋਂ ਸਿੱਖਾਂ ਕੋਲ ਤੀਰ ਤੇ ਗੋਲੀਆਂ ਮੁਕ ਗਈਆਂ ਤਾਂ ਉਨ੍ਹਾਂ ਨੇ ਕਿਰਪਾਨਾਂ ਧੂਹ ਲਈਆਂ ਅਤੇ ਦੁਸ਼ਮਣ ਦੀ ਫ਼ੌਜ 'ਤੇ ਟੁੱਟ ਪਏ। ਦੋਹੀਂ ਤਰਫ਼ੀਂ ਲੋਹੇ ਨਾਲ ਲੋਹਾ ਖੜਕਿਆ। ਚਾਲ੍ਹੀ ਸਿੱਖਾਂ ਅਤੇ ਮਾਈ ਭਾਗੋ ਨੇ ਸਰਹੰਦੀ ਫ਼ੌਜ ਦੀ ਅਜਿਹੀ ਵੱਢ-ਟੁੱਕ ਕੀਤੀ ਕਿ ਉਨ੍ਹਾਂ ਨੂੰ ਅਲ੍ਹਾ ਚੇਤੇ ਕਰਵਾ ਦਿੱਤਾ। ਇਹ ਲੜਾਈ ਕਾਫ਼ੀ ਦੇਰ ਤੱਕ ਚਲਦੀ ਰਹੀ। ਦੋਹਾਂ ਧਿਰਾਂ ਨੇ ਕੋਈ ਕਸਰ ਨਾ ਛੱਡੀ। ਅਖ਼ੀਰ ਸੈਂਕੜੇ ਮੁਗ਼ਲ ਸਿਪਾਹੀਆਂ ਨੂੰ ਮਾਰਨ ਮਗਰੋਂ ਸੈਂਤੀ ਸਿੰਘ ਸ਼ਹੀਦ ਹੋ ਗਏ ਅਤੇ ਬਾਕੀ ਦੇ ਤਿੰਨ ਸਿੰਘ ਤੇ ਮਾਈ ਭਾਗ ਕੌਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਇਹ ਚਾਰੇ ਵੀ ਜ਼ਖ਼ਮੀ ਹੋਣ ਮਗਰੋਂ ਬੇਸੁਰਤ ਜਿਹੇ ਹੋ ਕੇ ਡਿੱਗ ਚੁਕੇ ਸਨ।

ਜਦੋਂ ਵਜ਼ੀਰ ਖਾਨ ਨੇ ਵੇਖਿਆ ਕਿ ਸਾਰੇ ਸਿੱਖ ਖ਼ਤਮ ਹੋ ਚੁਕੇ ਹਨ ਤੇ ਕੋਈ ਲੜਨ ਵਾਲਾ ਨਹੀਂ ਰਿਹਾ ਤਾਂ ਉਸ ਨੇ ਫ਼ੌਜ ਨੂੰ ਪਿੱਛੇ ਹਟਣ ਦਾ ਹੁਕਮ ਦੇ ਦਿੱਤਾ। ਉਸ ਨੂੰ ਇਹ ਵੀ ਦੱਸਿਆ ਜਾ ਚੁੱਕਾ ਸੀ ਕਿ ਉਸ ਨੂੰ ਇਸ ਤੋਂ ਅੱਗੇ ਕਿਤੇ ਪਾਣੀ ਨਹੀਂ ਮਿਲ ਸਕਣਾ ਅਤੇ ਫ਼ੌਜ ਪਿਆਸ ਨਾਲ ਮਰ ਜਾਵੇਗੀ। ਨਾਲ ਹੀ ਹੁਣ, ਉਸ ਦੇ ਖ਼ਿਆਲ ਵਿਚ, ਸਾਰੇ ਸਿੱਖ 'ਖ਼ਤਮ' ਹੋ ਚੁੱਕੇ ਸਨ ਇਸ ਕਰ ਕੇ ਉਸ ਨੇ ਫ਼ੌਜਾਂ ਪਿੱਛੇ ਮੋੜ ਲਈਆਂ। ਸ਼ਾਮ ਪੈਣ ਤੋਂ ਪਹਿਲਾਂ-ਪਹਿਲਾਂ ਸਰਹੰਦੀ ਫ਼ੌਜਾਂ ਉੱਥੋਂ ਕਾਫ਼ੀ ਦੂਰ ਨਿਕਲ ਚੁੱਕੀਆਂ ਸਨ।

ਥੋੜ੍ਹੀ ਦੇਰ ਮਗਰੋਂ ਗੁਰੂ ਸਾਹਿਬ ਟਿੱਬੀ ਤੋਂ ਚਲ ਕੇ ਖਿਦਰਾਣੇ ਦੀ ਢਾਬ (ਜਿਸ ਨੂੰ ਉਨ੍ਹਾਂ ਈਸ਼ਰਸਰ ਦਾ ਨਾਂ ਦਿੱਤਾ) ਦੇ ਕੰਢੇ 'ਤੇ ਆਏ। ਉਸ ਵੇਲੇ ਤਕ 37 ਸਿੰਘ ਸ਼ਹੀਦ ਹੋ ਚੁੱਕੇ ਸਨ ਅਤੇ ਸਿਰਫ਼ ਭਾਈ ਰਾਏ ਸਿੰਘ ਮੁਲਤਾਨੀ (ਭਰਾ ਭਾਈ ਮਨੀ ਸਿੰਘ), ਉਸ ਦਾ ਪੁੱਤਰ ਭਾਈ ਮਹਾਂ ਸਿੰਘ, ਭਾਈ ਸੁੰਦਰ ਸਿੰਘ ਬ੍ਰਾਹਮਣ (ਵਾਸੀ ਪਿੰਡ ਝੱਲੀਆਂ ਵਾਲਾ) ਅਤੇ ਮਾਈ ਭਾਗ ਕੌਰ ਸਿਸਕ ਰਹੇ ਸਨ। ਗੁਰੂ ਸਾਹਿਬ, ਭਾਈ ਮਾਨ ਸਿੰਘ ਨਿਸ਼ਾਨਚੀ ਨੂੰ ਸ਼ਹੀਦ ਹੋਏ 37 ਸਿੰਘਾਂ ਦੀਆਂ ਲਾਸ਼ਾਂ ਇਕੱਠੀਆਂ ਕਰਨ ਦੀ ਸੇਵਾ ਬਖ਼ਸ਼ੀ ਅਤੇ ਆਪ ਸਹਿਕ ਰਹੇ ਸਿੱਖਾਂ ਕੋਲ ਬੈਠ ਗਏ। ਗੁਰੂ ਸਾਹਿਬ ਨੇ ਇਨ੍ਹਾਂ ਤਿੰਨਾਂ ਅਤੇ ਮਾਈ ਭਾਗ ਕੌਰ ਦੇ ਮੂੰਹ ਵਿਚ ਪਾਣੀ ਪਾਇਆ ਪਰ ਇਨ੍ਹਾਂ ਦੇ ਜ਼ਖ਼ਮ ਬੜੇ ਡੂੰਘੇ ਸਨ। ਇਨ੍ਹਾਂ ਦੇ ਬਚਣ ਦੀ ਕੋਈ ਆਸ ਨਹੀਂ ਸੀ। ਮਾਈ ਭਾਗ ਕੌਰ ਨੂੰ ਖੱਬੇ ਪੱਟ ਵਿਚ ਗੋਲੀ ਲੱਗੀ ਹੋਈ ਸੀ ਪਰ ਬਾਕੀ ਤਿੰਨੇ ਬੜੇ ਨਿਢਾਲ ਹੋ ਚੁੱਕੇ ਸਨ। ਗੁਰੂ ਸਾਹਿਬ ਨੇ ਸ਼ਹੀਦ ਹੋਏ ਸਾਰੇ ਸਿੱਖਾਂ ਨੂੰ "ਦਸ ਹਜ਼ਾਰੀ", "ਵੀਹ ਹਜ਼ਾਰੀ", ਪੰਜਾਹ ਹਜ਼ਾਰੀ" ਆਖ ਕੇ "ਮਨਸਬ" (ਸਨਮਾਨ) ਦਿੱਤੇ।

ਇਸ ਮਗਰੋਂ ਗੁਰੂ ਸਾਹਿਬ ਨੇ ਸਹਿਕ ਰਹੇ ਤਿੰਨਾਂ ਸਿੰਘਾਂ ਨੂੰ ਪੁੱਛਿਆ ਕਿ ਤੁਹਾਨੂੰ ਕੀ ਚਾਹੀਦਾ ਹੈ ਆਪਣੇ ਮੂੰਹੋਂ ਮੰਗ ਲਓ। ਇਸ 'ਤੇ ਭਾਈ ਰਾਏ ਸਿੰਘ ਬੋਲਿਆ "ਗੁਰੂ ਜੀ ਜੇ ਆਪ ਤਰੁੱਠੇ ਹੀ ਹੋ ਤਾਂ ਤੁਸੀਂ ਭਾਈ ਭਾਗ ਸਿੰਘ ਦਾ ਲਿਖਿਆ ਸਿੱਖੀ ਤੋਂ ਪੰਚਾਇਤੀ ਬੇਦਾਵਾ ਫਾੜ ਕੇ ਸਾਨੂੰ ਸਿੱਖੀ ਦਾਨ ਬਖ਼ਸ਼ ਦਿਓ।" ਇਹ ਸੁਣ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ "ਧੰਨ ਸਿੱਖੀ! ਧੰਨ ਸਿੱਖੀ!! ਧੰਨ ਸਿੱਖੀ!!!" ਆਖਿਆ ਅਤੇ ਆਪਣੀ ਜੇਬ ਵਿਚੋਂ ਬੇਦਾਵੇ ਵਾਲਾ ਕਾਗ਼ਜ਼ ਕੱਢ ਕੇ ਫਾੜ ਦਿੱਤਾ।

ਕੁਝ ਲੇਖਕਾਂ ਨੇ ਇਹ ਬੋਲ ਰਾਏ ਸਿੰਘ ਦੇ ਪੁੱਤਰ ਮਹਾਂ ਸਿੰਘ ਤੋਂ ਅਖਵਾਏ ਹਨ। ਦਰਅਸਲ ਮਹਾਂ ਸਿੰਘ ਨੇ ਸਭ ਤੋਂ ਅਖ਼ੀਰ 'ਤੇ ਸੁਆਸ ਛੱਡੇ ਸੀ ਇਸ ਕਰ ਕੇ ਹੋ ਸਕਦਾ ਹੈ ਕਿ ਇਨ੍ਹਾਂ ਲੇਖਕਾਂ ਨੇ ਇਹ ਬੋਲ ਉਸ ਦੇ ਮੂੰਹ ਵਿਚ ਪਾ ਦਿੱਤੇ ਹੋਣ। ਇਹ ਗ਼ਲਤੀ ਸੰਤੋਖ ਸਿੰਘ ਨੇ "ਗੁਰ ਪ੍ਰਤਾਪ ਸੂਰਜ ਗ੍ਰੰਥ" ਵਿਚ ਕੀਤੀ ਸੀ ਤੇ ਬਾਕੀਆਂ ਨੇ ਤਾਂ ਉਸ ਦੀ ਨਕਲ ਕਰ ਕੇ ਹੀ ਲਿਖ ਦਿੱਤਾ ਸੀ। ਪਰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਬੇਦਾਵਾ ਕਿਸ ਨੇ ਫੜਵਾਇਆ ਸੀ। ਇਹ ਚਾਲ੍ਹੀ ਦੇ ਚਾਲ੍ਹੀ ਸਿੰਘ ਹੀ, ਆਪਣੀਆਂ ਸ਼ਹੀਦੀਆਂ ਨਾਲ ਹੀ ਬੇਦਾਵਾ ਫੜਵਾ ਗਏ ਸਨ।

ਗੁਰੂ ਸਾਹਿਬ ਨੇ ਇੰਨਾਂ ਸਿੰਘਾਂ ਦੀ ਮਰਹਮ-ਪੱਟੀ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਫ਼ਰਕ ਨਾ ਪਿਆ। ਗੁਰੂ ਜੀ ਸਾਰੀ ਰਾਤ ਇਨ੍ਹਾਂ ਨਾਲ ਗੱਲਾਂ ਕਰਦੇ ਰਹੇ। ਅੱਧੀ ਰਾਤ ਵੇਲੇ ਭਾਈ ਸੁੰਦਰ ਸਿੰਘ ਝੱਲੀਆਂ ਵਾਲਾ ਸਾਹ ਛੱਡ ਗਿਆ। ਇਸ ਮਗਰੋਂ ਭਾਈ

ਰਾਏ ਸਿੰਘ ਤੇ ਕੁਝ ਚਿਰ ਮਗਰੋਂ ਚਾਲ੍ਹੀਵਾਂ ਸਿੰਘ ਭਾਈ ਮਹਾਂ ਸਿੰਘ ਵੀ ਵਾਹਿਗੁਰੂ ਦੇ ਕਦਮਾਂ ਵਿਚ ਜਾ ਪੁੱਜਾ।

ਅਗਲੀ ਸਵੇਰ, ਮਾਘ ਦੀ ਪਹਿਲੀ ਨੂੰ, 30 ਦਸੰਬਰ 1705 ਦੇ ਦਿਨ, ਗੁਰੂ ਸਾਹਿਬ ਨੇ ਇਨ੍ਹਾਂ ਚਾਲ੍ਹੀ ਸਿੰਘਾਂ ਵਾਸਤੇ ਆਸਾ ਦੀ ਵਾਰ ਦਾ ਪਾਠ ਕਰ ਕੇ ਭੋਗ ਪਾਇਆ। ਕੁਝ ਚਿਰ ਮਗਰੋਂ ਭਾਈ ਦਾਨ ਸਿੰਘ ਖਿਦਰਾਣਾ ਪਿੰਡ ਵਿਚੋਂ ਤ੍ਰਿਹਾਵਲ (ਘਿਓ, ਮੈਦਾ, ਖੰਡ) ਲੈ ਆਇਆ। ਗੁਰੂ ਸਾਹਿਬ ਨੇ ਆਪ ਪਾਠ ਕਰ ਕੇ ਦੇਗ਼ ਤਿਆਰ ਕਰਵਾਈ। ਸ਼ਹੀਦ ਸਿੰਘਾਂ ਦੀਆਂ ਦੇਹਾਂ ਨੂੰ ਲਕੜੀਆਂ ਦੇ ਢੇਰ 'ਤੇ ਇਕੱਠਿਆਂ ਹੀ ਰੱਖ ਦਿੱਤਾ ਗਿਆ। ਗੁਰੂ ਸਾਹਿਬ ਨੇ ਆਪ ਸੋਹਿਲਾ ਦਾ ਪਾਠ ਕੀਤਾ ਤੇ ਫਿਰ ਆਪਣੇ ਹੱਥੀਂ ਹੀ ਇਨ੍ਹਾਂ ਦੀ ਚਿਖਾ ਨੂੰ ਅੱਗ ਲਾਈ। ਸਸਕਾਰ ਮਗਰੋਂ ਗੁਰੂ ਸਾਹਿਬ ਨੇ ਹਾਜ਼ਿਰ ਸਿੰਘਾਂ ਨੂੰ ਮੁਖ਼ਾਤਿਬ ਹੁੰਦਿਆਂ ਆਖਿਆ ਕਿ ਇਨ੍ਹਾਂ ਚਾਲ੍ਹੀ ਸਿੰਘਾਂ ਨੇ ਧਰਮ ਹੇਤ ਸੀਸ ਦਿੱਤੇ ਹਨ। ਇਨ੍ਹਾਂ ਨੂੰ ਵੀ **'ਚਾਲ੍ਹੀ ਮੁਕਤੇ'** ਆਖ ਕੇ ਚੇਤੇ ਕੀਤਾ ਜਾਇਆ ਕਰੇਗਾ।

ਗੁਰੂ ਸਾਹਿਬ 30 ਅਤੇ 31 ਦਸੰਬਰ ਦਾ ਦਿਨ ਉੱਥੇ ਹੀ ਰਹੇ ਅਤੇ ਜਦੋਂ ਚਿਖਾ ਪੂਰੀ ਤਰ੍ਹਾਂ ਸੜ ਗਈ ਤਾਂ ਗੁਰੂ ਸਾਹਿਬ ਨੇ ਅੰਗੀਠੇ ਤੇ ਮਿੱਟੀ ਪੁਆ ਦਿੱਤੀ ਕਿਉਂ ਕਿ ਨੇੜੇ ਕੋਈ ਦਰਿਆ ਜਾਂ ਨਦੀ ਨਹੀਂ ਸੀ ਤੇ ਅਸਥੀਆਂ ਜਲ ਪ੍ਰਵਾਹ ਨਹੀਂ ਸਨ ਹੋ ਸਕਦੀਆਂ। 31 ਦਸੰਬਰ ਦੀ ਰਾਤ ਨੂੰ ਖਿਦਰਾਣੇ ਦੇ ਵਾਸੀ ਗੁਰੂ ਸਾਹਿਬ ਨੂੰ ਪਿੰਡ ਲੈ ਗਏ ਅਤੇ ਸੇਵਾ ਕੀਤੀ। ਰਾਤ ਗੁਰੂ ਸਾਹਿਬ ਖਿਦਰਾਣੇ ਰਹੇ ਅਤੇ ਪਹਿਲੀ ਜਨਵਰੀ 1706 ਨੂੰ ਖਿਦਰਾਣੇ ਤੋਂ ਤਲਵੰਡੀ ਸਾਬੋ ਵਲ ਚਲ ਪਏ।

ਇਸ ਤੋਂ ਕੁਝ ਸਾਲ ਮਗਰੋਂ ਪਿੰਡ ਹਰੀਕੇ ਕਲਾਂ ਦੇ ਭਾਈ ਲੰਗਰ ਸਿੰਘ ਨੇ ਇਸ ਥਾਂ 'ਤੇ ਸ਼ਹੀਦਾਂ ਦੀ ਯਾਦ ਵਿਚ ਥੜ੍ਹਾ ਬਣਾਇਆ ਤੇ ਸ਼ਹੀਦ ਗੰਜ ਪਰਗਟ ਕੀਤਾ। ਉਸ ਦਿਨ (29 ਦਸੰਬਰ 1725) ਤੋਂ ਮੁਕਤਸਰ ਵਿਚ ਸ਼ਹੀਦਾਂ ਦੇ ਪਰਿਵਾਰ ਅਤੇ ਹੋਰ ਸਿੰਘ ਅਰਦਾਸ ਕਰਨ ਵਾਸਤੇ ਪੁੱਜਣ ਲਗ ਪਏ। ਹੌਲੀ-ਹੌਲੀ ਇਸ ਥਾਂ 'ਤੇ ਵੱਡਾ ਮੇਲਾ ਲੱਗਣ ਲੱਗ ਪਿਆ।

ਇਹ ਸ਼ਹੀਦੀਆਂ 28 ਦਸੰਬਰ 1705 ਦੀਆਂ ਹਨ ਪਰ ਗਿਆਨੀ ਗਿਆਨ ਸਿੰਘ ਨੇ "ਪਾਣੀ ਦੀ ਤੋਟ" ਦਾ ਭੁਲੇਖਾ ਖਾ ਕੇ ਇਸ ਘਟਨਾ ਨੂੰ ਗਰਮੀਆਂ ਵਿਚ ਲੈ ਆਂਦਾ ਤੇ ਇਕ ਗ਼ਲਤ ਤਾਰੀਖ਼ ਲਿਖ ਦਿੱਤੀ, ਜਿਸ ਨਾਲ ਕੁਝ ਬੇਸਮਝ ਲੋਕਾਂ ਨੇ ਭੁਲੇਖਾ ਖਾ ਕੇ ਇਸ ਦਿਨ ਵੀ ਦੂਜਾ ਸ਼ਹੀਦੀ ਜੋੜ ਮੇਲਾ ਲਾਉਣਾ ਸ਼ੁਰੂ ਕਰ ਦਿੱਤਾ।

ਇਸ ਸਬੰਧ ਵਿਚ ਦੂਜਾ ਭੁਲੇਖਾ ਬੇਦਾਵਾ ਪੜਵਾਉਣ ਵਾਲੇ ਸ਼ਖ਼ਸ ਬਾਰੇ ਹੈ। ਭੱਟ ਵਹੀਆਂ ਮੁਤਾਬਿਕ ਇਹ ਬੇਦਾਵਾ ਪਾੜਨ ਵਾਸਤੇ ਭਾਈ ਰਾਏ ਸਿੰਘ ਨੇ ਅਰਜ਼ ਕੀਤੀ ਸੀ ਪਰ ਇਕ-ਅੱਧ ਲੇਖਕ ਨੇ ਬੇਦਾਵਾ ਪੜਵਾਉਣ ਦਾ ਸਿਹਰਾ ਆਖ਼ਰੀ ਸਾਹ ਲੈਣ ਵਾਲੇ (ਰਾਏ ਸਿੰਘ ਦੇ ਪੁੱਤਰ) ਭਾਈ ਮਹਾਂ ਸਿੰਘ ਨੂੰ ਦੇ ਦਿੱਤਾ। ਇਸ ਲੜਾਈ ਦੇ ਖ਼ਤਮ ਹੋਣ ਮਗਰੋਂ ਭਾਈ ਸੀਤਲ ਸਿੰਘ, ਰਾਏ ਸਿੰਘ ਤੇ ਮਹਾਂ ਸਿੰਘ ਹੀ ਸਿਸਕ ਰਹੇ ਸਨ ਤੇ ਬਾਕੀ ਸ਼ਹੀਦ ਹੋ ਚੁੱਕੇ ਸਨ। ਰਾਏ ਸਿੰਘ ਨੇ ਬੇਦਾਵਾ ਪੜਵਾਇਆ ਸੀ, ਸੀਤਲ ਸਿੰਘ ਨੇ ਤਿੰਨਾਂ 'ਚੋਂ ਸਭ ਤੋਂ ਪਹਿਲਾਂ ਸਾਹ ਛੱਡੇ ਸਨ ਅਤੇ ਭਾਈ ਮਹਾਂ ਸਿੰਘ ਨੇ ਸਭ ਤੋਂ ਅਖ਼ੀਰ 'ਤੇ।

ਇਸ ਸਬੰਧੀ ਤੀਜਾ ਭੁਲੇਖਾ ਬੇਦਾਵਾ ਲਿਖਣ ਦੀ ਥਾਂ ਦਾ ਹੈ। ਇਕ ਲੇਖਕ ਨੇ ਇਹ ਬੇਦਾਵਾ ਅਨੰਦਪੁਰ ਸਾਹਿਬ ਵਿਚ ਲਿਖਿਆ ਆਖਿਆ ਸੀ। (ਬਾਕੀਆਂ ਨੇ ਮੱਖੀ ਤੇ ਮੱਖੀ ਮਾਰ ਦਿੱਤੀ)। ਅਨੰਦਪੁਰ ਸਾਹਿਬ ਦੇ ਬੇਦਾਵਾ ਲਿਖਣ ਦੀ ਗੱਲ ਬੇਦਲੀਲੀ ਹੈ। ਸਵਾਲ ਹੈ ਕਿ ਜੇ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਹੋਇਆ ਸੀ ਤਾਂ ਇਹ 40 ਸਿੱਖ ਬੇਦਾਵਾ ਲਿਖ ਕੇ ਉੱਥੋਂ ਬਚ ਕੇ ਨਿਕਲ ਕਿਵੇਂ ਆਏ? ਕੀ ਉਹ ਪਹਾੜੀ ਜਾਂ ਮੁਗ਼ਲ ਫ਼ੌਜਾਂ ਨਾਲ ਸਮਝੌਤਾ ਕਰ ਕੇ ਜਾਂ ਰਿਸ਼ਵਤ ਦੇ ਕੇ ਆਏ ਸਨ ਜਾਂ ਕੇਸ ਕਟੱਵਾ ਕੇ, ਮੋਨੇ ਬਣ ਕੇ, ਨਿਕਲੇ ਸਨ? ਫਿਰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਤੋਂ ਚਲਣ ਲੱਗਿਆਂ ਖ਼ਾਸ ਕਰ ਕੇ ਇਹ "ਬੇਦਾਵਾ" ਹੀ ਆਪਣੀ ਜੇਬ੍ਹ ਵਿਚ ਪਾਇਆ ਹੋਇਆ ਸੀ? ਗੁਰੂ ਸਾਹਿਬ ਨੂੰ ਇਹ ਕਾਗ਼ਜ਼ ਖ਼ਾਸ ਤੌਰ 'ਤੇ ਸੰਭਾਲਣ ਦੀ ਕਿਹੜੀ ਖ਼ਾਸ ਲੋੜ ਸੀ? ਇਸ ਕਰ ਕੇ ਇਹ ਗੱਲ ਸਹੀ ਨਹੀਂ ਹੈ। ਹਾਂ, ਰੂਪੇਆਣਾ ਦੀ ਜੂਹ (ਮਲ੍ਹਣ ਸੋਢੀਆਂ) ਵਿਚ ਬੇਦਾਵਾ ਲਿਖਣ ਦੀ ਗੱਲ ਸਹੀ ਹੈ ਕਿਉਂਕਿ ਉਸ ਤੋਂ ਕੁਝ ਘੰਟੇ ਮਗਰੋਂ ਹੀ ਉਹ ਬੇਦਾਵਾ ਪਾੜ ਦਿੱਤਾ ਗਿਆ ਸੀ। ਏਨਾ ਚਿਰ ਗੁਰੂ ਸਾਹਿਬ ਕੋਲ ਕਾਗ਼ਜ਼ ਰਹਿ ਸਕਣਾ ਮੁਮਕਿਨ ਜਾਪਦਾ ਹੈ।

ਮੁਕਤਸਰ ਵਿਚ ਸ਼ਹੀਦ ਹੋਣ ਵਾਲੇ 40 ਮੁਕਤਿਆਂ ਦੇ ਨਾਂ ਵੀ ਵੱਖ-ਵੱਖ ਲੇਖਕਾਂ ਨੇ ਵੱਖ-ਵੱਖ ਹੀ ਦਿੱਤੇ ਹਨ। ਹੋ ਸਕਦਾ ਹੈ ਕਿ ਇਹ ਨਾਂ ਸੁਣੇ-ਸੁਣਾਏ ਸੋਮਿਆਂ ਤੋਂ ਲਏ ਗਏ ਹੋਣ। ਪਰ, ਭੱਟ ਵਹੀਆਂ ਅਤੇ ਕੁਰਸੀ-ਨਾਮਿਆਂ ਤੋਂ ਕੁਝ ਨਾਂ ਸਹੀ ਤੌਰ 'ਤੇ ਮਿਲ ਜਾਂਦੇ ਹਨ। ਇਹ ਨਾਂ ਹੇਠ ਲਿਖੇ ਹਨ:

1. ਭਾਈ ਰਾਏ ਸਿੰਘ ਮੁਲਤਾਨੀ (ਪਿੰਡ ਮਰਲ-ਮਾੜੀ)
2. ਭਾਈ ਮਹਾਂ ਸਿੰਘ (ਪੁੱਤਰ ਭਾਈ ਰਾਏ ਸਿੰਘ)
3. ਭਾਈ ਸੀਤਲ ਸਿੰਘ (ਪੁੱਤਰ ਭਾਈ ਰਾਏ ਸਿੰਘ)
4. ਭਾਈ ਸੁੰਦਰ ਸਿੰਘ ਬ੍ਰਾਹਮਣ (ਪਿੰਡ ਝੱਲੀਆਂ ਵਾਲਾ)
5. ਭਾਈ ਬੂੜ ਸਿੰਘ (ਪਿਤਾ ਭਾਈ ਸੁੰਦਰ ਸਿੰਘ)
6. ਭਾਈ ਭਾਗ ਸਿੰਘ ਢਿੱਲੋਂ (ਝਬਾਲ ਵਾਸੀ)
7. ਭਾਈ ਦਿਲਬਾਗ ਸਿੰਘ ਢਿੱਲੋਂ (ਭਰਾ ਭਾਈ ਭਾਗ ਸਿੰਘ)
8. ਭਾਈ ਘਰਬਾਰਾ ਸਿੰਘ ਢਿੱਲੋਂ (ਝਬਾਲ) ਸ਼ਾਇਦ ਭਾਗ ਸਿੰਘ ਦਾ ਭਰਾ ਸੀ
9. ਭਾਈ ਗੰਡਾ ਸਿੰਘ ਢਿੱਲੋਂ (ਝਬਾਲ) ਸ਼ਾਇਦ ਭਾਗ ਸਿੰਘ ਦਾ ਭਰਾ ਸੀ
10. ਭਾਈ ਸੁਲਤਾਨ ਸਿੰਘ ਵੜੈਚ (ਪੁੱਤ ਭਾਈ ਦੇਸ ਰਾਜ ਵੜੈਚ)
11. ਭਾਈ ਨਿਧਾਨ ਸਿੰਘ ਵੜੈਚ (ਪਤੀ ਮਾਈ ਭਾਗ ਕੌਰ ਅਤੇ ਪੁੱਤਰ ਭਾਈ ਦੇਸ ਰਾਜ ਵੜੈਚ)
12. ਭਾਈ ਖੁਸ਼ਹਾਲ ਸਿੰਘ ਭੱਲਾ (ਗੁਰੂ ਅਮਰ ਦਾਸ ਸਾਹਿਬ ਤੋਂ ਅਠਵੀਂ ਪੀੜ੍ਹੀ)
13. ਭਾਈ ਦਰਬਾਰੀ ਸਿੰਘ (ਪੁੱਤਰ ਭਾਈ ਖੁਸ਼ਹਾਲ ਸਿੰਘ, ਗੁਰੂ ਅਮਰ ਦਾਸ ਸਾਹਿਬ ਤੋਂ ਨੌਵੀਂ ਪੀੜ੍ਹੀ)
14. ਭਾਈ ਘਰਬਾਰੀ ਸਿੰਘ (ਪੁੱਤਰ ਭਾਈ ਖੁਸ਼ਹਾਲ ਸਿੰਘ, ਗੁਰੂ ਅਮਰ ਦਾਸ ਸਾਹਿਬ ਤੋਂ ਨੌਵੀਂ ਪੀੜ੍ਹੀ)

ਇਹ 14 ਨਾਂ ਉਹ ਹਨ ਜਿਨ੍ਹਾਂ ਬਾਰੇ ਕੋਈ ਭੁਲੇਖਾ ਨਹੀਂ ਹੈ ਪਰ ਸੰਤੋਖ ਸਿੰਘ, ਵਿਸਾਖਾ ਸਿੰਘ (ਮਾਲਵਾ ਇਤਿਹਾਸ) ਅਤੇ ਇਕ ਅੱਧ ਹੋਰ ਲੇਖਕ ਨੇ ਜੋ 40-40 ਨਾਂ ਦਿੱਤੇ ਹਨ ਉਸ ਸੂਚੀ ਵਿਚ ਇਨ੍ਹਾਂ ਵਿਚੋਂ ਕਈ ਨਾਂ ਨਹੀਂ ਮਿਲਦੇ। ਇਸ ਦਾ ਮਤਲਬ ਸਾਫ਼ ਹੈ ਕਿ ਸੰਤੋਖ ਸਿੰਘ, ਵਿਸਾਖਾ ਸਿੰਘ ਜਾਂ ਉਨ੍ਹਾਂ ਦੇ ਅਧਾਰ 'ਤੇ 40 ਮੁਕਤਿਆਂ ਦੇ ਨਾਂਵਾਂ ਵਿਚੋਂ ਕੁਝ ਨਾਂ ਯਕੀਨਨ ਗ਼ਲਤ ਹਨ। ਉਨ੍ਹਾਂ ਵਿਚੋਂ ਕਿਹੜੇ ਨਾਂ ਗ਼ਲਤ ਹਨ, ਇਸ ਬਾਰੇ, ਅਜੇ, ਦਾਅਵੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ ਕਿ ਭੱਟ ਵਹੀਆਂ ਅਤੇ ਕੁਰਸੀਨਾਮਿਆਂ ਵਿਚੋਂ ਕਿਧਰੋਂ ਸ਼ਾਇਦ ਬਾਕੀ ਨਾਂਵਾਂ ਦਾ ਵੀ ਨਿਬੇੜਾ ਹੋ ਸਕੇ। ਹਾਲ ਦੀ ਘੜੀ ਇਹੀ ਅਖਿਆ ਜਾ ਸਕਦਾ ਹੈ ਕਿ ਇਨ੍ਹਾਂ 14 ਅਤੇ 26 ਹੋਰ ਸਿੰਘਾਂ ਨੇ ਖਿਦਰਾਣੇ ਦੀ ਢਾਬ 'ਤੇ ਸ਼ਹੀਦੀ ਹਾਸਿਲ ਕੀਤੀ ਸੀ। (ਨੋਟ: ਇਹ ਲੇਖ ਉਸ ਵੇਲੇ ਦੀਆਂ ਲਿਖਤਾਂ: **ਭੱਟ ਵਹੀ ਮੁਲਤਾਨੀ ਸਿੰਧੀ, "ਗੁਰੂ ਕੀਆਂ ਸਾਖੀਆਂ", ਮਹਿਮਾ ਪ੍ਰਕਾਸ਼, ਸਿੰਘ ਸਾਗਰ** 'ਤੇ ਅਧਾਰਤ ਹੈ ਅਤੇ **"ਮਾਤਾ ਗੁਜਰੀ, ਚਾਰ ਸਾਹਿਜ਼ਾਦੇ ਚਾਲ੍ਹੀ ਮੁਕਤੇ"** ਕਿਤਾਬ ਵਿੱਚੋਂ ਲਿਆ ਗਿਆ ਹੈ)।

(ਬਾਬਾ) ਰਾਮ ਸਿੰਘ ਤੇ ਕੂਕਾ ਲਹਿਰ ਦੀ ਅਸਲੀਅਤ

ਰਾਮ ਸਿੰਘ (1816-1885) ਕੰਵਰ ਨੌਨਿਹਾਲ ਸਿੰਘ (ਪੁੱਤਰ ਮਹਾਰਾਜਾ ਰਣਜੀਤ ਸਿੰਘ) ਦੀ ਫ਼ੌਜ ਵਿਚ ਇਕ ਆਮ ਸਿਪਾਹੀ ਸੀ। ਉਹ ਦਸੰਬਰ 1845 ਵਿਚ ਮੁਦਕੀ ਦੀ ਲੜਾਈ ਵਿਚ ਅੰਗਰੇਜ਼ਾਂ ਦੇ ਖ਼ਿਲਾਫ਼ ਲੜਿਆ ਸੀ। ਪਹਿਲੀ ਐਂਗਲੋ-ਸਿੱਖ ਲੜਾਈ ਦੇ ਖ਼ਤਮ ਹੋਣ ਮਗਰੋਂ ਉਸ ਨੂੰ ਹੋਰ ਹਜ਼ਾਰਾਂ ਸਿਪਾਹੀਆਂ ਦੇ ਨਾਲ ਹੀ ਫ਼ੌਜ 'ਚੋਂ ਫ਼ਾਰਗ ਕਰ (ਕੱਢ) ਦਿਤਾ ਗਿਆ ਸੀ। ਨੌਕਰੀ ਖ਼ਤਮ ਹੋਣ ਮਗਰੋਂ ਉਹ ਆਪਣੇ ਘਰ ਪਿੰਡ ਭੈਣੀ ਆ ਗਿਆ ਤੇ ਲੋਹੇ ਤੇ ਕਪੜੇ ਦੀ ਹੱਟੀ ਪਾ ਲਈ। ਕੁਝ ਸਾਲ ਹੱਟੀ ਕਰਨ ਮਗਰੋਂ ਉਸ ਨੇ ਇਕ ਨਿੱਕਾ ਜਿਹਾ ਧਾਰਮਿਕ ਟੋਲਾ ਬਣਾ ਲਿਆ। ਦਰਅਸਲ ਨੌਕਰੀ ਛੁੱਟ ਜਾਣ ਕਰ ਕੇ ਉਸ ਦੇ ਦਿਲ ਵਿਚ ਅੰਗਰੇਜ਼ਾਂ ਵਾਸਤੇ ਨਫ਼ਰਤ ਸੀ। ਉਹ ਨੌਕਰੀ ਦੌਰਾਨ ਕਦੇ ਇਕ ਧਾਰਮਿਕ ਪ੍ਰਚਾਰਕ ਬਾਬਾ ਬਾਲਕ ਸਿੰਘ (1799-1862) ਨੂੰ ਮਿਲ ਚੁਕਾ ਸੀ ਤੇ ਉਨ੍ਹਾਂ ਦੀ ਸਿਫ਼ਤ ਕਰਿਆ ਕਰਦਾ ਸੀ।

ਰਾਮ ਸਿੰਘ ਦੀ ਮੌਤ ਮਗਰੋਂ ਉਸ ਦੇ ਚੇਲਿਆਂ ਨੇ ਉਸ ਨੂੰ ਬਾਲਕ ਸਿੰਘ ਦਾ ਵਾਰਸ ਵੀ ਦਸਣਾ ਸ਼ੁਰੂ ਕਰ ਦਿੱਤਾ। ਬਾਲਕ ਸਿੰਘ ਨੇ ਕਦੇ ਕੋਈ ਗਰੁੱਪ ਜਾਂ ਡੇਰਾ ਨਹੀਂ ਬਣਾਇਆ ਸੀ ਤੇ ਇਸ ਕਰ ਕੇ ਆਪਣਾ ਵਾਰਿਸ ਬਣਾਉਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਂਵ ਬਾਲਕ ਸਿੰਘ 'ਅਭਿਆਸੀ' ਦੇ ਤੌਰ 'ਤੇ ਜਾਣਿਆ ਜਾਂਦਾ ਸੀ ਨਾ ਕਿ 'ਨਾਮਧਾਰੀ' ਵਜੋਂ।

ਜਦੋਂ ਰਾਮ ਸਿੰਘ ਨੇ ਧਾਰਮਿਕ ਟੋਲਾ ਬਣਾਇਆ ਤਾਂ ਇਸ ਨਾਲ ਸਬੰਧਤ ਭੈਣੀ ਪਿੰਡ ਦੇ ਕੁਝ ਲੋਕ ਇਕੱਠੇ ਹੋ ਕੇ ਗੁਰਬਾਣੀ ਦਾ ਕੀਰਤਨ ਕਰਿਆ ਕਰਦੇ ਸਨ। ਇਨ੍ਹਾਂ ਇਕੱਠਾਂ ਵਿਚ ਭਾਵੇਂ ਰਾਮ ਸਿੰਘ ਕਦੇ-ਕਦੇ ਅੰਗਰੇਜ਼ਾਂ ਦੇ ਖ਼ਿਲਾਫ਼ ਵੀ ਬੋਲਿਆ ਕਰਦਾ ਸੀ ਪਰ ਉਹ ਸਰਕਾਰ ਦੇ ਖ਼ਿਲਾਫ਼ ਲਹਿਰ ਚਲਾਉਣ ਤੋਂ ਡਰਦਾ ਸੀ। ਉਸ ਨੇ ਸਰਕਾਰ ਦੇ ਖ਼ਿਲਾਫ਼ ਗੁੱਸੇ ਨੂੰ 'ਧਰਮ' ਦੇ ਨਾਂ 'ਤੇ ਵਰਤਣ ਵਾਸਤੇ ਸਿੱਖ ਮਿਸ਼ਨਰੀ ਲਹਿਰ ਚਲਾਈ। ਉਸ ਨੇ ਲੋਕਾਂ ਵਿਚ ਜ਼ਾਤ-ਪਾਤ ਛੱਡਣ, ਵਿਧਵਾ ਵਿਆਹ ਦੀ ਹਿਮਾਇਤ ਕਰਨ, ਸ਼ਰਾਬ ਤੇ ਹੋਰ ਨਸ਼ਿਆਂ ਨੂੰ ਨਾ ਵਰਤਣ, ਸਮਾਧਾਂ ਨੂੰ ਨਾ ਮੰਨਣ ਵਗ਼ੈਰਾ ਵਾਸਤੇ ਪਰਚਾਰ ਕੀਤਾ। (*ਡਾਕੂਮੈਂਟਸ ਰਿਗਾਰਡਿੰਗ ਰਾਮ ਸਿੰਘ ਐਂਡ ਕੂਕਾਜ਼*, ਨੰਬਰ 1, ਸਫ਼ਾ 4)।

ਹੌਲੀ-ਹੌਲੀ ਚਾਰ-ਪੰਜ ਸੌ ਲੋਕ ਰਾਮ ਸਿੰਘ ਦੇ ਨਾਲ ਜੁੜ ਗਏ। ਹੁਣ ਉਸ ਨੇ ਤਵਾਰੀਖ਼ੀ ਗੁਰਦੁਆਰਿਆਂ ਦੀ ਯਾਤਰਾ ਵਾਸਤੇ ਗਰੁੱਪ ਬਣਾ ਕੇ ਇਕ ਚੱਕਰ ਲਾਇਆ। ਇਸ ਜਥੇ ਨੂੰ ਵੇਖ ਕੇ ਰਸਤੇ ਦੇ ਪਿੰਡਾਂ ਦੇ ਕੁਝ ਲੋਕ ਵੀ ਉਸ ਨਾਲ ਜੁੜ ਗਏ। ਪਰ ਇਨ੍ਹਾਂ ਦੀ ਕੁਲ ਗਿਣਤੀ ਕਦੇ ਵੀ ਇਕ ਹਜ਼ਾਰ ਤੋਂ ਵਧ ਨਾ ਹੋ ਸਕੀ। ਇਸ ਦੌਰ ਵਿਚ ਅੰਗਰੇਜ਼ ਸਰਕਾਰ ਉਸ 'ਤੇ ਪੂਰੀ ਤਰ੍ਹਾਂ ਨਿਗਾਹ ਰੱਖ ਰਹੀ ਸੀ। ਰਾਮ ਸਿੰਘ ਲੋਕਾਂ ਨੂੰ ਆਪਣੇ ਨਾਲ ਜੋੜਨ ਵਾਸਤੇ ਕਦੇ-ਕਦੇ ਸਿੱਖਾਂ ਦੇ ਰਾਜ ਦੇ ਮੁੜ ਆਉਣ ਦੀਆਂ ਗੱਲਾਂ ਵੀ ਕਰਨ ਲਗ ਪਿਆ ਸੀ। ਪਹਿਲੀ ਜੂਨ 1863 ਦੇ ਦਿਨ ਪਿੰਡ ਖੋਟੇ (ਜ਼ਿਲ੍ਹਾ ਫ਼ੀਰੋਜ਼ਪੁਰ) ਵਿਚ ਇਕ ਨਿੱਕੇ ਜਿਹੇ ਇਕੱਠ ਵਿਚ ਉਸ ਨੇ ਕਿਹਾ 'ਜਦੋਂ

ਸਵਾ ਲਖ ਖਾਲਸਾ ਤਿਆਰ ਹੋ ਜਾਵੇਗਾ ਤਾਂ ਪੰਜਾਬ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾ ਲਿਆ ਜਾਵੇਗਾ।' ਉਸ ਦੇ ਇਨ੍ਹਾਂ ਬੋਲਾਂ ਦੀ ਖ਼ਬਰ ਸਰਕਾਰ ਨੂੰ ਮਿਲ ਗਈ ਤੇ ਸਰਕਾਰ ਨੇ ਉਸ ਦੀ ਨਿਗਰਾਨੀ ਕਰਨੀ ਸ਼ੁਰੂ ਕਰ ਦਿਤੀ। ਅਜੇ ਇਸ ਜੱਥੇ ਦਾ ਕੋਈ ਨਾਂ ਨਹੀਂ ਸੀ। ਕਿਉਂਕਿ ਉਹ ਕੀਰਤਨ ਕਰਨ ਸਮੇਂ ਉੱਚੀ-ਉੱਚੀ 'ਕੂਕਾਂ' ਮਾਰਦੇ ਸਨ, ਇਸੇ ਕਰ ਕੇ ਲੋਕਾਂ ਉਨ੍ਹਾਂ ਨੂੰ 'ਕੂਕੇ' ਕਿਹਾ ਕਰਦੇ ਸਨ। *ਵੀਹਵੀਂ ਸਦੀ ਵਿਚ, ਇਕ ਸਾਜ਼ਿਸ਼ ਹੇਠ, ਉਹ ਆਪਣੇ ਆਪ ਨੂੰ 'ਨਾਮਧਾਰੀ' ਕਹਿਣ ਲਗ ਪਏ।*

ਕੂਕਿਆਂ ਨੇ ਸਮਾਧਾਂ ਢਾਹੀਆਂ

ਸਿੱਖ ਮਿਸ਼ਨਰੀ ਲਹਿਰ ਦੇ ਹਿੱਸੇ ਵਜੋਂ ਰਾਮ ਸਿੰਘ ਨੇ ਆਪਣੇ ਚੇਲਿਆਂ ਨੂੰ ਸਮਾਧਾਂ ਬਣਾਉਣ ਦੇ ਖ਼ਿਲਾਫ਼ ਭੜਕਾਇਆ। ਉਸ ਨੇ ਸਮਾਧ ਬਣਾਉਣਾ ਸਿੱਖੀ ਦੇ ਮੂਲੋਂ ਉਲਟ ਦੱਸਿਆ। ਉਨ੍ਹਾਂ ਨੇ ਬੁਤ-ਪ੍ਰਸਤੀ ਦੇ ਖ਼ਿਲਾਫ਼ ਪਰਚਾਰ ਕੀਤਾ। ਉਸ ਦੇ ਅਜਿਹੇ ਬੋਲਾਂ ਦਾ ਅਸਰ ਕੁਝ ਤੱਤੇ ਨੌਜਵਾਨਾਂ 'ਤੇ ਹੋਇਆ ਅਤੇ ਉਨ੍ਹਾਂ ਨੇ ਪੰਜਾਬ ਦੇ ਕੁਝ ਹਿੱਸਿਆਂ ਵਿਚ ਸਮਾਧਾਂ ਢਾਹੁਣੀਆਂ ਸ਼ੁਰੂ ਕਰ ਦਿਤੀਆਂ। ਸਮਾਧਾਂ ਢਾਹੁਣ ਦੀ ਸਭ ਤੋਂ ਪਹਿਲਾ ਐਕਸ਼ਨ 7 ਜੁਲਾਈ 1866 ਦੇ ਦਿਨ ਲੁਧਿਆਣਾ ਵਿਚ ਹੋਇਆ। ਪਹਿਲੀ ਸਤੰਬਰ 1866 ਦੇ ਦਿਨ ਕੂਕਿਆਂ ਨੇ ਫ਼ੀਰੋਜ਼ਪੁਰ ਵਿਚ ਕੁਝ ਸਮਾਧਾਂ ਢਾਹ ਦਿੱਤੀਆਂ। ਇਹ ਕਾਰਵਾਈ 20 ਅਕਤੂਬਰ 1866 ਦੇ ਦਿਨ ਫ਼ੀਰੋਜ਼ਪੁਰ 'ਚ ਫਿਰ ਦੋਹਰਾਈ ਗਈ। 12 ਦਸੰਬਰ 1866 ਨੂੰ ਲੁਧਿਆਣੇ ਵਿਚ ਤੇ 5 ਜਨਵਰੀ 1867 ਨੂੰ ਸਿਆਲਕੋਟ ਵਿਚ ਵੀ ਕੁਝ ਸਮਾਧਾਂ ਢਾਹੀਆਂ ਗਈਆਂ ਸਨ। ਹੁਸ਼ਿਆਰਪੁਰ ਵਿਚ ਕੁਝ ਕੂਕਿਆਂ ਨੇ ਹਿੰਦੂਆਂ ਦੇ ਮਨੋਕਲਪਿਤ ਦੇਵੀ ਦੇਵਤਿਆਂ ਦੇ ਬੁੱਤ ਵੀ ਭੰਨ ਦਿੱਤੇ। ਇਨ੍ਹਾਂ ਵਿਚ ਇਕ ਗਾਂ ਦਾ ਬੁਤ ਵੀ ਸੀ। ਕੂਕਿਆਂ ਦੇ ਇਸ ਐਕਸ਼ਨ ਨੇ ਹਿੰਦੂਆਂ ਵਿਚ ਗੁੱਸਾ ਭਰ ਦਿਤਾ ਤੇ ਉਹ ਇਸ ਕੂਕਾ-ਟੋਲੇ ਨੂੰ ਹਿੰਦੂ-ਵਿਰੋਧੀ ਟੋਲਾ ਕਹਿਣ ਲਗ ਪਏ।

ਪਰ ਇਹ ਲੋਕ ਛੇਤੀ ਹੀ ਬ੍ਰਿਟਿਸ਼ ਸਰਕਾਰ ਦੀਆਂ ਨਜ਼ਰਾਂ ਵਿਚ ਆ ਗਏ ਤੇ ਉਨ੍ਹਾਂ ਨੇ ਇਨ੍ਹਾਂ ਦੀਆਂ ਹਰਕਤਾਂ ਤੇ ਕਾਨੂੰਨ ਤੋੜੇ ਜਾਣ ਦੀਆਂ ਕਾਰਵਾਈਆਂ 'ਤੇ ਨਿਗਾਹ ਰੱਖਣੀ ਸ਼ੁਰੂ ਕਰ ਦਿੱਤੀ। ਅੰਗਰੇਜ਼ਾਂ ਨੇ 1863 ਦੇ ਅਖ਼ੀਰ ਵਿਚ ਰਾਮ ਸਿੰਘ 'ਤੇ ਨਿਗਰਾਨੀ ਵਧਾ ਦਿੱਤੀ ਤੇ ਉਸ ਨੂੰ ਪਿੰਡ ਵਿਚ ਇਕ ਤਰ੍ਹਾਂ ਨਾਲ ਨਜ਼ਰਬੰਦ ਕਰ ਦਿਤਾ। ਹਣ ਉਸ ਨੂੰ ਕਿਤੇ ਵੀ ਜਾਣ ਤੋਂ ਪਹਿਲਾਂ ਪੁਲੀਸ ਦੀ ਅਗਾਊਂ ਇਜਾਜ਼ਤ ਲੈਣੀ ਪੈਂਦੀ ਸੀ। ਇਸ ਮਗਰੋਂ ਉਹ ਬਹੁਤਾ ਸਮਾਂ ਭੈਣੀ ਪਿੰਡ ਵਿਚ ਹੀ ਰਿਹਾ ਪਰ 1867 ਦੀ ਮਾਰਚ ਵਿਚ ਉਸ ਨੇ ਸਰਕਾਰ ਤੋਂ ਅਨੰਦਪੁਰ ਸਾਹਿਬ ਜਾਣ ਵਾਸਤੇ ਮਨਜ਼ੂਰੀ ਲੈ ਲਈ। ਇਸ ਵੇਲੇ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ 'ਤੇ ਅਕਾਲੀਆਂ (ਨਿਹੰਗਾਂ) ਦਾ ਕਬਜ਼ਾ ਸੀ। ਉਹ ਉੱਥੇ ਪੰਥਕ ਰਿਵਾਇਤਾਂ ਹੀ ਨਿਭਾਉਂਦੇ ਸਨ। ਉਹ ਆਪਣੇ ਆਪ ਨੂੰ ਆਜ਼ਾਦ ਕੌਮ ਕਹਿੰਦੇ ਸਨ ਤੇ ਅੰਗਰੇਜ਼ੀ ਹਕੂਮਤ ਦੀ ਜ਼ਰਾ-ਮਾਸਾ ਵੀ ਪਰਵਾਹ ਨਹੀਂ ਕਰਦੇ ਸਨ। ਅੰਗਰੇਜ਼ਾਂ ਵੱਲੋਂ ਰਾਮ ਸਿੰਘ ਨੂੰ ਅਨੰਦਪੁਰ ਸਾਹਿਬ ਜਾਣ ਦੀ ਇਜਾਜ਼ਤ ਦੇਣ ਪਿੱਛੇ ਇਕ ਕਾਰਨ ਇਹ ਵੀ ਸੀ ਕਿ ਉਹ (ਅੰਗਰੇਜ਼) ਅਕਾਲੀਆਂ

ਵਾਸਤੇ ਮਸਲੇ ਖੜ੍ਹੇ ਕਰਨੇ ਚਾਹੁੰਦੇ ਸਨ। ਅਨੰਦਪੁਰ ਦੇ ਰਸਤੇ ਵਿਚ ਰਾਮ ਸਿੰਘ ਦੀ ਦੋ ਅਗਰੇਜ਼ ਅਫ਼ਸਰਾਂ, ਮੈਕ ਐਂਡਰਿਊ ਅਤੇ ਪਰਕਿਨਸ, ਨਾਲ ਮੁਲਾਕਾਤ ਕਰਵਾਈ ਗਈ। ਇਸ ਮੌਕੇ 'ਤੇ ਫ਼ਜ਼ਲ ਹੁਸੈਨ ਨਾਂ ਦਾ ਇਕ ਪੁਲੀਸ ਇੰਸਪੈਕਟਰ ਵੀ ਹਾਜ਼ਿਰ ਸੀ। ਇਸ ਮੀਟਿੰਗ ਮਗਰੋਂ ਅੰਗਰੇਜ਼ਾਂ ਨੇ ਰਾਮ ਸਿੰਘ ਦੀ ਨਜ਼ਰਬੰਦੀ ਵੀ ਖ਼ਤਮ ਕਰ ਦਿਤੀ। ਇਸ ਦੇ ਨਾਲ ਹੀ ਸਰਕਾਰ ਨੇ ਆਪਣੇ ਕੁਝ ਸੂਹੀਏ ਉਸ ਦੇ ਚੇਲੇ ਬਣਾ ਕੇ ਉਸ ਦੇ ਨਾਲ ਜੋੜ ਦਿਤੇ। ਉਂਞ ਇਸ ਮਗਰੋਂ ਰਾਮ ਸਿੰਘ ਨਾਲ ਨਵੇਂ ਲੋਕ ਸ਼ਾਮਿਲ ਨਹੀਂ ਹੋਏ ਤੇ ਉਸ ਦੇ ਚੇਲਿਆਂ ਦੀ ਗਿਣਤੀ ਸਿਰਫ਼ ਕੁਝ ਸੈਂਕੜੇ ਤਕ ਹੀ ਮਹਿਦੂਦ ਰਹਿ ਗਈ।

ਫਰਵਰੀ 1869 ਵਿਚ ਕੂਕੇ ਰੁਪਾਣਾ (ਨੇੜੇ ਮੁਕਤਸਰ) ਵਿਚ ਇਕ ਇਕੱਠ ਕਰ ਰਹੇ ਸਨ। ਇਸ ਇਕੱਠ ਵਿਚ ਪੁਲਿਸ ਦਾ ਡਿਪਟੀ ਸੁਪਰਡੈਂਟ ਦੀਵਾਨ ਬਖ਼ਸ਼ ਵੀ ਹਾਜ਼ਿਰ ਸੀ। ਜਦ ਉਸ ਨੇ ਇਕ ਬੁਲਾਰੇ ਦੀ ਬੋਲੀ 'ਤੇ ਇਤਰਾਜ਼ ਕੀਤਾ ਤਾਂ ਕੁਝ ਕੂਕਿਆਂ ਨੇ ਉਸ ਦੀ ਤਲਵਾਰ ਖੋਹ ਲਈ ਅਤੇ ਉਸ ਦੀ ਕੁੱਟ-ਮਾਰ ਵੀ ਕੀਤੀ। ਜਦ ਇਸ ਦੀ ਖ਼ਬਰ ਫ਼ੀਰੋਜ਼ਪੁਰ ਦੇ ਐਸ.ਪੀ. ਨੂੰ ਪੁੱਜੀ ਤਾਂ ਉਸ ਨੇ ਪੁਲੀਸ ਫ਼ੋਰਸ ਭੇਜ ਦਿਤੀ। ਪਹਿਲਾਂ ਤਾਂ ਕੂਕਿਆਂ ਨੇ ਪੁਲੀਸ ਦਾ ਵਿਰੋਧ ਕੀਤਾ ਪਰ ਅਖ਼ੀਰ ਹਥਿਆਰ ਸੁੱਟ ਦਿੱਤੇ। ਪੁਲੀਸ ਨੇ 44 ਕੂਕਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਮਗਰੋਂ ਫ਼ੀਰੋਜ਼ਪੁਰ ਪੁਲੀਸ ਨੇ ਕੂਕਿਆਂ ਦੀਆਂ ਕਾਰਵਾਈਆਂ ਬੰਦ ਕਰਵਾ ਦਿਤੀਆਂ। 1870 ਵਿਚ ਅਜਿਹਾ ਇਕ ਹੁਕਮ ਕਸ਼ਮੀਰ ਸਰਕਾਰ ਨੇ ਵੀ ਜਾਰੀ ਕੀਤਾ।

ਕੂਕਿਆਂ ਨੇ ਬੁੱਚੜ ਮਾਰੇ

ਅਪਰੈਲ 1870 ਵਿਚ ਕੁਝ ਕੂਕੇ ਬ੍ਰਾਹਮਣਾਂ ਦੇ ਅਸਰ ਹੇਠਾਂ ਆਉਣੇ ਸ਼ੁਰੂ ਗਏ। ਕੂਕਿਆਂ ਵਿਚ ਸ਼ਾਮਿਲ ਹੋਏ ਵੈਸ਼ਨੋ (ਹਿੰਦੂ) ਧੜੇ ਨੇ ਛੇਤੀ ਹੀ ਪ੍ਰਚਾਰ ਵੀ ਸ਼ੁਰੂ ਕਰ ਦਿਤਾ। ਸਮਾਧਾਂ ਢਾਹੁਣ ਨਾਲ ਨਾਰਾਜ਼ ਹੋਏ ਹਿੰਦੂਆਂ ਨੇ ਕੂਕਿਆਂ ਦਾ ਰਾਹ ਬਦਲਣ ਵਾਸਤੇ ਉਨ੍ਹਾਂ ਨੂੰ ਵੈਸ਼ਨੂੰ ਧਰਮ ਨਾਲ ਜੋੜਨ ਵਾਸਤੇ ਇਕ ਨਵਾਂ ਪੈਂਤੜਾ ਸ਼ੁਰੂ ਕੀਤਾ। ਉਨ੍ਹਾਂ ਨੇ ਇਨ੍ਹਾਂ ਨੂੰ ਐਂਟੀ-ਮੁਸਲਮ ਲਹਿਰ ਵੱਲ ਟੋਰ ਦਿੱਤਾ। ਕੁਝ ਚਿਰ ਪਹਿਲਾਂ ਹੀ ਅੰਗਰੇਜ਼ਾਂ ਨੇ ਅੰਮ੍ਰਿਤਸਰ ਵਿਚ ਇਕ ਬੁੱਚੜਖਾਨਾ ਖੋਲਿਆ ਸੀ, ਜਿੱਥੇ ਗਊਆਂ ਵੀ ਮਾਰੀਆਂ ਜਾਂਦੀਆਂ ਸਨ। ਸਿੱਖ ਧਰਮ ਵਿਚ ਗਊ ਪਵਿੱਤਰ ਜਾਨਵਰ ਨਹੀਂ ਹੈ, ਇਸ ਕਰ ਕੇ ਇਸ ਨੂੰ ਮਾਰਨ ਜਾਂ ਨਾ ਮਾਰਨ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ। ਪਰ ਚਾਲਾਕ ਬ੍ਰਾਹਮਣਾਂ ਨੇ ਕੂਕਿਆਂ ਨੂੰ ਇਸ ਗਊ-ਰਖਿਅਕ ਐਂਟੀ-ਸਿੱਖ ਕਾਰਵਾਈ ਵਲ ਟੋਰ ਲਿਆ। ਬ੍ਰਾਹਮਣਾਂ ਨੇ ਕੂਕਿਆਂ ਨੂੰ ਫੁਸਲਾ ਕੇ ਇਸ ਬੁੱਚੜ ਖਾਨੇ ਦੀ ਵਿਰੋਧਤਾ ਸ਼ੁਰੂ ਕਰਵਾ ਦਿਤੀ। ਇਸ ਭੜਕਾਹਟ ਹੇਠਾਂ ਕੁਝ ਕੂਕਿਆਂ ਨੇ 14 ਜੂਨ 1870 ਦੇ ਦਿਨ ਅੰਮ੍ਰਿਤਸਰ ਦੇ ਬੁੱਚੜਖਾਨੇ 'ਤੇ ਹਮਲਾ ਕਰ ਕੇ ਕੁਝ ਬੁੱਚੜ ਮਾਰ ਦਿੱਤੇ। ਉਹ ਇਹ ਐਕਸ਼ਨ ਕਰ ਕੇ ਚੁਪਚਾਪ ਨਿਕਲ ਗਏ ਤੇ ਸਰਕਾਰ ਨੂੰ ਇਨ੍ਹਾਂ ਕਾਤਲਾਂ ਦੀ ਸ਼ਨਾਖ਼ਤ ਵੀ ਨਾ ਹੋ ਸਕੀ।

ਇਸ ਮਗਰੋਂ 16 ਜੁਲਾਈ 1871 ਦੇ ਦਿਨ ਕੂਕਿਆਂ ਨੇ ਰਾਏਕੋਟ ਵਿਚ ਇਕ ਬੁੱਚੜਖਾਨੇ 'ਤੇ ਹਮਲਾ ਕੀਤਾ ਅਤੇ ਕੁਝ ਬੇਗੁਨਾਹ ਬੁੱਚੜ ਕਤਲ ਕਰ ਦਿਤੇ। ਇਨ੍ਹਾਂ ਕੂਕਿਆਂ ਵਿਚੋਂ ਮੰਗਲ ਸਿੰਘ, ਮਸਤਾਨ ਸਿੰਘ, ਸਰਮੁਖ ਸਿੰਘ, ਗੁਲਾਬ ਸਿੰਘ ਤੇ ਕਈ ਹੋਰ ਫੜੇ ਗਏ। ਗੁਲਾਬ ਸਿੰਘ ਸਰਕਾਰੀ ਗਵਾਹ ਬਣ ਗਿਆ। ਉਸ ਨੇ ਅੰਮ੍ਰਿਤਸਰ ਦੇ ਬੁੱਚੜਾਂ ਦੇ ਕਤਲਾਂ ਦੇ ਨਾਂ ਵੀ ਦਸ ਦਿਤੇ। ਇਨ੍ਹਾਂ ਸਾਰਿਆਂ 'ਤੇ ਮੁਕਦਮਾ ਚਲਾਇਆ ਗਿਆ ਅਤੇ ਬੇਗੁਨਾਹ ਬੁੱਚੜਾਂ ਦੇ ਕਾਤਲ ਕੂਕਿਆਂ ਨੂੰ ਫਾਂਸੀ ਦੇ ਦਿਤੀ ਗਈ। ਇਸ ਮਗਰੋਂ ਕੂਕਿਆਂ ਦੀਆਂ ਕਾਰਵਾਈਆਂ ਇਕ ਵਾਰ ਫੇਰ ਰੁਕ ਗਈਆਂ।

ਜਨਵਰੀ 1872 ਵਿਚ ਰਾਮ ਸਿੰਘ ਨੇ ਕੂਕਿਆਂ ਨੂੰ ਭੈਣੀ ਸੱਦ ਕੇ ਮਾਘੀ ਦਾ ਦਿਨ ਮਨਾਉਣ ਵਾਸਤੇ ਇਕੱਠ ਕੀਤਾ। ਇਸ ਪੰਜ-ਸੱਤ ਸੌ ਕੂਕਿਆਂ ਦੇ ਇਕੱਠ ਵਿਚ ਕੋਈ ਸਿਆਸੀ ਗੱਲ ਨਹੀਂ ਹੋਈ ਤੇ ਨਾ ਹੀ ਗੁਰਬਾਣੀ ਕੀਰਤਨ ਤੋਂ ਸਿਵਾ ਕੁਝ ਹੋਰ ਹੋਇਆ। ਸਾਰਾ ਸਮਾਗਮ ਲੰਗਰ ਵਰਤਾਉਣ ਤਕ ਅਮਲ-ਅਮਾਨ ਨਾਲ ਚਲਦਾ ਰਿਹਾ ਤੇ ਸ਼ਾਮ ਤੋਂ ਪਹਿਲਾਂ ਲੋਕ ਘਰਾਂ ਨੂੰ ਮੁੜਨ ਲਗ ਪਏ। ਮੁੜਦੇ ਟੋਲਿਆਂ ਵਿਚੋਂ ਇਕ ਟੋਲੇ ਨੇ ਮਲੇਰਕੋਟਲੇ ਦੇ ਬੁੱਚੜਾਂ ਨੂੰ ਮਾਰਨ ਦੀ ਪਲਾਨ ਬਣਾਈ। ਰਸਤੇ ਵਿਚ ਉਹ ਮਲੌਦ ਰੁਕੇ ਤੇ ਉੱਥੋਂ ਹਥਿਆਰ ਚੋਰੀ ਕੀਤੇ। ਇਸ ਮਗਰੋਂ ਉਨ੍ਹਾਂ ਨੇ 15 ਜਨਵਰੀ ਨੂੰ ਮਲੇਰਕੋਟਲਾ ਦੇ ਖ਼ਜ਼ਾਨੇ 'ਤੇ ਹਮਲਾ ਕੀਤਾ। ਇਸ ਮੌਕੇ 'ਤੇ ਉੱਥੇ ਤਾਈਨਾਤ ਅਮਲੇ ਨੇ ਉਨ੍ਹਾਂ ਦਾ ਟਾਕਰਾ ਕੀਤਾ। ਇਸ ਲੜਾਈ ਵਿਚ ਪੁਲੀਸ ਤੇ ਕੂਕਿਆਂ ਦੋਹਾਂ ਦੇ ਕਾਫ਼ੀ ਬੰਦੇ ਮਾਰੇ ਗਏ।

ਰਾਮ ਸਿੰਘ ਆਪ ਇਹੋ ਜਿਹੀਆਂ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਦੇ ਖ਼ਿਲਾਫ਼ ਸੀ। ਉਸ ਨੇ ਤਾਂ ਅੰਗਰੇਜ਼ੀ ਪੁਲੀਸ ਨੂੰ ਵੀ ਇਸ ਦੀ ਇਤਲਾਹ ਦਿੱਤੀ ਸੀ ਤੇ ਕਿਹਾ ਸੀ ਕਿ ਇਹੋ ਜਿਹੇ ਚੇਲੇ ਉਸ ਦੇ ਆਖੇ ਵਿਚ ਨਹੀਂ ਹਨ। ਰਾਮ ਸਿੰਘ ਗਾਂ ਦੀ ਪੂਜਾ ਜਾਂ ਸਮਾਧਾਂ ਢਾਹੁਣ ਦਾ ਹਿਮਾਇਤੀ ਵੀ ਨਹੀਂ ਸੀ।

ਬੁੱਚੜਾਂ ਦੇ ਕਾਤਲ ਕੂਕਿਆਂ ਨੂੰ ਸਜ਼ਾਵਾਂ

ਮਲੇਰਕੋਟਲਾ ਦੇ ਹਮਲੇ ਮਗਰੋਂ ਸਰਕਾਰ ਨੇ ਕੂਕਿਆਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿਤੀਆਂ। ਸਰਕਾਰ ਨੇ ਕੂਕਿਆਂ ਨਾਲ ਸਖ਼ਤੀ ਨਾਲ ਨਿਪਟਣ ਦਾ ਫ਼ੈਸਲਾ ਕੀਤਾ। ਇਸ ਫ਼ੈਸਲੇ ਹੇਠ 49 ਕੂਕਿਆਂ ਨੂੰ ਮਲੇਰਕੋਟਲਾ ਵਿਚ ਤੋਪਾਂ ਅੱਗੇ ਖੜ੍ਹੇ ਕਰ ਕੇ ਉਡਾ ਦਿਤਾ ਗਿਆ। ਅਗਲੇ ਦਿਨ 16 ਹੋਰ ਕੂਕਿਆਂ ਨੂੰ ਵੀ ਇਹੀ ਸਜ਼ਾ ਦਿਤੀ ਗਈ।

ਰਾਮ ਸਿੰਘ ਦੀ ਗ੍ਰਿਫ਼ਤਾਰੀ

ਕੂਕਿਆਂ ਦੀਆਂ ਇਨ੍ਹਾਂ ਕਾਰਵਾਈਆਂ ਨਾਲ ਰਾਮ ਸਿੰਘ ਦਾ ਕੋਈ ਸਬੰਧ ਨਹੀਂ ਸੀ। ਪਰ, ਕਿਉਂਕਿ ਇਹ ਹਰਕਤਾਂ ਕਰਨ ਵਾਲੇ ਉਸ ਦੇ ਚੇਲੇ ਸਨ, ਇਸ ਕਰ ਕੇ ਅੱਗੇ ਹੋਰ ਐਕਸ਼ਨ ਰੋਕਣ ਵਾਸਤੇ ਅੰਗਰੇਜ਼ਾਂ ਨੇ ਰਾਮ ਸਿੰਘ ਨੂੰ ਵੀ 17 ਜਨਵਰੀ 1872 ਦੇ ਦਿਨ ਭੈਣੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ 1818 ਦੇ ਐਕਟ ਤਿੰਨ ਹੇਠ ਗ੍ਰਿਫ਼ਤਾਰ ਕੀਤਾ ਗਿਆ ਅਤੇ ਅਲਾਹਾਬਾਦ ਭੇਜ ਦਿਤਾ ਗਿਆ ਤੇ ਮਗਰੋਂ

ਰੰਗੂਨ ਜਲਾਵਤਨ ਕਰ ਦਿੱਤਾ ਗਿਆ, ਜਿੱਥੇ ਉਹ 29 ਨਵੰਬਰ 1885 ਦੇ ਦਿਨ ਮਰ ਗਿਆ।

ਰਾਮ ਸਿੰਘ ਦੀ ਲਹਿਰ ਉਦੋਂ 'ਕੂਕਾ ਲਹਿਰ' ਕਰ ਕੇ ਜਾਣੀ ਜਾਂਦੀ ਸੀ। ਰਾਮ ਸਿੰਘ ਬਾਬਾ ਬਾਲਕ ਸਿੰਘ ਦਾ ਸ਼ਰਧਾਲੂ ਜ਼ਰੂਰ ਸੀ, ਪਰ ਇਹ ਕੋਈ ਗੱਦੀ ਨਹੀਂ ਸੀ। ਦੂਜਾ, ਬਾਲਕ ਸਿੰਘ ਦਾ ਮਿਸ਼ਨ, ਜੋ 'ਅਭਿਆਸੀ ਜੱਥਾ' ਵਜੋਂ ਜਾਣਿਆ ਜਾਂਦਾ ਸੀ, ਪੂਰੀ ਤਰ੍ਹਾਂ ਭਗਤੀ ਦੀ ਲਹਿਰ ਸੀ।

(ਉਸ ਨੂੰ ਯਾਰ੍ਹਵਾਂ ਗੁਰੂ ਕਹਿਣਾ ਉਸ ਨਾਲ ਵੀ ਜ਼ੁਲਮ ਹੈ। ਉਂਵ ਕਮਾਲ ਹੈ ਕਿ ਸਿੱਖ ਮਹਾਰਾਜੇ ਵੀ ਆਪਣੇ ਯਾਰ੍ਹਵੇਂ ਗੁਰੂ ਨਾ ਪਛਾਣ ਨਾ ਸਕੇ!)। ਰਾਮ ਸਿੰਘ ਬਾਲਕ ਸਿੰਘ ਦਾ ਪ੍ਰਸੰਸਕ ਜ਼ਰੂਰ ਸੀ ਪਰ ਚੇਲਾ ਨਹੀਂ ਸੀ। ਉਂਵ ਉਹ ਜਗਿਆਸੀ ਜਾਂ ਭਗਤ ਵੀ ਨਹੀਂ ਸੀ ਬਲਕਿ ਸਿਰਫ਼ ਇਕ ਫ਼ੌਜੀ ਸੀ ਜਿਸ ਦਾ ਸੁਭਾਅ ਧਾਰਮਿਕ ਸੀ। ਨੌਕਰੀ ਤੋਂ ਕੱਢੇ ਜਾਣ ਕਰ ਕੇ ਉਹ ਅੰਗ੍ਰੇਜ਼ਾਂ ਦੇ ਖ਼ਿਲਾਫ਼ ਸੀ। ***(ਵਿਚਾਰਾ ਇਹ ਬਾਰ੍ਹਵਾਂ 'ਗੁਰੂ' ਵੀ ਇਕ ਸਿੱਖ ਰਾਜੇ ਦੀ ਫ਼ੌਜ ਵਿਚ ਨੌਕਰ ਸੀ। ਰਾਜੇ ਆਪਣੇ ਬਾਰ੍ਹਵੇਂ ਗੁਰੂ ਨੂੰ ਪਛਾਣ ਨਾ ਸਕੇ। ਵਰਨਾ ਸ਼ਾਇਦ ਉਹ ਉਸ ਨੂੰ ਫ਼ੌਜ ਦਾ ਮੁਖੀ ਹੀ ਬਣਾ ਦੇਂਦੇ। ਅੰਗ੍ਰੇਜ਼ਾਂ ਨੇ ਸਿੱਖਾਂ ਦੇ 'ਬਾਰ੍ਹਵੇਂ ਗੁਰੂ' ਨੂੰ ਨੌਕਰੀ ਤੋਂ ਕੱਢ ਦਿੱਤਾ)***। ਜਦ ਉਸ ਕੋਲ ਦੋ-ਤਿੰਨ ਸੌ ਚੇਲੇ ਆ ਗਏ ਤਾਂ ਉਸ ਨੇ 'ਆਗੂ' ਹੋਣ ਦਾ ਅਹਿਸਾਸ ਕਰਨਾ ਸ਼ੁਰੂ ਕਰ ਦਿਤਾ। ਇਸ ਦੇ ਬਾਵਜੂਦ ਉਹ ਕੋਈ ਇਨਕਲਾਬੀ ਨਹੀਂ ਸੀ।

ਰਾਮ ਸਿੰਘ ਨੌਕਰੀ 'ਚੋਂ ਕੱਢੇ ਜਾਣ ਕਾਰਨ, ਨਿਜੀ-ਰੋਸ ਦਾ ਭਰਿਆ ਪਰ ਧਾਰਮਿਕ ਤੇ ਸੁਧਾਰਕ ਸਰਗਰਮ ਸ਼ਖ਼ਸ਼ ਸੀ। ਉਸ ਦੇ ਹੁੰਦਿਆਂ ਕੂਕਿਆਂ ਦੀ ਗਿਣਤੀ ਇਕ ਹਜ਼ਾਰ ਵੀ ਨਹੀਂ ਸੀ। ਉਸ ਦੇ ਗ੍ਰਿਫਤਾਰ ਹੋਣ ਮਗਰੋਂ ਇਸ ਜੱਥੇ ਦਾ ਮਾਮੂਲੀ ਜਿੰਨਾ ਵਜੂਦ ਵੀ ਨਾ ਰਿਹਾ। ਉਸ ਦੀ ਗ੍ਰਿਫਤਾਰੀ ਦੇ ਖ਼ਿਲਾਫ਼ ਜ਼ਰਾ-ਮਾਸਾ ਵੀ ਹਮਦਰਦੀ ਦੀ ਆਵਾਜ਼ ਵੀ ਨਾ ਉੱਠੀ ਤੇ ਨਾ ਹੀ ਉਸ ਮਗਰੋਂ ਕੂਕਿਆਂ ਦੀ ਕੋਈ ਕਾਰਵਾਈ ਹੋਈ। ਰਾਮ ਸਿੰਘ ਦਾ ਅਸਰ ਸਿਰਫ਼ ਭੈਣੀ ਤੇ ਲੁਧਿਆਣਾ ਦੇ ਕੁਝ ਇਲਾਕੇ, ਮਲੇਰਕੋਟਲਾ ਰਿਆਸਤ ਦੇ ਇਕ-ਦੋ ਪਿੰਡਾਂ ਅਤੇ ਫ਼ੀਰੋਜ਼ਪੁਰ ਦੇ ਲੁਧਿਆਣਾ ਜ਼ਿਲ੍ਹੇ ਦੀ ਸਰਹਦ ਨਾਲ ਲਗਦੇ ਦੋ-ਕੁ ਪਿੰਡਾਂ ਤਕ ਹੀ ਮਹਿਦੂਦ ਸੀ। 1872 ਵਿਚ ਰਾਮ ਸਿੰਘ ਦੀ ਗ੍ਰਿਫ਼ਤਾਰੀ ਤੇ ਜਲਾਵਤਨੀ ਮਗਰੋਂ ਉਥੇ ਪੁਲੀਸ ਦੀ ਇਕ ਚੌਂਕੀ ਬਿਠਾ ਦਿਤੀ ਗਈ, ਜੋ ਛੇਤੀ ਹੀ ਇਕ ਰਸਮੀ ਚੌਂਕੀ ਬਣ ਕੇ ਰਹਿ ਗਈ ਕਿਉਂਕਿ ਹੁਣ ਲੋਕ ਕੂਕਿਆਂ ਦੇ ਟੋਲੇ ਨੂੰ ਛੱਡ ਗਏ ਸਨ ਤੇ ਕੋਈ ਕੂਕਾ ਉਥੇ ਨਹੀਂ ਸੀ ਆਉਂਦਾ।

ਕੂਕੇ ਨਾਮਧਾਰੀ ਕਿਵੇਂ ਬਣੇ

ਰਾਮ ਸਿੰਘ ਦੀ ਮੌਤ (1885) ਤੋਂ ਕਾਫ਼ੀ ਚਿਰ ਮਗਰੋਂ ਤਕ ਵੀ ਇਸ ਜੱਥੇ ਦਾ ਨਾਂ 'ਨਾਮਧਾਰੀ' ਨਹੀਂ ਸੀ। ਇਹ ਕੋਈ ਲਹਿਰ ਨਹੀਂ ਸੀ। 1918 ਦੇ ਕਰੀਬ ਜਦੋਂ ਅਕਾਲੀ ਲਹਿਰ ਸ਼ੁਰੂ ਹੋਈ ਅਤੇ 1920 ਵਿਚ ਜਦ ਗੁਰਦੁਆਰਾ ਸੁਧਾਰ ਵਾਸਤੇ ਸਰਗਰਮ ਕਾਰਵਾਈਆਂ ਸ਼ੁਰੂ ਹੋਈਆਂ ਅਤੇ ਹਰ ਪਾਸਿਓਂ ਸਿੱਖ ਇਸ ਲਹਿਰ ਵਿਚ

ਹਿੱਸਾ ਪਾਉਣ ਵਾਸਤੇ ਆਏ। ਉਸ ਵੇਲੇ ਅੰਗਰੇਜ਼ ਹਾਕਮ ਗੁਰਦੁਆਰਿਆਂ ਉੱਤੇ ਕਾਬਜ਼ ਮਹੰਤਾਂ ਦੇ ਨਾਲ ਸਨ।

ਪਹਿਲਾਂ-ਪਹਿਲਾਂ 'ਸਨਾਤਨੀ ਸਿੱਖ' ਦੇ ਲੇਬਲ ਹੇਠ ਗੁਰੂ ਸਾਹਿਬਾਨ ਦੇ ਵਾਰਿਸ (ਬੇਦੀ, ਤਰੇਹਨ, ਭੱਲੇ ਤੇ ਸੋਢੀ) ਮਹੰਤਾਂ ਦੀ ਮਦਦ ਵਾਸਤੇ ਨਿੱਤਰੇ ਪਰ ਪੰਥਕ ਰੋਹ ਹੇਠ ਉਹ ਚੁਪ ਕਰ ਕੇ ਬੈਠ ਗਏ। ਮਹੰਤਾਂ ਨੇ ਨਿਹੰਗਾਂ ਨੂੰ ਵੀ ਅਕਾਲੀ ਲਹਿਰ ਦੇ ਖ਼ਿਲਾਫ਼ ਵਰਤਣ ਦੀ ਕੋਸ਼ਿਸ਼ ਕੀਤੀ, ਪਰ ਬਾਬਾ ਕਿਹਰ ਸਿੰਘ ਪੱਟੀ ਨਿਹੰਗ, ਅਕਾਲੀ ਦਲ ਦੇ ਨਾਲ ਰਿਹਾ, ਇਸ ਕਰ ਕੇ ਨਿਹੰਗਾਂ ਨੂੰ ਵੀ ਮਹੰਤ ਜਾਂ ਅੰਗਰੇਜ਼ ਵਰਤ ਨਾ ਸਕੇ। ਇਸ ਮਗਰੋਂ ਉਨ੍ਹਾਂ ਨੇ ਕੂਕਾ ਰਾਮ ਸਿੰਘ ਦੇ ਭਰਾ ਹਰੀ ਸਿੰਘ ਦੇ ਪਰਵਾਰ ਤਕ, ਭੈਣੀ ਵਿਚ ਪਹੁੰਚ ਕੀਤੀ। ਅੰਗਰੇਜ਼ਾਂ ਨੇ ਰਾਮ ਸਿੰਘ ਦੇ ਭਤੀਜੇ ਪ੍ਰਤਾਪ ਸਿੰਘ (ਪੁੱਤਰ ਹਰੀ ਸਿੰਘ) ਨੂੰ ਪਹਿਲਾਂ ਤਾਂ 'ਨਾਮਧਾਰੀ' ਕਹਿ ਕੇ ਰਾਮ ਸਿੰਘ ਦਾ ਵਾਰਿਸ ਬਣਾ ਕੇ ਪੇਸ਼ ਕੀਤਾ ਪਰ ਮਗਰੋਂ ਇਸ ਨੂੰ ਨਾਮਧਾਰੀ 'ਫ਼ਿਰਕਾ' ਕਹਿਣਾ ਸ਼ੁਰੂ ਕਰ ਦਿੱਤਾ ਤੇ ਫਿਰ ਪ੍ਰਤਾਪ ਸਿੰਘ ਨੂੰ 'ਤੇਰ੍ਹਵਾਂ ਗੁਰੂ' ਬਣਾ ਕੇ ਸਿੱਖ ਧਰਮ ਦੇ ਖ਼ਿਲਾਫ਼ ਲਹਿਰ ਵਜੋਂ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਅੰਗਰੇਜ਼ ਇਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਵਰਤਣ ਵਿਚ ਕਾਮਯਾਬ ਹੋ ਗਏ ਤਾਂ ਉਨ੍ਹਾਂ ਨੇ 1922 ਵਿਚ ਭੈਣੀ ਪਿੰਡ ਵਿਚੋਂ ਪੁਲੀਸ ਚੌਂਕੀ ਵੀ ਹਟਾ ਲਈ। ਹੁਣ ਰਾਮ ਸਿੰਘ ਦਾ ਭਤੀਜਾ ਪ੍ਰਤਾਪ ਸਿੰਘ ਅੰਗਰੇਜ਼ਾਂ, ਤੇ ਖ਼ਾਸ ਕਰ ਕੇ ਈਸਾਈ ਮਿਸ਼ਨਰੀਆਂ, ਦੀਆਂ ਹਦਾਇਤਾਂ ਨਾਲ ਚਲਣ ਲਗ ਪਿਆ।

ਇਸ ਟੋਲੇ ਨੇ ਰਾਮ ਸਿੰਘ ਨੂੰ ਬਾਰ੍ਹਵਾਂ ਗੁਰੂ (ਬਾਲਕ ਸਿੰਘ ਨੂੰ ਯਾਰਵਾਂ ਗੁਰੂ ਕਹਿ ਕੇ) ਬਣਾਉਣ ਦੀ ਸਾਜ਼ਿਸ਼ 'ਤੇ ਅਮਲ ਸ਼ੁਰੂ ਕਰ ਦਿਤਾ। ਪ੍ਰਤਾਪ ਸਿੰਘ ਨੇ ਆਪਣੇ ਆਪ ਨੂੰ ਤੇਰ੍ਹਵਾਂ ਗੁਰੂ ਕਹਿਣਾ ਸ਼ੁਰੂ ਕਰ ਦਿਤਾ। ਇਹ ਸ਼ਰੇਆਮ ਗੁਰੂ ਗ੍ਰੰਥ ਸਾਹਿਬ ਨੂੰ ਰੱਦ ਕਰਨਾ ਸੀ। (ਇਨ੍ਹਾਂ ਨੇ ਰਾਮ ਸਿੰਘ ਦੇ ਭਰਾ ਵਿਚਾਰੇ ਹਰੀ ਸਿੰਘ ਨੂੰ ਤੇਰ੍ਹਵਾਂ ਗੁਰੂ ਨਹੀਂ ਮੰਨਿਆ ਤੇ ਉਸ ਨੂੰ ਰੱਦ ਕਰ ਕੇ ਪ੍ਰਤਾਪ ਸਿੰਘ ਨੂੰ ਤੇਰ੍ਹਵਾਂ ਗੁਰੂ ਕਹਿਣਾ ਸ਼ੁਰੂ ਕੀਤਾ)।

ਪਹਿਲਾਂ-ਪਹਿਲ ਤਾਂ ਅਕਾਲੀ ਆਗੂ ਇਨ੍ਹਾਂ ਬਾਰੇ ਚੁਪ ਰਹੇ ਪਰ 1941 ਵਿਚ ਜਦੋਂ ਇਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਵਰਕੇ (ਪਤਰੇ) ਅਲਗ-ਅਲਗ ਕਰ ਕੇ ਇਕ-ਇਕ ਪਤਰੇ ਦਾ ਪਾਠ ਕਰਨ ਦਾ ਕੁਫ਼ਰ ਕਰਨ ਦਾ ਐਲਾਨ ਕੀਤਾ ਤਾਂ ਸਿੱਖ ਆਗੂਆਂ ਨੇ '**ਕੂਕਾ ਕੁਫ਼ਰ ਤੋੜ**' ਕਾਨਫ਼ਰੰਸਾਂ ਕਰ ਕੇ ਇਨ੍ਹਾਂ ਦੇ ਖ਼ਿਲਾਫ਼ ਕਦਮ ਚੁਕੇ (ਵੇਖੋ: ਵਿਸਾਖਾ ਸਿੰਘ ਦੀ ਕਿਤਾਬ *ਮਾਲਵਾ ਇਤਿਹਾਸ*)। ਪਰ ਇਹ ਅਕਾਲੀ ਆਗੂਆਂ ਦੀ ਬੇਵਕੂਫ਼ੀ ਸੀ ਕਿ ਸਿੱਖ ਧਰਮ ਦੇ ਸ਼ਰੇਆਮ ਉਲਟ ਹੋਣ ਦੇ ਬਾਵਜੂਦ ਇਨ੍ਹਾਂ ਨੂੰ 'ਆਲ ਪਾਰਟੀਜ਼ ਸਿੱਖ ਕਾਨਫ਼ਰੰਸ' ਵਿਚ ਸਿੱਖਾਂ ਦੇ ਹਿੱਸੇ ਵਜੋਂ ਬੁਲਾਉਂਦੇ ਰਹੇ। ਇਹ ਕਾਰਵਾਈ 1946-47 ਤਕ ਵੀ ਕੀਤੀ ਜਾਂਦੀ ਰਹੀ ਸੀ।

ਕੂਕਿਆਂ ਵੱਲੋਂ ਮਹੰਤਾਂ ਦੀ ਮਦਦ

ਨਾ ਤਾਂ ਰਾਮ ਸਿੰਘ ਖ਼ੁਦ ਨੂੰ ਗੁਰੂ ਮੰਨਦਾ ਸੀ ਤੇ ਨਾ ਹੀ ਉਸ ਦੀ ਕੋਈ ਕਾਰਵਾਈ ਅਜਿਹੀ ਸੀ ਜਿਸ ਤੋਂ ਜ਼ਾਹਰ ਹੋਵੇ ਕਿ ਉਹ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਸੀ ਮੰਨਦਾ। ਇਹ ਤਾਂ 1920 ਵਿਚ ਅੰਗਰੇਜ਼ਾਂ ਨੇ ਮਹੰਤਾਂ ਰਾਹੀਂ ਰਾਮ ਸਿੰਘ ਦੇ ਭਤੀਜੇ ਨੂੰ ਨਾਮਧਾਰੀ ਦਾ ਦਰਜਾ ਦੇ ਕੇ ਗੁਰਦੁਆਰਾ ਸੁਧਾਰ ਲਹਿਰ ਦੇ ਖ਼ਿਲਾਫ਼ ਵਰਤਣ ਵੇਲੇ ਰਾਮ ਸਿੰਘ ਦੇ ਭਤੀਜੇ ਤੋਂ ਗੁਰੂ-ਡੰਮ ਦਾ ਪ੍ਰਚਾਰ ਸ਼ੁਰੂ ਕਰਵਾਇਆ ਸੀ। ਅਕਾਲੀ ਲਹਿਰ ਸ਼ੁਰੂ ਹੁੰਦਿਆਂ ਹੀ 1920 ਵਿਚ ਇਨ੍ਹਾਂ ਨੇ ਹਫ਼ਤਾਵਾਰ ਅਖ਼ਬਾਰ 'ਸਤਜੁਗ' ਤੇ ਫਿਰ 1922 ਵਿਚ ਰੋਜ਼ਾਨਾ 'ਕੂਕਾ' ਅਖ਼ਬਾਰ ਸ਼ੁਰੂ ਕੀਤਾ (ਨਾਮਧਾਰੀ ਨਾਂ ਅਜੇ ਵੀ ਨਹੀਂ ਵਰਤਿਆ)। ਇਹ ਮਹੰਤ ਨਰੈਣੂ ਦੀਆਂ ਮੀਟਿੰਗਾਂ ਵਿਚ ਸ਼ਾਮਿਲ ਹੋ ਕੇ ਉਸ ਵਾਸਤੇ ਜਾਣ ਵਾਰਨ ਦੀਆਂ ਕਸਮਾਂ ਖਾਂਦੇ ਰਹੇ (20 ਫ਼ਰਵਰੀ 1921 ਦੇ ਨਾਨਕਾਣਾ ਸਾਹਿਬ ਵਿਚ ਸਿੱਖਾਂ ਦੇ ਕਤਲੇਆਮ ਵਿਚ ਮੰਗਲ ਸਿੰਘ ਕੂਕਾ ਵੀ ਸ਼ਾਮਿਲ ਸੀ)। ਕੂਕਿਆਂ ਦੀਆਂ ਅਖ਼ਬਾਰਾਂ ਵਿਚ ਪਹਿਲਾਂ ਤਾਂ ਗੁਰੂਦੁਆਰਾ ਸੁਧਾਰ ਲਹਿਰ ਦੀ ਮੁਖ਼ਾਲਫ਼ਤ ਸ਼ੁਰੂ ਕੀਤੀ ਗਈ ਤੇ ਫਿਰ ਰਾਮ ਸਿੰਘ ਦੇ ਭਤੀਜੇ ਪ੍ਰਤਾਪ ਨੂੰ ਗੁਰੂ ਬਣਾ ਕੇ ਪੇਸ਼ ਕੀਤਾ ਗਿਆ। ਇਹ ਤਾਂ ਦਰਬਾਰ ਸਾਹਿਬ ਆ ਕੇ ਯਾਰ੍ਹਵੇਂ-ਬਾਰ੍ਹਵੇਂ ਗੁਰੂ ਦੀ ਅਰਦਾਸ ਕਰਨ ਦੀ ਕੋਸ਼ਿਸ਼ ਵੀ ਕਰਦੇ ਰਹੇ (ਵੇਖੋ: ਕਿਤਾਬ **ਸਿੱਖ ਤਵਾਰੀਖ਼**, ਜਿਲਦ ਤੀਜੀ, ਦੇ ਸਫ਼ਾ 715 'ਤੇ ਵੇਖੋ: ਅਖ਼ਬਾਰ ਦੀ ਫ਼ੋਟੋ)।

ਨਾਮਧਾਰੀ ਗੁਰੂ ਸਾਹਿਬਾਨ ਅਤੇ ਖੰਡੇ ਦੀ ਪਾਹੁਲ (ਅੰਮ੍ਰਿਤ) ਦੀ ਬੇਅਦਬੀ ਵੀ ਕਰਦੇ ਰਹੇ। (ਵੇਖੋ: ਕਿਤਾਬ **ਸਿੱਖ ਤਵਾਰੀਖ਼**, ਜਿਲਦ ਤੀਜੀ, ਦੇ ਸਫ਼ਾ 716 'ਤੇ ਵੇਖੋ: ਅਖ਼ਬਾਰ ਦੀ ਫ਼ੋਟੋ)।

ਅੰਗਰੇਜ਼ਾਂ ਨੇ ਸਿੱਖੀ ਦੇ ਖ਼ਿਲਾਫ਼ ਇਸ ਵੱਡੀ ਹਰਕਤ ਦੇ ਈਨਾਮ ਵਜੋਂ ਭੈਣੀ 'ਚੋਂ ਪੁਲੀਸ ਚੌਕੀ ਹਟਾ ਲਈ ਤੇ ਉਨ੍ਹਾਂ ਤੋਂ ਸਾਰੀਆਂ ਬੰਦਿਸ਼ਾਂ ਹਟਾ ਲਈਆਂ (ਵੇਖੋ: ਕਿਤਾਬ **ਸਿੱਖ ਤਵਾਰੀਖ਼**, ਜਿਲਦ ਤੀਜੀ, ਦੇ ਸਫ਼ਾ 717 'ਤੇ ਵੇਖੋ: ਅਖ਼ਬਾਰ ਦੀ ਫ਼ੋਟੋ)। ਸਰਕਾਰ ਨੇ ਹੁਣ ਇਸ ਧੜੇ ਨੂੰ ਇਕ ਸੰਪਰਦਾ ਅਤੇ ਫਿਰ ਸਿੱਖਾਂ ਦੇ ਗੁਰੂ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿਤਾ ਅਤੇ ਪੂਰਾ ਮਾਣ, ਮਦਦ ਤੇ ਸਰਪਰਸਤੀ ਦੇਣੀ ਸ਼ੁਰੂ ਕਰ ਦਿੱਤੀ। ਇਨ੍ਹਾਂ ਨੇ ਸਰਕਾਰ ਨਾਲ ਗੰਢ-ਤੁਪ ਕਰ ਕੇ ਸ਼੍ਰੋਮਣੀ ਕਮੇਟੀ ਬਣਨ ਤੋਂ ਰੋਕਣ ਵਾਸਤੇ, ਸਿੱਖਾਂ ਨਾਲ ਟਕਰਾਓ ਪੈਦਾ ਕਰਨ ਦੀਆਂ ਕਾਰਵਾਈਆਂ 1925 ਤਕ ਸ਼ਰੇ-ਆਮ ਕੀਤੀਆਂ। (ਵੇਖੋ: ਕਿਤਾਬ **ਸਿੱਖ ਤਵਾਰੀਖ਼**, ਜਿਲਦ ਤੀਜੀ, ਦੇ ਸਫ਼ਾ 718 'ਤੇ 1925 ਦੀ ਅਖ਼ਬਾਰ ਦੀ ਫ਼ੋਟੋ)।

ਕੀ ਕੂਕੇ (ਅੱਜ ਦੇ ਅਖੌਤੀ ਨਾਮਧਾਰੀ) ਸਿੱਖ ਹਨ?

1947 ਤੋਂ ਮਗਰੋਂ ਕੂਕੇ ਕਾਂਗਰਸ ਦੇ ਵਫ਼ਾਦਾਰ ਬਣ ਗਏ ਤੇ ਅੱਜ ਤਕ ਕੂਕੇ ਕਾਂਗਰਸ ਦੇ ਹਿਮਾਇਤੀ ਰਹੇ ਹਨ ਤੇ ਰਹਿਣਗੇ। ਕੂਕੇ ਕਿਸੇ ਵੀ ਨੁਕਤੇ ਤੋਂ ਸਿੱਖ ਨਹੀਂ ਮੰਨੇ ਜਾ ਸਕਦੇ। ਉਹ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਮੰਨਦੇ; ਉਹ ਅੱਗ ਦੁਆਲੇ

ਫੇਰੇ ਲੈਂਦੇ ਹਨ; ਉਹ ਗਾਂ ਦੀ ਪੂਜਾ ਕਰਦੇ ਹਨ; ਉਹ ਦੇਹਧਾਰੀ ਗੁਰੂਡੰਮ ਦਾ ਪਾਖੰਡ ਕਰਦੇ ਹਨ। ਕੂਕੇ ਸਿੱਖਾਂ ਵਾਸਤੇ 'ਕਾਫ਼ਿਰ' ਹਨ ਤੇ ਇਨ੍ਹਾਂ ਦਾ ਦਰਜਾ ਮੀਣਿਆਂ, ਰਾਮਰਾਈਆਂ ਤੇ ਧੀਰਮੱਲੀਆਂ (ਜਾਂ ਨਿਰੰਕਾਰੀਆਂ, ਆਸ਼ੂਤੋਸ਼ੀਆਂ/ ਨੂਰਮਹਿਲੀਆਂ, ਸਰਸਾ ਡੇਰੇ ਵਾਲਾ) ਵਰਗਾ ਹੈ। ਉਹ ਗੁਰੂ ਗ੍ਰੰਥ ਸਾਹਿਬ ਦੇ 'ਵਿਰੋਧੀ' ਹਨ। **ਕੂਕੇ ਹਿੰਦੂਆਂ ਦਾ ਇਕ ਫ਼ਿਰਕਾ ਤਾਂ ਹੋ ਸਕਦੇ ਹਨ ਪਰ ਉਹ ਸਿੱਖ ਨਹੀਂ ਹਨ।**

ਰਾਮ ਸਿੰਘ ਨੇ ਆਪਣੇ ਆਪ ਨੂੰ ਕਦੇ 'ਨਾਮਧਾਰੀ' ਵੀ ਨਹੀਂ ਸੀ ਕਿਹਾ। ਉਹ ਤਾਂ ਆਪਣੇ-ਆਪ ਨੂੰ 'ਗੁਰੂ' ਤਾਂ ਕੀ ਇਕ ਸੰਤ, ਗਿਆਨੀ, ਬ੍ਰਹਮਗਿਆਨੀ, ਜਥੇਦਾਰ, 'ਬਾਬਾ' ਵੀ ਨਹੀਂ ਸੀ ਅਖਵਾਉਂਦਾ। ਉਹ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਦਾ ਸੀ ਤੇ ਇਸ 'ਤੇ ਅਮਲ ਕਰਨ ਵਾਸਤੇ ਨਸੀਹਤਾਂ ਦੇਂਦਾ ਸੀ। ਇਹ ਸਭ ਕੁਝ ਉਸ ਦੇ ਖ਼ਤਾਂ ਵਿਚ ਸ਼ਰੇਆਮ ਲਿਖਿਆ ਮਿਲਦਾ ਹੈ। ਅਖੌਤੀ ਨਾਮਧਾਰੀਆਂ ਨੂੰ ਸਿੱਖਾਂ ਨੇ ਕਦੇ ਕਬੂਲ ਨਹੀਂ ਕੀਤਾ। ਇਸੇ ਕਰ ਕੇ ਅਜ ਵੀ (2010 ਵਿਚ) ਉਨ੍ਹਾਂ ਦੀ ਗਿਣਤੀ ਸਾਰੀ ਦੁਨੀਆਂ ਵਿਚ ਇਕ ਲੱਖ ਤੋਂ ਵਧ ਨਹੀਂ। ਇਨ੍ਹਾਂ ਵਿਚੋਂ 5-7 ਹਜ਼ਾਰ ਥਾਈਲੈਂਡ ਅਤੇ ਹੋਰ ਦੇਸ਼ਾਂ ਵਿਚ ਹਨ। ਕੋਈ ਵੀ ਸੱਚਾ ਸਿੱਖ ਇਸ ਟੋਲੇ ਵਿਚ ਸ਼ਾਮਿਲ ਹੋਣ ਵਾਸਤੇ ਤਿਆਰ ਨਹੀਂ ਕਿਉਂਕਿ ਇਹ ਕੁਫ਼ਰ ਦਾ ਪ੍ਰਚਾਰ ਕਰਦੇ ਹਨ ਤੇ ਇਹ ਸਿੱਖ ਨਹੀਂ ਹਨ। ਪੰਜਾਬ ਵਿਚ ਇਨ੍ਹਾਂ ਦੀਆਂ ਸਿਰਫ਼ ਪੰਜਾਹ ਹਜ਼ਾਰ ਦੇ ਕਰੀਬ ਵੋਟਾਂ ਹਨ। ਇਹ ਕਾਂਗਰਸ ਪਾਰਟੀ ਦੇ ਵਫ਼ਾਦਾਰ ਹਨ ਅਤੇ 90% ਉਸ ਨੂੰ ਹੀ ਵੋਟਾਂ ਪਾਉਂਦੇ ਹਨ ਤੇ ਉਨ੍ਹਾਂ ਤੋਂ ਹੀ ਮਾਣ-ਸਨਮਾਨ ਲੈਂਦੇ ਹਨ।

ਉਂਵ ਇਨ੍ਹਾਂ ਨੇ ਪ੍ਰਕਾਸ਼ ਬਾਦਲ ਨੂੰ ਵੀ ਬੇਵਕੂਫ਼ ਬਣਾ ਕੇ, ਵੋਟਾਂ ਦਾ ਝੂਠਾ ਲਾਲਚ ਦੇ ਕੇ, ਉਸ ਦੇ ਅਹਿਦ ਵਿਚ, ਉਸ ਤੋਂ ਗੁਰੂ ਨਾਨਕ ਯੂਨੀਵਰਸਿਟੀ ਵਿਚ ਰਾਮ ਸਿੰਘ ਦੇ ਨਾਂ 'ਤੇ ਇਕ ਚੇਅਰ ਕਾਇਮ ਕਰਵਾ ਲਈ। ਪਰ ਸਿੱਖਾਂ ਦੇ ਪ੍ਰੋਟੈਸਟ ਮਗਰੋਂ ਇਸ ਦਾ ਨਾਂ ਬਦਲ ਕੇ 'ਨਾਮਧਾਰੀ ਸਤਿਗੁਰੂ ਚੇਅਰ' ਕਰ ਦਿੱਤਾ।

ਕੂਕੇ ਸਿੱਖ ਪੰਥ ਤੇ ਫ਼ਲਸਫ਼ੇ ਦੇ ਸਭ ਤੋਂ ਵੱਡੇ ਦੁਸ਼ਮਣਾਂ ਵਿਚੋਂ ਇਕ ਹਨ। ਭਾਵੇਂ ਇਹ ਸਰਕਾਰੀ ਫ਼ੰਡ ਹਾਸਿਲ ਕਰ ਲੈਂਦੇ ਹਨ ਪਰ ਸਿੱਖਾਂ ਨੂੰ ਬੇਵਕੂਫ਼ ਬਣਾ ਕੇ ਆਪਣੇ ਵਿਚ ਸ਼ਾਮਿਲ ਕਰਨ ਵਾਸਤੇ ਕਾਮਯਾਬ ਨਹੀਂ ਹੋ ਸਕੇ ਤੇ ਨਾ ਹੋਣਗੇ।

ਮਗਰੋਂ ਸਰਕਾਰੀ ਤੇ ਕੂਕਾ ਲੇਖਕਾਂ ਨੇ ਰਾਮ ਸਿੰਘ ਨੂੰ 'ਸਵਦੇਸ਼ੀ' ਲਹਿਰ ਦਾ ਮੋਢੀ ਬਣਾ ਕੇ ਪੇਸ਼ ਕਰਨ ਵਾਸਤੇ ਝੂਠ ਲਿਖਣਾ ਸ਼ੁਰੂ ਕਰ ਦਿਤਾ। ਉਨ੍ਹਾਂ ਲਿਖਿਆ ਕਿ ਰਾਮ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਨੌਕਰੀਆਂ ਨਾ ਕਰਨ, ਸਰਕਾਰੀ ਸਕੂਲਾਂ-ਕਾਲਜਾਂ 'ਚ ਪੜ੍ਹਾਈ ਨਾ ਕਰਨ, ਸਰਕਾਰੀ ਅਦਾਲਤਾਂ ਦਾ ਬਾਈਕਾਟ ਕਰਨ ਅਤੇ ਵਲੈਤੀ ਕਪੜੇ ਨਾ ਵਰਤਣ। ਤਵਾਰੀਖ਼ ਨਾਲ ਏਡੀ ਜ਼ਿਆਦਤੀ ਨੂੰ ਕਾਂਗਰਸ ਪਾਰਟੀ ਨੇ ਵੀ ਕਬੂਲ ਕਰ ਲਿਆ। ਹਾਲਾਂਕਿ ਇਸ ਤੋਂ ਇਹ ਨਤੀਜਾ ਵੀ ਨਿਕਲਦਾ ਸੀ ਕਿ ਗਾਂਧੀ ਨੇ ਨਾਮਿਲਵਰਤਣ ਲਹਿਰ ਦਾ ਤਰੀਕਾ ਰਾਮ ਸਿੰਘ ਤੋਂ ਸਿਖਿਆ ਸੀ। ਉਂਵ ਇਹ ਕੋਰਾ ਝੂਠ ਹੈ, ਕਿਉਂਕਿ ਰਾਮ ਸਿੰਘ ਦੇ ਹੁੰਦਿਆਂ ਨਾ ਤਾਂ ਲੋਕਾਂ ਨੂੰ ਸਰਕਾਰੀ ਨੌਕਰੀਆਂ ਦਿਤੀਆਂ ਜਾ ਰਹੀਆਂ ਸਨ, ਨਾ ਹੀ ਅਜੇ ਸਰਕਾਰੀ ਸਕੂਲ ਖੁਲ੍ਹੇ ਸਨ (ਦਸੰਬਰ 1862 ਵਿਚ ਉਦੋਂ ਦੇ ਪੰਜਾਬ, ਜਿਸ ਵਿਚ ਸਿੰਧ,

ਬਲੋਚਿਸਤਾਨ, ਜੰਮੂ ਕਸ਼ਮੀਰ ਵੀ ਸ਼ਾਮਿਲ ਸਨ, ਕੁਲ 8 ਜਣਿਆਂ ਨੇ ਦਸਵੀਂ ਜਮਾਤ ਪਾਸ ਕੀਤੀ ਸੀ)। ਉਦੋਂ ਅਜੇ ਫ਼ੌਜਦਾਰੀ ਜਾਂ ਸਿਵਲ ਕਾਨੂੰਨ ਜਾਂ ਅਦਾਲਤਾਂ ਵੀ ਨਹੀਂ ਸਨ ਬਣੀਆਂ। ਇਸ ਕਰ ਕੇ ਸਰਕਾਰੀ ਅਦਾਲਤਾਂ ਦੇ ਬਾਈਕਾਟ ਦਾ ਸਵਾਲ ਹੀ ਨਹੀਂ ਸੀ। ਅਜੇ ਦੇਸ਼ ਵਿਚ ਵਲੈਤੀ ਕਪੜੇ ਦਾ ਨਾਂ-ਨਿਸ਼ਾਨ ਵੀ ਨਹੀਂ ਸੀ ਇਸ ਕਰ ਕੇ ਵਿਦੇਸ਼ੀ ਕਪੜਿਆਂ ਦੀ ਵਿਰੋਧਤਾ ਦਾ ਮਤਲਬ ਹੀ ਨਹੀਂ ਸੀ। (ਡਾਕਟਰ ਗੰਡਾ ਸਿੰਘ ਦਾ ਲੇਖ 'ਕੂਕਾ ਲਹਿਰ', ਕਿਤਾਬ *ਪੰਜਾਬ: ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ*, ਸਫ਼ਾ 115 ਤੋਂ 122)। ਨਾਮਧਾਰੀਆਂ ਦੀ ਅਖੌਤੀ 'ਸਵਦੇਸ਼ੀ ਲਹਿਰ' ਦਾ ਚਰਚਾ 1922 ਤਕ ਹਰਗਿਜ਼ ਨਹੀਂ ਸੀ। ਕਾਲਾ ਸਿੰਘ ਕੂਕੇ ਦੀਆਂ ਕਿਤਾਬਾਂ 'ਸ਼ਹੀਦ ਬਿਲਾਸ (1913)' ਅਤੇ 'ਪੰਥ ਪ੍ਰਕਾਸ਼ (1914)' ਵਿਚ ਅਜਿਹੀ ਕਿਸੇ ਗੱਲ ਦਾ ਜ਼ਿਕਰ ਨਹੀਂ ਮਿਲਦਾ। ਅਜਿਹਾ ਜਾਪਦਾ ਹੈ ਕਿ ਨਾਮਧਾਰੀਆਂ ਨੂੰ ਵਡੇਰੇ ਤੇ ਉਚੇਰੇ ਸਾਬਿਤ ਕਰਨ ਵਾਸਤੇ ਇਹ ਪ੍ਰਾਪੇਗੰਡਾ ਕਾਂਗਰਸ ਨੇ ਸ਼ੁਰੂ ਕੀਤਾ ਹੋਵੇ। ਉਨ੍ਹਾਂ ਦਾ ਨਿਸ਼ਾਨਾ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਵਿਚ ਦੇਹਧਾਰੀ ਗੁਰੂਡੰਮ ਖੜਾ ਕਰਨ ਵਾਸਤੇ ਰਾਮ ਸਿੰਘ ਦੀ ਸ਼ਖ਼ਸੀਅਤ ਉਭਾਰਨਾ ਵੀ ਹੋ ਸਕਦਾ ਹੈ। ਯਾਨੀ ਕਾਂਗਰਸੀ ਇਕ ਤੀਰ ਨਾਲ ਦੋ ਸ਼ਿਕਾਰ ਕਰਨਾ ਚਾਹੁੰਦੇ ਸਨ। ਪਰ ਇਹ ਸਾਰੀਆਂ ਝੂਠੀਆਂ ਕਹਾਣੀਆਂ ਤਵਾਰੀਖ਼ ਦਾ ਰੇਪ ਕਰਨਾ ਹੈ।

ਇਸ ਤੋਂ ਇਲਾਵਾ ਬੁੱਚੜਾਂ ਨੂੰ ਕਤਲ ਕਰਨ ਦੇ ਦੋਸ਼ ਵਿਚ ਫ਼ਾਂਸੀ ਚਾੜ੍ਹੇ ਕੂਕਿਆਂ ਨੂੰ ਸ਼ਹੀਦ ਵੀ ਨਹੀਂ ਮੰਨਿਆ ਜਾ ਸਕਦਾ ਕਿਉਂ ਕਿ ਤਾਂ ਉਹ ਬੇਦੋਸ਼ੇ ਬੁੱਚੜਾਂ ਨੂੰ ਕਤਲ ਕਰਨ ਵਾਲੇ ਦਹਿਸ਼ਤਗਰਦ ਸਨ। ਬੁੱਚੜ ਵਿਚਾਰੇ ਤਾਂ ਨੌਕਰ ਸਨ ਜਿਹੜੇ ਨੌਕਰੀਆਂ ਕਰ ਕੇ ਰੋਟੀ-ਰੋਜ਼ੀ ਕਮਾ ਰਹੇ ਸਨ, ਨਾ ਕਿ ਉਹ ਮਾਲਿਕ ਸਨ।

ਕੀ ਰਾਮ ਸਿੰਘ ਖ਼ੁਦ ਨੂੰ ਗੁਰੂ ਮੰਨਦਾ ਸੀ?:

ਰਾਮ ਸਿੰਘ ਨੇ ਕਦੇ ਖ਼ੁਦ ਨੂੰ 'ਗੁਰੂ' ਨਹੀਂ ਸੀ ਮੰਨਿਆ। ਉਹ ਤਾਂ ਸ਼ਰੇਆਮ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਆਖ ਕੇ ਸਿਰ ਝੁਕਾਉਂਦਾ ਸੀ। ਉਸ ਦੀਆਂ ਲਿਖੀਆਂ ਚਿੱਠੀਆਂ ਵਿਚੋਂ ਇਹ ਲਫ਼ਜ਼ ਕਾਬਲੇ-ਗੌਰ ਹਨ:

''**ਮੈਂ ਤਾਂ ਗੁਰੂ ਨਹੀਂ ਰਪਟੀਏ ਦੀ ਮਾਫ਼ਕ ਹਾਂ।** 10।'' (ਚੇਤ ਵਦੀ 2, ਸਾਲ 1937, ਬਿਕਰਮੀ, ਯਾਨਿ 1880 ਦੀ ਚਿੱਠੀ) ''**ਗੁਰੂਆਂ ਗੁਰੂ ਗ੍ਰੰਥ ਸਾਹਿਬ ਗੁਰੂ ਹੈ, ਸੋ ਸਬਦ ਗੁਰੂ।** 18।''

''**ਮੈਂ ਤਾਂ ਨਾ ਗੁਰੂ ਬਣਨ ਦੀ ਲੋੜ ਹੈ, ਨਾ ਮੈਂ ਗੁਰੂ ਹਾਂ, ਮੈਂ ਤਾਂ ਹੁਕਮੀ ਬੰਦਾ ਹਾਂ।** 23।''

''**ਹੋਰ ਭਾਈ ਦਸਾਂ ਪਾਤਸ਼ਾਹੀਆਂ ਤੋਂ ਪਿਛੇ ਗੁਰੂ ਤਾਂ ਮਹਾਰਾਜ ਜੀ ਗੁਰੂ ਗ੍ਰੰਥ ਸਾਹਿਬ ਨੂੰ ਇਸਥਾਪਨ ਕਰ ਗਏ ਸਨ, ਜੋ ਸਦਾ ਹੀ ਇਸਥਿਤ ਹੈ, ਹੋਰ ਗੁਰੂ ਕੋਈ ਨਹੀਂ।।** 55।।'' (ਡਾ. ਗੰਡਾ ਸਿੰਘ, *ਕੂਕਿਆਂ ਦੀ ਵਿਥਿਆ*)।

ਨਿਰੰਕਾਰੀ: ਅਸਲੀ ਤੇ ਨਕਲੀ

ਰਣਜੀਤ ਸਿੰਘ ਦੇ ਰਾਜ ਦੌਰਾਨ ਸਿੱਖ ਸਮਾਜ ਵਿਚ ਬ੍ਰਾਹਮਣੀ ਰਸਮਾਂ (ਕਰਮ ਕਾਂਡ) ਦਾ ਬੇਹਿਸਾਬ ਦਾਖ਼ਲਾ ਹੋਇਆ। ਅੰਗਰੇਜ਼ਾਂ ਦਾ ਰਾਜ ਆਉਣ ਮਗਰੋਂ ਇਸ ਵਿਚ ਹੋਰ ਵਾਧਾ ਹੋਇਆ। ਨਿਰੰਕਾਰੀ ਲਹਿਰ ਦੇ ਆਗੂਆਂ ਮੁਤਾਬਿਕ ਇਸ ਬ੍ਰਾਹਮਣੀ ਅਸਰ ਦੇ ਖ਼ਿਲਾਫ਼ ਪਹਿਲੀ ਜੱਦੋਜਹਿਦ ਪੋਠੋਹਾਰ ਦੇ 'ਬਾਬਾ' ਦਿਆਲ (1783-1855) ਨੇ ਸ਼ੁਰੂ ਕੀਤੀ ਸੀ। ਉਸ ਨੇ 1851 ਵਿਚ ਰਾਵਲਪਿੰਡੀ ਵਿਚ ਨਿਰੰਕਾਰੀ ਦਰਬਾਰ ਦੀ ਨੀਂਹ ਰੱਖੀ। ਉਸ ਨੇ ਸਿੱਖਾਂ ਦੀ ਜ਼ਿੰਦਗੀ ਵਿਚੋਂ ਬ੍ਰਾਹਮਣੀ ਸਸਕਾਰ ਕੱਢਣ ਵਾਸਤੇ ਕੋਸ਼ਿਸ਼ਾਂ ਕੀਤੀਆਂ। ਉਸ ਨੇ ਅੱਗ ਦੁਆਲੇ ਫੇਰੇ, ਸਰਾਧ, ਸੂਤਕ-ਪਾਤਕ, ਮਹੂਰਤ ਵਗੈਰਾ ਨੂੰ ਸਿੱਖੀ ਵਿਚੋਂ ਜਲਾਵਤਨ ਕੀਤਾ (*ਉਂਞ ਦਿਲਚਸਪ ਗੱਲ ਇਹ ਹੈ ਕਿ ਦਿਆਲ ਨੇ ਖ਼ੁਦ ਖੰਡੇ ਦੀ ਪਾਹੁਲ ਵੀ ਨਹੀਂ ਸੀ ਲਈ ਹੋਈ*)। 1854 ਵਿਚ ਦਿਆਲ ਦੀ ਮੌਤ ਮਗਰੋਂ ਉਸ ਦੇ ਪੁਤਰ ਦਰਬਾਰਾ ਸਿੰਘ (1814-1870) ਨੇ ਹੋਰ ਵੀ ਤੇਜ਼ੀ ਨਾਲ ਲਹਿਰ ਚਲਾਈ। ਉਸ ਦੀ ਸਭ ਤੋਂ ਵੱਡੀ ਕਾਰਵਾਈ 1855 ਵਿਚ ਅੱਗ ਦੀ ਬਜਾਇ ਗੁਰੂ ਗ੍ਰੰਥ ਸਾਹਿਬ ਦੁਆਲੇ ਚਾਰ ਲਾਵਾਂ ਨਾਲ ਅਨੰਦ ਕਾਰਜ ਦਾ ਪ੍ਰਚਾਰ ਕਰਨਾ ਸੀ *(ਹਾਲਾਂ ਕਿ ਇਹ ਵੀ ਇਕ ਹਿੰਦੂ ਕਰਮਕਾਂਡ ਨੂੰ ਸਿੱਖੀ ਰੂਪ ਦੇਣਾ ਹੀ ਸੀ)*। ਨਿਰੰਕਾਰੀ ਲਹਿਰ ਨੇ ਪੋਠੋਹਾਰ ਦੇ ਇਲਾਕੇ ਵਿਚ ਬੜਾ ਅਸਰ ਪਾਇਆ ਪਰ ਇਹ ਲਹਿਰ ਇਸ ਤੋਂ ਦੁਰੇਡੇ ਇਲਾਕਿਆਂ ਵਿਚ ਨਾ ਪੁਜ ਸਕੀ।

ਨਿਰੰਕਾਰੀ ਲਹਿਰ ਕਿਵੇਂ ਸ਼ੁਰੂ ਹੋਈ: ਨਿਰੰਕਾਰੀ ਲਹਿਰ ਦਾ ਮੁੱਢ (ਬਾਬਾ) ਦਿਆਲ ਨੇ ਬੰਨ੍ਹਿਆ ਸੀ। ਇਸ ਮਲਹੋਤਰਾ-ਖਤਰੀ ਪ੍ਰਵਾਰ ਦਾ ਪਿਛੋਕੜ ਕਾਬਲ ਦਾ ਸੀ ਪਰ ਮਗਰੋਂ ਉਹ ਪਿਸ਼ਾਵਰ ਆ ਗਏ ਸਨ। 1808 ਵਿਚ ਦਿਆਲ ਰਾਵਲਪਿੰਡੀ ਗਿਆ ਤੇ ਕਰਿਆਨੇ ਦੀ ਦੁਕਾਨ ਸ਼ੁਰੂ ਕਰ ਲਈ। ਉਹ 1809 ਵਿਚ ਭੇਰਾ ਗਿਆ ਤਾਂ ਉੱਥੇ ਦੇ ਇਕ ਖਤਰੀ ਚਰਨ ਦਾਸ ਕਪੂਰ ਨੇ ਆਪਣੀ ਧੀ ਦਾ ਵਿਆਹ ਉਸ ਨਾਲ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਇਹ ਮਹੀਨਾ ਚੇਤਰ (ਮਾਰਚ) ਦਾ ਸੀ ਤੇ ਹਿੰਦੂ ਇਸ ਮਹੀਨੇ ਵਿਚ ਵਿਆਹ ਨਹੀਂ ਕਰਦੇ, ਇਸ ਕਰ ਕੇ ਪੁਜਾਰੀਆਂ ਨੇ ਉਸ ਦਾ ਵਿਆਹ ਕਰਵਾਉਣ ਦੀਆਂ ਰਸਮਾਂ ਨਿਭਾਉਣ ਤੋਂ ਨਾਂਹ ਕਰ ਦਿਤੀ। ਮਜਬੂਰੀ ਵਿਚ ਇਹ ਰਸਮ ਗੁਰੂ ਗ੍ਰੰਥ ਸਾਹਿਬ ਵਿੱਚੋਂ ਲਾਵਾਂ ਦੇ ਚਾਰ ਸ਼ਬਦ, ਅਨੰਦ ਸਾਹਿਬ (ਛੇ ਸ਼ਬਦ) ਪੜ੍ਹ ਕੇ ਅਤੇ ਅਰਦਾਸ ਕਰ ਕੇ ਨਿਭਾਈ ਗਈ (ਅਨੰਦ ਸਾਹਿਬ ਪੂਰਾ ਪੜ੍ਹਨ ਦੀ ਜਗਹ ਇਸ ਦੇ ਪਹਿਲੇ ਪੰਜ ਤੇ ਆਖ਼ਰੀ ਸ਼ਬਦ ਪੜ੍ਹਨ ਦੀ ਰੀਤ ਵੀ ਇੱਥੋਂ ਹੀ ਸ਼ੁਰੂ ਹੋਈ ਸੀ)। ਬਸ ਇਸੇ ਤੋਂ ਹੀ ਇਸ 'ਨਿਰੰਕਾਰੀ' ਲਹਿਰ ਦਾ ਮੁੱਢ ਬੱਝ ਗਿਆ।

ਦਿਆਲ ਵਲੋਂ ਕੀਤੇ ਗਏ ਇਸ ਵਿਆਹ ਦਾ ਚਰਚਾ ਸਾਰੇ ਪਾਸੇ ਚਲ ਪਿਆ। ਆਪਣੇ ਵਿਆਹ ਵਿਚ ਪੁਜਾਰੀਆਂ ਵੱਲੋਂ ਰੁਕਾਵਟਾਂ ਖੜੀਆਂ ਕਰਨ ਦਾ ਉਸ ਦੇ ਮਨ ਵਿਚ ਬੜਾ ਗੁੱਸਾ ਸੀ, ਇਸ ਕਰ ਕੇ ਹੁਣ ਉਹ ਬ੍ਰਾਹਮਣਾਂ ਤੇ ਪੁਜਾਰੀਆਂ ਦੀ ਭਰਪੂਰ ਮੁਖ਼ਾਲਫ਼ਤ ਕਰਨ ਲਗ ਪਿਆ। ਹੁਣ ਉਸ ਨੇ ਰਾਵਲਪਿੰਡੀ ਵਿਚ ਇਸ ਦਾ ਪ੍ਰਚਾਰ ਵੀ ਸ਼ੁਰੂ ਕਰ ਦਿਤਾ। ਉਸ ਨੇ ਸਿਰਫ਼ ਵਿਆਹ ਹੀ ਨਹੀਂ ਬਲਕਿ ਹਰ ਇਕ ਰਸਮ ਵਿਚੋਂ ਬ੍ਰਾਹਮਣੀ ਕਰਮ-ਕਾਂਡ ਖ਼ਤਮ ਕਰਨ ਬਾਰੇ ਪਰਚਾਰ ਕਰਨਾ ਸ਼ੁਰੂ ਕਰ ਦਿਤਾ। ਉਹ

ਹਰ ਰੋਜ਼ ਸਵੇਰੇ ਬਾਰਾਦਰੀ ਗੁਰਦੁਆਰੇ ਜਾ ਕੇ ਕੀਰਤਨ ਕਰਦਾ ਅਤੇ ਲੋਕਾਂ ਨੂੰ ਕਰਮ ਕਾਂਡ ਅਤੇ ਵਹਿਮ-ਭਰਮ 'ਚੋਂ ਨਿਕਲਣ ਵਾਸਤੇ ਪ੍ਰਚਾਰ ਕਰਦਾ। ਹੌਲੀ-ਹੌਲੀ ਲੋਕ ਉਸ ਨਾਲ ਜੁੜਨ ਲਗ ਪਏ।

ਭਾਵੇਂ ਕੂਕਿਆਂ (ਨਾਮਧਾਰੀਆਂ) ਵਾਂਗ ਨਿਰੰਕਾਰੀਆਂ ਨੇ ਯਾਰ੍ਹਵਾਂ, ਬਾਰ੍ਹਵਾਂ ਗੁਰੂ ਵਾਲਾ ਪਾਖੰਡ ਤਾਂ ਨਹੀਂ ਕੀਤਾ ਪਰ ਉਨ੍ਹਾਂ ਨੇ ਇਹ ਜ਼ਰੂਰ ਪਰਚਾਰਿਆ ਕਿ (ਬਾਬਾ) ਦਿਆਲ ਨਿਰੰਕਾਰ ਦੇ ਦਰਬਾਰ ਵਿਚ ਗਿਆ ਜਿਥੇ ਗੁਰੂ ਨਾਨਕ ਸਾਹਿਬ ਤੇ ਬਾਕੀ ਨੌਂ ਗੁਰੂ ਵੀ ਬੈਠੇ ਹੋਏ ਸਨ। ਉਨ੍ਹਾਂ ਨੇ ਉਸ (ਦਿਆਲ) ਨੂੰ ਗੁਰਬਾਣੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦੇ ਅਧਾਰ ਤੇ ਲੋਕਾਂ ਵਿਚ ਧਰਮ ਦਾ ਪ੍ਰਚਾਰ ਕਰਨ ਵਾਸਤੇ ਹੁਕਮ ਦਿਤਾ। (*ਨਿਰੰਕਾਰੀ ਚਲਣ ਦਾ ਚਿੱਠਾ*, ਸਫ਼ਾ 91)।

ਹੌਲੀ-ਹੌਲੀ ਦਿਆਲ ਦੇ ਬਹੁਤ ਸਾਰੇ ਚੇਲੇ ਬਣ ਗਏ। 3 ਦਸੰਬਰ 1851 ਦੇ ਦਿਨ ਉਸ ਨੇ ਜ਼ਮੀਨ ਖ਼ਰੀਦ ਕੇ ਇਕ ਧਰਮਸਾਲਾ (ਗੁਰਦੁਆਰਾ) ਬਣਾਉਣੀ ਸ਼ੁਰੂ ਕਰ ਦਿਤੀ। ਦਿਆਲ ਦੀ ਮੌਤ (30 ਜਨਵਰੀ 1855) ਤੋਂ ਮਗਰੋਂ ਉਸ ਦਾ ਪੁੱਤਰ ਦਰਬਾਰਾ ਸਿੰਘ ਇਸ ਧਰਮਸਾਲਾ (ਗੁਰਦੁਆਰੇ) ਦਾ ਇੰਚਾਰਜ ਬਣਿਆ। ਉਸ ਨੇ ਦਿਆਲ ਤੋਂ ਵਧ ਪ੍ਰਚਾਰ ਕੀਤਾ ਅਤੇ ਪੋਠੋਹਾਰ ਦੇ ਬਹੁਤ ਸਾਰੇ ਇਲਾਕਿਆਂ ਵਿਚ ਲੋਕ ਉਸ ਦੇ ਚੇਲੇ ਬਣ ਗਏ। ਨਿਰੰਕਾਰੀਆਂ ਮੁਤਾਬਿਕ 40 ਪਿੰਡਾਂ ਵਿਚ ਉਨ੍ਹਾਂ ਦੇ ਸੈਂਟਰ ਬਣ ਚੁਕੇ ਸਨ। ਦਰਬਾਰਾ ਸਿੰਘ ਨੇ ਨਿਰੰਕਾਰੀ ਲਹਿਰ ਦੇ 'ਹੁਕਮਨਾਮੇ' (ਪ੍ਰਚਾਰ/ਸਿਖਿਆਵਾਂ) ਜਾਰੀ ਕਰਨੇ ਸ਼ੁਰੂ ਕਰ ਦਿਤੇ। ਸਭ ਤੋਂ ਪਹਿਲਾਂ ਅਜਿਹਾ ਚਿੱਠਾ 1857 ਵਿਚ ਛਾਪਿਆ ਗਿਆ ਸੀ।

ਗੁਰੂ ਗ੍ਰੰਥ ਸਾਹਿਬ ਦੁਆਲੇ ਲਾਂਵਾਂ ਸ਼ੁਰੂ ਕਰਨਾ: ਹੌਲੀ-ਹੌਲੀ ਦਰਬਾਰਾ ਸਿੰਘ ਨੇ ਇਕ ਫ਼ਿਰਕੇ ਦੇ ਆਗੂ ਵਾਂਗ ਵਿਚਰਨਾ ਸ਼ੁਰੂ ਕਰ ਦਿੱਤਾ। ਉਹ ਘੋੜੇ 'ਤੇ ਚੜ੍ਹ ਕੇ ਜਲੂਸਾਂ ਦੀ ਅਗਵਾਈ ਕਰਿਆ ਕਰਦਾ ਸੀ। ਦਰਬਾਰਾ ਸਿੰਘ ਨੇ ਸਿੱਖਾਂ ਦੇ ਵਿਆਹਾਂ ਵਾਸਤੇ ਇਕ ਹੋਰ ਨਵੀਂ ਰਸਮ ਸ਼ੁਰੂ ਕੀਤੀ। ਉਸ ਨੇ ਚਾਰ ਲਾਵਾਂ ਪੜ੍ਹਾ ਕੇ, ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਚਾਰ ਚੱਕਰ (ਫੇਰੇ) ਕੱਢਵਾ ਕੇ, ਅਰਦਾਸ ਕਰਨ ਦਾ ਤਰੀਕਾ ਸ਼ੁਰੂ ਕੀਤਾ। ਇਨ੍ਹਾਂ ਲਾਂਵਾਂ ਦੇ ਤਰੀਕੇ ਦਾ ਪਹਿਲਾ ਵਿਆਹ 12 ਮਾਰਚ 1855 ਦੇ ਦਿਨ ਕੀਤਾ ਗਿਆ। ਫਿਰ 11 ਅਪ੍ਰੈਲ 1862 ਨੂੰ ਅਜਿਹਾ ਇਕ ਵਿਆਹ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਕਰਨ ਦਾ ਪਲਾਨ ਵੀ ਬਣਾ ਲਿਆ ਗਿਆ ਪਰ ਪੁਜਾਰੀਆਂ ਦੀ ਮੁਖ਼ਾਲਫ਼ਤ ਕਾਰਨ ਇਹ ਵਿਆਹ ਮਹੰਤ ਦਿਆਲ ਸਿੰਘ ਦੇ ਗੁਰਦੁਆਰੇ ਵਿਚ ਕੀਤਾ ਗਿਆ। ਇਸ ਸਮੇਂ ਕਈ ਮੰਨੇ-ਪਰਮੰਨੇ ਸਿੱਖ ਰਈਸ/ਜ਼ਮੀਂਦਾਰ ਵੀ ਹਾਜ਼ਰ ਸਨ।

12 ਫਰਵਰੀ 1870 ਦੇ ਦਿਨ ਦਰਬਾਰਾ ਸਿੰਘ ਦੀ ਮੌਤ ਤੋਂ ਮਗਰੋਂ ਸਾਹਿਬ ਰੱਤਾ (ਜੋ ਮੋਨਾ ਸੀ) ਇਸ ਜਥੇ ਦਾ ਮੁੱਖੀ ਬਣਿਆ *(ਯਾਨਿ ਦਰਬਾਰਾ ਸਿੰਘ ਆਪਣੇ ਪੁੱਤਰ ਸਾਹਿਬ ਰੱਤਾ ਨੂੰ ਵੀ ਸਿੱਖੀ ਸਰੂਪ ਵਿਚ ਨਹੀਂ ਸੀ ਲਿਆ ਸਕਿਆ)*। ਸਾਹਿਬ ਰੱਤਾ ਨੇ ਵੀ ਨਿਰੰਕਾਰੀ ਲਹਿਰ ਦਾ ਬਹੁਤ ਪ੍ਰਚਾਰ ਕੀਤਾ। ਪੋਠੋਹਾਰ ਦੇ ਇਲਾਕੇ ਬਹੁਤ ਸਾਰੇ ਲੋਕ ਇਸ ਜਥੇ ਨਾਲ ਜੁੜ ਚੁਕੇ ਸਨ। ਹੁਣ ਇਹ ਜਥਾ ਵੀ ਇਕ ਆਮ ਡੇਰੇ ਵਾਂਗ ਬਣ ਚੁਕਾ ਸੀ। ਹੁਣ ਉਹ ਗੁਰੂ ਸਾਹਿਬਾਨ ਦੇ ਨਾਲ-ਨਾਲ ਦਿਆਲ ਅਤੇ ਦਰਬਾਰਾ ਸਿੰਘ ਦੀਆਂ 'ਬਰਸੀਆਂ' (ਮਰਨ ਦਿਨ) ਵੀ ਮਨਾਉਂਦੇ ਸਨ। ਉਨ੍ਹਾਂ ਦੇ ਹਰ ਇਕ ਚੇਲੇ ਵਾਸਤੇ 'ਨਿਰੰਕਾਰੀ ਚਲਣ ਦਾ ਚਿੱਠਾ' 'ਤੇ ਅਮਲ ਕਰਨਾ ਜ਼ਰੂਰੀ ਸੀ। ਛੇਤੀ ਹੀ

ਇਹ ਇਕ ਤਰ੍ਹਾਂ ਦਾ ਫ਼ਿਰਕਾ ਜਿਹਾ ਬਣ ਗਿਆ। ਇਨ੍ਹਾਂ ਨੇ ਤਾਂ ਹੌਲੀ-ਹੌਲੀ (ਬਾਬਾ) ਦਿਆਲ ਨੂੰ 'ਸਤਿਗੁਰੂ' ਵੀ ਕਹਿਣਾ ਸ਼ੁਰੂ ਕਰ ਦਿਤਾ। ਇਨ੍ਹਾਂ ਨੇ ਬਾਣੀ ਦੀ ਤੁਕ **'ਸਤਿਗੁਰੂ ਹੋਇ ਦਇਆਲੁ ਤ ਸਰਧਾ ਪੂਰੀਐ'** (ਗੁਰੂ ਗ੍ਰੰਥ ਸਾਹਿਬ, ਸਫ਼ਾ 149) ਵਿਚਲੇ ਲਫ਼ਜ਼ ਦਿਆਲ ਤੋਂ (ਬਾਬਾ) ਦਿਆਲ ਨੂੰ 'ਸਤਿਗੁਰੂ' ਸਾਬਿਤ ਕਰਨ ਵਾਸਤੇ ਵਰਤਣਾ ਸ਼ੁਰੂ ਕਰ ਦਿਤਾ। (ਇਨ੍ਹਾਂ ਦੀ ਅਰਦਾਸਿ ਵੀ 'ਕੂਕਿਆਂ' ਵਾਂਗ ਵੱਖਰੀ ਹੈ ਜਿਸ ਵਿਚ ਆਪਣੇ ਮੁਖੀ 'ਦਿਆਲ' ਦੀ ਅਰਦਾਸਿ ਵੀ ਕਰਦੇ ਹਨ)।

ਸਾਹਿਬ ਰੱਤਾ ਦੀ ਮੌਤ 3 ਜਨਵਰੀ 1909 ਨੂੰ ਹੋਈ। ਉਸ ਦੀ ਥਾਂ ਉਸ ਦਾ ਪੁੱਤਰ ਗੁਰਦਿੱਤ ਸਿੰਘ ਨਿਰੰਕਾਰੀ ਜਥੇ ਦਾ ਮੁੱਖੀ ਬਣਿਆ। 26 ਅਪ੍ਰੈਲ 1947 ਨੂੰ ਉਸ ਦੀ ਮੌਤ ਮਗਰੋਂ ਹਰਾ ਸਿੰਘ ਮੁੱਖੀ ਬਣਿਆ ਤੇ ਉਸ ਮਗਰੋਂ ਵਡਾ ਪੁੱਤਰ ਗੁਰਬਖ਼ਸ਼ ਸਿੰਘ *(ਇਸ ਦਾ ਭਰਾ ਚੰਡੀਗੜ੍ਹ ਦਾ ਡਾ: ਮਾਨ ਸਿੰਘ ਨਿਰੰਕਾਰੀ ਹੈ, ਜਿਸ ਦੀ ਆਪਣੀ ਔਲਾਦ ਵੀ ਸਿੱਖੀ ਨੂੰ ਛੱਡ ਚੁਕੀ ਹੈ)*। ਇਨ੍ਹਾਂ, 'ਅਸਲੀ' ਅਖਵਾਉਣ ਵਾਲੇ, ਨਿਰੰਕਾਰੀਆਂ ਦੇ ਸੈਂਟਰ ਚੰਡੀਗੜ੍ਹ ਵਿਚ ਦਿਆਲ ਜੀ ਤੇ ਰੱਤਾ ਜੀ ਦੀਆਂ ਤਸਵੀਰਾਂ ਲਗੀਆਂ ਹੋਈਆਂ ਹਨ ਤੇ ਉਨ੍ਹਾਂ ਦੇ ਹੇਠਾਂ **ਸਤਿਗੁਰੂ ਬਾਬਾ ਦਿਆਲ ਜੀ** ਅਤੇ **ਸਤਿਗੁਰੂ ਬਾਬਾ ਸਾਹਿਬ ਰੱਤਾ ਜੀ** ਲਿਖਿਆ ਹੋਇਆ ਹੈ। ਪਰ ਇਹ ਪਤਾ ਨਹੀਂ ਲੱਗਾ ਕਿ ਕੀ ਇਹ ਰੱਤਾ ਦੇ ਪੁੱਤਰ ਦਰਬਾਰਾ ਸਿੰਘ, ਉਸ ਦੇ ਪੁੱਤਰ ਗੁਰਦਿਤ ਸਿੰਘ, ਉਸ ਦੇ ਪੁੱਤਰਾਂ ਗੁਰਬਖ਼ਸ਼ ਸਿੰਘ ਤੇ ਮਾਨ ਸਿੰਘ ਨੂੰ ਵੀ **ਸਤਿਗੁਰੂ** ਲਿਖਦੇ ਹਨ ਕਿ ਨਹੀਂ। *(ਉਂਵ ਡਾ: ਮਾਨ ਸਿੰਘ ਬਾਰੇ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਉਹ ਆਪ ਸਿੱਖੀ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਹਨ)*।

ਨਿਰੰਕਾਰੀ ਭਾਵੇਂ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਕਦੇ ਵੀ ਸਿੱਖੀ ਤੋਂ ਵੱਖਰਾ ਪ੍ਰਚਾਰ ਨਹੀਂ ਕੀਤਾ ਤੇ ਉਹ ਸਿਰਫ਼ ਧਰਮ ਦਾ ਪ੍ਰਚਾਰ ਹੀ ਕਰਦੇ ਸਨ ਪਰ ਨਾ ਤਾਂ ਦਿਆਲ ਤੇ ਨਾ ਹੀ ਸਾਹਿਬ ਰੱਤਾ ਨੇ ਕਦੇ ਪਾਹੁਲ ਲਈ। ਉਂਵ, ਇਹ ਤਾਂ ਕੇਸਧਾਰੀ ਵੀ ਨਹੀਂ ਸਨ। ਹਾਂ ਸਿੰਘ ਸਭਾ ਲਹਿਰ ਦੇ ਸ਼ੁਰੂ ਹੋਣ ਮਗਰੋਂ ਇਨ੍ਹਾਂ ਦੇ ਵਾਰਿਸ ਸਿੱਖ ਸਜੇ ਸਨ। ਇਸ ਲਹਿਰ ਦਾ ਮੁੱਖ ਇਲਾਕਾ ਪੋਠੋਹਾਰ ਰਾਵਲਪਿੰਡੀ ਸੀ ਤੇ ਬਾਹਰ ਇਸ ਦਾ ਸ਼ਾਇਦ ਕੋਈ ਅਸਰ ਨਹੀਂ ਸੀ। ਗੁਰੂ ਗ੍ਰੰਥ ਸਾਹਿਬ ਦੁਆਲੇ ਲਾਂਵਾਂ ਨਾਲ ਵਿਆਹ ਸ਼ੁਰੂ ਕਰਨ ਤੋਂ ਸਿਵਾ ਇਨ੍ਹਾਂ ਦੀ ਕੋਈ ਅਹਿਮ ਕਾਰਵਾਈ ਨਹੀਂ ਸੀ।

1947 ਤੋਂ ਮਗਰੋਂ ਇਨ੍ਹਾਂ ਦੇ ਦੋ ਹਿੱਸੇ ਹੋ ਗਏ। ਇਨ੍ਹਾਂ ਦੇ ਇਕ ਹਿੱਸੇ ਦੇ ਖ਼ਿਲਾਫ਼ 10 ਜੂਨ 1978 ਨੂੰ ਪੰਥ ਵਲੋਂ ਮੁਕੰਮਲ ਬਾਈਕਾਟ ਦਾ ਗੁਰਮਤਾ/ਹੁਕਮਨਾਮਾ ਹੋਣ ਨਾਲ ਸਿੱਖਾਂ ਵਿਚ ਇਨ੍ਹਾਂ ਦੀ ਹੋਂਦ ਖ਼ਤਮ ਹੋ ਗਈ। ਇਨ੍ਹਾਂ ਨੂੰ 1978 ਤੋਂ) 'ਨਕਲੀ ਨਿਰੰਕਾਰੀ' ਕਿਹਾ ਜਾਣ ਲਗ ਪਿਆ।

ਨਕਲੀ ਨਿਰੰਕਾਰੀ: *(1947 ਤੋਂ ਮਗਰੋਂ ਦਿਲੀ ਵਿਚ ਚਲਿਆ 'ਨਿਰੰਕਾਰੀ ਦਰਬਾਰ' ਪੋਠੋਹਾਰ ਵਾਲਾ ਨਹੀਂ ਬਲਕਿ ਧਾਰਮਿਕ ਲੇਬਲ ਹੇਠ, ਇਕ ਮਾਫ਼ੀਆ ਵਰਗੀ, ਜਮਾਤ ਹੈ ਜਿਸ ਨੂੰ ਹਿੰਦੂ ਤੇ ਹੋਰ ਸਿੱਖ-ਵਿਰੋਧੀ ਏਜੰਸੀਆਂ ਦੀ ਸਿੱਧੀ ਹਮਾਇਤ ਹਾਸਿਲ ਹੈ। ਇਹ ਗੱਲ ਵੀ ਕਾਬਲੇ-ਜ਼ਿਕਰ ਹੈ ਕਿ ਇੰਦਰਾ ਗਾਂਧੀ ਵੀ ਇਸ ਗਰੁਪ ਦੇ ਜਲਸੇ ਵਿਚ ਨੰਗੇ ਪੈਰੀਂ ਜਾਇਆ ਕਰਦੀ ਸੀ ਤਾਂ ਜੋ ਉਸ ਦੀ 'ਸ਼ਰਧਾ' ਨੂੰ ਵੇਖ ਕੇ ਹੋਰ ਲੋਕ ਵੀ ਲੋਕ ਇਸ ਜਮਾਤ ਦੇ ਨਾਲ ਜੁੜਨ। ਸਰਕਾਰ ਅਤੇ ਫ਼ਿਰਕੂ ਹਿੰਦੂ ਜਥੇਬੰਦੀਆਂ ਦੀ ਖ਼ੁਫ਼ੀਆ ਸਰਪਰਸਤੀ ਰਾਧਾ ਸੁਆਮੀ, ਡੇਰਾ ਸਰਸਾ, ਆਸ਼ੂਤੋਸ਼ੀਆਂ-ਨੂਰਮਹਿਲੀਆਂ ਵਗ਼ੈਰਾ ਨੂੰ ਵੀ ਹਾਸਿਲ ਸੀ/ਹੈ।*

ਗਾਂਧੀ ਅਤੇ ਸਿੱਖ

ਗਾਂਧੀ ਇਕ ਆਮ ਫ਼ਿਰਕਾਪ੍ਰਸਤ 'ਹਿੰਦੂ' ਸੀ। ਉਸ ਦੀ ਸੋਚ ਇਕ ਆਮ ਬਾਣੀਏ ਹਿੰਦੂ ਵਾਲੀ ਸੀ। ਹਾਲਾਂ ਕਿ ਉਹ ਦਿਲੋਂ ਜ਼ਰਾ-ਮਾਸਾ ਵੀ ਧਾਰਮਿਕ ਨਹੀਂ ਸੀ। ਉਹ ਇੰਗਲੈਂਡ ਰਹਿੰਦਿਆਂ ਸ਼ਰਾਬ ਅਤੇ ਗਾਂ ਦਾ ਮਾਸ ਤਕ ਖਾ ਚੁਕਾ ਸੀ। ਉਹ ਸ਼ਾਇਦ ਕਾਮੀ ਵੀ ਸੀ। ਜਿਹੜਾ ਸ਼ਖ਼ਸ ਮਾਂ-ਬਾਪ ਦੇ ਮਰਨ ਦੇ ਪਲਾਂ ਵਿਚ ਪਤਨੀ ਨਾਲ ਭੋਗ ਕਰ ਰਿਹਾ ਹੋਵੇ ਉਸ ਵਿਚ ਵੱਡਿਆਂ/ਪਰਵਾਰ/ਸਮਾਜ ਵਾਸਤੇ ਕਿੰਨਾ ਕੂ ਪਿਆਰ/ਜਜ਼ਬਾਤ ਹੋ ਸਕਦਾ ਹੈ, ਇਸ ਗੱਲ ਦਾ ਅੰਦਾਜ਼ਾ ਸੌਖਿਆਂ ਹੀ ਲਾਇਆ ਜਾ ਸਕਦਾ ਹੈ।

ਪਰ ਉਹ ਧਾਰਮਿਕ ਨਾ ਹੋਣ ਦੇ ਬਾਵਜੂਦ ਫ਼ਿਰਕੂ ਜ਼ਰੂਰ ਸੀ। ਉਹ ਮੁਸਲਮਾਨਾਂ ਅਤੇ ਖ਼ਾਸ ਕਰ ਕੇ ਸਿੱਖਾਂ ਨੂੰ ਦਿਲੋਂ ਨਫ਼ਰਤ ਕਰਦਾ ਸੀ। ਉਹ ਤਾਂ 1920ਵਿਆਂ ਵਿਚ ਵੀ "ਰਾਮ ਰਾਜ" ਦੀਆਂ ਗੱਲਾਂ ਕਰਦਾ ਹੁੰਦਾ ਸੀ। 1923 ਵਿਚ ਜਦ ਉਸ ਨੇ ਤਕਲੀ ਨਾਲ ਕੱਤਣ ਦਾ ਪ੍ਰਚਾਰ ਸ਼ੁਰੂ ਕੀਤਾ ਤਾਂ ਉਸ ਨੇ ਇਹ ਪ੍ਰਚਾਰ ਵੀ ਕੀਤਾ ਕਿ ਤਕਲੀ ਵਿਚੋਂ ਨਿਕਲਣ ਵਾਲੇ ਹਰ ਧਾਗੇ ਤੇ ਰਾਮ ਤੇ ਕ੍ਰਿਸ਼ਨ ਦੀ ਮੁਹਰ ਹੋਣੀ ਚਾਹੀਦੀ ਹੈ। (ਇੰਦੂ ਲਾਲ ਕੇ. ਯੁਜਨੀਕ, *ਗਾਂਧੀ: ਐਜ਼ ਆਈ ਨਿਊ ਹਿਮ*, ਸਫ਼ਾ 302, ਜੀ.ਡੀ. ਤੇਂਦੁਲਕਰ, *ਮਹਾਤਮਾ: ਲਾਈਫ਼ ਆਫ਼ ਮੋਹਨ ਦਾਸ ਕਰਮ ਚੰਦ ਗਾਂਧੀ*)।

ਪਹਿਲਾਂ 1921 ਵਿਚ ਨਨਕਾਣਾ ਸਾਹਿਬ ਦੇ ਕਤਲੇਆਮ ਬਾਰੇ ਵੀ ਗਾਂਧੀ ਦਾ ਸਲੂਕ ਤਕਰੀਬਨ ਐਂਟੀ-ਸਿੱਖ ਸੀ। ਉਸ ਦੇ ਬਿਆਨਾਂ ਵਿਚੋਂ ਸ਼ਰੇਆਮ ਮਹੰਤਾਂ ਨਾਲ ਹਮਦਰਦੀ ਦਾ ਇਸ਼ਾਰਾ ਨਜ਼ਰ ਆਉਂਦਾ ਸੀ। ਉਸ ਨੇ ਤਾਂ ਇਹ ਕੋਸ਼ਿਸ਼ ਵੀ ਕੀਤੀ ਸੀ ਕਿ ਸਿੱਖ ਗੁਰਦੁਆਰਾ ਸੁਧਾਰ ਲਹਿਰ ਬੰਦ ਕਰ ਦੇਣ ਅਤੇ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਹੀ ਹਿੱਸਾ ਪਾਉਣ। (ਇਸ ਪਿੱਛੇ ਵੀ ਉਸ ਦਾ ਮਕਸਦ ਮਹੰਤਾਂ ਦੀ ਮਦਦ ਕਰਨਾ ਹੀ ਸੀ)। ਉਂਞ ਸਿੱਖ ਲੀਡਰਾਂ ਨੇ ਉਸ ਦੀ ਇਸ ਸਲਾਹ ਨੂੰ ਰੱਦ ਕਰ ਦਿੱਤਾ ਸੀ। ਹਾਂ ਸਿੱਖਾਂ ਨੇ ਇਕ ਗਲਤੀ ਜ਼ਰੂਰ ਕੀਤੀ ਸੀ ਕਿ ਉਸ ਦੇ ਕਿਹਾਂ ਨਨਕਾਣਾ ਸਾਹਿਬ ਦੇ ਕਤਲੇਆਮ ਸਬੰਧੀ ਸਰਕਾਰ ਨਾਲ ਨਾਮਿਲਵਰਤਣ ਦਾ ਮਤਾ ਜ਼ਰੂਰ ਪਾਸ ਕਰ ਦਿੱਤਾ ਸੀ। ਪਰ ਇਸ ਦੇ ਬਾਵਜੂਦ ਗਾਂਧੀ ਤੇ ਕਾਂਗਰਸ ਨੇ ਨਨਕਾਣਾ ਸਾਹਿਬ ਦੇ ਸਬੰਧ ਵਿਚ ਸਿਰਫ਼ ਇਕ-ਦੋ ਬਿਆਨ ਦੇਣ ਤੋਂ ਸਿਵਾ ਕੁਝ ਨਹੀਂ ਸੀ ਕੀਤਾ। ਉਲਟਾ ਸਿੱਖਾਂ ਅਤੇ ਸਰਕਾਰ ਵਿਚ ਵਿੱਥ ਵਧਾਈ ਸੀ।

ਗਾਂਧੀ ਹਮੇਸ਼ਾ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਇਕ ਅੰਗ ਕਿਹਾ ਕਰਦਾ ਸੀ। ਸਿੱਖ ਆਗੂਆਂ ਨੇ ਉਸ ਨੂੰ ਮਿਲ ਕੇ ਵੀ ਤੇ ਬਿਆਨਾਂ ਰਾਹੀਂ ਵੀ (ਤੇ ਇਕੱਠਾਂ ਤੇ ਮੀਟਿੰਗਾਂ ਵਿਚ ਵੀ) ਉਸ ਨੂੰ ਅਜਿਹਾ ਕਹਿਣ ਤੋਂ ਰੋਕਿਆ ਸੀ। (ਇਸ 'ਤੇ ਇਕ ਅਖ਼ਬਾਰ ਨੇ ਗਾਂਧੀ ਬਾਰੇ ਲਿਖਿਆ ਸੀ:**'ਮਹਾਤਮਾ ਗਾਂਧੀ ਪਾਗਲ ਹੋ ਗਿਆ'**(ਵੇਖੋ: ਅਖ਼ਬਾਰ ਦੇ ਉਸ ਸਫ਼ੇ ਦੀ ਫ਼ੋਟੋ, ***ਸਿੱਖ ਤਵਾਰੀਖ਼***, ਕਿਤਾਬ, ਜਿਲਦ ਤੀਜੀ, ਦੇ ਸਫ਼ਾ 898 'ਤੇ)।

ਜਦੋਂ ਉਹ ਪੰਜਾਬ ਆਇਆ ਤਾਂ ਉਸ ਨੇ ਮੰਨ ਲਿਆ ਕਿ ਮੈਂ ਅਜਿਹਾ ਪਬਲਿਕ ਵਿਚ ਕਦੇ ਨਹੀਂ ਕਹਾਂਗਾ ਪਰ ਫਿਰ ਵੀ ਉਹ ਟਲਿਆ ਨਹੀਂ। ਉਸ ਨੇ 9 ਅਪ੍ਰੈਲ 1925 ਦੇ 'ਯੰਗ ਇੰਡੀਆ ਵਿਚ ਇਕ ਲੇਖ ਲਿਖ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਹਿੰਦੂ ਧਰਮ ਦਾ ਰੱਖਿਅਕ ਪਰ ਇਕ ਭੁੱਲੜ ਦੇਸ਼ ਭਗਤ ਕਿਹਾ (ਪਰ ਉਸ ਨੇ ਸ਼ਿਵਾਜੀ ਮਰਹੱਟਾ ਤੇ ਰਾਣੀ ਝਾਂਸੀ ਨੂੰ ਕਦੇ ਭੁੱਲੜ ਨਹੀਂ ਕਿਹਾ)। ਜਦ ਮੰਗਲ ਸਿੰਘ ਨੇ ਉਸ ਨੂੰ ਇਸ ਬਾਰੇ ਸਪਸ਼ਟੀਕਰਨ ਵਾਸਤੇ ਕਿਹਾ ਤਾਂ ਉਸ ਨੇ ਗ਼ਲਤੀ ਨਹੀਂ ਮੰਨੀ ਤੇ ਆਪਣੀ ਗੱਲ 'ਤੇ ਅੜਿਆ ਰਿਹਾ, ਸਗੋਂ ਉਸ ਨੇ ਕ੍ਰਿਸ਼ਨ ਬਾਰੇ ਨਵੀਂ ਟਿੱਪਣੀ ਦੇ ਦਿੱਤੀ ਕਿ ਕ੍ਰਿਸ਼ਨ 'ਇਤਿਹਾਸਕ ਇਨਸਾਨ ਨਹੀਂ ਸੀ' ਤੇ ਜੇ ਇਹ ਸਾਬਿਤ ਹੋ ਜਾਵੇ ਕਿ ਮਹਾਂਭਾਰਤ 'ਇਤਿਹਾਸ' ਸੀ ਤਾਂ ਮੈਂ ਕ੍ਰਿਸ਼ਨ ਨੂੰ ਰੱਬ ਦਾ ਅਵਤਾਰ ਮੰਨਣ ਤੋਂ ਸਾਫ਼ ਇਨਕਾਰ ਕਰ ਦੇਵਾਂਗਾ।' ਉਂਞ ਗਾਂਧੀ ਨੇ ਮੰਨਿਆ ਕਿ ਉਸ ਨੇ ਸਿੱਖ ਆਗੂਆਂ ਨਾਲ ਵਾਅਦਾ ਕੀਤਾ ਸੀ ਕਿ ਮੈਂ ਉਨ੍ਹਾਂ ਨੂੰ ਹਿੰਦੂ ਧਰਮ ਦਾ ਅੰਗ ਨਹੀਂ ਕਹਾਂਗਾ। ਪਰ ਗਾਂਧੀ ਫਿਰ ਵੀ ਵਾਰ-ਵਾਰ ਸਿੱਖ ਧਰਮ 'ਤੇ ਹਮਲੇ ਕਰਦਾ ਰਿਹਾ। (ਵੇਖੋ: ਗਾਂਧੀ ਦੇ ਉਸ ਲੇਖ ਤੇ ਉਸ ਦੇ ਸਪਸ਼ਟੀਕਰਨ ਬਾਰੇ 8 ਅਕਤੂਬਰ 1925 ਦੇ ਕੌਮੀ ਦਰਦ ਦੀ ਰਿਪੋਰਟਿੰਗ, ***ਸਿੱਖ ਤਵਾਰੀਖ਼,*** ਜਿਲਦ ਤੀਜੀ, ਦੇ ਸਫ਼ਾ 990 'ਤੇ)।

1929 ਦੇ ਲਾਹੌਰ ਸੈਸ਼ਨ ਵਿਚ ਕਾਂਗਰਸ ਨੇ ਮਤਾ ਪਾਸ ਕੀਤਾ ਸੀ ਕਿ 'ਕਾਂਗਰਸ ਕੋਈ ਐਸਾ ਕਾਨੂੰਨ ਮਨਜ਼ੂਰ ਨਹੀਂ ਕਰੇਗੀ ਜੋ ਸਿੱਖਾਂ (ਤੇ ਹੋਰ ਅਕਲੀਅਤਾਂ) ਨੂੰ ਮਨਜ਼ੂਰ ਨਹੀਂ ਹੋਵੇਗਾ।' 1931 ਵਿਚ ਗਾਂਧੀ ਨੇ ਸਿੱਖਾਂ ਨੂੰ ਭਰਮਾਉਣ ਵਾਸਤੇ ਇਕ ਵਾਰ ਕਿਰਪਾਨ ਦੀ ਸਿਫ਼ਤ ਵੀ ਕੀਤੀ ਸੀ। 16 ਮਾਰਚ 1931 ਨੂੰ ਗਾਂਧੀ ਨੇ ਸੀਸ ਗੰਜ ਦਿੱਲੀ ਵਿਚ ਕਿਹਾ ਕਿ **'ਕਾਂਗਰਸ ਸਿੱਖਾਂ ਨਾਲ ਕਦੀ ਵਿਸਾਹਘਾਤ ਨਹੀਂ ਕਰੇਗੀ, ਤੇ ਲਾਹੌਰ ਦੇ ਮਤੇ ਅਨੁਸਾਰ ਕੋਈ ਅਜਿਹਾ ਆਈਨ ਨਹੀਂ ਬਣਾਇਆ ਜਾਏਗਾ ਜੋ ਸਿੱਖਾਂ ਨੂੰ ਮਨਜ਼ੂਰ ਨਾ ਹੋਵੇ। ਇਸ ਸੂਰਤ ਵਿਚ ਸਿੱਖਾਂ ਨੂੰ ਹੱਕ ਹੋਵੇਗਾ ਕਿ ਉਹ ਹੱਥ ਵਿਚ ਤਲਵਾਰ ਫੜ ਕੇ ਬਗ਼ਾਵਤ ਕਰਨ, ਵਾਹਿਗੁਰੂ ਤੇ ਮਨੁਖ ਜਾਤੀ ਉਨ੍ਹਾਂ ਦੀ ਮਦਦ ਕਰਨਗੇ।'**

ਇਹੀ ਵਾਇਦਾ ਮਗਰੋਂ 6 ਜੁਲਾਈ 1946 ਨੂੰ ਕਲਕੱਤਾ ਵਿਚ ਜਵਾਹਰ ਲਾਲ ਨਹਿਰੂ ਵਲੋਂ ਵੀ ਦੁਹਰਾਇਆ ਗਿਆ। ਨਹਿਰੂ ਦੇ ਲਫ਼ਜ਼ ਸਨ **'ਪੰਜਾਬ ਦੇ ਬਹਾਦਰ ਸਿੱਖ ਖ਼ਾਸ ਸਲੂਕ ਦੇ ਹਕਦਾਰ ਹਨ। ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਦਿਸਦਾ ਕਿ ਹਿੰਦੂਸਤਾਨ ਦੇ ਉੱਤਰ ਵਿਚ ਇਕ ਅਜੇਹਾ ਇਲਾਕਾ ਵਖਰਾ ਕਰ ਦਿੱਤਾ ਜਾਵੇ ਜਿਸ ਵਿਚ ਆਜ਼ਾਦੀ ਦਾ ਨਿਘ ਸਿੱਖਾਂ ਦੇ ਲਹੂ ਨੂੰ ਵੀ ਗਰਮਾਵੇ।'**

1936 ਵਿਚ ਜਦ ਅੰਬੇਦਕਰ ਨੇ ਸਿੱਖ ਬਣਨ ਵੱਲ ਇਸ਼ਾਰਾ ਕੀਤਾ ਸੀ ਤਾਂ ਗਾਂਧੀ ਨੇ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ ਸੀ, ਜਿਸ ਨਾਲ ਉਸ ਨੇ ਸਿੱਖ ਬਣਨ ਤੋਂ ਨਾਂਹ ਕਰ ਦਿੱਤੀ ਸੀ। *(ਇਹ ਬੇਸ਼ਕ ਅੰਬੇਦਕਰ ਦੀ ਕਮਜ਼ੋਰੀ ਸੀ ਕਿ ਉਹ ਇਕ ਹਿੰਦੂ ਆਗੂ ਅੱਗੇ ਝੁਕ ਗਿਆ ਜਿਸ ਦਾ ਨਤੀਜਾ ਉਸ ਨੂੰ ਜ਼ਿੰਦਗੀ ਭਰ ਭੋਗਣਾ ਪਿਆ ਤੇ ਉਹ ਇਕ ਨਿਰਾਸ ਆਗੂ ਵਾਂਗ ਇਸ ਦੁਨੀਆਂ ਤੋਂ ਚਲਾ ਗਿਆ)।*

ਅਗਸਤ 1940 ਹੀ ਮਾਸਟਰ ਤਾਰਾ ਸਿੰਘ ਨੇ ਕਾਂਗਰਸ ਪ੍ਰਧਾਨ ਅਬੂ ਕਲਮ ਮੌਲਾਨਾ ਆਜ਼ਾਦ ਨੂੰ ਲਿਖੇ ਇਕ ਖ਼ਤ ਵਿਚ ਫ਼ੌਜ ਵਿਚ ਸਿੱਖਾਂ ਦੀ ਵਧੇਰੇ ਭਰਤੀ ਦੀ ਗੱਲ ਆਖੀ ਹੋਈ ਸੀ। ਮਾਸਟਰ ਤਾਰਾ ਸਿੰਘ ਨੇ ਇਸ ਦੀ ਇਕ ਕਾਪੀ ਗਾਂਧੀ ਨੂੰ ਵੀ ਭੇਜ ਦਿਤੀ ਸੀ। ਗਾਂਧੀ ਨੇ ਮਾਸਟਰ ਤਾਰਾ ਸਿੰਘ ਦੀ ਚਿੱਠੀ ਦੇ ਜਵਾਬ ਵਿਚ ਇਹ ਵੀ ਲਿਖਿਆ ਕਿ:

"You have nothing in common with Congress --- you believe in the rule of sword, the Congress does not..." ('ਤੁਹਾਡੇ ਅਤੇ ਕਾਂਗਰਸ ਵਿਚ ਕੁਝ ਵੀ ਸਾਂਝਾ ਨਹੀਂ। ਤੁਸੀਂ ਕਿਰਪਾਨ ਵਿਚ ਯਕੀਨ ਰਖਦੇ ਹੋ ਤੇ ਕਾਂਗਰਸ ਨਹੀਂ')।

ਇਸ 'ਤੇ ਮਾਸਟਰ ਤਾਰਾ ਸਿੰਘ ਨੇ ਗਾਂਧੀ ਨਾਲ ਹੋਈ ਖ਼ਤੋ-ਖ਼ਤਾਬਤ ਪ੍ਰੈਸ ਨੂੰ ਰਿਲੀਜ਼ ਕਰਨ ਦੇ ਨਾਲ ਹੀ 12 ਸਤੰਬਰ 1940 ਨੂੰ ਕੌਮੀ ਤੇ ਸੂਬਾਈ ਕਾਂਗਰਸ ਤੋਂ ਅਸਤੀਫ਼ੇ ਦੇ ਦਿੱਤੇ। ਅਸਤੀਫ਼ੇ ਵਿਚ ਮੌਲਾਨਾ ਅਤੇ ਗਾਂਧੀ ਨਾਲ ਵਿਚਾਰਾਂ ਦੇ ਫ਼ਰਕ ਅਤੇ ਰਾਜੀ ਜੀ ਦੀ ਪੇਸ਼ਕਸ਼ ਦੇ ਵਿਰੋਧ ਦਾ ਜ਼ਿਕਰ ਕੀਤਾ ਗਿਆ ਸੀ।

15 ਸਤੰਬਰ 1940 ਨੂੰ ਉਰਦੂ ਅਖਬਾਰਾਂ 'ਪ੍ਰਤਾਪ', 'ਮਿਲਾਪ' ਤੇ 'ਵੀਰ ਭਾਰਤ' ਨੇ ਗਾਂਧੀ ਦਾ ਵਿਰੋਧ ਤੇ ਮਾਸਟਰ ਤਾਰਾ ਸਿੰਘ ਦੀ ਹਿਮਾਇਤ ਕੀਤੀ। ਅਖ਼ਬਾਰਾਂ ਨੇ ਮੌਲਾਨਾ ਅਜ਼ਾਦ ਨੂੰ ਮਾਸਟਰ ਤਾਰਾ ਸਿੰਘ ਤੋਂ ਮੁਆਫ਼ੀ ਮੰਗਣ ਵਾਸਤੇ ਕਿਹਾ (ਉਨ੍ਹਾਂ ਨੇ ਗਾਂਧੀ ਨੂੰ ਮੁਆਫ਼ੀ ਮੰਗਣ ਵਾਸਤੇ ਨਹੀਂ ਕਿਹਾ ਸੀ, ਹਾਲਾਂ ਕਿ ਸਿੱਖ ਧਰਮ ਦੇ ਖ਼ਿਲਾਫ਼ ਲਫ਼ਜ਼ ਗਾਂਧੀ ਨੇ ਵਰਤੇ ਸਨ, ਮੌਲਾਣਾ ਅਜ਼ਾਦ ਨੇ ਨਹੀਂ)। ਅਖ਼ਬਾਰਾਂ ਨੇ ਕਿਹਾ ਕਿ ਸਿੱਖਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਅੱਖੋਂ ਓਹਲੇ ਕੀਤਾ ਗਿਆ ਹੈ। ਪਰ 18 ਸਤੰਬਰ 1940 ਨੂੰ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ ਕਿ ਕਾਂਗਰਸ ਤੋਂ ਮੇਰਾ ਅਸਤੀਫ਼ਾ ਸ਼ਖ਼ਸੀ ਹੈ ਅਕਾਲੀ ਦਲ ਕਾਂਗਰਸ ਦੇ ਨਾਲ ਹੀ ਰਹੇਗਾ। ਮਾਸਟਰ ਤਾਰਾ ਸਿੰਘ ਦਾ ਇਹ ਬਿਆਨ ਗ਼ਲਤ ਸੀ ਕਿਉਂਕਿ ਗਾਂਧੀ ਨੇ ਮਾਸਟਰ ਤਾਰਾ ਸਿੰਘ ਦੇ ਨਿਜ ਦੇ ਖ਼ਿਲਾਫ਼ ਕੁਝ ਨਹੀਂ ਸੀ ਕਿਹਾ ਬਲਕਿ ਸਿੱਖ ਧਰਮ ਦੀ ਕਿਰਪਾਨ ਦੇ ਖ਼ਿਲਾਫ਼ ਨਫ਼ਰਤ ਉਗਲੀ ਸੀ। ਬਣਦਾ ਤਾਂ ਇਹ ਸੀ ਕਿ ਸਾਰੀ ਸਿੱਖ ਕੌਮ ਗਾਂਧੀ ਦੇ ਖ਼ਿਲਾਫ਼ ਉੱਠ ਖੜੋਂਦੀ ਪਰ ਅਹਿਮਕ ਤੇ ਬੁਜ਼ਦਿਲ ਸਿੱਖ ਆਗੂ ਸੁਸਰੀ ਵਾਂਗ ਸੁੱਤੇ ਰਹੇ।

28 ਸਤੰਬਰ 1940 ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਗਾਂਧੀ ਦੇ ਸਿੱਖਾਂ ਸਬੰਧੀ ਲਫ਼ਜ਼ਾਂ ਦੀ ਨਿੰਦਾ ਕੀਤੀ ਤੇ ਮੰਗ ਕੀਤੀ ਕਿ ਕਾਂਗਰਸ ਮੌਲਾਨਾ ਆਜ਼ਾਦ (ਗਾਂਧੀ ਦੇ ਨਹੀਂ) ਦੇ ਬਿਆਨ ਬਾਰੇ ਆਪਣੀ ਪੁਜ਼ੀਸ਼ਨ ਸਾਫ਼ ਕਰੇ। ਅਕਾਲੀ ਦਲ ਨੇ 1929 ਦੇ ਸਿੱਖਾਂ ਨੂੰ ਦਿੱਤੇ ਭਰੋਸੇ ਯਾਦ ਰੱਖਣ ਲਈ ਕਿਹਾ ਅਤੇ ਰਾਜਾ ਜੀ ਦੀ ਪੇਸ਼ਕਸ਼ ਦਾ ਵਿਰੋਧ ਕੀਤਾ। 15 ਅਕਤੂਬਰ 1940 ਨੂੰ ਨਹਿਰੂ ਨੇ ਵੀ ਇਕ ਬਿਆਨ ਵਿਚ ਸਿੱਖ ਆਗੂਆਂ ਨੂੰ ਅੰਗਰੇਜ਼ਾਂ ਨਾਲ ਮਿਲਵਰਤਣ ਜਾਂ ਕਾਂਗਰਸ ਦਾ ਸਾਥ ਵਿਚੋਂ ਇੱਕ ਰਾਹ ਚੁਣਨ ਵਾਸਤੇ ਕਿਹਾ। ਪਰ, ਗਾਂਧੀ ਅਤੇ ਨਹਿਰੂ ਦੇ ਵਤੀਰੇ ਦੇ ਬਾਵਜੂਦ ਅਕਾਲੀ ਦਲ ਤੇ ਕਾਂਗਰਸ ਇਕੱਠੇ ਚਲਦੇ ਰਹੇ ਨਾ ਫ਼ੁਰਮਾਨੀ ਦੀ ਹਿਮਾਇਤ ਬਾਰੇ

ਮਤਾ ਪਾਸ ਕੀਤਾ। ਇਸ ਵੇਲੇ ਅਕਾਲੀ ਦਲ ਦੇ ਪਰਧਾਨ ਤੇਜਾ ਸਿੰਘ ਅਕਰਪੁਰੀ ਸਨ।

31 ਦਸੰਬਰ 1940 ਨੂੰ ਅਕਾਲੀ ਕਾਨਫ਼ਰੰਸ ਫ਼ਤਿਹਗੜ੍ਹ ਵਿਚ ਹੋਈ। ਇਸ ਵਿਚ ਗਿਆਨੀ ਕਰਤਾਰ ਸਿੰਘ, ਈਸ਼ਰ ਸਿੰਘ ਮਝੈਲ ਆਦਿਕ ਨੇ ਕਾਂਗਰਸੀ ਰੋਲ ਨੂੰ ਨਾ-ਪਸੰਦ ਕਰਨ ਸਬੰਧੀ ਤਕਰੀਰਾਂ ਕੀਤੀਆਂ। ਮਾਸਟਰ ਅਜੀਤ ਸਿੰਘ ਅੰਬਾਲਵੀ ਨੇ ਕਿਹਾ ਕਿ "ਅਹਿੰਸਾ ਸਿੱਖ ਸਿਧਾਂਤਾਂ ਦੇ ਵਿਰੁੱਧ ਹੈ। ਸਿੱਖ ਗੁਰੂਆਂ ਨੇ ਕਈ ਵਾਰੀ ਆਪਣੇ ਸਿਧਾਂਤਾਂ ਦੀ ਰਾਖੀ ਵਾਸਤੇ ਤੇ ਜ਼ਾਲਮ ਨਾਲ ਮੁਕਾਬਲਾ ਕਰਨ ਵਾਸਤੇ ਹਿੰਸਾ ਦੀ ਵਰਤੋਂ ਕੀਤੀ ਹੈ।"

ਕੁਝ ਸਿੱਖ ਆਗੂਆਂ ਨੇ ਗਾਂਧੀ ਦੇ ਖ਼ਿਲਾਫ਼ ਬਿਆਨ ਜ਼ਰੂਰ ਦਿੱਤੇ ਪਰ ਉਹ ਵੀ ਨਰਮ-ਨਰਮ ਜਿਹੇ; ਪਰ, ਇਸ ਦੇ ਬਾਵਜੂਦ ਉਹ ਗਾਂਧੀ ਨੂੰ ਆਪਣਾ ਲੀਡਰ ਮੰਨਦੇ ਰਹੇ। ਏਨੀ ਕੂ ਸੂਝ ਸੀ ਅਕਾਲੀ ਆਗੂਆਂ ਵਿਚ ਕਿ ਉਹ ਆਪਣਾ ਗੁੱਝਾ ਦੁਸ਼ਮਣ ਵੀ ਨਹੀਂ ਸਨ ਪਹਿਚਾਣਦੇ ਤੇ ਨਾ ਹੀ ਉਹ ਜੁਰਅਤ ਰਖਦੇ ਸਨ ਕਿ ਇਹੋ ਜਿਹੇ ਦੰਭੀ, ਬੇਈਮਾਨ ਤੇ ਧੋਖੇਬਾਜ਼ ਨੂੰ ਰੱਦ ਕਰ ਸਕਦੇ। ਸਭ ਤੋਂ ਅਜੀਬ ਰੋਲ ਸੀ ਅਮਰ ਸਿੰਘ ਝਬਾਲ, ਸਰਦੂਲ ਸਿੰਘ ਕਵੀਸ਼ਰ ਤੇ ਊਧਮ ਸਿੰਘ ਨਾਗੋਕੇ ਧੜਿਆਂ ਅਤੇ ਮੰਗਲ ਸਿੰਘ ਤੇ ਹੀਰਾ ਸਿੰਘ ਦਰਦ ਵਰਗੇ ਆਗੂਆਂ ਦਾ, ਜੋ ਇਸ ਸਭ ਕੁਝ ਦੇ ਬਾਵਜੂਦ ਗਾਂਧੀ ਨੂੰ ਹੀ ਸਭ ਕੁਝ ਮੰਨਦੇ ਸਨ ਤੇ ਉਨ੍ਹਾਂ ਨੂੰ ਉਸ ਦਾ ਫ਼ਿਰਕੂ ਤੇ ਐਂਟੀ-ਸਿੱਖ ਰੋਲ ਵੀ ਝੰਜੋੜਦਾ ਨਹੀਂ ਸੀ। ਇਹ ਹਾਲਤ ਸੀ ਅਹਿਮਕ ਸਿੱਖ ਚੌਧਰੀਆਂ ਦੀ। ਇਹ ਲੋਕ ਮੂਰਖਾਨਾ ਹੱਦ ਤੱਕ ਕਾਂਗਰਸ ਤੇ ਗਾਂਧੀ ਦੀ ਪੈਰੋਕਾਰੀ ਹੀ ਨਹੀਂ ਚਾਪਲੂਸੀ ਤਕ ਕਰਦੇ ਸਨ।

ਇਸ ਮਗਰੋਂ ਵੀ ਗਾਂਧੀ ਅਕਸਰ ਸਿੱਖਾਂ ਅਤੇ ਕਿਰਪਾਨ ਬਾਰੇ ਬੋਲਿਆ ਕਰਦਾ ਸੀ। ਉਸ ਨੇ ਆਪਣੇ ਪਰਚੇ *ਹਰੀਜਨ* ਦੇ 5 ਅਤੇ 12 ਜੁਲਾਈ 1942 ਪਰਚਿਆਂ ਵਿਚ ਸ਼ਰੇਆਮ ਕਿਰਪਾਨ ਦੇ ਖ਼ਿਲਾਫ਼ ਲਿਖਿਆ।

ਕਾਂਗਰਸ ਵਿਚ ਸਿੱਖ-ਵਿਰੋਧੀ ਤੇ ਫ਼ਿਰਕੂ ਮਾਹੌਲ ਦੀ ਹੱਦ ਤਾਂ ਇਥੋਂ ਤਕ ਸੀ ਕਿ 1945 ਵਿਚ ਕਾਂਗਰਸ ਸੈਂਟਰਲ ਪਾਰਟੀ ਦੇ ਚੀਫ਼ ਵਿੱਪ ਨੇ ਮੰਗਲ ਸਿੰਘ ਐਮ.ਪੀ. ਨੂੰ ਇੱਥੋਂ ਤਕ ਹੁਕਮ ਜਾਰੀ ਕੀਤਾ ਸੀ ਕਿ ਉਹ ਅਸੈਂਬਲੀ ਵਿਚ ਸਿੱਖਾਂ ਬਾਰੇ ਸਵਾਲ ਨਾ ਪੁੱਛਿਆ ਕਰੇ। ਇਸ 'ਤੇ ਅਕਾਲੀ ਦਲ ਨੇ ਉਸ ਨੂੰ ਅਪੋਜ਼ੀਸ਼ਨ ਵਿਚ ਬੈਠਣ ਅਤੇ ਸਿੱਖ ਹੱਕਾਂ ਸਬੰਧੀ ਅਕਾਲੀ ਦਲ ਦੀ ਪਾਲਸੀ ਅਨੁਸਾਰ ਚਲਣ ਵਾਸਤੇ ਕਿਹਾ।

15 ਅਗਸਤ 1947 ਤੋਂ ਬਾਅਦ ਗਾਂਧੀ ਸਿਰਫ਼ ਸਾਢੇ ਪੰਜ ਮਹੀਨੇ ਹੀ ਜੀਵਿਆ ਪਰ ਉਸ ਨੇ ਇਸ ਸਮੇਂ ਦੌਰਾਨ ਵੀ ਦਰਜਨਾਂ ਵਾਰ ਸਿੱਖਾਂ ਦੇ ਖ਼ਿਲਾਫ਼ ਘਟੀਆ ਕਿਸਮ ਦੇ ਬੋਲ ਬੋਲੇ। ਇਸ ਦੀਆਂ ਕੁਝ ਮਿਸਾਲਾਂ (ਉਸ ਦੀਆਂ ਆਪਣੀਆਂ ਲਿਖਤਾਂ ਵਿਚੋਂ) ਹਾਜ਼ਿਰ ਹਨ:

ਇਕ ਵਾਰ ਉਸ ਨੇ ਸਿੱਖਾਂ ਨੂੰ ਹਿੰਦੂ ਕਿਹਾ ਅਤੇ ਨਾਲ ਹੀ ਕਹਿਣ ਲੱਗਾ ਕਿ: ਸਿੱਖਾਂ ਨੂੰ ਵਖਰਾ ਧਰਮ ਤਾਂ ਮੈਕਾਲੇ (ਉਹ ਸ਼ਾਇਦ ਕਨਿੰਘਮ ਕਹਿਣਾ ਚਾਹੁੰਦਾ ਸੀ) ਨੇ ਕਿਤਾਬ ਲਿਖ ਕੇ ਬਣਾਇਆ ਸੀ। ਗਾਂਧੀ ਦੇ ਲਫ਼ਜ਼ਾਂ ਵਿਚ: **'ਇਹ ਸਾਰਾ ਮੈਕਾਲੇ ਨੇ ਖੜਾ ਕੀਤਾ ਸੀ। ਉਹ ਇਤਿਹਾਸਕਾਰ ਤਾਂ ਸੀ ਹੀ ਨਹੀਂ। ਉਸ ਨੇ ਸਿੱਖਾਂ ਨੂੰ ਅਲਗ**

ਧਰਮ ਕਹਿਣ ਦੀ ਜ਼ਹਿਰ ਫੈਲਾਈ ਜਿਸ ਨੂੰ ਹਰ ਇਕ ਨੇ ਨਿਗਲ ਲਿਆ।' (ਗਾਂਧੀ, *ਕੁਲੈਕਟਡ ਵਰਕਸ*, ਜਿਲਦ 88, ਸਫ਼ੇ 4-5)।

ਗ੍ਰੰਥ ਸਾਹਿਬ ਕੀ ਹੈ, ਇਹ ਤਾਂ ਹਿੰਦੂ ਸ਼ਾਸ਼ਤਰਾਂ 'ਤੇ ਅਧਾਰਤ ਹੈ।...ਇਹ ਸਿੱਖਾਂ ਦਾ ਸਵਾ ਲਾਖ ਕੀ ਮਜ਼ਾਕ ਹੈ। ਐਟਮ ਬੰਬ ਦੇ ਇਸ ਜ਼ਮਾਨੇ ਵਿਚ ਸਿੱਖਾਂ ਦੀ ਕਿਰਪਾਨ ਇਕ ਜ਼ੰਗਾਲ ਲੱਗਾ ਹਥਿਆਰ ਹੈ। (ਗਾਂਧੀ, *ਕੁਲੈਕਟਡ ਵਰਕਸ*, ਜਿਲਦ 89, ਸਫ਼ਾ 284)।

ਜਿਸ ਤਰ੍ਹਾਂ ਲੋਕ ਕਿਰਪਾਨ ਪਹਿਨੀ ਫਿਰਦੇ ਹਨ; ਇਹ ਇਕ ਜੰਗਲੀ ਵਰਤਾਰਾ ਹੈ (ਗਾਂਧੀ, *ਕੁਲੈਕਟਡ ਵਰਕਸ*, ਜਿਲਦ 89, ਸਫ਼ੇ 274)।

ਸਿੱਖ ਕਹਿੰਦੇ ਹਨ ਕਿ ਉਹ ਪ੍ਰੀਵੀ ਕੌਂਸਲ ਦੇ ਫ਼ੈਸਲੇ ਮੁਤਾਬਿਕ ਕਿਸੇ ਵੀ ਸਾਈਜ਼ ਦੀ ਕਿਰਪਾਨ ਪਹਿਣ ਸਕਦੇ ਹਨ। ਹੁਣ ਹਿੰਦੂਆਂ ਦੀ ਹਕੂਮਤ ਹੈ ਤੇ ਪ੍ਰੀਵੀ ਕੌਂਸਲ ਦਾ ਫ਼ੈਸਲਾ ਖ਼ਤਮ ਹੋ ਚੁਕਾ ਹੈ (ਗਾਂਧੀ, *ਕੁਲੈਕਟਡ ਵਰਕਸ*, ਜਿਲਦ 90, ਸਫ਼ਾ 72-73)।

ਇਕ ਸਿੱਖ ਜੇ ਸਵਾ ਲੱਖ ਹੈ ਤਾਂ ਉਹ ਦੁਸ਼ਮਣ ਨੂੰ ਮੁੱਕਿਆਂ ਨਾਲ ਹੀ ਮਾਰ ਸਕਦਾ ਹੈ, ਕਿਰਪਾਨ ਦੀ ਕੀ ਲੋੜ ਹੈ?... ਗੁਰੂ ਨਾਨਕ ਨੇ ਕਦੇ ਨਹੀਂ ਸੀ ਕਿਹਾ ਕਿ ਮੈਂ ਹਿੰਦੂ ਨਹੀਂ, ਨਾ ਹੀ ਕਿਸੇ ਹੋਰ ਗੁਰੂ ਨੇ ਅਜਿਹਾ ਕਿਹਾ। ਸਿੱਖ, ਹਿੰਦੂ, ਬੋਧੀ, ਜੈਨੀ ਧਰਮਾਂ ਨੂੰ ਅਲਗ ਨਹੀਂ ਮੰਨਿਆ ਜਾ ਸਕਦਾ। ਇਹ ਸਾਰੇ ਇਸ ਹਿੰਦੂ ਧਰਮ ਦੀਆਂ ਸ਼ਾਖ਼ਾਵਾਂ ਹਨ। ਹਿੰਦੂ ਧਰਮ ਇਕ ਸਮੁੰਦਰ ਹੈ ਜਿਸ ਵਿਚ ਸਾਰੇ ਦਰਿਆ ਸਮਾ ਜਾਂਦੇ ਹਨ (ਗਾਂਧੀ, *ਕੁਲੈਕਟਡ ਵਰਕਸ*, ਜਿਲਦ 90, ਸਫ਼ਾ 177)।

ਮੈਂ ਤੁਹਾਡਾ ਗ੍ਰੰਥ ਸਾਹਿਬ ਪੜ੍ਹਦਾ ਹਾਂ, ਪਰ ਮੈਂ ਇਹ ਤੁਹਾਨੂੰ ਖ਼ੁਸ਼ ਕਰਨ ਵਾਸਤੇ ਨਹੀਂ ਪੜ੍ਹਦਾ। ਨਾ ਹੀ ਅਜਿਹਾ ਕਰਨ ਵਾਸਤੇ ਮੈਨੂੰ ਤੁਹਾਡੀ ਇਜਾਜ਼ਤ ਦੀ ਲੋੜ ਹੈ। ਪਰ ਗੁਰੂ ਜੀ ਨੇ ਕਿਤੇ ਵੀ ਨਹੀਂ ਕਿਹਾ ਕਿ ਤੁਹਾਨੂੰ ਦਾੜ੍ਹੀ ਜ਼ਰੂਰ ਉਗਾਉਣੀ ਚਾਹੀਦੀ ਹੈ ਤੇ ਕਿਰਪਾਨ ਜ਼ਰੂਰ ਚੁੱਕਣੀ ਚਾਹੀਦੀ ਹੈ। (ਗਾਂਧੀ, *ਕੁਲੈਕਟਡ ਵਰਕਸ*, ਜਿਲਦ 90, ਸਫ਼ਾ 470)।

ਮੌਲਾਣਾ ਆਜ਼ਾਦ (ਜੋ ਸਾਰੀ ਉਮਰ ਗਾਂਧੀ ਦਾ ਵਫ਼ਾਦਾਰ ਰਿਹਾ ਤੇ ਮੁਸਲਮਾਨ ਉਸ ਨੂੰ "ਸ਼ੋਅ ਬੁਆਏ ਆਫ਼ ਕਾਂਗਰਸ" ਕਿਹਾ ਕਰਦੇ ਸਨ) ਨੇ ਵੀ ਆਪਣੀ ਕਿਤਾਬ *ਇੰਡੀਆ ਵਿਨਜ਼ ਫ਼ਰੀਡਮ* (ਇਸ ਦੇ ਉਨ੍ਹਾਂ 30 ਸਫ਼ਿਆਂ ਵਿਚ, ਜੋ ਉਸ ਦੀ ਮੌਤ ਤੋਂ ਤੀਹ ਸਾਲ ਮਗਰੋਂ ਛਾਪੇ ਗਏ ਸਨ) ਵਿਚ ਗਾਂਧੀ ਤੇ ਨਹਿਰੂ ਦੀ ਫ਼ਿਰਕਾਪਰਸਤੀ ਦਾ ਪਰਦਾ ਫ਼ਾਸ਼ ਕੀਤਾ ਹੈ।

ਗਾਂਧੀ ਸਿੱਖ ਧਰਮ ਦੇ ਖ਼ਿਲਾਫ਼ ਅਜਿਹੀ ਘਟੀਆ ਬੋਲੀ ਅਕਸਰ ਬੋਲਦਾ ਹੀ ਰਹਿੰਦਾ ਸੀ ਪਰ ਬੇਗ਼ੈਰਤ ਕਾਂਗਰਸੀ 'ਸਿੱਖ' ਵਜ਼ੀਰੀਆਂ ਤੇ ਹੋਰ ਲਾਲਚਾਂ ਕਾਰਨ ਇਹ ਸਭ ਕੁਝ ਚੁਪ ਕਰ ਕੇ ਸੁਣ ਲੈਂਦੇ ਸਨ ਤੇ ਕੰਨ ਬੰਦ ਕਰ ਲੈਂਦੇ ਸਨ; ਬਿੱਲੀ ਵੇਖ ਕੇ ਕਬੂਤਰ ਵਾਂਗ ਅੱਖਾਂ ਮੀਟ ਲੈਂਦੇ ਸਨ; ਗੂੰਗੇ ਬਣੇ ਰਹਿੰਦੇ ਸਨ। ਖ਼ਾਸ ਕਰ ਕੇ ਪ੍ਰਤਾਪ ਸਿੰਘ ਕੈਰੋਂ, ਮੰਗਲ ਸਿੰਘ ਗਿੱਲ, ਅਮਰ ਸਿੰਘ ਝਬਾਲ, ਸਵਰਨ ਸਿੰਘ ਜਲੰਧਰ, ਗੁਰਦਿਆਲ ਸਿੰਘ ਢਿੱਲੋਂ, ਜ਼ੈਲ ਸਿੰਘ, ਊਧਮ ਸਿੰਘ ਨਾਗੋਕੇ, ਦਰਸ਼ਨ ਸਿੰਘ ਫੇਰੂਮਾਨ ਵਗ਼ੈਰਾ ਤਾਂ ਇਸ ਜ਼ਲਾਲਤ ਨੂੰ ਮਿੱਠਾ ਕਰ ਕੇ ਪੀਂਦੇ ਸਨ।

ਹਰਚੰਦ ਸਿੰਘ ਲੌਂਗੋਵਾਲ: ਗ਼ਦਾਰ ਕਿ ਸ਼ਹੀਦ

ਚਾਰ ਜੂਨ 1984 ਦੇ ਦਿਨ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਦਰਜਨਾਂ ਗੁਰਦੁਆਰਿਆਂ 'ਤੇ ਹਮਲਾ ਕਰ ਕੇ ਹਜ਼ਾਰਾਂ ਸਿੱਖਾਂ ਦਾ ਘਾਣ ਕੀਤਾ, ਗੁਰਦੁਆਰਾ ਈਮਾਰਤਾਂ ਦੀ ਬੇਹੁਰਮਤੀ ਕੀਤੀ, ਢਾਹੀਆਂ ਅਤੇ ਸਿੱਖਾਂ ਦੇ ਸਾਰੇ ਰਿਕਾਰਡ ਤੇ ਹੋਰ ਆਰਕਾਈਵ ਚੁੱਕ ਕੇ ਲੈ ਗਈ। ਇਸ ਦਾ ਇੱਕੋ-ਇਕ ਮਕਸਦ ਸਿੱਖਾਂ ਨੂੰ ਇਹ ਸਬਕ ਦੇਣਾ ਸੀ ਕਿ ਉਹ ਗ਼ੁਲਾਮ ਹਨ ਤੇ ਹਾਕਮ ਉਨ੍ਹਾਂ ਦੀ ਪਛਾਣ (ਧਰਮ, ਕਲਚਰ, ਹਿਸਟਰੀ ਤੇ ਫ਼ਿਲਾਸਫ਼ੀ ਦੀ) ਹੀ ਨਹੀਂ ਬਲਕਿ ਉਨ੍ਹਾਂ ਦਾ ਨਾਮੋ-ਨਿਸ਼ਾਨ ਵੀ ਖ਼ਤਮ ਕਰ ਸਕਦੇ ਹਨ। ਇਸ ਨੇ ਸਿੱਖਾਂ ਵਿਚ ਰੋਹ ਪੈਦਾ ਕੀਤਾ। ਸਿੱਖ ਤਾਂ ਅਠ੍ਹਾਰਵੀਂ ਸਦੀ ਦੇ ਜ਼ਾਲਮ ਹਾਕਮਾਂ (ਔਰੰਗਜ਼ੇਬ, ਫ਼ਰਖ਼ਸੀਅਰ, ਜ਼ਕਰੀਆ, ਮੀਰ ਮੰਨੂ, ਅਹਿਮਦ ਸ਼ਾਹ ਦੁਰਾਨੀ) ਤੋਂ ਨਹੀਂ ਸਨ ਮੁੱਕੇ ਤੇ ਇੰਦਰਾ ਗਾਂਧੀ ਤਾਂ ਉਨ੍ਹਾਂ ਦੇ ਮੁਕਾਬਲੇ ਵਿਚ ਇਕ ਨਿੱਕਾ ਜਿਹਾ ਜੀਵ ਸੀ। ਸਿੱਖਾਂ ਨੇ ਦਰਬਾਰ ਸਾਹਿਬ 'ਤੇ ਹਮਲਾ ਚੈਲੰਜ ਵਜੋਂ ਲਿਆ ਅਤੇ ਕੁਝ ਹੀ ਮਹੀਨਿਆਂ ਵਿਚ ਇੰਦਰਾ ਗਾਂਧੀ ਨੂੰ ਸਜ਼ਾ ਦੇ ਦਿਤੀ। ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਵਾ ਕੇ ਰਾਜੀਵ ਗਾਂਧੀ ਭਾਰਤ ਦਾ ਪਰਾਈਮ ਮਨਿਸਟਰ ਤਾਂ ਬਣ ਗਿਆ ਪਰ ਛੇਤੀ ਹੀ ਉਸ ਦਾ ਵੀ ਭਰਮ ਟੁੱਟ ਗਿਆ ਕਿ ਉਹ ਸਿੱਖਾਂ ਨੂੰ ਨਾਸਤੋ-ਨਾਬੂਦ ਕਰ ਸਕੇਗਾ।

ਭਾਵੇਂ ਭਾਰਤ ਸਰਕਾਰ ਨੇ ਸਰਕਾਰੀ ਮਜ਼ਦੂਰਾਂ ਦੀ ਮਦਦ ਨਾਲ (ਸ਼ਾਇਦ ਦਰਬਾਰ ਸਾਹਿਬ ਚੋਂ ਲੁੱਟੇ ਪੈਸੇ ਨਾਲ) ਅਕਾਲ ਤਖ਼ਤ ਸਾਹਿਬ ਦੀ ਈਮਾਰਤ ਤਾਂ ਬਣਵਾ ਲਈ ਸੀ ਤੇ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਕਿਰਪਾਲ ਸਿੰਘ ਤੋਂ ਜ਼ੈਲ ਸਿੰਘ ਨੂੰ 'ਮੁਆਫ਼' ਵੀ ਕਰਵਾ ਲਿਆ ਸੀ, ਪਰ ਰਾਜੀਵ ਗਾਂਧੀ ਨੂੰ ਹਰ ਵੇਲੇ ਸਿੱਖਾਂ ਦਾ ਡਰ ਹੀ ਖਾਈ ਜਾਂਦਾ ਸੀ। ਇਨ੍ਹਾਂ ਪੁਜਾਰੀਆਂ ਨੂੰ ਵੀ ਹੁਣ ਸਿੱਖ 'ਸਰਕਾਰੀਏ' ਹੀ ਮੰਨਦੇ ਸਨ। ਇਸ ਕਰ ਕੇ ਰਾਜੀਵ ਗਾਂਧੀ ਨੇ ਪੁਰਾਣੇ ਕਾਰਤੂਸਾਂ (ਰਿਵਾਇਤੀ ਅਕਾਲੀ ਲੀਡਰਾਂ) ਨੂੰ ਵਰਤਣ ਦੀ ਪਲਾਨ ਬਣਾਈ। ਉਸ ਨੇ 11 ਮਾਰਚ 1985 ਦੇ ਦਿਨ ਲੌਂਗੋਵਾਲ, ਟੌਹੜਾ, ਬਾਦਲ ਤੇ ਪੰਜ ਹੋਰ ਅਕਾਲੀ ਆਗੂ ਰਿਹਾ ਕਰ ਦਿਤੇ। ਇਨ੍ਹਾਂ ਨੂੰ ਜੇਲ੍ਹਾਂ ਵਿਚੋਂ ਬਾਹਰ ਆਉਂਦਿਆਂ ਹੀ ਸਮਝ ਲਗ ਗਈ ਕਿ ਇਸ ਸਿੱਖਾਂ ਵਿਚ ਆਪਣੀ ਥਾਂ ਗੁਆ ਚੁਕੇ ਹਨ ਇਸ ਕਰ ਕੇ ਇਹ ਬਾਬਾ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਕੋਲ ਗਏ ਅਤੇ ਦਿਖਾਵੇ ਵਜੋਂ ਉਸ ਨੂੰ ਆਪਣੀਆਂ 'ਸੇਵਾਵਾਂ' ਪੇਸ਼ ਕੀਤੀਆਂ। ਉਸ ਨੇ ਸਾਰੇ ਅਕਾਲੀ ਧੜੇ ਖ਼ਤਮ ਕਰ ਕੇ ਪਹਿਲੀ ਮਈ ਨੂੰ ਇਕ ਅਕਾਲੀ ਦਲ ਬਣਾ ਲਿਆ। ਪਰ ਸਿਰਫ਼ 25 ਦਿਨ ਮਗਰੋਂ ਹੀ ਇਹ 'ਅਕਾਲੀ' ਮੁਕਰ ਗਏ ਅਤੇ ਆਪਣਾ 'ਅਕਾਲੀ ਦਲ' ਫ਼ੇਰ ਖੜਾ ਕਰ ਲਿਆ। ਇਸ ਸਾਰੀ ਚਾਲ ਪਿੱਛੇ ਪੰਜਾਬ ਦਾ ਨਵਾਂ ਗਵਰਨਰ ਅਰਜਨ ਸਿੰਘ ਸੀ। ਉਸ ਨੇ ਅਕਾਲੀਆਂ ਨੂੰ ਸੂਬੇ ਦੀ ਵਾਗਡੋਰ ਸੰਭਾਲਣ ਦਾ ਲਾਲਚ ਦੇ ਕੇ ਭਰਮਾ ਲਿਆ ਸੀ। ਇਨ੍ਹਾਂ ਦਿਨਾਂ ਵਿਚ ਅਰਜਨ ਸਿੰਹ ਨੇ ਬਲਵੰਤ ਸਿੰਘ ਸੁਲਤਾਨਪੁਰੀ, ਸੁਰਜੀਤ ਬਰਨਾਲਾ, ਰਾਮੂੰਵਾਲੀਆ ਤੇ ਮਨਜੀਤ ਖਹਿਰਾ ਨੂੰ ਆਪਣੇ ਨੇੜੇ ਲੈ ਆਂਦਾ। ਇਨ੍ਹਾਂ ਨੂੰ ਚੰਡੀਗੜ੍ਹ ਦੇ ਪ੍ਰੋ. ਅਤਰ ਸਿੰਘ ਅਤੇ ਪ੍ਰਿਥੀਪਾਲ ਸਿੰਘ ਕਪੂਰ ਦੀਆਂ ਸੇਵਾਵਾਂ ਹਾਸਿਲ ਸਨ। ਇਨ੍ਹਾਂ ਸਾਰਿਆਂ ਨੇ ਅਰਜਨ ਸਿੰਹ ਨਾਲ

ਰਲ ਕੇ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਮਿੱਟੀ ਵਿਚ ਮਿਲਾ ਕੇ ਪੰਜਾਬ ਦੀ 'ਗੱਦੀ' ਹਾਸਿਲ ਕਰਨ ਦੀ ਪਲਾਨ ਬਣਾਈ। ਇਸ ਪਲਾਨ ਹੇਠ ਇਨ੍ਹਾਂ ਨੇ ਹਰਚੰਦ ਸਿੰਘ ਲੌਂਗੋਵਾਲ ਨੂੰ ਫਸਾ ਲਿਆ। ਲੌਂਗੋਵਾਲ ਇਕ ਅਨਪੜ੍ਹ, ਪਰ ਚਲਾਕ, ਸਾਧ ਹੋਣ ਦੇ ਬਾਵਜੂਦ ਸਿਆਸੀ ਚਲਾਕੀਆਂ ਤੋਂ ਜਾਣੂੰ ਨਹੀਂ ਸੀ ਇਸ ਕਰ ਕੇ ਉਹ ਛੇਤੀ ਹੀ ਇਨ੍ਹਾਂ ਲੂੰਬੜਾਂ ਦੀ ਚਾਲ ਵਿਚ ਆ ਗਿਆ। ਇਨ੍ਹਾਂ ਉਸ ਨੂੰ ਚੋਰੀ ਚੋਰੀ ਰਾਜੀਵ ਗਾਂਧੀ ਨਾਲ ਮਿਲਾ ਵੀ ਦਿਤਾ ਅਤੇ ਦਿਨਾਂ ਨਹੀਂ ਬਲਕਿ ਮਿੰਟਾਂ ਵਿਚ ਹੀ 'ਸਮਝੌਤਾ' ਵੀ ਕਰਵਾ ਦਿਤਾ। ਕਮਾਲ ਦੀ ਗੱਲ ਤਾਂ ਇਹ ਹੈ ਕਿ ਇਸ ਧੋਖੇ ਦੀ ਨਾ ਸਾਬਕ ਚੀਫ਼ ਮਨਿਸਟਰ ਬਾਦਲ ਤੇ ਨਾ ਸ਼੍ਰੋਮਣੀ ਕਮੇਟੀ ਪ੍ਰਧਾਨ ਟੌਹੜਾ ਨੂੰ ਹੀ ਭਿਣਕ ਪਈ। ਇਨ੍ਹਾਂ ਨੇ ਵੀ ਇਸ 'ਸਮਝੌਤੇ' ਨੂੰ ਅਖ਼ਬਾਰਾਂ ਵਿਚ ਹੀ ਪੜ੍ਹਿਆ। ਇਨ੍ਹਾਂ ਹਲਕਾ ਜਿਹਾ ਪ੍ਰੋਟੈਸਟ ਤਾਂ ਕੀਤਾ ਪਰ ਫਿਰ ਚੁਪ ਕਰ ਕੇ ਘਰ ਬੈਠ ਗਏ।

ਰਾਜੀਵ-ਲੌਂਗੋਵਾਲ ਸਮਝੌਤਾ ਵਿਚ ਕੀ ਨਹੀਂ ਸੀ ?:

- ਖ਼ਾਲਿਸਤਾਨ ਜਾਂ ਸਿੱਖਾਂ ਵਾਸਤੇ ਖ਼ਸੂਸ ਹੱਕ ਤਾਂ ਕੀ ਇਸ 'ਚ ਤਾਂ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੀ ਨਹੀਂ ਸੀ ਮੰਨਿਆ ਗਿਆ।
- ਇਸ ਵਿਚ ਭਾਰਤੀ ਆਈਨ ਦੀ ਦਫ਼ਾ 25 ਹੇਠ ਸਿੱਖਾਂ ਨੂੰ 'ਹਿੰਦੂ' ਆਖਣ ਵਾਲੀ ਮਦ ਖ਼ਤਮ ਕਰਨ ਦਾ ਜ਼ਿਕਰ ਤਕ ਨਹੀਂ ਸੀ।
- ਇਸ ਵਿਚ ਜੇਲ੍ਹਾਂ ਵਿਚ ਬੈਠੇ ਹਜ਼ਾਰਾਂ ਬੇਗੁਨਾਹ ਸਿੱਖਾਂ ਦੀ ਰਿਹਾਈ ਦਾ ਕੋਈ ਐਲਾਨ ਨਹੀਂ ਸੀ।
- ਇਸ ਵਿਚ 5000 ਧਰਮੀ ਫ਼ੌਜੀਆਂ ਵਾਸਤੇ ਕੋਈ ਐਲਾਨ ਨਹੀਂ ਸੀ।
- ਇਸ 'ਚ ਪਾਣੀਆਂ, ਭਾਖੜਾ-ਨੰਗਲ ਬਿਜਲੀ ਪਲਾਂਟਾਂ, ਨੰਗਲ ਫ਼ੈਕਟਰੀ ਨੂੰ ਪੰਜਾਬ ਨੂੰ ਮੋੜਨ ਦਾ ਜ਼ਿਕਰ ਤਕ ਨਹੀਂ ਸੀ।
- ਇਸ ਵਿਚ ਆਲ ਇੰਡੀਆ ਗੁਰਦੁਆਰਾ ਐਕਟ ਦੀ ਕੋਈ ਗੱਲ ਨਹੀਂ ਸੀ।
- ਇਸ ਵਿਚ ਫ਼ੌਜ ਵਿਚ ਸਿੱਖਾਂ ਦੀ ਭਰਤੀ ਦੇ ਕੋਟੇ ਦੀ ਕੋਈ ਗੱਲ ਨਹੀਂ ਸੀ।
- ਇਸ ਵਿਚ ਹਰਿਆਣਾ, ਹਿਮਾਂਚਲ ਤੇ ਰਾਜਿਸਥਾਨ ਵਿਚਲੇ ਪੰਜਾਬੀ ਬੋਲਦੇ ਇਲਾਕਿਆਂ ਦੀ ਕੋਈ ਗੱਲ ਨਹੀਂ ਸੀ।
- ਇਸ ਵਿਚ ਹਰਿਆਣਾ, ਹਿਮਾਂਚਲ ਤੇ ਰਾਜਿਸਥਾਨ ਵਿਚ ਪੰਜਾਬੀ ਦੀ ਪੜ੍ਹਾਈ ਤੇ ਹੋਰ ਸਹੂਲਤਾਂ ਦੀ ਕੋਈ ਗੱਲ ਨਹੀਂ ਸੀ।
- ਇਸ ਵਿਚ ਫ਼ੌਜ ਵੱਲੋਂ ਚੁੱਕ ਕੇ ਖੜੀ 'ਸਿੱਖ ਰੈਫ਼ਰੈਂਸ ਲਾਇਬਰੇਰੀ' ਤੇ ਹੋਰ ਦਸਤਾਵੇਜ਼ਾਂ ਤੇ ਆਰਕਾਈਵਜ਼ ਮੋੜਨ ਦੀ ਕੋਈ ਗੱਲ ਨਹੀਂ ਸੀ।
- ਇਸ ਵਿਚ 'ਖ਼ੂਨੀ ਨਵੰਬਰ' 1984 ਵਿਚ ਸਿੱਖਾਂ ਦੇ ਕਤਲੇਆਮ ਕਰਨ ਵਾਲਿਆਂ ਨੂੰ ਕੋਈ ਸਜ਼ਾ ਦੇਣ ਦੀ ਗੱਲ ਨਹੀਂ ਸੀ। ਇਨ੍ਹਾਂ ਕਤਲਾਂ, ਰੇਪ, ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਦੇ ਮੁਆਵਜ਼ੇ ਦੀ ਕੋਈ ਗੱਲ ਨਹੀਂ ਸੀ। ਇਸ ਵਿਚ ਇਨ੍ਹਾਂ ਕਤਲੇਆਮ ਵਿਚ ਸ਼ਾਮਿਲ ਕਾਂਗਰਸੀ ਵਜ਼ੀਰਾਂ ਨੂੰ ਹਟਾਉਣ ਜਾਂ ਸਜ਼ਾ ਦੇਣ ਬਾਰੇ ਕੋਈ ਗੱਲ ਨਹੀਂ ਸੀ। ਸਗੋਂ ਇਸ ਵਿਚ ਇਹ ਲਿਖਿਆ ਸੀ

ਕਿ "ਇਕ ਕਮਿਸ਼ਨ ਬਣਾਇਆ ਜਾਵੇਗਾ ਜਿਹੜਾ 1984 ਨਵੰਬਰ ਵਿਚ ਦਿੱਲੀ ਵਿਚ ਹੋਏ **'ਦੰਗਿਆਂ' ਦੇ ਕਾਰਨਾਂ ਦਾ ਪਤਾ ਲਾਏਗਾ"**। ਹੋਰ ਤਾਂ ਹੋਰ ਰਾਜੀਵ ਨੇ ਇਨ੍ਹਾਂ ਕਤਲੇਆਮਾਂ ਨੂੰ 'ਦੰਗੇ' ਕਹਿ ਕੇ ਸਿੱਖਾਂ ਨੂੰ ਇਨ੍ਹਾਂ ਕਤਲਾਂ ਦੇ ਬਰਾਬਰ ਦੇ 'ਦੋਸ਼ੀ' ਗਰਦਾਨਿਆ ਸੀ (ਦੰਗਿਆਂ ਵਿਚ ਦੋਵੇਂ ਧਿਰਾਂ 'ਦੋਸ਼ੀ' ਹੁੰਦੀਆਂ ਹਨ)। ਦੂਜਾ ਇਸ ਵਿਚ ਸਿਰਫ਼ **'ਕਾਰਨਾਂ' ਦਾ ਪਤਾ ਲਾਉਣਾ ਸੀ ਨਾ ਕਿ ਕਾਤਲਾਂ ਨੂੰ ਸਜ਼ਾ ਦੇਣਾ (ਉਹ ਵੀ ਦਿੱਲੀ ਵਿਚ ਹੋਏ ਕਤਲਾਂ ਦਾ ਨਾ ਕਿ ਹੋਰ 200 ਤੋਂ ਵਧ ਸ਼ਹਿਰਾਂ ਦੇ ਕਤਲਾਂ ਦਾ)।**

- ਇਸ ਚ 'ਖ਼ੂਨੀ ਨਵੰਬਰ' 1984 ਚ ਸਿੱਖਾਂ ਦੇ ਕਤਲੇਆਮ ਕਰਨ ਆਈਆਂ ਕਾਤਲ ਭੀੜਾਂ ਤੋਂ ਆਪਣੇ ਆਪ ਨੂੰ ਬਚਾਉਣ ਵਾਸਤੇ 'ਮੁਕਬਲਾ' ਕਰਨ ਵਾਲੇ ਸਿੱਖਾਂ 'ਤੇ ਚਲ ਰਹੇ ਮੁਕੱਦਮਿਆਂ ਰੂਪੀ ਜ਼ੁਲਮ ਨੂੰ ਖ਼ਤਮ ਕਰਨ ਬਾਰੇ ਵੀ ਕੁਝ ਨਹੀਂ ਸੀ ।
- ਸ਼੍ਰੋਮਣੀ ਅਕਾਲੀ ਦਲ ਨੇ 1982 ਦੇ ਧਰਮ ਯੁੱਧ ਮੋਰਚੇ ਵਿਚ 45 ਮੰਗਾਂ ਰਖੀਆਂ ਸਨ; ਇਸ ਸਮਝੌਤੇ ਵਿਚ ਉਨ੍ਹਾਂ 45 ਵਿਚੋਂ ਇਕ ਮੰਗ ਵੀ ਨਹੀਂ ਸੀ ਮੰਨੀ ਗਈ ।

ਪਰ ਇਸ ਸ਼ਰਮਨਾਕ 'ਸਮਝੌਤੇ' ਵਿਚ ਉਲਟਾ ਸਿੱਖਾਂ ਉੱਤੇ ਹੇਠ ਲਿਖੇ ਜ਼ੁਲਮ ਹੋਏ ਸਨ:

1. ਪੰਜਾਬ ਰੀਪੇਰੀਅਨ ਸੂਬਾ ਹੈ ਅਤੇ ਇਸ ਦੇ ਪਾਣੀਆਂ 'ਤੇ ਸਿਰਫ਼ ਇਸ ਦਾ ਹੀ ਹੱਕ ਹੈ। ਪਰ ਇਸ ਸ਼ਰਮਨਾਕ ਸਮਝੌਤੇ ਹੇਠ ਰਾਜਿਸਥਾਨ ਨੂੰ ਪੰਜਾਬ ਦਾ 55 ਤੋਂ 65% ਪਾਣੀ ਮੁਫ਼ਤ ਦਿਤਾ ਜਾਣਾ ਸੀ। (ਰਾਜਿਸਥਾਨ ਨੂੰ ਪਿਛਲੇ ਕੋਟੇ ਚੋਂ ਬਚਦਾ ਪਾਣੀ ਦੇਣ ਵਾਸਤੇ 1985 ਵਿਚ ਅੰਮ੍ਰਿਤਸਰ ਤੇ ਗੁਰਦਾਸਪੁਰ ਦੀਆਂ ਨਹਿਰਾਂ ਬੰਦ ਕਰ ਦਿਤੀਆਂ ਗਈਆਂ ਸਨ)। ਦੂਜੇ ਪਾਸੇ ਰਾਜਿਸਥਾਨ ਦੇ ਕਾਨੂੰਨ ਮੁਤਾਬਿਕ ਸਿੱਖ ਤਾਂ ਕੀ ਪੰਜਾਬੀ ਵੀ ਰਾਜਿਸਥਾਨ ਵਿਚ ਜ਼ਮੀਨ ਨਹੀਂ ਖ਼ਰੀਦ ਸਕਦਾ। (ਕੀ ਇਹ ਇਕ ਮੁਲਕ ਹੈ?

2. ਹਰਿਆਣਾ ਦਾ ਪੰਜਾਬ ਦੇ ਪਾਣੀਆਂ 'ਤੇ ਕੋਈ ਹੱਕ ਨਹੀਂ ਤੇ ਅਕਾਲੀ ਦਲ ਨੇ ਸਤਲੁਜ-ਯਮਨਾ ਲਿੰਕ ਨਹਿਰ ਦੇ ਖ਼ਿਲਾਫ਼ ਹੀ ਤਾਂ ਮੋਰਚਾ ਸ਼ੁਰੂ ਕੀਤਾ ਸੀ। ਪਰ ਇਸ ਸ਼ਰਮਨਾਕ 'ਸਮਝੌਤੇ' ਵਿਚ 15 ਅਗਸਤ 1986 ਤਕ ਸਤਲੁਜ-ਯਮਨਾ ਲਿੰਕ ਨਹਿਰ "*ਹਰ ਹਾਲਤ ਵਿਚ ਬਣਾ ਕੇ ਦੇਣ*" ਦੀ ਗਾਰੰਟੀ ਦਿੱਤੀ ਗਈ ਸੀ।

3. ਇਸ ਸ਼ਰਮਨਾਕ 'ਸਮਝੌਤੇ' ਵਿਚ ਇਹ ਵੀ ਗਾਰੰਟੀ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਦੇਣ ਬਦਲੇ 107 ਪਿੰਡਾਂ ਦੀ ਜ਼ਮੀਨ ਹਰਿਆਣਾ ਨੂੰ ਦਿਤੀ ਜਾਵੇਗੀ (ਹਰਿਆਣਾ ਵਿਚਲੇ ਪੰਜਾਬੀ ਬੋਲਦੇ ਇਲਾਕੇ ਮੋੜਨ ਦੀ ਥਾਂ ਹੋਰ 107 ਪਿੰਡ ਹਰਿਆਣਾ ਨੂੰ ਦੇਣ ਦੀ ਗਾਰੰਟੀ ਸੀ।

4. ਇਸ ਸ਼ਰਮਨਾਕ 'ਸਮਝੌਤੇ' ਮੁਤਾਬਿਕ ਪੰਜਾਬ ਦੀ ਬਿਜਲੀ ਤੇ ਪਾਣੀ ਅਤੇ ਹੋਰ ਕਈ ਸੂਬਾਈ ਤਾਕਤਾਂ ਉਲਟਾ ਸੈਂਟਰ ਨੂੰ ਸੌਂਪ ਦਿਤੀਆਂ ਗਈਆਂ ਸਨ। ਇਸ ਮੁਤਾਬਿਕ ਤਾਂ ਥੀਨ ਡੈਮ ਦੀ ਬਿਜਲੀ 'ਤੇ ਵੀ ਹਰਿਆਣਾ ਤੇ ਰਾਜਿਸਥਾਨ ਦਾ ਹੱਕ ਮੰਨ ਲਿਆ ਗਿਆ ਸੀ।

5. ਇਸ ਸਮਝੌਤੇ ਮੁਤਾਬਿਕ ਪੰਜਾਬ, ਹਰਿਆਣਾ, ਰਾਜਿਸਥਾਨ ਵਿਚਕਾਰ ਪਾਣੀਆਂ ਦੇ ਝਗੜਿਆਂ ਦਾ ਹੱਲ 'ਟ੍ਰਿਬਿਊਨਲ' ਨੂੰ ਦਿੱਤਾ ਗਿਆ ਸੀ। **ਟ੍ਰਿਬਿਊਨਲ ਦੇ ਫ਼ੈਸਲੇ ਦੀ ਤਾਂ ਕਿਸੇ ਅਦਾਲਤ ਵਿਚ ਅਪੀਲ ਨਹੀਂ ਹੋ ਸਕਦੀ।**

ਇਸ ਸਮਝੌਤੇ ਮਗਰੋਂ ਸੁਰਜੀਤ ਬਰਨਾਲਾ ਨੇ ਸਰਕਾਰ ਬਣਾਈ ਤੇ ਰਾਜੀਵ ਗਾਂਧੀ ਨੂੰ ਖ਼ੁਸ਼ ਕਰਨ ਵਾਸਤੇ ਰਬੈਰੋ ਨੂੰ ਪੁਲੀਸ ਚੀਫ਼ ਲਾ ਕੇ ਹਜ਼ਾਰਾਂ ਸਿੱਖ ਸ਼ਹੀਦ ਕੀਤੇ; ਅਤੇ ਜੂਨ 1984 ਦਾ ਇੰਦਰਾ ਗਾਂਧੀ ਦਾ ਦਰਬਾਰ ਸਾਹਿਬ 'ਤੇ ਹਮਲਾ ਜਾਇਜ਼ ਸਾਬਿਤ ਕਰਨ ਵਾਸਤੇ, 30 ਅਪਰੈਲ 1986 ਦੇ ਦਿਨ, ਪੁਲੀਸ ਚੀਫ਼ ਦੇ ਰੋਕਣ ਦੇ ਬਾਵਜੂਦ, ਦਰਬਾਰ ਸਾਹਿਬ 'ਤੇ ਬਿਨਾ ਕਾਰਨ ਹਮਲਾ ਕੀਤਾ (ਵੇਖੋ: ਰਬੈਰੋ ਦੀ ਕਿਤਾਬ: *ਬੁਲਟ ਫ਼ਾਰ ਬੁਲਟ*)।

ਇਹ ਸਮਝੌਤਾ ਸਿਰਫ਼ ਸ਼ਰਮਨਾਕ ਹੀ ਨਹੀਂ ਬਲਕਿ ਪੰਜਾਬ 'ਤੇ ਇਕ ਹੋਰ ਜ਼ੁਲਮ ਸੀ ਅਤੇ ਇਸ ਨੂੰ ਮਨਜ਼ੂਰ ਕਰਨਾ ਪੰਥ ਤੇ ਪੰਜਾਬ ਨਾਲ ਗ਼ਦਾਰੀ ਸੀ। ਡਾ: ਗੁਰਦਰਸ਼ਨ ਸਿੰਘ ਢਿੱਲੋਂ ਨੇ ਇਸ ਨੂੰ "**ਡੀਡ ਆਫ਼ ਸਰੰਡਰ**" (ਹਾਰ ਦਾ ਦਸਤਾਵੇਜ਼) ਕਿਹਾ ਸੀ (ਵੇਖੋ ਕਿਤਾਬ: *ਇੰਡੀਆ ਕੁਮਿਟਸ ਸੁਈਸਾਈਡ*)। ਇਹ ਤਾਂ ਇੰਞ ਸੀ, (ਸ਼ਾਹ ਮੁਹੰਮਦ ਦੇ ਲਫ਼ਜ਼ਾਂ ਵਿਚ): *ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ ਸਗੋਂ ਕੁੰਜੀਆਂ ਹੱਥ ਫੜਾ ਆਏ।*

ਇਸ ਸ਼ਰਮਨਾਕ ਸਮਝੌਤਾ ਰੂਪੀ ਗ਼ਦਾਰੀ ਦੇ ਜ਼ਿੰਮੇਦਾਰ ਸਨ: ਬਲਵੰਤ ਸਿੰਘ ਸੁਲਤਾਨਪੁਰੀ, ਸੁਰਜੀਤ ਬਰਨਾਲਾ, ਮਨਜੀਤ ਖਹਿਰਾ ਵਕੀਲ, ਚੰਡੀਗੜ੍ਹ ਦਾ ਪ੍ਰੋ. ਅਤਰ ਸਿੰਘ ਅਤੇ ਪ੍ਰਿਥੀਪਾਲ ਸਿੰਘ ਕਪੂਰ। ਇਨ੍ਹਾਂ ਨੇ ਹਰਚੰਦ ਸਿੰਘ ਲੌਂਗੋਵਾਲ ਨੂੰ ਆਪਣੇ ਹੱਥਾਂ ਵਿਚ ਲੈ ਲਿਆ ਤੇ ਉਸ ਤੋਂ ਇਸ ਸ਼ਰਮਨਾਕ ਹੇਠੀ 'ਤੇ ਦਸਤਖ਼ਤ ਕਰਵਾ ਲਏ। ਹੋ ਸਕਦਾ ਹੈ ਕਿ ਉਸ ਨੂੰ ਪਤਾ ਹੀ ਨਾ ਹੋਵੇ ਕਿ ਇਸ ਵਿਚ ਕੀ ਲਿਖਿਆ ਹੈ ਤੇ ਜਾਂ ਉਸ ਨੇ ਕਿਸੇ ਅਸਰ, ਦਬਾਅ, ਡਰ, ਲਾਲਚ, ਬਲੈਕਮੇਲਿੰਗ (ਉਸ ਦੀ ਸ਼ਖ਼ਸੀਅਤ ਵਿਚ ਵਿਚ ਸ਼ਾਇਦ ਕੋਈ 'ਕਮਜ਼ੋਰੀ' ਹੀ ਹੋਵੇ) ਹੇਠ ਇਸ ਗੁਨਾਹ 'ਤੇ ਦਸਤਖ਼ਤ ਕੀਤੇ ਸਨ। ਪਰ ਕੁਝ ਵੀ ਹੈ, ਇਹ ਕਿਸੇ ਵੀ ਹਾਲਤ ਵਿਚ ਸ਼ਰਮਨਾਕ ਗ਼ਦਾਰੀ ਤੋਂ ਘਟ ਕੁਝ ਨਹੀਂ ਸੀ।

ਇਸ ਸ਼ਰਮਨਾਕ ਸਮਝੌਤੇ ਕਾਰਨ ਹੀ ਅਜ ਪਾਣੀ, ਬਿਜਲੀ, ਸਿੱਖੀ ਦੀ ਬੇਅਦਬੀ, ਪਤਿਤਪੁਣਾ ਤੇ ਹੋਰ ਮਸਲੇ ਬਣੇ ਹਨ ਤੇ ਇਹ ਸਾਰੇ ਗੁਨਾਹ ਕਰਨ ਦੀ ਜ਼ਿੰਮੇਦਾਰੀ (ਉਸ ਦੀ ਮਜਬੂਰੀ ਭਾਵੇਂ ਕੋਈ ਵੀ ਹੋਵੇ) ਇਸ 'ਤੇ ਦਸਤਖ਼ਤ ਕਰਨ ਵਾਲੇ ਹਰਚੰਦ ਸਿੰਘ ਲੌਂਗੋਵਾਲ ਦੀ ਹੀ ਬਣਦੀ ਹੈ, ਜਿਸ ਨੇ ਪੰਥ ਤੇ ਪੰਜਾਬ ਨਾਲ ਇਹ ਗ਼ਦਾਰੀ ਕਰ ਕੇ ਹਜ਼ਾਰਾਂ ਸਿੱਖਾਂ ਦੀਆਂ ਸ਼ਹੀਦੀਆਂ, ਤਸੀਹੇ ਦੇ ਕੇ ਤੜਫ਼ਾ-ਤੜਫ਼ਾ ਕੇ ਮਾਰੇ ਸਿੱਖਾਂ, ਰੇਪ ਹੋਈਆਂ ਹਜ਼ਾਰਾਂ ਸਿੱਖ ਧੀਆਂ, ਤਬਾਹ ਹੋਏ ਲੱਖਾਂ ਘਰਾਂ, ਜੇਲ੍ਹਾਂ ਵਿਚ ਬੈਠੇ ਹਜ਼ਾਰਾਂ ਸਿੱਖਾਂ ਨੂੰ ਠੋਕਰ ਮਾਰ ਕੇ ਇਸ ਪਾਪ 'ਤੇ ਦਸਤਖ਼ਤ ਕੀਤੇ ਸਨ। ਇਨ੍ਹਾਂ ਸਾਰਿਆਂ ਦੀਆਂ ਕੁਰਬਾਨੀਆਂ ਲੌਂਗੋਵਾਲ ਨੂੰ ਤੇ ਉਸ ਦੇ ਸਾਥੀਆਂ ਨੂੰ ਲਾਅਨਤਾਂ ਪਾਉਂਦੀਆਂ ਹੋਣਗੀਆਂ ਤੇ ਤਵਾਰੀਖ਼ ਇਸ ਪਾਪ ਨੂੰ ਕਦੇ ਮੁਆਫ਼ ਨਹੀਂ ਕਰੇਗੀ।

ਦਰਬਾਰ ਸਾਹਿਬ ਵਿਚ ਦੀਵਾਲੀ

ਦੀਵਾਲੀ ਤਿਉਹਾਰ ਦਾ ਸਿੱਖਾਂ ਨਾਲ ਕੋਈ ਸਬੰਧ ਨਹੀਂ ਹੈ। ਗੁਰੂ ਹਰਗੋਬਿੰਦ ਸਾਹਿਬ ਦੀਵਾਲੀ ਦੇ ਦਿਨ (ਯਾਨਿ ਕੱਤਕ ਵਦੀ 30 ਨੂੰ) ਅੰਮ੍ਰਿਤਸਰ ਵਿਚ ਨਹੀਂ ਆਏ ਸਨ। ਉਹ ਅਕਤੂਬਰ 1619 ਵਿਚ ਗਵਾਲੀਅਰ ਚੋਂ ਰਿਹਾ ਹੋ ਕੇ ਸਿੱਧੇ ਗੋਇੰਦਵਾਲ ਗਏ ਸਨ ਤੇ ਉੱਥੋਂ 28 ਦਸੰਬਰ 1920 ਦੇ ਦਿਨ ਅੰਮ੍ਰਿਤਸਰ ਪੁੱਜੇ ਸਨ। ਇਸ ਦਿਨ ਦੀਵਾਲੀ ਨਹੀਂ ਸੀ। ਅੰਮ੍ਰਿਤਸਰ ਵਿਚ ਦੀਵਾਲੀ ਦਾ ਤਿਉਹਾਰ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਤੋਂ ਪਹਿਲਾਂ ਨਹੀਂ ਸੀ ਮਨਾਇਆ ਜਾਂਦਾ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਰਿਕਾਰਡ ਸਾਡੇ ਕੋਲ ਮੌਜੂਦ ਹਨ। ਉਨ੍ਹਾਂ ਵਿਚ 1820 ਤਕ ਅੰਮ੍ਰਿਤਸਰ ਵਿਚ ਦੀਵਾਲੀ ਮਨਾਏ ਜਾਣ ਦਾ ਕੋਈ ਜ਼ਿਕਰ ਨਹੀਂ ਹੈ ਤੇ ਅਕਾਲੀ ਫੂਲਾ ਸਿੰਘ ਦੀ ਸ਼ਹਾਦਤ ਤੋਂ ਬਾਅਦ ਹਰ ਸਾਲ ਦੀਵਾਲੀ ਦੇ ਦਿਨ ਤੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਪੰਡਤਾਂ ਨੂੰ ਪੈਸੇ, ਗਊਆਂ ਤੇ ਹੋਰ ਦਾਨ ਦੇਣ ਦੀ ਚੋਖੀ ਲੰਮੀ ਤਫ਼ਸੀਲ ਮਿਲਦੀ ਹੈ। ਰਣਜੀਤ ਸਿੰਘ ਦੇ ਸਾਰੇ ਵਜ਼ੀਰ ਜਾਂ ਤਾਂ ਪਹਾੜੀਏ ਸਨ, ਜਾਂ ਕਸ਼ਮੀਰ ਦੇ ਡੋਗਰੇ ਤੇ ਜਾਂ ਯੂ.ਪੀ. ਦੇ ਬ੍ਰਾਹਮਣ। ਸਿੱਖਾਂ ਨੂੰ ਤਾਂ ਉਹ ਸ਼ਰੀਕ ਸਮਝਦਾ ਸੀ ਤੇ ਨੇੜੇ ਨਹੀਂ ਸੀ ਢੁਕਣ ਦੇਂਦਾ। ਖ਼ੈਰ ਗੱਲ ਰਣਜੀਤ ਸਿੰਘ ਦੀ ਕਰ ਰਿਹਾ ਸਾਂ ਕਿ ਦੀਵਾਲੀ ਦਰਬਾਰ ਸਾਹਿਬ ਜਾਂ ਅੰਮ੍ਰਿਤਸਰ ਵਿਚ ਕਿਵੇਂ ਆ ਵੜੀ? ਚੇਤੇ ਰਹੇ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਾਰੇ ਧਾਰਮਿਕ ਫੈਸਲੇ ਤੇ ਦਾਨ ਤੇ ਚੜ੍ਹਾਵੇ ਦਾ ਨਿਰਣਾ ਉਸ ਦਾ ਧਾਰਮਿਕ ਵਜ਼ੀਰ ਕਰਿਆ ਕਰਦਾ ਸੀ ਤੇ ਉਹ ਇਕ ਯੂ.ਪੀ. ਦਾ ਬ੍ਰਾਹਮਣ ਸੀ। ਵਾਹ! ਕਿਹੋ ਜਿਹਾ ਸੀ ਰਣਜੀਤ ਸਿੰਘ ਦਾ ਰਾਜ। ਕਈ ਲੋਕ ਇਸ ਨੂੰ ਸਿੱਖ ਰਾਜ ਕਹਿੰਦੇ ਹਨ। ਚਲੋ ਆਖੀ ਜਾਣ। ਉਹ ਜਾਣਨ।

ਦੀਵਾਲੀ ਸਿੱਖਾਂ ਦਾ ਤਿਉਹਾਰ ਨਹੀਂ ਹੈ। ਪਰ ਜੇ ਇਹ ਤਿਉਹਾਰ ਹਿੰਦੂਆਂ ਦਾ ਵੀ ਹੈ ਤਾਂ ਸਵਾਲ ਹੈ ਕਿ ਹਿੰਦੂ ਇਸ ਨੂੰ ਕਿਵੇਂ ਮਨਾਉਣ? ਕੀ ਸਿਰਫ਼ ਪਟਾਕੇ ਚਲਾ ਕੇ, ਪੈਸੇ ਫੂਕ ਕੇ, ਅੱਗਾਂ ਲਾ ਕੇ (ਹਰ ਸਾਲ ਸੈਂਕੜੇ ਬੰਦੇ ਦੀਵਾਲੀ ਦੇ ਪਟਾਕਿਆਂ ਦੀ ਭੇਟ ਹੁੰਦੇ ਹਨ ਤੇ ਅਰਬਾਂ ਰੁਪਿਆਂ ਦਾ ਨੁਕਸਾਨ ਹੁੰਦਾ ਹੈ। ਕੀ ਹਵਾ-ਪਾਣੀ (ਐਨਵਾਇਰਨਮੈਂਟ) ਗੰਧਲਾ ਕਰ ਕੇ, ਬੀਮਾਰੀਆਂ ਫੈਲਾ ਕੇ, ਲੜਾਈ-ਝਗੜੇ ਕਰ ਕੇ ਹੀ ਕਿਸੇ ਤਿਉਹਾਰ ਦੀ "ਖ਼ੁਸ਼ੀ" ਮਨਾਈ ਜਾ ਸਕਦੀ ਹੈ। ਇਹੀ ਹਾਲ ਹੋਲੀ ਦਾ ਵੀ ਹੈ। ਹੋਲੀ 'ਤੇ ਬੁਰਛਾਗਰਦੀ ਦੀਆਂ ਬੇਹਿਸਾਬ ਹਰਕਤਾਂ ਹੁੰਦੀਆਂ ਹਨ, ਲੜਾਈਆਂ ਹੁੰਦੀਆਂ ਹਨ, ਲੋਕਾਂ ਦੇ ਕੀਮਤੀ ਕਪੜੇ ਖ਼ਰਾਬ ਹੁੰਦੇ ਹਨ, ਧੀਆਂ-ਭੈਣਾਂ ਨੂੰ ਛੇੜਨ ਦੀਆਂ ਵੀ ਚੋਖੀਆਂ ਹਰਕਤਾਂ ਹੁੰਦੀਆਂ ਹਨ। ਕੀ ਇਹ ਤਿਉਹਾਰ ਮਨਾਉਣਾ ਹੈ? ਇਹ ਤਾਂ ਇਕ ਕਿਸਮ ਦੀ ਬੁਰਛਾਗਰਦੀ ਹੈ। ਹੋਲੀ ਤੇ ਦੀਵਾਲੀ ਦੋਵੇਂ ਬੇਹੂਦਗੀ ਨਾਲ ਭਰੀਆਂ ਕਾਰਵਾਈਆਂ ਵਾਲੇ ਤਿਉਹਾਰ ਬਣ ਗਏ ਹਨ। ਜਿਸ ਸ਼ਖ਼ਸ ਦੀ ਸੋਚ ਦਲੀਲ ਵਾਲੀ ਹੈ ਜਾਂ ਜੋ ਸੂਝਵਾਨ ਹੈ, ਉਹ ਮਹਿਸੂਸ ਕਰਦਾ ਹੈ ਕਿ ਰੰਗ (ਕੈਮੀਕਲ) ਪਾਉਣਾ, ਲੜਾਈਆਂ ਕਰਨਾ, ਪਟਾਕੇ ਚਲਾਉਣਾ, ਅੱਗਾਂ ਲਾਉਣ ਦਾ ਕਾਰਨ ਬਣਨਾ ਵਗ਼ੈਰਾ ਸਭ ਬੇਹੂਦਗੀ ਹਨ। ਸਮਝਦਾਰ ਲੋਕ ਇਸ ਸਭ ਨੂੰ ਛਡਦੇ ਜਾ ਰਹੇ ਹਨ। ਹੁਣ ਬਹੁਤੇ ਲੋਕ ਉਹੀ ਇਨ੍ਹਾਂ ਤਿਉਹਾਰਾਂ ਨੂੰ ਮਨਾਉਨਦੇ ਹਨ ਜਿਨ੍ਹਾਂ ਨੂੰ ਰੱਬ ਸੋਚਣ ਦੀ

ਤਾਕਤ ਤੋਂ ਦੂਰ ਰਖਦਾ ਹੈ। ਜੇ ਵਾਹਿਗੁਰੂ ਨੇ ਸੁਮੱਤ ਦਿਤੀ ਤਾਂ ਉਹ ਵੀ ਸ਼ਾਇਦ ਇਸ ਬੇਅਕਲੀ ਤੋਂ ਛੁਟਕਾਰਾ ਪਾ ਲੈਣਗੇ।

ਕੁਝ ਬੇਸਮਝ ਲੋਕ ਦੂਜਿਆਂ ਵੱਲ ਵੇਖ ਕੇ ਵੀ ਕੁਝ ਤਿਉਹਾਰ ਅਪਣਾ ਲੈਂਦੇ ਹਨ। ਇਹੋ ਜਿਹੀ ਹਰਕਤ ਕੁਝ ਬੂਝੜ ਸਿੱਖਾਂ ਨੇ ਵੀ ਕੀਤੀ ਹੈ। ਇਨ੍ਹਾਂ ਬੂਝੜਾਂ ਨੇ ਤਾਂ ਆਪਣੀਆਂ ਜ਼ਨਾਨੀਆਂ ਤੋਂ ਕਰਵਾ ਚੌਥ ਦੇ ਵਰਤ ਵੀ ਰਖਵਾਏ ਤੇ ਸਰਾਧ ਵੀ ਕਰਵਾਏ। ਇਹ ਦੋਵੇਂ ਹਰਕਤਾਂ ਵੀ ਬਿਲਕੁਲ ਪੂਰੀ ਤਰ੍ਹਾਂ ਸਿੱਖੀ ਦੇ ਉਲਟ ਹਨ। ਇੰਞ ਹੀ ਰਖੜੀ, ਸਰਾਧ, ਨਿਮਾਣੀ ਕਾਸ਼ਤੀ (ਇਕਾਦਸ਼ੀ), ਕੰਜਕਾਂ ਵੀ ਸਿੱਖ ਫ਼ਲਸਫ਼ੇ ਦੇ ਮੁੱਢੋਂ ਹੀ ਉਲਟ ਹਨ। ਪਰ ਅਰਧ-ਬ੍ਰਾਹਮਣ ਸਿੱਖ ਜਾਂ ਬੂਝੜ ਸਿੱਖ ਇਨ੍ਹਾਂ ਤਿਉਹਾਰਾਂ ਨੂੰ ਵੀ ਮਨਾ ਲੈਂਦੇ ਹਨ।

ਇਕ ਹੋਰ ਅਹਿਮ ਸਵਾਲ ਹੈ ਕਿ ਕੀ ਦਰਬਾਰ ਸਾਹਿਬ ਵਿਚ ਦੀਵਾਲੀ ਜਾਂ ਗੁਰੂ ਰਾਮ ਦਾਸ ਸਾਹਿਬ ਦੇ ਜਨਮ ਦਿਨ 'ਤੇ ਦੀਪਮਾਲਾ ਕਰਨਾ ਜਾਂ ਆਤਸ਼ਬਾਜ਼ੀ ਚਲਾਉਣਾ ਸਿੱਖੀ ਅਸੂਲਾਂ ਮੁਤਾਬਿਕ ਸਹੀ ਹੈ? ਸਿੱਖੀ ਵਿਚ "ਖ਼ੁਸ਼ੀ" ਕਿਸ ਨੂੰ ਕਿਹਾ ਗਿਆ ਹੈ? ਕੀ ਕਿਸੇ ਦਾ ਜਨਮ ਦਿਨ ਖ਼ੁਸ਼ੀ ਹੁੰਦੀ ਹੈ? ਕੀ ਕਿਸੇ ਦੇ ਜੇਲ੍ਹ ਤੋਂ ਰਿਹਾ ਹੋਣ ਦੀ ਖ਼ੁਸ਼ੀ ਹੰਦੀ ਹੈ? ਸਿੱਖ ਨੂੰ ਤਾਂ ਹੁਕਮ ਹੈ "ਹਰਖ ਸੋਗ ਤੇ ਰਹੇ ਨਿਆਰਾ"। ਸਿੱਖ ਨੂੰ ਜਨਮ ਜਾਂ ਵਿਆਹ ਦੀ ਅਖੌਤੀ ਖ਼ੁਸ਼ੀ ਨਹੀਂ ਹੋਣੀ ਚਾਹੀਦੀ ਤੇ ਮਰਨ ਦਾ ਅਖੌਤੀ ਅਫ਼ਸੋਸ ਨਹੀਂ ਹੋਣਾ ਚਾਹੀਦਾ। ਸਿੱਖ ਵਾਸਤੇ ਬੱਚੇ ਦਾ ਜਨਮ ਅਕਾਲ ਪੁਰਖ ਦੀ ਬਖ਼ਸ਼ਿਸ਼ ਹੈ ਅਤੇ ਮੌਤ ਅਕਾਲ ਪੁਰਖ ਦਾ ਭਾਣਾ ਹੈ। ਇਨ੍ਹਾਂ ਦੋਹਾਂ ਹਾਲਤਾਂ ਵਿਚ ਸਿੱਖ ਨੂੰ ਅਖੌਤੀ ਖ਼ੁਸ਼ੀ ਜਾਂ ਅਖੌਤੀ ਗ਼ਮ ਨਹੀਂ ਹੋਣਾ ਚਾਹੀਦਾ। ਅਖੌਤੀ ਖ਼ੁਸ਼ੀ ਵਿਚ ਬੇਮੁਹਾਰਾ ਹੋਣਾ ਜਾਂ ਅਖੌਤੀ ਗ਼ਮ ਵਿਚ ਅਲਾਹੁਣੀਆਂ, ਵੈਣ ਤੇ ਸੋਗ ਵਿਚ ਧਾਹਾਂ ਮਾਰਨੀਆਂ ਸਿੱਖੀ ਦੇ ਉਲਟ ਹਨ। ਪਰ ਅਫ਼ਸੋਸ ਹੈ ਕਿ ਸਾਡੇ ਪ੍ਰਚਾਰਕ ਇਨ੍ਹਾਂ ਗੱਲਾਂ ਦਾ ਜ਼ਿਕਰ ਤਕ ਨਹੀਂ ਕਰਦੇ ਅਤੇ ਬਹੁਤੇ ਤਾਂ ਹਿੰਦੂ ਤਿਉਹਾਰਾਂ ਨੂੰ ਸਿੱਖਾਂ ਵਿਚ ਵਾੜ ਕੇ "ਹੁੰਦੇ" ਤੇ ਸੰਗਤ ਕੋਲੋਂ "ਬਖ਼ਸ਼ੀਸ਼" ਇਕੱਠੀ ਕਰਨ ਵਿਚ ਹੀ ਰੁੱਝੇ ਹੋਏ ਹਨ। ਮਗ਼ਰਬੀ (ਪੱਛਮੀ) ਮੁਲਕਾਂ ਵਿਚ ਤਾਂ ਸ਼ਾਇਦ ਕੋਈ ਭਾਈ ਭਲਕ ਨੂੰ "ਫ਼ਾਦਰ ਕ੍ਰਿਸਮਸ" ਵਾਂਗ ਕ੍ਰਿਸਮਸ ਦੇ ਤੋਹਫ਼ੇ ਵੀ ਲੈਣਾ/ਦੇਣਾ ਸ਼ੁਰੂ ਕਰ ਦੇਣ ਅਤੇ ਇੰਞ ਹੀ ਈਦ ਦੇ ਦਿਨ "ਈਦੀ" ਇਕੱਠੀ ਕਰਨ ਲਗ ਪੈਣ ਤਾਂ ਕੋਈ ਵੱਡੀ ਗੱਲ ਨਹੀਂ। ਹੁਣ ਤਾਂ (ਖ਼ਾਸ ਕਰ ਕੇ ਵਿਦੇਸ਼ਾਂ ਵਿਚ) ਕਈ ਵੱਡੇ ਜਥੇਦਾਰਾਂ ਤੇ ਆਗੂਆਂ ਨੇ ਆਪਣੀਆਂ ਧੀਆਂ-ਭੈਣਾਂ ਮੁਸਲਮਾਨਾਂ ਤੇ ਈਸਾਈਆਂ ਨਾਲ ਵਿਆਹ ਦਿਤੀਆਂ ਹੋਈਆਂ ਹਨ (ਜਾਂ ਇਨ੍ਹਾਂ ਵਿਆਹਾਂ ਨੂੰ ਮਨਜ਼ੂਰ ਕਰ ਲਿਆ ਹੋਇਆ ਹੈ)। (ਉਂਞ, ਜ਼ਰਾ ਸੋਚੀਏ ਕਿ ਅਸੀਂ ਕਿੰਨੇ ਬੇਗ਼ੈਰਤੇ ਹੋ ਗਏ ਹਾਂ। ਉਂਞ ਤਾਂ ਇਨ੍ਹਾਂ ਨੂੰ ਸ਼ਰਮ ਨਾਲ ਹੀ ਡੁੱਬ ਕੇ ਮਰ ਜਾਣਾ ਚਾਹੀਦਾ ਹੈ)। ਖ਼ੈਰ...

ਸਵਾਲ ਹੈ ਕਿ ਕੀ ਦਰਬਾਰ ਸਾਹਿਬ ਵਿਚ ਆਤਿਸ਼ਬਾਜ਼ੀ ਚਲਾਉਣਾ ਸਹੀ ਹੈ? 2002 ਵਿਚ ਦਰਬਾਰ ਸਾਹਿਬ ਵਿਚ 22 ਲੱਖ ਰੁਪੈ ਦੀ ਆਤਿਸ਼ਬਾਜ਼ੀ ਫੂਕਣ ਦਾ ਟੈਂਡਰ ਪਾਸ ਹੋਇਆ ਸੀ। ਏਥੇ ਵੀ ਫ਼ਰਾਡ ਹੋਇਆ ਸੀ ਕਿ 4 ਲੱਖ ਦੀ ਥਾਂ ਬਡੂੰਗਰ (ਪ੍ਰਧਾਨ), ਹਰਬੇਅੰਤ (ਸਕੱਤਰ) ਤੇ ਅਜਾਇਬ ਸਿੰਘ ਮੈਨੇਜਰ ਨੇ 22 ਲੱਖ ਦਾ ਟੈਂਡਰ ਮਨਜ਼ੂਰ ਕੀਤਾ ਸੀ। ਇਸ ਹਿਸਾਬ ਨਾਲ ਇਸ ਵਿਚੋਂ 18 ਲੱਖ ਰੁਪੈ ਖਾਧੇ ਗਏ ਸਨ।

ਧੰਨ ਸਿੱਖੀ, ਧੰਨ ਬਾਦਲ ਤੇ ਉਸ ਨੂੰ ਅਕਾਲੀ ਸਮਝਣ ਤੇ ਉਸ ਦਾ ਸਾਥ ਦੇਣ ਵਾਲੇ ਬੇਗ਼ੈਰਤ ਲੋਕ)।

ਗੱਲ ਕਰ ਰਿਹਾ ਸਾਂ ਕਿ ਕੀ ਪੰਥ ਦਾ 22 ਲੱਖ (ਜਾਂ 4 ਲੱਖ ਹੀ ਸਹੀ) ਰੁਪਿਆ, ਅੱਗ ਲਾ ਕੇ, ਪੌਲਿਊਸ਼ਨ ਫੈਲਾਉਣ 'ਤੇ ਲਾਉਣਾ ਪੰਥਕ ਗੱਲ ਹੈ? ਕੀ ਇਹ ਵਾਜਬ ਹੈ? ਕੀ ਇਹ ਸਿੱਖੀ ਤਰੀਕਾ ਹੈ? ਕੀ ਸਿੱਖ ਨੂੰ ਕੋਈ ਖ਼ੁਸ਼ੀ ਇੰਵ ਮਨਾਉਣੀ ਚਾਹੀਦੀ ਹੈ? ਕੀ ਗੁਰੂ ਦਾ ਜਨਮ ਦਿਨ ਜਾਂ ਹਿੰਦੂ ਦੀਵਾਲੀ ਨੂੰ ਸਿੱਖ ਦੀਵਾਲੀ ਆਖ ਕੇ ਇੰਵ ਪੈਸਾ ਫੂਕਣਾ ਸਹੀ ਹੈ? ਦਰਬਾਰ ਸਾਹਿਬ ਵਿਚ ਆਤਿਸ਼ਬਾਜ਼ੀ ਚਲਾਉਣ ਦੀ ਗੱਲ ਤਾਂ ਬਿਲਕੁਲ ਨਵੀਂ ਹੈ। 1947 ਤੋਂ ਪਹਿਲਾਂ ਤਾਂ ਕਿਤੇ ਵੀ ਇੰਵ ਆਤਿਸ਼ਬਾਜ਼ੀ ਨਹੀਂ ਸੀ ਚਲਦੀ। ਇਹ ਤਾਂ ਸਾਇਦ ਕਿਸੇ ਵਪਾਰੀ ਦੀ ਚਾਲ ਹੈ ਜੋ ਉਸ ਨੇ ਸਿਖਾਂ ਨੂੰ ਬੇਵਕੂਫ਼ ਬਣਾ ਲਿਆ ਤੇ ਪੰਥ ਦਾ ਪੈਸਾ ਫੂਕਣਾ ਸ਼ੁਰੂ ਕਰਵਾ ਦਿਤਾ।

ਕੀ ਸਿੱਖ ਪੰਥ ਨੂੰ ਇਸ ਤਰੀਕੇ ਨਾਲ ਖ਼ੁਸ਼ੀਆਂ ਮਨਾਉਣ ਦੀ ਲੋੜ ਹੈ? 1984 ਵਿਚ ਸਿੱਖਾਂ ਨੇ ਦੋ ਘੱਲੂਘਾਰੇ ਹੰਡਾਏ ਸਨ। 1984 ਦਾ ਪਹਿਲਾ ਘੱਲੂਘਾਰਾ ਚਾਰ ਜੂਨ ਤੋਂ ਸਤ ਜੂਨ ਤਕ ਬੜਾ ਭਿਆਨਕ ਸੀ। ਫਿਰ ਖ਼ੂਨੀ ਨਵੰਬਰ 1984 ਵਿਚ ਤਾਂ ਹਜ਼ਾਰਾਂ ਸਿੱਖ ਦਿੱਲੀ ਤੇ ਹੋਰ ਸੈਂਕੜੇ ਸ਼ਹਿਰਾਂ ਤੇ ਪਿੰਡਾਂ ਵਿਚ ਬੇਰਹਿਮੀ ਨਾਲ ਕਤਲ ਕੀਤੇ ਗਏ ਸਨ। ਕੀ ਲੱਖ ਡੇਢ ਲੱਖ ਬੰਦਾ ਮਰਵਾ ਕੇ ਸਿੱਖ ਅਜੇ ਵੀ ਇਨ੍ਹਾਂ ਦਿਨਾਂ ਵਿਚ ਦੀਵਾਲੀ ਦੀ ਅਖੌਤੀ "ਖ਼ੁਸ਼ੀ" ਮਨਾਉਣ ਦੀ ਸੋਚਦੇ ਹਨ?

ਇੱਥੇ ਇਹ ਸਵਾਲ ਵੀ ਉਠਦਾ ਹੈ ਕਿ ਸਿੱਖਾਂ ਨੂੰ ਤਿਉਹਾਰ ਕਿੰਵ ਮਨਾਉਣੇ ਚਾਹੀਦੇ ਹਨ? ਸਿੱਖ ਨੂੰ ਤਾਂ ਹੁਕਮ ਹੈ ਕਿ ਅਖੌਤੀ ਖ਼ੁਸ਼ੀ ਵਿਚ ਬੇਮੁਹਾਰਾ ਨਹੀਂ ਹੋਣਾ। ਸਿੱਖ ਤਾਂ ਹਰ ਹਾਲ ਵਿਚ ਕੀਰਤਨ ਕਰਦਾ ਹੈ। ਕੀ ਅਸੀਂ ਗੁਰੂ ਰਾਮ ਦਾਸ ਸਾਹਿਬ ਦਾ ਜਨਮ ਦਿਨ ਕੀਰਤਨ, ਕਥਾ, ਦੀਵਾਨ ਕਰ ਕੇ ਨਹੀਂ ਮਨਾ ਸਕਦੇ? ਕੀ ਸਿੱਖ ਕਿਸੇ ਤਿਉਹਾਰ ਨੂੰ ਆਤਿਸ਼ਬਾਜ਼ੀ 'ਤੇ ਪੈਸੇ ਫੂਕਣ ਦੀ ਥਾਂ ਆਪਣੇ ਆਲੇ ਦੁਆਲੇ ਦੇ ਮਾਲੀ ਪੱਖੋਂ ਕਮਜ਼ੋਰ ਸਿੱਖਾਂ ਨੂੰ ਤੋਹਫ਼ੇ (ਉਨ੍ਹਾਂ ਦੀ ਜ਼ਰੂਰਤ ਦੀਆਂ ਚੀਜ਼ਾਂ) ਦੇ ਕੇ ਨਹੀਂ ਮਨਾ ਸਕਦੇ? ਕੀ ਸ਼੍ਰੋਮਣੀ ਕਮੇਟੀ ਏਨਾ ਸਾਰਾ ਪੈਸਾ ਆਤਿਸ਼ਬਾਜ਼ੀ 'ਤੇ ਫੂਕਣ ਦੀ ਥਾਂ ਧਰਮ ਪਰਚਾਰ ਵਾਸਤੇ ਵਧੀਆ ਇਲਸਟਰੇਟਡ (ਰੰਗੀਨ ਤਸਵੀਰਾਂ ਵਾਲਾ) ਲਿਟਰੇਚਰ ਵੱਖ-ਵੱਖ ਜ਼ਬਾਨਾਂ ਵਿਚ ਛਾਪ ਕੇ ਸਿੱਖਾਂ ਤੇ ਗ਼ੈਰ ਸਿੱਖਾਂ ਵਿਚ ਮੁਫ਼ਤ ਵੰਡ ਕੇ ਤਿਉਹਾਰ ਨਹੀਂ ਮਨਾ ਸਕਦੀ?

ਆਤਿਸ਼ਬਾਜ਼ੀ ਫੂਕਣ (ਜਾਂ ਲੇਜ਼ਰ ਨਾਲ ਆਤਿਸ਼ਬਾਜ਼ੀ ਚਲਾਉਣ), ਦੀਵੇ ਜਗਾਉਣ, ਬਿਜਲੀ 'ਤੇ ਪੈਸਾ ਫੂਕਣ ਨਾਲ ਕੌਮ ਕੀ ਹਾਸਿਲ ਕਰਦੀ ਹੈ? ਇਹ ਸਵਾਲ ਸਿੱਖਾਂ ਨੂੰ ਸੋਚਣ ਦੀ ਲੋੜ ਹੈ ਕਿ ਨਹੀਂ? ਕੀ ਅਸੀਂ ਸਿਰਫ਼ ਗੁਰਦੁਆਰਿਆਂ ਵਿਚ 'ਅਖੰਡ' ਪਾਠ, ਸੁਖਮਨੀ ਦੇ ਪਾਠ, ਲੰਗਰ ਤੇ ਹੋਰ ਦਿਖਾਵੇ ਦੀਆਂ ਕਾਰਵਾਈਆਂ (ritualism) ਕਰ ਕੇ ਹੀ ਸਿੱਖੀ ਦੀ 'ਸੇਵਾ' ਕਰ ਰਹੇ ਹਾਂ ਜਾਂ ਕੁਝ ਹੋਰ ਵੀ ਕਰਨਾ ਲੋੜੀਂਦਾ ਹੈ? ਸਿੱਖ ਵਿਦਵਾਨਾਂ ਤੇ ਸੂਝਵਾਨ ਤੇ ਸੰਜੀਦਾ ਪਰਚਾਰਕਾਂ ਨੂੰ ਇਸ ਅ-ਸਿੱਖੀ ਨੂੰ ਰੋਕਣ ਵਾਸਤੇ ਕੋਸ਼ਿਸ਼ਾਂ ਕਰਨ ਵਾਸਤੇ ਅੱਗੇ ਆਉਣਾ ਚਾਹੀਦਾ ਹੈ। ਵਰਨਾ ਉਨ੍ਹਾਂ ਦਾ ਰੋਲ ਸਿਰਫ਼ ਵਕਤ ਬਿਤਾਉਣਾ ਹੀ ਨਹੀਂ ਬਲਕਿ ਗੁਆਉਣਾ ਮੰਨਿਆ ਜਾਵੇਗਾ। (2002).

ਦਰਬਾਰ ਸਾਹਿਬ ਵਿਚ
ਬੀਬੀਆਂ ਦਾ ਸੇਵਾ ਕਰਨ ਦਾ ਹੱਕ

ਪਿੱਛੇ ਜਿਹੇ ਦਰਬਾਰ ਸਾਹਿਬ ਵਿਚ ਬੀਬੀਆਂ ਨੂੰ ਸੇਵਾ ਦਾ ਹੱਕ ਦੇਣ ਬਾਰੇ ਬਹੁਤ ਚਰਚਾ ਚੱਲਿਆ ਸੀ। ਜਨਵਰੀ 2003 ਵਿਚ ਇੰਗਲੈਂਡ ਤੋਂ ਇਕ ਬੀਬੀ ਦਰਬਾਰ ਸਾਹਿਬ ਅੰਮ੍ਰਿਤਸਰ ਆਈ। ਉਸ ਨੇ ਰਾਤ ਵੇਲੇ, ਦਰਬਾਰ ਸਾਹਿਬ ਤੋਂ ਅਕਾਲ ਤਖ਼ਤ ਸਾਹਿਬ 'ਤੇ ਗੁਰੂ ਗ੍ਰੰਥ ਸਾਹਿਬ ਨੂੰ ਲਿਜਾਣ ਵਾਲੀ ਪਾਲਕੀ ਨੂੰ ਮੋਢਾ ਦੇਣ ਦੀ ਕੋਸ਼ਿਸ਼ ਕੀਤੀ। ਇਸ ਮੌਕੇ 'ਤੇ ਹਾਜ਼ਰ ਸੇਵਾਦਾਰਾਂ, ਚੌਕੀਦਾਰਾਂ ਤੇ ਹੋਰਨਾਂ ਨੇ ਬੀਬੀ ਨੂੰ ਧੱਕ ਕੇ ਪਰ੍ਹਾਂ ਕਰ ਦਿੱਤਾ। ਪਹਿਲਾਂ ਤਾਂ 'ਭੀੜ ਵਿਚ ਔਰਤਾਂ ਨਾਲ ਮਰਦਾਂ ਵੱਲੋਂ ਬਦਤਮੀਜ਼ੀ/ਅਸ਼ਲੀਲ ਹਰਕਤਾਂ ਹੋਣ' ਦੇ ਬਹਾਨੇ ਨਾਲ ਉਨ੍ਹਾਂ ਨੂੰ ਇਸ ਸੇਵਾ ਤੋਂ ਰੋਕਿਆ ਗਿਆ। ਪਰ ਛੇਤੀ ਹੀ ਇਹ ਬਿਆਨ ਆਉਣੇ ਸ਼ੁਰੂ ਹੋ ਗਏ ਕਿ ਬੀਬੀਆਂ ਦਰਬਾਰ ਸਾਹਿਬ ਦੀ ਕਿਸੇ ਸੇਵਾ ਵਿਚ ਹਿੱਸਾ ਨਹੀਂ ਲੈ ਸਕਦੀਆਂ: ਉਹ ਕੀਰਤਨ ਨਹੀਂ ਕਰ ਸਕਦੀਆਂ, ਉਹ ਸਫ਼ਾਈ-ਧੁਆਈ ਵਿਚ ਹਿੱਸਾ ਨਹੀਂ ਲੈ ਸਕਦੀਆਂ, ਉਹ ਪਾਹੁਲ ਨਹੀਂ ਦੇ ਸਕਦੀਆਂ (ਅੰਮ੍ਰਿਤ ਨਹੀਂ ਛਕਾ ਸਕਦੀਆਂ)।

ਕ੍ਰਿਪਾਲ ਸਿੰਘ ਬਡੂੰਗਰ ਨੇ ਪ੍ਰਧਾਨ ਹੁੰਦਿਆਂ ਇਸ ਮਸਲੇ 'ਤੇ ਵਿਚਾਰ ਕਰਨ ਵਾਸਤੇ ਇਕ ਕਮੇਟੀ ਬਣਾ ਦਿੱਤੀ ਸੀ। ਇਸ ਕਮੇਟੀ ਦੀ ਛੇ ਮਹੀਨੇ ਮੀਟਿੰਗ ਹੀ ਨਾ ਹੋ ਸਕੀ। ਗੁਰਚਰਨ ਸਿੰਘ ਟੌਹੜਾ ਨੇ ਪ੍ਰਧਾਨਗੀ ਲੈਣ ਮਗਰੋਂ 25 ਨਵੰਬਰ 2003 ਨੂੰ ਇਹ ਕਮੇਟੀ ਤੋੜ ਦਿੱਤੀ ਅਤੇ ਸ਼੍ਰੋਮਣੀ ਕਮੇਟੀ ਦੇ ਨਵੇਂ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਬੀਬੀਆਂ ਦੇ ਹੱਕਾਂ ਦੀ ਮੁਖ਼ਾਲਫ਼ਤ ਕਰਦਿਆਂ ਇਸੇ ਦਿਨ ਕਿਹਾ ਕਿ "ਦਰਬਾਰ ਸਾਹਿਬ ਦੀ ਮਰਿਆਦਾ ਵੱਖਰੀ ਹੈ। ਇੱਥੇ ਭਾਈ ਮਨੀ ਸਿੰਘ ਦੇ ਵੇਲੇ ਦਾ ਦਸਤੂਰ-ਇ-ਅਮਲ ਲਾਗੂ ਹੁੰਦਾ ਹੈ।" ਸ: ਮਨਜੀਤ ਸਿੰਘ ਕਲਕੱਤਾ ਨੂੰ ਇਹ ਵੀ ਨਹੀਂ ਸੀ ਪਤਾ ਕਿ ਇਹ ਅਖੌਤੀ ਦਸਤੂਰ-ਇ-ਅਮਲ 1859 ਵਿਚ ਅੰਗ੍ਰੇਜ਼ਾਂ ਵੇਲੇ ਇਕ ਕਮੇਟੀ ਨੇ ਬਣਾਇਆ ਸੀ ਜਿਸ ਦਾ ਮੁਖੀ ਲਾਹੌਰ ਦਰਬਾਰ ਦਾ ਗ਼ਦਾਰ ਬ੍ਰਾਹਮਣ ਤੇਜ ਰਾਮ (ਤੇਜਾ ਸਿੰਹ) ਅਤੇ ਬਹੁਤੇ ਮੈਂਬਰ ਅੰਗਰੇਜ਼ਾਂ ਦੇ ਪਿੱਠੂ ਪੁਜਾਰੀ ਸਨ। ਕਲਕੱਤਾ ਜੀ ਨੂੰ ਇਹ ਵੀ ਨਹੀਂ ਸੀ ਪਤਾ ਕਿ ਕਦੇ ਸ: ਜੱਸਾ ਸਿੰਘ ਆਹਲੂਵਾਲੀਆ ਦੀ ਮਾਤਾ ਵੀ ਦਰਬਾਰ ਸਹਿਬ ਵਿਚ ਕੀਰਤਨ ਕਰਦੀ ਹੁੰਦੀ ਸੀ। ਕਲਕੱਤਾ ਜੀ ਵਾਂਗ ਬਹੁਤੇ ਸਿੱਖ ਆਗੂ ਤਵਾਰੀਖ਼ ਤੇ ਫ਼ਲਸਫ਼ੇ ਬਾਰੇ ਅਕਸਰ ਅਣਜਾਣ ਹੁੰਦੇ ਹਨ।

ਚੇਤੇ ਰਹੇ ਕਿ ਸਾਬਕਾ ਪ੍ਰਧਾਨ ਜਾਗੀਰ ਕੌਰ ਨੇ ਤਾਂ 23 ਅਗਸਤ 2004 ਦੇ ਦਿਨ ਬੀਬੀਆਂ ਦੇ ਪੰਜ ਪਿਆਰਿਆਂ ਵਿਚ ਸ਼ਾਮਿਲ ਹੋਣ ਦੀ ਹਿਮਾਇਤ ਵੀ ਕੀਤੀ (ਹਾਲਾਂ ਕਿ ਇਹ ਪਹਿਲਾਂ ਹੀ ਅਕਾਲ ਤਖ਼ਤ ਤੋਂ ਜਾਰੀ ਹੋਈ ਰਹਿਤ ਮਰਿਆਦਾ ਵਿਚ ਵੀ ਸਾਫ਼ ਲਿਖਿਆ ਹੋਇਆ ਹੈ ਕਿ ਪੰਜ ਪਿਆਰਿਆਂ ਵਿਚ ਬੀਬੀਆਂ ਵੀ ਸ਼ਾਮਿਲ ਹੋ ਸਦਕੀਆਂ ਹਨ)। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਪਰਮਜੀਤ ਸਿੰਘ ਸਰਨਾ ਨੇ ਵੀ ਇਕ ਵਾਰ ਤਾਂ ਇਸ ਦੀ ਮੁਖ਼ਾਲਫ਼ਤ ਕੀਤੀ ਪਰ ਫਿਰ ਸੰਭਲ

ਗਏ ਕਿਉਂ ਕਿ ਉਨ੍ਹਾਂ ਨੂੰ ਚੇਤੇ ਕਰਵਾ ਦਿੱਤਾ ਗਿਆ ਸੀ ਕਿ ਜਦੋਂ ਉਸ ਨੇ ਆਪਣੇ ਧੀਆਂ ਤੇ ਪੁੱਤਰਾਂ ਨੂੰ ਖੰਡੇ ਦੀ ਪਾਹੁਲ ਦਿਵਾਈ ਤਾਂ ਉਨ੍ਹਾਂ ਪੰਜ ਪਿਆਰਿਆਂ ਵਿਚ ਇਕ ਬੀਬੀ (ਹਰਬੰਸ ਕੌਰ) ਵੀ ਸ਼ਾਮਿਲ ਸੀ।

ਅਸੂਲੀ ਤੌਰ ਤੇ ਇਹ ਗ਼ਲਤ ਹੈ ਕਿ ਬੀਬੀਆਂ ਤੇ ਬੰਦਿਆਂ ਵਿਚ ਧਾਰਮਿਕ ਜਾਂ ਕਿਸੇ ਹੋਰ ਪੱਖ ਤੋਂ ਵਿਤਕਰਾ ਕੀਤਾ ਜਾਵੇ। ਹਰ ਸਿੱਖ ਮਰਦ ਤੇ ਔਰਤ ਨੂੰ ਹਰ ਖੇਤਰ ਵਿਚ ਹਰ ਤਰ੍ਹਾਂ ਦੇ ਬਰਾਬਰ ਦੇ ਹੱਕ ਹਨ। ਕਿਸੇ ਤਰ੍ਹਾਂ ਦਾ ਵੀ ਕੋਈ ਫ਼ਰਕ ਖੜ੍ਹਾ ਕਰਨਾ, ਗੁਰੂ ਨਾਨਕ ਸਾਹਿਬ ਦੀ ਹੁਕਮ-ਅਦੂਲੀ ਕਰਨ ਦੇ ਬਰਾਬਰ ਹੈ ਤੇ ਅਜਿਹਾ ਫ਼ਰਕ ਚਾਹੁਣ ਵਾਲਾ ਸਿੱਖੀ ਵਿਚੋਂ ਖਾਰਿਜ ਸਮਝਿਆ ਜਾਣਾ ਚਾਹੀਦਾ ਹੈ, ਭਾਵੇਂ ਉਹ ਕੋਈ ਸ਼ਖ਼ਸ ਵੀ ਹੋਵੇ।

ਫਿਰ ਇਹ ਦਲੀਲ ਵੀ ਦਿੱਤੀ ਗਈ ਸੀ ਕਿ ਜਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜ ਸਿਰਾਂ ਦੀ ਮੰਗ ਕੀਤੀ ਸੀ ਤਾਂ ਕਿਸੇ ਬੀਬੀ ਨੇ ਆਪਣੇ ਆਪ ਨੂੰ ਪੇਸ਼ ਨਹੀਂ ਸੀ ਕੀਤਾ, ਇਸ ਕਰ ਕੇ ਉਨ੍ਹਾਂ ਨੂੰ ਹੁਣ ਕੁਝ ਕਾਰਵਾਈਆਂ ਨਹੀਂ ਕਰਨ ਦੇਣੀਆਂ ਚਾਹੀਦੀਆਂ। ਇਹ ਦਲੀਲ ਵੀ ਥੋਥੀ ਹੈ ਕਿ ਕਿਉਂਕਿ ਗੁਰੂ ਸਾਹਿਬ ਵੇਲੇ ਬੀਬੀਆਂ ਕਦੇ ਵੀ, ਕਿਸੇ ਵੀ ਮੌਕੇ 'ਤੇ ਸ਼ਾਮਿਲ ਨਹੀਂ ਹੁੰਦੀਆਂ ਸਨ। ਚਲੋ ਜੇ ਇਹ ਗੱਲ ਮੰਨਣੀ ਹੀ ਹੈ ਤਾਂ ਫਿਰ ਖੰਡੇ ਦੀ ਪਾਹੁਲ ਤਿਆਰ ਕਰਨ ਵੇਲੇ ਪਤਾਸੇ ਪਾਉਣ ਦੀ ਸੇਵਾ ਸਦਾ ਵਾਸਤੇ ਕਿਸੇ ਬੀਬੀ ਨੂੰ ਹੀ ਮਿਲਣੀ ਚਾਹੀਦੀ ਹੈ ਕਿਉਂ ਕਿ ਪਾਹੁਲ ਵਿਚ ਪਤਾਸੇ ਮਾਤਾ ਜੀਤੋ (ਜੀਤ ਕੌਰ) ਜੀ ਨੇ ਹੀ ਪਾਏ ਸਨ, ਕਿਸੇ ਮਰਦ ਨੇ ਨਹੀਂ। ਇੰਞ ਹੀ ਗੁਰੂ ਸਾਹਿਬ ਵੇਲੇ ਲੰਗਰ ਵੀ ਸਿਰਫ਼ ਬੀਬੀਆਂ ਹੀ ਤਿਆਰ ਕਰਿਆ ਕਰਦੀਆਂ ਸਨ। ਇਸ ਕਰ ਕੇ ਲੰਗਰ ਵਿਚ ਮਰਦਾਂ ਦੀ ਐਂਟਰੀ ਬਿਲਕੁਲ ਬੈਨ ਹੋਣੀ ਚਾਹੀਦੀ ਹੈ।

ਇਸ ਸਬੰਧ ਵਿਚ ਸਿੱਖ ਤਵਾਰੀਖ਼ ਵਿਚ ਇਕ ਕਮਾਲ ਦਾ ਹਵਾਲਾ ਮਿਲਦਾ ਹੈ। ਆਹਲੂਵਾਲੀਆ ਮਿਸਲ ਦੇ ਮੋਢੀ ਸ. ਜੱਸਾ ਸਿੰਘ (ਪੁੱਤਰ ਭਾਈ ਬਦਰ ਸਿੰਘ ਤੇ ਪੋਤਰਾ ਭਾਈ ਗੋਪਾਲ) ਨੇ ਆਪਣੀ ਉਮਰ ਦੇ 10 ਕੁ ਸਾਲ ਮਾਤਾ ਸੁੰਦਰ ਕੌਰ ਦੀ ਹਿਫ਼ਾਜ਼ਤ ਵਿਚ ਦਿੱਲੀ ਵਿਚ ਬਿਤਾਏ ਸਨ। ਮਗਰੋਂ 1729 ਵਿਚ ਨਵਾਬ ਕਪੂਰ ਸਿੰਘ ਉਸ ਨੂੰ ਆਪਣੇ ਨਾਲ ਲੈ ਆਇਆ ਸੀ। ਸ. ਰਤਨ ਸਿੰਘ ਭੰਗੂ ਮੁਤਾਬਿਕ ਮਾਤਾ ਸੁੰਦਰ ਕੌਰ ਇਕ ਵਾਰ ਅੰਮ੍ਰਿਤਸਰ ਆਈ ਸੀ ਤੇ ਉਹ ਜੱਸਾ ਸਿੰਘ ਨੂੰ ਆਪ ਨਵਾਬ ਕਪੂਰ ਸਿੰਘ ਨੂੰ ਸੌਂਪ ਗਈ ਸੀ। **ਇਸ ਮੌਕੇ 'ਤੇ ਮਾਤਾ ਨੇ ਦਰਬਾਰ ਸਾਹਿਬ ਵਿਚ ਕੀਰਤਨ ਵੀ ਕੀਤਾ ਸੀ ਤੇ ਉਹ ਵੀ, ਇਕ ਨਹੀਂ, ਕਈ ਵਾਰ ਕੀਤਾ ਸੀ। (ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*, ਸਫ਼ਾ 204, 1939 ਦੀ ਐਡੀਸ਼ਨ)।**

(ਦਰਬਾਰ ਸਾਹਿਬ ਵਿਚ ਬੀਬੀਆਂ ਦੇ ਕੀਰਤਨ ਸਬੰਧੀ ਬ੍ਰਾਹਮਣਵਾਦੀ ਸੋਚ ਵਾਲੇ ਚੌਧਰੀਆਂ ਨੇ ਸ਼ਾਇਦ ਰਤਨ ਸਿੰਘ ਭੰਗੂ ਪੜ੍ਹਿਆ ਹੀ ਨਹੀਂ ਹੋਣਾ। ਦਰਅਸਲ ਇਨ੍ਹਾਂ ਚੌਧਰੀਆਂ ਨੇ ਨਾ ਤਾਂ ਸਿੱਖ ਤਵਾਰੀਖ਼ ਪੜ੍ਹੀ ਹੈ ਤੇ ਨਾ ਹੀ ਸਿੱਖ ਫ਼ਿਲਾਸਫ਼ੀ)।

ਇਸ ਤੋਂ ਇਲਾਵਾ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਦਰਬਾਰ ਸਾਹਿਬ ਨੂੰ ਦੁੱਧ ਜਾਂ ਲੱਸੀ ਨਾਲ ਧੋਣਾ ਤਾਂ ਮੂਲੋਂ ਹੀ ਸਿੱਖੀ ਸਿਧਾਂਤਾਂ ਦੇ ਉਲਟ ਹੈ ਤੇ ਇਹ ਮਨਮਤ ਸਦਾ ਵਾਸਤੇ ਜਾਰੀ ਰੱਖਣ ਵਾਸਤੇ ਉਹ ਪੇਸ਼-ਪੇਸ਼ (ਮੂਹਰੇ-ਮੂਹਰੇ) ਹਨ। ਉਨ੍ਹਾਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਇਹ ਮਨਮਤ ਗੁਰੂ ਸਾਹਿਬ ਦੇ ਵੇਲੇ ਕਦੇ ਨਹੀਂ ਹੋਈ ਸੀ (ਗੁਰੂ ਸਾਹਿਬ ਵੇਲੇ ਤਾਂ ਫ਼ਰਸ਼ ਹੀ ਮਿੱਟੀ ਦਾ ਸੀ ਤੇ ਉਸ ਨੂੰ ਲੱਸੀ ਨਾਲ ਧੋਣ ਦਾ ਸਵਾਲ ਹੀ ਨਹੀਂ ਸੀ)।

ਸਿੱਖ ਮਿਸਲਾਂ ਵੇਲੇ ਵੀ ਇੱਥੇ ਸੰਗਮਰਮਰ ਨਹੀਂ ਸੀ ਲਗਾ ਹੋਇਆ। ਇਹ ਚਿੱਟਾ ਪੱਥਰ ਤਾਂ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਦੇ ਆਖ਼ਰੀ ਦਿਨਾਂ ਵਿਚ ਨੌਨਿਹਾਲ ਸਿੰਘ ਦੇ ਰਾਜ ਵਿਚ ਲੱਗਾ ਸੀ। ਸੋ ਇਹ ਗੱਲ ਬਿਲਕੁਲ ਸਪਸ਼ਟ ਹੈ ਕਿ ਇਹ ਲੱਸੀ ਨਾਲ (ਜਾਂ ਪਾਣੀ ਨਾਲ) ਧੋਣ ਦੀ ਕਾਰਵਾਈ ਤਾਂ ਸਿਰਫ਼ ਡੋਗਰਿਆਂ ਜਾਂ ਮਹੰਤਾਂ ਵੇਲੇ ਸ਼ੁਰੂ ਹੋਈ ਸੀ। ਇਹ ਮਹੰਤ ਹੀ ਸਨ ਜਿਨ੍ਹਾਂ ਨੇ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚ ਸੈਂਕੜੇ ਮਨਮਤੀ ਕਾਰਵਾਈਆਂ ਸ਼ੁਰੂ ਕੀਤੀਆਂ ਹੋਈਆਂ ਸਨ। ਉਨ੍ਹਾਂ ਵਿਚੋਂ ਹੀ ਇਹ ਕਾਰਵਾਈ ਇਹ ਵੀ ਹੈ (ਇਹ 1859 ਦਾ ਅਖੌਤੀ ਦਸਤੂਰ-ਇ-ਅਮਲ, ਸਾਰੇ ਦਾ ਸਾਰਾ, ਇਨ੍ਹਾਂ ਮਹੰਤਾਂ ਦਾ ਬ੍ਰਾਹਮਣਵਾਦੀ ਪਖੰਡ ਹੈ)।

ਦਰਅਸਲ ਇਹ ਸਾਰੀਆਂ ਗੱਲਾਂ ਸਿੱਖ ਫ਼ਲਸਫ਼ੇ ਦੇ ਉਲਟ ਹਨ। ਸਭ ਨੂੰ ਪਤਾ ਹੈ ਕਿ ਦਰਬਾਰ ਸਾਹਿਬ ਨੂੰ "ਲੱਸਿਆਉਣ" (ਲੱਸੀ ਨਾਲ ਧੋਣ) ਜਾਂ "ਦੁੱਧਿਆਉਣ" (ਦੁੱਧ ਨਾਲ ਧੋਣ) ਦੀ ਕਾਰਵਾਈ ਤਾਂ ਸਿਰਫ਼ ਦਸ ਪੰਦਰਾਂ ਘਰਾਂ ਦੇ ਲੋਕ ਹੀ ਕਰਦੇ ਹਨ। ਇਨ੍ਹਾਂ ਚੰਦ ਇਕ ਘਰਾਂ ਨੇ ਇਸ ਨੂੰ ਅੰਡਰ ਵਰਲਡ ਵਾਂਗ "ਮਨਾਪਲੀ" ਬਣਾਇਆ ਹੋਇਆ ਹੈ। ਇਹ ਗੱਲ ਹੋਰ ਵੀ ਸ਼ਰਮਨਾਕ ਹੈ। ਇਹੋ ਜਿਹੀ ਹਰਕਤ ਸਿੱਖ ਫ਼ਲਸਫ਼ੇ ਦੇ ਮੁੱਢੋਂ ਹੀ ਉਲਟ ਹੈ। ਇਹ ਪਾਪ ਹੈ ਤੇ ਇਸ ਨੂੰ ਇਕ ਦਮ ਖ਼ਤਮ ਕੀਤਾ ਜਾਣਾ ਚਾਹੀਦਾ ਹੈ।

ਦਰਅਸਲ ਸ਼੍ਰੋਮਣੀ ਕਮੇਟੀ ਦੇ ਬਹੁਤੇ ਪ੍ਰਧਾਨ ਸਿੱਖ ਤਵਾਰੀਖ਼ ਅਤੇ ਫ਼ਲਸਫ਼ੇ ਬਾਰੇ ਕੁਝ ਪੜ੍ਹਦੇ ਹੀ ਨਹੀਂ। ਪਰ, ਉਹ ਆਪਣੇ ਦੁਆਲੇ ਰੱਖੇ ਹੋਏ "ਵਿਦਵਾਨਾਂ" ਤੋਂ ਤਾਂ ਪੁੱਛ ਹੀ ਸਕਦੇ ਸਨ। ਉਨ੍ਹਾਂ ਨੂੰ ਆਪਣੇ ਨਾਂ 'ਤੇ ਲੇਖ ਲਿਖਵਾਉਣਾ ਤਾਂ ਚੇਤੇ ਰਹਿ ਜਾਂਦਾ ਹੈ; ਬੇਹਤਰ ਹੈ ਕਿ ਉਹ ਇਨ੍ਹਾਂ ਵਿਦਵਾਨਾਂ ਕੋਲੋਂ ਸਿੱਖ ਫ਼ਲਸਫ਼ੇ ਬਾਰੇ ਸਲਾਹ ਵੀ ਲੈ ਲਿਆ ਕਰਨ। ਕਿਤੇ ਇਹ ਤਾਂ ਨਹੀਂ ਕਿ ਉਹ "ਵਿਦਵਾਨਾਂ" ਨੂੰ ਸਿਰਫ਼ ਸ਼ਰੋਮਣੀ ਕਮੇਟੀ ਪ੍ਰਧਾਨ ਦੇ ਸੋਹਲੇ ਲਿਖਣ ਵਾਸਤੇ ਹੀ ਵਰਤਣਾ ਚਾਹੁੰਦੇ ਹਨ ? ਜੇ ਇਹ ਗੱਲ ਹੈ ਤਾਂ ਪੰਥ ਦਾ ਰੱਬ ਹੀ ਰਾਖਾ ਹੈ।(15.12.2003)

ਅੰਮ੍ਰਿਤ, ਦੁਖ ਭੰਜਨੀ ਬੇਰੀ, ਹਰਿ ਕੀ ਪਉੜੀ

ਬ੍ਰਾਹਮਣ ਲੇਖਕਾਂ ਨੇ ਦਰਬਾਰ ਸਾਹਿਬ (ਗੁਰੂ ਦਾ ਚੱਕ, ਹੁਣ ਅੰਮ੍ਰਿਤਸਰ) ਦੇ 'ਅੰਮ੍ਰਿਤਸਰ ਸਰੋਵਰ' ਨੂੰ ਇਕ ਹਿੰਦੂ 'ਤੀਰਥ' ਸਾਬਿਤ ਕਰਨ ਵਾਸਤੇ ਇੱਥੇ ਮੌਜੂਦ ਛੱਪੜ ਵਿਚ ਕਾਂਵਾਂ ਦੇ ਨਹਾ ਕੇ ਹੰਸ ਬਣਨ ਅਤੇ ਕਲਪਿਤ ਬੀਬੀ ਰਜਨੀ ਦੇ ਪਤੀ ਦਾ ਇਸ ਛੱਪੜ ਦੇ ਪਾਣੀ ਵਿਚ ਡਿੱਗਣ ਨਾਲ ਉਸ ਦਾ ਪਿੰਗਲਾਪਣ ਦੂਰ ਹੋਣ ਦੀਆਂ ਗੱਪ-ਕਹਾਣੀਆਂ ਵੀ ਘੜੀਆਂ ਹਨ। ਦਰਅਸਲ ਅੰਮ੍ਰਿਤਸਰ ਸਰੋਵਰ ਗੁਰੂ-ਦਾ-ਚੱਕ ਨਗਰ ਵਿਚ ਆਉਣ ਵਾਲੇ ਲੋਕਾਂ ਦੇ ਨਹਾਉਣ ਦਾ ਮਸਲਾ ਹੱਲ ਕਰਨ ਲਈ, ਪਾਣੀ ਸੰਭਾਲਣ ਵਾਸਤੇ, ਬਣਾਇਆ ਗਿਆ ਸੀ ਨਾ ਕਿ ਕਿਸੇ ਅਖੌਤੀ 'ਅੰਮ੍ਰਿਤ' ਵਾਸਤੇ। ਸਿੱਖੀ ਵਿਚ 'ਅੰਮ੍ਰਿਤ' ਲਫ਼ਜ਼ ਸਿਰਫ਼ ਗੁਰਬਾਣੀ ਵਾਸਤੇ ਵਰਤਿਆ ਗਿਆ ਹੈ।

ਅੰਮ੍ਰਿਤ (ਅ+ਮ੍ਰਿਤ) = ਮੌਤ ਤੋਂ ਪਰੇ। ਅੰਮ੍ਰਿਤ ਉਸ ਨੂੰ ਕਹਿੰਦੇ ਹਨ ਜੋ ਇਨਸਾਨ ਨੂੰ ਮੌਤ ਤੋਂ ਮੁਕਤ ਕਰ ਦੇਂਦਾ ਹੈ। ਅੰਮ੍ਰਿਤ ਦਾ ਮਤਲਬ, ਸਿੱਖ ਧਰਮ ਵਿਚ, ਹਿੰਦੂ ਸਿਧਾਂਤਾਂ ਤੋਂ ਵੱਖਰਾ ਹੈ। ਹਿੰਦੂ ਮਿਥਹਾਸ ਮੁਤਾਬਿਕ, ਦੇਵਤੇ ਅਤੇ ਰਾਖਸ਼ਾਂ ਨੇ ਇਕੱਠਿਆਂ ਹੋ ਕੇ ਸਮੁੰਦਰ ਰਿੜਕਣਾ ਸ਼ੁਰੂ ਕਰ ਦਿੱਤਾ ਅਤੇ ਅਖੌਤੀ 'ਅੰਮ੍ਰਿਤ' ਤਿਆਰ ਕੀਤਾ। ਜਦੋਂ ਇਹ ਅਖੌਤੀ 'ਅੰਮ੍ਰਿਤ' ਤਿਆਰ ਹੋ ਗਿਆ ਤਾਂ ਦੋਹਾਂ (ਰਾਖਸ਼ਾਂ ਅਤੇ ਦੇਵਤਿਆਂ) ਵਿਚ ਇਸ ਗੱਲ ਤੋਂ ਲੜਾਈ ਹੋ ਗਈ ਕਿਉਂ ਕਿ ਦੋਵੇਂ ਹੀ ਇਸ ਅਖੌਤੀ ਅੰਮ੍ਰਿਤ ਦੇ ਪੂਰੀ ਤਰ੍ਹਾਂ ਮਾਲਕ ਬਣਨਾ ਚਾਹੁੰਦੇ ਸਨ ਅਤੇ ਉਸ ਦੀ ਵਰਤੋਂ ਕਰਨਾ ਚਾਹੁੰਦੇ ਸਨ। ਇਸ ਕਰ ਕੇ ਦੋਹਾਂ ਵਿਚ ਬਹੁਤ ਜ਼ਿਆਦਾ 'ਲੜਾਈ' ਹੋਈ। ਲੜਾਈ ਦੇ ਦੌਰਾਨ ਸਾਰਾ ਅਖੌਤੀ ਅੰਮ੍ਰਿਤ ਡੁੱਲ ਗਿਆ ਅਤੇ ਕੋਈ ਵੀ ਹੁਣ ਅਖੌਤੀ ਅੰਮ੍ਰਿਤ ਪੀ ਕੇ ਅਮਰ ਨਹੀਂ ਹੋ ਸਕਦਾ ਸੀ। ਬ੍ਰਾਹਮਣ ਬਹੁਤ ਜ਼ਿਆਦਾ ਚਾਲਾਕ ਸਨ। ਹੁਣ ਉਨ੍ਹਾਂ ਨੇ ਅਮਰ ਹੋਣ ਦੀ ਵਾਸਤੇ ਆਤਮਾ ਦੀ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਜਾਣ ਦੀ ਮਿੱਥ ਬਣਾ ਲਈ। ਬ੍ਰਾਹਮਣਾਂ ਨੇ ਇਹ ਚਾਲਾਕੀ ਖੇਡੀ ਕਿ ਆਤਮਾ ਕਦੇ ਨਹੀਂ ਮਰਦੀ ਅਤੇ ਇਹ ਇਕ ਸਰੀਰ ਤੋਂ ਦੂਜੇ ਵਿਚ ਦਾਖ਼ਿਲ ਹੋ ਜਾਂਦੀ ਹੈ। ਇਸ ਲਈ, ਅਜੇ ਵੀ, ਹਰ ਕੋਈ ਅਮਰ ਹੋ ਸਕਦਾ ਹੈ। ਪਰ ਦੂਜੇ ਪਾਸੇ, ਇਸ ਦਾ ਇਕ ਇਹ ਮਤਲਬ ਵੀ ਨਿਕਲਦਾ ਹੈ ਕਿ ਆਤਮਾ ਪ੍ਰਮਾਤਮਾ ਦਾ ਹਿੱਸਾ ਨਹੀਂ ਹੈ ਅਤੇ ਇਹ ਕਦੇ ਵੀ ਆਪਣੇ ਮੂਲ (ਰੱਬ) ਨਾਲ ਨਹੀਂ ਮਿਲ ਸਕਦੀ (ਦੋਵੇਂ ਗੱਲਾਂ ਸਿੱਖ ਫ਼ਲਸਫ਼ੇ ਦੇ ਉਲਟ ਹਨ)।

ਸਿੱਖ ਧਰਮ ਸਦਾ ਜਿਊਂਦੇ ਰਹਿਣ ਦੀ ਅਤੇ ਆਤਮਾ ਦੀ ਦੂਜੇ ਜਿਸਮ ਵਿਚ ਬਦਲੀ ਦੀ ਮਿੱਥ ਨੂੰ ਰੱਦ ਕਰਦਾ ਹੈ। ਸਿੱਖ ਧਰਮ ਮੁਤਾਬਿਕ ਇਨਸਾਨਾਂ ਦੀ ਜ਼ਿੰਦਗੀ ਦੀ ਮਿਆਦ ਵਾਹਿਗੁਰੂ ਵੱਲੋਂ ਨੀਅਤ ਹੁੰਦੀ ਹੈ। ਇਨਸਾਨੀ ਜਿਸਮ ਪੰਜ ਤੱਤਾਂ ਦਾ ਬਣਦਾ ਹੈ ਅਤੇ ਇਨਸਾਨ ਦੀ ਮੌਤ ਤੋਂ ਬਾਅਦ ਇਹ ਪੰਜੇ ਤੱਤ ਆਪਣੇ-ਆਪਣੇ ਮੂਲ ਵਿਚ ਸਮਾ ਜਾਂਦੇ ਹਨ। ਸਰੀਰ ਵਿਚਲੀ ਆਤਮਾ ਵੀ ਪ੍ਰਮਾਤਮਾ ਵਿਚ ਮਿਲ ਜਾਂਦੀ ਹੈ। ਸਿੱਖ ਫ਼ਲਸਫ਼ੇ ਵਿਚ ਪ੍ਰਮਾਤਮਾ ਦਾ ਨਾਂ ਜਪਣਾ ਹੀ 'ਅੰਮ੍ਰਿਤ ਪੀਣਾ' ਹੈ ਕਿਉਂਕਿ ਇਹ ਮਰਨ ਦੇ ਡਰ ਤੋਂ ਆਜ਼ਾਦ ਕਰਦਾ ਹੈ।

*ਏਕੋ ਵੇਖਾ ਅਵਰੁ ਨ ਬੀਆ॥ **ਗੁਰ ਪਰਸਾਦੀ ਅੰਮ੍ਰਿਤੁ ਪੀਆ॥** ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ॥ ਰਤਨੁ ਪਦਾਰਥੁ ਪਲਰਿ ਤਿਆਗੈ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ॥ ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ॥ ਅਪਨੀ ਕਿਰਪਾ ਕਰੇ ਸੋਈ ਜਨੁ ਪਾਏ॥ ਗੁਰ ਕਾ ਸਬਦੁ ਮੰਨਿ ਵਸਾਏ॥ ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ॥ ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ **ਗੁਰ ਪਰਸਾਦਿ ਪਰਮ ਪਦੁ ਪਾਇਆ॥** ਅੰਤਰੁ*

ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ॥ ਸਿਮ੍ਰਿਤਿ ਸਾਸਤ ਬੇਦ ਵਖਾਣੈ॥ ਭਰਮੇ ਭੂਲਾ ਤਤੁ ਨ ਜਾਣੈ॥ ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ॥ ਆਪਿ ਕਰੇ ਕਿਸੁ ਆਖੈ ਕੋਈ॥ ਆਖਣ ਜਾਈਐ ਜੇ ਭੂਲਾ ਹੋਈ॥ ਨਾਨਕ ਆਪੇ ਕਰੇ ਕਰਾਏ ਨਾਮੇ ਨਾਮਿ ਸਮਾਵਣਿਆ॥ (ਸਫ਼ਾ 113-114)

ਅੰਮ੍ਰਿਤੁ ਨਾਮੁ ਨਿਧਾਨੁ ਹੈ *ਮਿਲਿ ਪੀਵਹੁ ਭਾਈ॥ ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ॥ ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ॥ ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ॥ ਤੁਧੁ ਜੇਵਡੁ ਤੂ ਹੈ ਪਾਰਬ੍ਰਹਮ ਨਾਨਕ ਸਰਣਾਈ॥ (ਸਫ਼ਾ 318)*

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥ ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ *॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥ ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ॥ (ਸਫ਼ਾ 598)*

ਸਿੱਖ ਧਰਮ ਵਿਚ ਅੰਮ੍ਰਿਤ ਕੋਈ ਤਰਲ ਚੀਜ਼ ਜਾਂ ਦੁਆਈ ਨਹੀਂ ਹੈ ਕਿ ਜੋ ਮਨੁੱਖ ਨੂੰ ਸਦਾ ਲਈ ਰਹਿਣ ਵਾਲਾ ਬਣਾਉਂਦਾ ਹੈ। ਇਹ ਸਿਰਫ਼ ਰੱਬ (ਤੇ ਉਸ ਦੀ ਬਾਣੀ) ਹੀ ਹੈ ਜੋ ਅੰਮ੍ਰਿਤ ਹੈ। ਕੁਝ ਲੇਖਕਾਂ ਨੇ ਸਿੱਖ ਧਰਮ ਵਿਚ ਦਾਖਲੇ ਦੀ ਰਸਮ, 'ਖੰਡੇ ਦੀ ਪਾਹੁਲ', ਨੂੰ ਵੀ 'ਅੰਮ੍ਰਿਤ' ਕਿਹਾ ਹੈ। ਇਹ ਲਫ਼ਜ਼ ਸਹੀ ਨਹੀਂ ਹੈ। ਅਸਲ ਲਫ਼ਜ਼ **ਖੰਡੇ ਦੀ ਪਾਹੁਲ** ਹੀ ਹੈ ਜੋ ਪੰਜ ਪਿਆਰਿਆਂ ਵੱਲੋਂ ਦਿੱਤੀ ਜਾਂਦੀ ਹੈ।

ਅਠਸਠ/ਹਰਿ ਕੀ ਪਉੜੀ/ਦੁਖਭੰਜਨੀ ਬੇਰੀ/ਸੰਤੋਖ ਸਰ

ਇਵ ਹੀ ਦਰਬਾਰ ਸਾਹਿਬ ਵਿਚਲੀਆਂ ਥਾਂਵਾਂ ਨੂੰ 'ਅਠਸਠ' (ਬ੍ਰਾਹਮਣਾਂ ਦੇ 68 ਤੀਰਥਾਂ ਦੀ ਮਹਾਨਤਾ ਦੱਸਣ ਵਾਸਤੇ), 'ਹਰਿ ਕੀ ਪੌੜੀ' (ਹਰਦੁਆਰ ਵਿਚ ਗੰਗਾ ਦੇ ਕੰਢੇ ਦੀ ਮਹਾਨਤਾ ਦੱਸਣ ਵਾਸਤੇ) ਅਤੇ ਦਰਬਾਰ ਸਾਹਿਬ ਕੰਪਲੈਕਸ ਵਿਚਲੀ ਇਕ ਬੇਰੀ ਵਾਸਤੇ 'ਦੁਖਭੰਜਨੀ ਬੇਰੀ' ਵਰਗੇ ਹਿੰਦੂ-ਨਾਂ ਵੀ ਬ੍ਰਾਹਮਣ ਲਿਖਾਰੀਆਂ ਦੇ ਦਿੱਤੇ ਹੋਏ ਹਨ ਤੇ ਇਹ ਸਾਰੇ ਨਾਂ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਮਗਰੋਂ ਅੰਗਰੇਜ਼ਾਂ ਦੇ ਰਾਜ ਵਿਚ ਨਿਰਮਲਿਆਂ ਅਤੇ ਡੋਗਰਿਆਂ ਦੇ ਲਾਏ ਬ੍ਰਾਹਮਣ ਪੁਜਾਰੀਆਂ ਨੇ ਵਰਤਣੇ ਸ਼ੁਰੂ ਕੀਤੇ ਸਨ।

ਇਵ ਹੀ ਸੰਤੋਖਸਰ ਸਰੋਵਰ ਦੀ ਖੁਦਾਈ ਵੇਲੇ ਇਕ ਅਖੌਤੀ 'ਰਿਸ਼ੀ' ਦੇ ਜ਼ਮੀਨ ਹੇਠੋਂ ਜਿਊਂਦਿਆਂ ਸਮਾਧੀ ਦੀ ਹਾਲਤ ਵਿਚ ਨਿਕਲਣ ਵਾਲੀ ਮਨਘੜਤ ਕਹਾਣੀ ਵੀ ਬ੍ਰਾਹਮਣਾਂ ਵੱਲੋਂ ਇਸ ਨੂੰ 'ਪੁਰਾਣਾ ਹਿੰਦੂ ਤੀਰਥ' ਸਾਬਿਤ ਕਰਨ ਵਾਸਤੇ ਘੜੀ ਗਈ ਸੀ। ਉਨ੍ਹਾਂ ਦਾ ਨਿਸ਼ਾਨਾ ਇਸ ਥਾਂ 'ਤੇ ਇਕ ਹਿੰਦੂ ਮੰਦਰ ਉਸਾਰਣਾ ਸੀ, ਜੋ ਕਿ ਪੂਰਾ ਨਹੀਂ ਹੋ ਸਕਿਆ।

ਐਂਟੀ-ਸਿੱਖ ਲੇਖਕ

ਪਿਛਲੀਆਂ ਦੋ ਸਦੀਆਂ ਤੋਂ ਕੁਝ ਲੇਖਕ ਸਿੱਖ ਤਵਾਰੀਖ਼ ਤੇ ਫ਼ਲਸਫ਼ੇ ਨੂੰ ਵਿਗਾੜਨ ਵਾਸਤੇ ਲਿਖਤਾਂ ਲਿਖਦੇ ਆ ਰਹੇ ਹਨ। ਇਨ੍ਹਾਂ ਵਿਚੋਂ ਮੁੱਖ ਹਨ: ਬੂਟੇ ਸ਼ਾਹ, ਅਰਨੈਸਟ ਟਰੰਪ, ਸ਼ਰਧਾ ਰਾਮ ਫਿਲੌਰੀ, ਹਿਊ ਮਕਲਾਊਡ (ਮੌਤ 2009), ਜੇ. ਐਸ. ਗਰੇਵਾਲ, ਸੁਰਜੀਤ ਹਾਂਸ, ਹਰਜੋਤ ਉਬਰਾਏ, ਪਿਸ਼ੌਰਾ ਸਿੰਹ, ਲਉ ਫ਼ੀਨਕ, ਗੁਰਿੰਦਰ ਮਾਨ, ਰੂਡੀ ਥਾਮਸਨ (ਡੈਨਮਾਰਕ), ਡਾ. ਓਵਨ ਕੋਲ (ਇੰਗਲੈਂਡ), ਈਅਨ ਮਲਗਰਿਊ (ਕੈਨੇਡਾ) ਵਗੈਰਾ। ਮਹਿੰਦਰ ਸਿੰਘ (ਗੁਰੂ ਨਾਨਕ ਫ਼ਾਊਂਡੇਸ਼ਨ, ਦਿੱਲੀ), ਆਈ. ਜੇ ਸਿੰਘ (ਨਿਊਜਾਰਕ), ਐਸ.ਐਸ. ਧਨੋਆ, ਅਮਰਜੀਤ ਗਰੇਵਾਲ ਵੀ ਅਕਸਰ ਸਿੱਖ ਧਰਮ ਤੇ ਫ਼ਲਸਫ਼ੇ ਨੂੰ ਵਿਗਾੜਨ ਵਾਸਤੇ ਐਂਟੀ-ਸਿੱਖ ਸਕੂਲ ਨਾਲ ਮਿਲਵਰਤਣ ਦੇਂਦੇ ਰਹੇ ਹਨ। ਬਾਹਰਲੇ ਮੁਲਕਾਂ ਦੇ ਅਤੇ ਗ਼ੈਰ-ਸਿੱਖ ਲੇਖਕਾਂ ਵਿਚੋਂ ਡਾ. ਨਿਓਲ ਕਿੰਗ (ਜੋ ਹੁਣ ਚੜ੍ਹਾਈ ਕਰ ਚੁਕਾ ਹੈ) ਤੋਂ ਸਿਵਾ ਇਕ ਵੀ ਅਜਿਹਾ ਨਹੀਂ ਜਿਸ ਨੇ ਸਿੱਖਾਂ ਦੇ ਖ਼ਿਲਾਫ਼ ਗ਼ਲਤ ਨਾ ਲਿਖਿਆ ਹੋਵੇ। ਹੋਰ ਤਾਂ ਹੋਰ ਟਰਾਂਟੋ, ਵੈਨਕੂਵਰ, ਮਿਸ਼ੀਗਨ ਤੇ ਕੁਝ ਹੋਰ ਯੂਨੀਵਰਸਿਟੀਆਂ ਵਿਚ ਬਣੀਆਂ ਸਿੱਖ ਸਟੱਡੀਜ਼ ਚੇਅਰਜ਼ 'ਤੇ ਬੈਠ ਕੇ ਮਕਾਲਊਡ, ਹਰਜੋਤ ਉਬਰਾਏ, ਪਿਸ਼ੌਰਾ ਸਿੰਹ ਤੇ ਗੁਰਿਦੰਰ ਮਾਨ ਨੇ ਸਿੱਖ ਫ਼ਲਸਫ਼ੇ ਦੇ ਬਾਰੇ ਸਾਜ਼ਿਸ਼ੀ ਪ੍ਰਾਪੇਗੰਡਾ ਕਰਨ ਵਿਚ ਹਮੇਸ਼ਾ ਸਿੱਖ-ਦੁਸ਼ਮਣਾਂ ਦਾ ਸਾਥ ਦਿੱਤਾ ਤੇ ਅਕਸਰ ਅਗਵਾਈ ਵੀ ਕੀਤੀ (ਤੇ ਅੱਜ ਵੀ ਕਰ ਰਹੇ ਹਨ)।

ਸਿੱਖਾਂ ਨੇ ਖ਼ਿਲਾਫ਼ ਡੂੰਘੀ ਸਾਜਿਸ਼ ਵਿਚ ਕਈ ਪਬਲਿਸ਼ਰ (ਸਣੇ ਆਕਸਫ਼ੋਰਡ ਯੂਨੀਰਵਸਿਟੀ, ਪਿੰਗੁਇਨ ਤੇ ਬ੍ਰਿਟੈਨਿਕਾ ਐਨਸਾਈਕਲੋਪੀਡੀਆ) ਵੀ ਸ਼ਾਮਿਲ ਹਨ, ਜੋ ਸਿੱਖਾਂ ਦੇ ਖ਼ਿਲਾਫ਼ ਹਰ ਕਿਤਾਬ, ਭਾਵੇਂ ਉਸ ਦੀ ਅਕਾਦਮਿਕ ਕੀਮਤ ਜ਼ੀਰੋ ਹੀ ਹੋਵੇ ਤੇ ਮਾਲੀ ਪੱਖੋਂ ਵੀ ਘਾਟੇ ਵਾਲਾ ਸੌਦਾ ਹੋਵੇ, ਛਾਪਣ ਵਾਸਤੇ ਹਰ ਵੇਲੇ ਤਿਆਰ ਰਹਿੰਦੇ ਹਨ। ਇੰਞ ਹੀ ਬਾਹਰਲੇ ਮੁਲਕਾਂ ਵਿਚ ਛਪੇ ਬਹੁਤ ਐਨਸਾਈਕਲੋਪੀਡੀਆਜ਼ ਤੇ ਰੈਫ਼ਰੈਂਸ ਬੁਕਸ ਵੀ ਸਿੱਖਾਂ ਬਾਰੇ ਗ਼ਲਤ ਮੈਟਰ ਤੇ ਸਾਜ਼ਸ਼ੀ ਸਮੱਗਰੀ ਨਾਲ ਭਰੇ ਪਏ ਹਨ। ਇਨ੍ਹਾਂ ਵਿਚੋਂ ਜੇ.ਐਸ. ਗਰੇਵਾਲ ਨੂੰ ਤਾਂ ਕੁਝ ਸਿੱਖ ਚੌਧਰੀਆਂ ਨੇ ਐਵਾਰਡ ਤੇ ਈਨਾਮ ਵੀ ਦਿੱਤੇ। ਇਨ੍ਹਾਂ ਦੇ ਖ਼ਿਲਾਫ਼ ਡਾ: ਜਸਬੀਰ ਸਿੰਘ ਮਾਨ (ਅਮਰੀਕਾ) ਨੇ ਬਹੁਤ ਵੱਡੀ ਅਤੇ ਕਾਮਯਾਬ ਮੁਹਿੰਮ ਚਲਾਈ।

ਸ਼ਹੀਦਾਂ ਦੀ ਯਾਦਗਾਰ ਕਿਵੇਂ ਬਣਾਈ ਜਾਵੇ ?

ਵੱਖ ਵੱਖ ਜਮਾਤਾਂ ਅਤੇ ਸ਼ਖ਼ਸੀਅਤਾਂ ਨੇ ਕਈ ਵਾਰ 1978, 1984, 1985-93 ਦੇ ਘੱਲੂਘਾਰਿਆਂ ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਦੀ ਗੱਲ ਕੀਤੀ ਹੈ। ਪਹਿਲੋਂ ਅਜਿਹੀ ਹੀ ਗੱਲ ਗੁਰਦਾਸ ਨੰਗਲ, ਕਾਹਨੂੰਵਾਨ, ਕੁਪ-ਰਹੀੜਾ ਵਿਚ (ਤਰਤੀਬਵਾਰ 1716, 1746, 1762) ਦੇ ਸ਼ਹੀਦਾਂ ਦੀਆਂ ਯਾਦਗਾਰਾਂ ਬਣਾਉਣ ਵਾਸਤੇ ਵੀ ਚਲਾਈ ਗਈ ਸੀ। ਉਂਵ ਤਾਂ 1947 ਵਿਚ ਮਾਰੇ ਗਏ ਸਿੱਖਾਂ ਦੀ ਯਾਦਗਾਰ (ਕੀ ਉਹ ਸ਼ਹੀਦ ਸਨ ਜਾਂ ਨਹੀਂ, ਇਕ ਬਹਿਸ ਵਾਲਾ ਨੁਕਤਾ ਹੈ) ਦੀ ਗੱਲ ਕਦੇ ਨਹੀਂ ਚੱਲੀ। ਅਜੇ ਤਾਂ ਅਸੀਂ ਨਿਰਮੋਹਗੜ੍ਹ (8 ਤੋਂ 13 ਅਕਤੂਬਰ 1700), ਸ਼ਾਹੀ ਟਿੱਬੀ (6 ਦਸੰਬਰ 1705), ਮਲਕਪੁਰ (6 ਦਸੰਬਰ 1705), ਸਰਹੰਦ ਤੇ ਚਿੱਪੜੀ-ਚਿੜੀ (12-14 ਮਈ 1710), ਸਢੌਰਾ, ਸਮਾਣਾ, ਘੁੜਾਮ, ਰਾਹੋਂ, ਬਿਲਾਸਪੁਰ (1709-10) ਦੇ ਸ਼ਹੀਦਾਂ ਦੀ ਕੋਈ ਯਾਦਗਾਰ ਨਹੀਂ ਬਣਾ ਸਕੇ। ਇਸ ਤੋਂ ਪਹਿਲਾਂ ਰੁਹੀਲਾ (ਹਰਿਗੋਬਿੰਦਪੁਰ), ਲੋਹਗੜ੍ਹ (ਅੰਮ੍ਰਿਤਸਰ), ਮਹਿਰਾਜ ਤੇ ਕਰਤਾਰਪੁਰ (ਤਰਤੀਬਵਾਰ 1621, 1634 ਤੇ 1635), ਫਗਵਾੜਾ (1635) ਦੇ ਸ਼ਹੀਦਾਂ ਦੀ ਮੁਨਾਸਿਬ ਯਾਦਗਾਰ ਨਹੀਂ ਬਣਾ ਸਕੇ। ਅੱਜ ਤਾਂ ਪੰਜਾਬੀ ਸੂਬੇ ਦੇ ਸ਼ਹੀਦਾਂ ਦੀ (12 ਜੂਨ 1960) ਦਿੱਲੀ ਵਿਚ ਯਾਦਗਾਰ ਬਣਨੀ ਬਾਕੀ ਹੈ ਅਤੇ ਕਰਨਾਲ ਵਿਚ ਕਾਕਾ ਇੰਦਰਜੀਤ ਸਿੰਘ ਮੈਮੋਰੀਅਲ ਵੀ ਅਜੇ ਬਣਨਾ ਹੈ। ਇਸ ਤੋਂ ਇਲਾਵਾ ਹੋਰ ਵੀ ਅਜਿਹੀਆਂ ਕਈ ਸ਼ਹੀਦੀ ਯਾਦਾਗਰਾਂ ਬਣਨੀਆਂ ਜ਼ਰੂਰੀ ਹਨ।

ਉਂਵ ਤਾਂ, ਅਸੂਲੀ ਤੌਰ ’ਤੇ, ਜਿਥੇ ਵੀ ਕੋਈ ਸਿੱਖ ਸ਼ਹੀਦ ਹੋਇਆ ਸੀ, ਉਸੇ ਥਾਂ ਤੇ ਉਸ ਦੀ ‘ਸ਼ਹੀਦੀ ਯਾਦਗਾਰ’ ਬਣਾਈ ਜਾਣੀ ਚਾਹੀਦੀ ਹੈ। ਪਰ ਸਵਾਲ ਇਹ ਹੈ ਕਿ ਇਹ ਯਾਦਗਾਰ ਕਿਹੋ ਜਿਹੀ ਹੋਵੇ? ਅਜੇ ਤਾਂ ਰਿਵਾਜ਼ ਇਹੀ ਰਿਹਾ ਹੈ ਕਿ ਇਕ ਗੁਰਦੁਆਰਾ ਉਸਾਰ ਕੇ ਉਸ ਦਾ ਨਾਂ ‘ਸ਼ਹੀਦ ਗੰਜ’ ਰਖ ਦਿੱਤਾ ਜਾਂਦਾ ਹੈ। ਇਂਵ ਹੀ ਕਈ ਵਾਰ ਤਾਂ ਇਕੋ ਥਾਂ ’ਤੇ ਪੰਜ-ਪੰਜ ਦਸ-ਦਸ ਗੁਰਦੁਆਰੇ ਬਣਾਏ ਜਾਂਦੇ ਹਨ ਅਤੇ ਹਰ ਥਾਂ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਕਰ ਦਿੱਤਾ ਜਾਂਦਾ ਹੈ। ਥਾਂ-ਥਾਂ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਕਰਨਾ ਸਹੀ ਨਹੀਂ ਹੈ। ਜਿੱਥੇ ਵਧੇਰੇ ਯਾਦਗਾਰੀ ਘਟਨਾਵਾਂ ਹੋਈਆਂ ਹਨ, ਉੱਥੇ ਸਿਰਫ ਇਕ ਗੁਰਦੁਆਰਾ ਉਸਾਰਿਆ ਜਾਣਾ ਚਾਹੀਦਾ ਹੈ ਅਤੇ ਬਾਕੀ ਥਾਂਵਾਂ ਤੇ ਯਾਦਗਾਰੀ-ਮੀਨਾਰ, ਥੰਮ ਜਾਂ ਚਬੂਤਰੇ ਉਸਾਰ ਕੇ, ਉਸ ’ਤੇ, ਉਸ ਘਟਨਾ ਦੀ ਤਵਾਰੀਖ਼ ਲਿਖ ਦਿੱਤੀ ਜਾਣੀ ਚਾਹੀਦੀ ਹੈ। ਇਂਵ ਇਕੋ ਕੰਪਲੈਕਸ ਵਿਚ ਪੰਜ-ਸਤ ਗੁਰਦੁਆਰਿਆਂ ਦੀ ਜਗ੍ਹਾ ਸਿਰਫ਼ ਇਕ ਗੁਰਦੁਆਰਾ ਹੋਵੇ ਤੇ ਬਾਕੀ ਮੈਮੋਰੀਅਲ ਹੋਣ ਜਿਸ ਨਾਲ ਗੁਰੂ ਗ੍ਰੰਥ ਸਾਹਿਬ ਦਾ ਵਧੇਰੇ ਅਦਬ ਰਹਿ ਸਕੇ।

ਸ਼ਹੀਦੀ ਮੀਨਾਰ:- ਜਿਥੇ ਵੀ ਕੋਈ ਸਿੰਘ ਸ਼ਹੀਦ ਹੋਏ ਹੋਣ ਉਥੇ ਇਕ ਸ਼ਹੀਦੀ ਮੀਨਾਰ/ਚਬੂਤਰਾ/ਥੰਮ੍ਹ ਬਣਾ ਦਿੱਤਾ ਜਾਣਾ ਚਾਹੀਦਾ ਹੈ ’ਤੇ ਉਸ ਉੱਤੇ ਉਸ ਸ਼ਹੀਦੀ ਦੀ ਤਵਾਰੀਖ਼ ਉਕਰ ਦਿੱਤੀ ਜਾਣੀ ਚਾਹੀਦੀ ਹੈ। ਜਿਸ ਥਾਂ ’ਤੇ ਵਧੇਰੇ ਸ਼ਹੀਦੀਆਂ ਹੋਈਆਂ ਹੋਣ, ਉੱਥੇ ਇੱਕੋ ਸ਼ਹੀਦੀ ਪਿੱਲਰ ਉੱਤੇ ਤਵਾਰੀਖ਼ ਅਤੇ ਹਰ ਸ਼ਹੀਦੀ ਦੀ ਜੀਵਨੀ (ਜਿੰਨੀ ਵੀ ਮਿਲਦੀ ਹੋਵੇ) ਉਕਰ ਦਿਤੀ ਜਾਣੀ ਚਾਹੀਦੀ ਹੈ।

ਅਜਾਇਬ ਘਰ ਵਰਗਾ ਮੈਮੋਰੀਅਲ:- ਕੁਝ ਵੱਡੀਆਂ ਸ਼ਹੀਦੀਆਂ ਵਾਲੀਆਂ ਥਾਂਵਾਂ 'ਤੇ ਅਜਾਇਬ ਘਰ ਵਰਗੇ ਮੈਮੋਰੀਅਲ ਬਣਾਏ ਜਾਣੇ ਚਾਹੀਦੇ ਹਨ, ਜਿੰਨ੍ਹਾਂ ਵਿਚ ਪੇਂਟਿੰਗਜ਼ ਅਤੇ ਉਸ ਘਟਨਾ ਬਾਰੇ ਛਪੀਆਂ ਕਿਤਾਬਾਂ ਅਤੇ ਹੋਰ ਸੋਮਿਆਂ ਵਿਚ ਆਏ ਜ਼ਿਕਰ ਦੀ ਇਕ-ਇਕ ਫ਼ੋਟੋ ਕਾਪੀ ਵੀ ਰੱਖੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਜੇ ਹੋ ਸਕੇ ਤਾਂ, ਕੰਪਿਊਟਰਾਈਜ਼ਡ ਸਪੀਕਿੰਗ ਯੂਨਿਟ ਵੀ ਲਾਏ ਜਾ ਸਕਦੇ ਹਨ। ਇੰਞ ਹੀ ਘਟਨਾ ਦੀ ਜਾਂ ਸ਼ਹੀਦ ਦੀ ਜਾਂ ਸ਼ਹੀਦ ਦੀ ਤਸਵੀਰ ਦੇ ਨੇੜੇ ਬਟਨ ਲਾ ਕੇ ਵੱਖ-ਵੱਖ ਜ਼ੁਬਾਨਾਂ ਵਿਚ ਉਸ ਬਾਰੇ ਤਫ਼ਸੀਲ ਰੀਲੇਅ ਕੀਤੀ ਜਾ ਸਕਦੀ ਹੈ। ਅਜਿਹੇ ਅਜਾਇਬ ਘਰ ਅਨੰਦਪੁਰ ਸਾਹਿਬ (ਲੋਹਗੜ੍ਹ, ਹੋਲਗੜ੍ਹ, ਫ਼ਤਹਿਗੜ੍ਹ, ਤਾਰਾਗੜ੍ਹ, ਨਿਰਮੋਹਗੜ੍ਹ ਦੀ ਯਾਦ ਵਿਚ), ਚਮਕੌਰ, ਮੁਕਤਸਰ, ਸ਼ਾਹੀ ਟਿੱਬੀ, ਝੱਖੀਆਂ (ਸਰਸਾ ਨਦੀ ਦੇ ਕੰਢੇ), ਮਲਕਪੁਰ ਵਿਚ ਬਣਾਏ ਜਾ ਸਕਦੇ ਹਨ। ਇਸ ਦੇ ਨਾਲ ਹੀ ਅੰਮ੍ਰਿਤਸਰ, ਦਿੱਲੀ, ਲੰਡਨ, ਵਾਸ਼ਿੰਗਟਨ, ਆਟਵਾ (ਕਨੇਡਾ) ਅਤੇ ਕੁਝ ਹੋਰ ਸ਼ਹਿਰਾਂ ਵਿਚ ਵੀ ਸਪੀਕਿੰਗ ਮਿਊਜ਼ੀਅਮ ਬਣਾਏ ਜਾ ਸਕਦੇ ਹਨ। ਕੰਪਿਊਟਰ ਰਾਹੀਂ ਤਵਾਰੀਖ਼ ਸਿਖਾਉਣ ਦਾ ਤਰੀਕਾ ਤਾਂ ਹਰ ਤਵਾਰੀਖ਼ੀ ਗੁਰਦੁਆਰੇ ਵਿਚ ਵੀ ਕਾਇਮ ਕੀਤਾ ਜਾ ਸਕਦਾ ਹੈ। ਇਸ ਨਾਲ ਹਰ ਗੁਰਦੁਆਰੇ ਦਾ ਇਤਿਹਾਸ ਦਰਸ਼ਨ ਕਰਨ ਆਈਆਂ ਸੰਗਤਾਂ ਪੰਜਾਬੀ, ਅੰਗਰੇਜ਼ੀ ਅਤੇ ਕੁਝ ਹੋਰ ਜ਼ਬਾਨਾਂ ਵਿਚ ਹਾਸਿਲ ਕਰ ਸਕਿਆ ਕਰਨਗੀਆਂ।

ਸ਼ਹੀਦੀ ਗੇਟ/ਮੀਨਾਰ:- ਇਸ ਸਾਰੇ ਤੋਂ ਇਲਾਵਾ ਸਿੱਖ ਪੰਥ ਨੂੰ ਇਕ ਵੱਡਾ 'ਸੈਂਟਰਲ ਸ਼ਹੀਦੀ ਗੇਟ' ਜਾਂ 'ਸ਼ਹੀਦੀ ਮੀਨਾਰ' ਵੀ ਉਸਾਰਨਾ ਚਾਹੀਦਾ ਹੈ, ਜਿਸ ਵਿਚ 1606 ਤੋਂ ਲੈ ਕੇ ਅਜ ਤਕ ਦੇ ਸਾਰੇ ਸ਼ਹੀਦਾਂ ਦੀ ਪੂਰੀ ਸੂਚੀ ਤੇ ਜੇ ਹੋ ਸਕੇ ਤਾਂ ਪੂਰੀ ਤਵਾਰੀਖ਼ ਤੇ ਜੇ ਮੁਮਕਿਨ ਹੋਵੇ ਤਾਂ ਘਟਨਾਵਾਂ ਅਤੇ ਸ਼ਹੀਦਾਂ ਦੀਆਂ ਤਸਵੀਰਾਂ/ਪੇਂਟਿੰਗਜ਼ ਵੀ ਹੋਣ। ਇੱਥੇ ਵੀ ਸਪੀਕਿੰਗ ਮਿਊਜ਼ੀਅਮ ਅਤੇ ਇਲੈਕਟਰਾਨਿਕ ਮਸ਼ੀਨਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਇਹ ਸ਼ਹੀਦੀ ਗੇਟ ਮੁੰਬਈ ਦੇ 'ਗੇਟਵੇਅ ਆਫ਼ ਇੰਡੀਆ' ਜਾਂ ਦਿਲੀ ਦੇ 'ਇੰਡੀਆ ਗੇਟ' ਦੀ ਤਰਜ਼ 'ਤੇ ਬਣਾਇਆ ਜਾ ਸਕਦਾ ਹੈ।

ਇਸ ਸ਼ਹੀਦੀ ਗੇਟ/ਮੀਨਾਰ (Martyrs' Gate/Tower) ਦੀਆਂ ਇਕ ਤੋਂ ਵੱਧ ਮੰਜ਼ਿਲਾਂ ਹੋ ਸਕਦੀਆਂ ਹਨ। ਇਸ ਗੇਟ/ਮੀਨਾਰ ਦੇ ਨੇੜੇ ਹੀ ਅਜਾਇਬ ਘਰ ਹੋਵੇ, ਜਿਸ ਵਿਚ ਇਨ੍ਹਾਂ ਸ਼ਹੀਦੀਆਂ ਦੀ ਤਵਾਰੀਖ਼ ਅਤੇ ਸ਼ਹੀਦਾਂ ਦੀਆਂ ਜੀਵਨੀਆਂ ਤੇ ਤਸਵੀਰਾਂ/ਪੇਂਟਿੰਗਜ਼ ਵੀ ਪਈਆਂ ਹੋਣ ਅਤੇ ਨਾਲ ਹੀ ਇਕ ਲਾਇਬਰੇਰੀ ਵੀ ਹੋਵੇ, ਜਿਸ ਵਿਚ ਸ਼ਹੀਦਾਂ/ਸ਼ਹੀਦੀ ਘਟਨਾਵਾਂ ਬਾਰੇ ਛਪੀ ਹਰ ਪਬਲੀਕੇਸ਼ਨ ਪਈ ਹੋਵੇ।

ਹੁਣ ਸਵਾਲ ਇਹ ਹੈ ਕਿ ਇਹ ਮੁੱਖ/ਸੈਂਟਰਲ ਸ਼ਹੀਦੀ ਮੀਨਾਰ/ਗੇਟ ਕਿਸ ਸ਼ਹਿਰ ਵਿਚ ਹੋਵੇ? ਅੱਵਲ ਤਾਂ ਇਹ ਮੀਨਾਰ ਅੰਮ੍ਰਿਤਸਰ, ਦਿੱਲੀ, ਅਨੰਦਪੁਰ ਸਾਹਿਬ, ਚੰਡੀਗੜ੍ਹ, ਵਾਸ਼ਿੰਗਟਨ ਤੇ ਲੰਡਨ ਵਿਚ ਹਰ ਥਾਂ ਬਣਨੇ ਚਾਹੀਦੇ ਹਨ, ਪਰ ਅਨੰਦਪੁਰ ਸਾਹਿਬ ਅਤੇ ਅੰਮ੍ਰਿਤਸਰ ਵਿਚ ਇਹੋ ਜਿਹਾ ਮੀਨਾਰ/ਗੇਟ ਜ਼ਰੂਰ ਬਣਨਾ ਚਾਹੀਦਾ ਹੈ। ਅੰਮ੍ਰਿਤਸਰ ਵਿਚ ਇਹ 'ਸ਼ਹੀਦੀ ਗੇਟ' ਅਕਾਲ ਤਖ਼ਤ ਸਾਹਿਬ ਅਤੇ ਥੜ੍ਹਾ ਸਾਹਿਬ ਗੁਰਦੁਆਰੇ ਦੇ ਵਿਚਕਾਰ ਬਣਨਾ ਚਾਹੀਦਾ ਹੈ। ਇਹ ਉਹੀ ਥਾਂ ਹੈ ਜਿਸ

ਥਾਂ 'ਤੇ 1 ਦਸੰਬਰ 1764 ਦੇ ਦਿਨ ਬਾਬਾ ਗੁਰਬਖਸ਼ ਸਿੰਘ ਲੀਲ੍ਹ ਦੀ ਅਗਵਾਈ ਵਿਚ ਸ਼ਹੀਦ ਹੋਏ 30 ਸਿੰਘਾਂ ਦੀ ਯਾਦਗਾਰ ਬਣੀ ਹੋਈ ਸੀ ਤੇ ਹੁਣ ਅਖੰਡ ਪਾਠਾਂ ਵਾਸਤੇ ਕੈਬਿਨਾਂ (ਚੈਂਬਰ) ਬਣਾ ਦਿਤੇ ਗਏ ਹਨ (ਜੋ ਸਿੱਖ ਫ਼ਲਸਫ਼ੇ ਨਾਲ ਜ਼ਿਆਦਤੀ ਹਨ) ਇਥੇ ਸ਼ਹੀਦੀ ਮੀਨਾਰ ਬਣਾਉਣ ਵਾਸਤੇ ਕਾਫ਼ੀ ਜਗ੍ਹਾ ਹੈ ਅਤੇ ਪਿੱਛੇ ਕਮਰਿਆਂ ਨੂੰ ਵੱਖ-ਵੱਖ ਸ਼ਹੀਦੀ ਸਾਕਿਆਂ ਦੇ ਅਜਾਇਬ ਘਰਾਂ ਵਾਸਤੇ ਵਰਤਿਆ ਜਾ ਸਕਦਾ ਹੈ।

ਇਸ ਜਗ੍ਹਾ ਦਾ ਪਿਛੋਕੜ:- ਬਹੁਤ ਘਟ ਲੋਕਾਂ/ਵਿਦਵਾਨਾਂ ਨੂੰ ਪਤਾ ਹੈ ਕਿ 1577 ਤੋਂ 1860 ਤਕ, ਤਿੰਨ ਸੌ ਸਾਲ ਤਕ, ਦਰਬਾਰ ਸਾਹਿਬ ਦਾ ਸਿਰਫ਼ ਇਹੀ ਇਕ ਗੇਟ ਸੀ ਜਿੱਥੋਂ ਸੰਗਤਾਂ ਦਰਬਾਰ ਸਾਹਿਬ ਵਿਚ ਦਾਖ਼ਿਲ ਹੋਈਆ ਕਰਦੀਆਂ ਸਨ। ਹੁਣ ਵਾਲਾ ਘੰਟਾ ਘਰ ਗੇਟ ਤਾਂ ਅੰਗਰੇਜ਼ਾਂ ਨੇ 'ਘੰਟਾ ਘਰ' (ਜੋ ਗਿਰਜੇ ਦੀ ਸ਼ਕਲ ਵਿਚ ਉਸਾਰਿਆ ਗਿਆ ਸੀ ਤੇ 1948 ਵਿਚ ਢਾਹ ਦਿਤਾ ਗਿਆ ਸੀ) ਬਣਾਉਣ ਵੇਲੇ ਸ਼ੁਰੂ ਕੀਤਾ ਸੀ। ਗੁਰੂ ਸਾਹਿਬ ਵੇਲੇ ਦਰਬਾਰ ਸਾਹਿਬ ਦਾ ਰਸਤਾ ਹੁਣ ਦੇ ਦਰਸ਼ਨ ਡਿਉਢੀ (ਗੁਰੁ ਬਜ਼ਾਰ ਵੱਲੋਂ) ਗੁਰਦੁਆਰੇ ਵੱਲੋਂ ਆਉਂਦਾ ਸੀ। ਇਸੇ ਕਰ ਕੇ ਗੁਰੂ ਤੇਗ ਬਹਾਦਰ ਸਾਹਿਬ ਨਵੰਬਰ 1664 ਵਿਚ ਇੱਥੋਂ ਹੀ ਦਰਸ਼ਨ ਕਰ ਕੇ ਮੁੜੇ ਸਨ (ਤੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਥੜ੍ਹਾ ਸਾਹਿਬ ਬਣਿਆ ਹੋਇਆ ਹੈ)। ਇਸੇ ਗੇਟ 'ਤੇ ਹੀ ਅਹਿਮਦ ਸ਼ਾਹ ਦੁਰਾਨੀ ਨੇ ਪਹਿਲੀ ਦਸੰਬਰ 1764 ਨੂੰ ਹਮਲਾ ਕੀਤਾ ਸੀ ਅਤੇ ਗੇਟ 'ਤੇ ਬਾਬਾ ਗੁਰਬਖਸ਼ ਸਿੰਘ 29 ਸਾਥੀਆਂ ਸਣੇ ਰਾਖੀ ਕਰਦੇ ਸ਼ਹੀਦ ਹੋਏ ਸਨ। ਇਥੇ ਸ਼ਹੀਦੀ ਮੀਨਾਰ ਬਣਨ ਨਾਲ ਇਕ ਤਾਂ ਗੁਰੂ ਸਾਹਿਬ ਦਾ ਬਣਾਇਆ 'ਅਸਲ ਰਸਤਾ' (ਜਿਸ ਨੂੰ ਬੇਸਮਝ ਸਿੱਖਾਂ ਨੇ ਬਿਨਾ ਸੋਚੇ ਸਮਝਿਓਂ ਕਬੂਲ ਬੰਦ ਕਰ ਦਿਤਾ ਹੈ) ਵੀ ਮੁੜ ਕਾਇਮ ਹੋ ਜਾਵੇਗਾ ਅਤੇ ਸ਼ਹੀਦਾਂ ਦੀ ਯਾਦ ਵਿਚ ਮੀਨਾਰ ਵੀ ਉਸਰ ਜਾਵੇਗਾ। ਪਰ ਪਤਾ ਨਹੀਂ ਸਿੱਖ ਆਗੂਆਂ ਕੋਲ ਇਹ ਸੋਚਣ ਦਾ ਵਕਤ ਹੈ ਵੀ ਕਿ ਨਹੀਂ ?! (੫.੫.੨੦੦੪)

ਸ਼ਰਮ ਦੀ ਗੱਲ ਤਾਂ ਇਹ ਵੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਗਸਤ 2009 ਵਿਚ 1984 ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਦਾ ਮਤਾ ਵੀ ਵਾਪਿਸ ਲੈ ਲਿਆ (ਆਰ.ਐਸ.ਐਸ. ਦੇ ਕਹਿਣ 'ਤੇ)। ਇਸ ਦਾ ਮਾਅਨਾ ਸਾਫ਼ ਇਹੀ ਹੈ ਕਿ ਜਾਂ ਤਾਂ ਸ਼੍ਰੋਮਣੀ ਕਮੇਟੀ 1984 ਦੇ ਸ਼ਹੀਦਾਂ ਨੂੰ ਸ਼ਹੀਦ ਨਹੀਂ ਮੰਨਦੀ ਤੇ ਜਾਂ ਕਮੇਟੀ 'ਤੇ ਸਿੱਖਾਂ ਦੇ ਕਾਤਲਾਂ ਔਰੰਗਜ਼ੇਬ ਜਾਂ ਇੰਦਰਾ ਗਾਂਧੀ ਜਾਂ ਬੇਅੰਤ ਸਿੰਹ ਜਾਂ ਕੇ.ਪੀ.ਗਿੱਲ ਦਾ ਕਬਜ਼ਾ ਹੋ ਗਿਆ ਹੈ।

ਸਿੱਖ 'ਸ਼ਤਾਬਦੀਆਂ' ਕਿਵੇਂ ਮਨਾਉਣ?

ਦੁਨੀਆਂ ਵਿਚ ਸਿੱਖ ਹੀ ਹਨ ਜਿਨ੍ਹਾਂ ਨੇ ਸਭ ਤੋਂ ਵਧ "ਸ਼ਤਾਬਦੀਆਂ" ਮਨਾਈਆਂ ਹਨ। ਇਹ ਸ਼ਤਾਬਦੀਆਂ ਮਨਾਉਣ ਦਾ ਸਿਲਸਿਲਾ ਅਜੇ ਕੁਝ ਵਰ੍ਹੇ ਪਹਿਲਾਂ ਹੀ ਸ਼ੁਰੂ ਹੋਇਆ ਹੈ ਪਰ ਜੇ ਇਹ "ਜਸ਼ਨ" ਮਨਾਉਣ ਦਾ ਰਿਵਾਜ਼ ਪਿਛਲੀ ਸਦੀ ਦੇ ਸ਼ੁਰੂ ਵਿਚ ਸ਼ੁਰੂ ਹੋ ਗਿਆ ਹੁੰਦਾ ਤਾਂ ਹੁਣ ਤਕ ਹੋਰ 10-20 ਸ਼ਤਾਬਦੀਆਂ ਮਨਾਈਆਂ ਜਾ ਚੁਕੀਆਂ ਹੁੰਦੀਆਂ।

2004 ਵਿਚ ਗੁਰੂ ਅੰਗਦ ਸਾਹਿਬ ਜੀ ਦਾ 500 ਸਾਲਾ (ਜਨਮ ਦਿਨ) ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਨ ਦਾ 400 ਸਾਲਾ ਦਿਨ ਮਨਾਇਆ ਜਾ ਗਿਆ ਹੈ। 2005 ਵਿਚ ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨਾਂ ਦੀ 300ਵੀਂ ਵਰ੍ਹੇ ਗੰਢ ਵੀ ਆ ਰਹੀ ਹੈ। (ਕਈ ਘਟ-ਵਾਕਫ਼ੀ ਵਾਲੇ ਲੋਕ ਇਸ ਨੂੰ 2004 ਸੰਨ ਵਿਚ ਮਨਾਉਣ ਜਾ ਰਹੇ ਹਨ ਜਦ ਕਿ ਇਹ 2005 ਵਿਚ ਆਉਂਦੇ ਹਨ। ਮੈਂ ਤਾਂ ਸਹੀ ਤਵਾਰੀਖ਼ੀ ਦਿਨ ਦੀ ਗੱਲ ਕਰ ਰਿਹਾ ਹਾਂ)। ਖ਼ੈਰ, 2004 ਵਿਚ ਦੋ ਅਤੇ 2005 ਵਿਚ ਇਕ (ਜੇ ਦੋ ਸ਼ਹੀਦੀਆਂ ਵਖਰੀਆਂ ਮਨਾਉਣੀਆਂ ਹੋਣ ਤਾਂ ਦੋ ਸ਼ਤਾਬਦੀਆਂ ਹਨ) ਮਨਾਈਆਂ ਜਾਣੀਆਂ ਹਨ। ਉਂਞ ਤਾਂ 2008 ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇਣ ਦੀ 400 ਸਾਲਾ ਵਰ੍ਹੇ ਗੰਢ ਵੀ ਮਨਾਈ ਜਾਣੀ ਹੈ ਤੇ 2009 ਵਿਚ ਗੁਰੂ ਅਮਰ ਦਾਸ ਸਾਹਿਬ ਦਾ 'ਅਸਲ' 500 ਸਾਲਾ ਜਨਮ ਦਿਨ ਵੀ ਆ ਰਿਹਾ ਹੈ। ਇਹ ਸਿਲਸਿਲਾ ਤਾਂ ਚਲਦਾ ਹੀ ਰਹਿਣਾ ਹੈ ਤੇ ਕਈ ਸ਼ਤਾਬਦੀਆਂ ਆਉਂਦੀਆਂ ਹੀ ਰਹਿਣੀਆਂ ਹਨ। ਅਸੀਂ ਇਸ ਦੁਨੀਆਂ ਵਿਚ ਨਹੀਂ ਹੋਣਾ ਪਰ ਸ਼ਤਾਬਦੀਆਂ ਤਾਂ ਚਲਦੀਆਂ ਹੀ ਰਹਿਣੀਆਂ ਹਨ।

ਇਸ ਤੋਂ ਪਹਿਲਾਂ ਕਿ ਮੈਂ ਇਹ ਜ਼ਿਕਰ ਕਰਾਂ ਕਿ ਸਿੱਖ ਸ਼ਤਾਬਦੀਆਂ ਕਿਵੇਂ ਮਨਾਉਣ, ਮੈਂ ਪਹਿਲੋਂ ਮਨਾਈਆਂ ਗਈਆਂ ਸ਼ਤਾਬਦੀਆਂ ਦੀ ਗੱਲ ਕਰਨੀ ਚਾਹਵਾਂਗਾ। ਜਿੱਥੋਂ ਤਕ ਮੈਨੂੰ ਪਤਾ ਹੈ ਕਿ ਸਿੱਖਾਂ ਨੇ ਸ਼ਤਾਬਦੀਆਂ ਦੇ ਕਲਚਰ ਵਿਚ ਸਭ ਤੋਂ ਪਹਿਲੀ ਸ਼ਤਾਬਦੀ 1939 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦਾ ਸੌ ਸਾਲਾ ਦਿਨ ਮਨਾਇਆ ਸੀ (ਮੈਂ 'ਬਰਸੀ' ਲਫ਼ਜ਼ ਦੀ ਵਰਤੋਂ ਨਹੀਂ ਕਰਦਾ ਕਿਉਂ ਕਿ ਸਿੱਖੀ ਵਿਚ ਬਰਸੀ ਮਨਾਉਣਾ ਮਨ੍ਹਾ ਹੈ)। 1939 ਵਿਚ ਲਾਹੌਰ ਵਿਚ ਇਕ ਸਮਾਗਮ ਕੀਤਾ ਗਿਆ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਯਾਦਗਾਰੀ ਕਿਤਾਬ ਤਿਆਰ ਕੀਤੀ ਗਈ ਸੀ ਜਿਸ ਵਿਚ ਉਸ ਵਕਤ ਦੇ ਮਸ਼ਹੂਰ ਵਿਦਵਾਨਾਂ ਦੇ ਲੇਖ ਸਨ। ਇਸ ਸ਼ਤਾਬਦੀ ਦਾ ਮਨਾਉਣਾ, ਸਿੱਖ ਫ਼ਲਸਫ਼ੇ ਮੁਤਾਬਿਕ ਬਿਲਕੁਲ ਗ਼ਲਤ ਸੀ ਕਿਉਂ ਕਿ ਸਿੱਖੀ ਵਿਚ ਨਾ ਤਾਂ ਬਰਸੀਆਂ ਮਨਾਉਣ ਦੀ ਕੋਈ ਅਹਿਮੀਅਤ ਹੈ ਤੇ ਨਾ ਹੀ ਰਣਜੀਤ ਸਿੰਘ ਦੀ ਮੌਤ ਸਿੱਖ ਤਵਾਰੀਖ਼ ਦਾ ਕੋਈ 'ਪੰਥਕ ਮੁਕਾਮ' ਸੀ, ਪਰ ਇਸ ਪਿੱਛੇ ਸਿੱਖਾਂ ਦੀ ਅਜ਼ਾਦੀ ਦੀ ਤੜਫ਼ ਵਧੇਰੇ ਸੀ ਜਿਸ ਨੂੰ ਉਹ ਜ਼ਾਹਰਾ ਨਾਅਰਿਆਂ ਰਾਹੀਂ ਨਹੀਂ ਸਨ ਮੰਗਦੇ ਪਰ ਦਿਲ ਵਿਚ ਮਹਿਸੂਸ ਜ਼ਰੂਰ ਕਰਦੇ ਸਨ। ਖ਼ੈਰ, ਇਹ ਗੱਲ ਤਾਂ ਸੀ 'ਭਲੇ ਵੇਲਿਆਂ' ਦੀ।

ਅਜੋਕੇ ਸਮਿਆਂ ਵਿਚ ਪਹਿਲੀ ਸ਼ਤਾਬਦੀ 1966 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 300 ਸਾਲਾ ਜਨਮ ਦਿਨ ਦੇ ਮੌਕੇ 'ਤੇ ਮਨਾਈ ਗਈ ਸੀ। *ਹਾਲਾਂ ਕਿ ਹੁਣ ਸਾਬਿਤ ਹੋ ਚੁਕਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ 1661 ਵਿਚ ਹੋਇਆ ਸੀ ਨਾ ਕਿ 1666 ਵਿਚ। ਦੂਜੇ ਲਫ਼ਜ਼ਾਂ ਵਿਚ ਉਹ ਸ਼ਤਾਬਦੀ ਪੰਜ ਸਾਲ ਮਗਰੋਂ ਮਨਾਈ ਗਈ ਸੀ। ਖ਼ੈਰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਸਿੱਖੀ ਵਿਚ ਇੰਞ ਦਿਨ-ਦਿਹਾੜੇ ਮਨਾਉਣ ਦੀ ਕੋਈ ਅਹਮੀਅਤ ਨਹੀਂ। ਇਸ ਕਰ ਕੇ ਪੰਜ ਸਾਲ ਪਿੱਛੋਂ ਕੀ ਅਤੇ ਤੀਹ ਸਾਲ ਪਹਿਲੋਂ ਕੀ? ਗੱਲ ਤਾਂ ਉਸ ਦਿਨ ਦੇ ਨਾਂ 'ਤੇ ਕੋਈ ਹਾਸਿਲ ਕਰਨ ਦੀ ਹੈ; ਦਿਨ ਮਨਾਉਣਾ ਤਾਂ ਬਹਾਨਾ ਹੁੰਦਾ ਹੈ।*

1966 ਵਿਚ ਪੰਜਾਬ ਵਿਚ ਕਾਮਰੇਡ ਰਾਮ ਕਿਸ਼ਨ ਦੀ (ਨਾਮ ਨਿਹਾਦ ਜਹੀ) ਸਰਕਾਰ ਸੀ ਤੇ ਨਵੰਬਰ 1966 ਵਿਚ ਗੁਰਮੁਖ ਸਿੰਘ ਮੁਸਾਫ਼ਿਰ ਚੀਫ਼ ਮਨਿਸਟਰ ਬਣਿਆ ਸੀ)। ਸੈਂਟਰ ਵਿਚ ਲਾਲ ਬਹਾਦਰ ਸ਼ਾਸ਼ਤਰੀ ਪ੍ਰਾਈਮ ਮਨਿਸਟਰ ਸੀ। ਇਸ ਸ਼ਤਾਬਦੀ ਵਿਚ ਹਰ ਸ਼ਹਿਰ ਅਤੇ ਕਸਬੇ ਵਿਚ (ਪਿੰਡਾਂ ਵਿਚ ਨਹੀਂ) ਜਲੂਸ (ਨਗਰ ਕੀਰਤਨ) ਕੱਢੇ ਗਏ ਤੇ ਬਹੁਤ ਥਾਂਈਂ ਦੀਵਾਨ ਵੀ ਸਜਾਏ ਗਏ। ਇਨ੍ਹਾਂ ਜਲੂਸਾਂ ਤੇ ਦੀਵਾਨਾਂ ਨਾਲ ਕੌਮ ਵਿਚ ਬੜਾ ਉਤਸ਼ਾਹ ਆਇਆ। ਦਰਅਸਲ ਉਨ੍ਹੀਂ ਦਿਨੀਂ ਪੰਜਾਬੀ ਸੂਬਾ ਬਣ ਜਾਣ ਕਾਰਨ ਸਿੱਖਾਂ ਵਿਚ ਥੋੜ੍ਹੀ ਬਹੁਤ ਰੌਣਕ ਜਿਹੀ ਸੀ ਜਿਸ ਨਾਲ ਇਹ ਸਮਾਗਮ ਹੋਰ ਖੇੜਾ ਦੇ ਗਏ। ਜਲੂਸਾਂ ਤੇ ਦੀਵਾਨਾਂ ਤੋਂ ਇਲਾਵਾ ਇਨ੍ਹਾਂ ਦਿਨਾਂ ਵਿਚ ਬਰਤਾਨਵੀ ਸਰਕਾਰ ਨੇ ਵੀ ਇਕ ਸਿਆਣੀ ਗੱਲ ਇਹ ਕੀਤੀ ਕਿ ਉਸ ਨੇ ਬਰਤਾਨੀਆਂ ਵਿਚ ਪਏ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਛੇ ਸ਼ਸਤਰ ਸਿੱਖਾਂ ਨੂੰ ਮੋੜ ਦਿਤੇ। ਇਹ ਸ਼ਸਤਰ ਹੁਣ ਅਨੰਦਪੁਰ ਸਾਹਿਬ ਵਿਚ ਪਏ ਹੋਏ ਹਨ। ਇਸ ਤੋਂ ਇਲਾਵਾ ਗੁਰੂ ਸਾਹਿਬ ਦੀ ਜ਼ਿੰਦਗੀ ਅਤੇ ਫ਼ਲਸਫ਼ੇ ਬਾਰੇ ਕੁਝ ਕਿਤਾਬਾਂ ਵੀ ਛਾਇਆ ਹੋਈਆਂ ਜਿਨ੍ਹਾਂ ਵਿਚੋਂ ਬੀਰ ਇੰਦਰ ਸਿੰਘ ਦਿੱਲੀ ਦੀ "ਗੁਰੂ ਗੋਬਿੰਦ ਸਿੰਘ ਸਮਰਪਣ ਗ੍ਰੰਥ" ਸਭ ਤੋਂ ਚੰਗੀ ਸੀ ।

1969 ਵਿਚ ਗੁਰੂ ਨਾਨਕ ਸਾਹਿਬ ਦਾ ਪੰਜ ਸੌ ਸਾਲਾ 'ਜਨਮ ਦਿਨ' ਮਨਾਇਆ ਗਿਆ (*ਮੇਰੇ ਇਕ ਸੱਜਣ ਨੇ ਇਹ ਲਫ਼ਜ਼ ਸੁਣ ਕੇ ਮਜ਼ਾਕ ਕਰਦਿਆਂ ਕਿਹਾ, ਡਾਕਟਰ ਸਾਹਿਬ! **'ਪ੍ਰਕਾਸ਼ ਦਿਨ'** ਕਹੋ ਵਰਨਾ ਤੁਹਾਡੇ ਮੁਖ਼ਾਲਿਫ ਤੁਹਾਡੇ ਖ਼ਿਲਾਫ਼ 'ਅਕਾਲ ਤਖ਼ਤ' ਦੇ ਗ੍ਰੰਥੀਆਂ/ਪੁਜਾਰੀਆਂ ਤੋਂ ਫ਼ਤਵਾ ਦੇ/ਦਿਵਾ ਦੇਣਗੇ*)। ਇਸ ਮੌਕੇ ਤੇ ਪੰਜਾਬ ਵਿਚ ਅਕਾਲੀ ਸਰਕਾਰ ਸੀ ਤੇ ਦਿੱਲੀ ਵਿਚ ਇੰਦਰਾ ਦੀ ਸਰਕਾਰ ਸੀ। ਉਦੋਂ ਫ਼ਤਹਿ ਸਿੰਘ ਜਿਊਂਦਾ ਸੀ ਤੇ ਸ਼ਰੋਮਣੀ ਕਮੇਟੀ ਦੀ ਪ੍ਰਧਾਨਗੀ ਚੰਨਣ ਸਿੰਘ ਕੋਲ ਸੀ। ਇਸ ਸ਼ਤਾਬਦੀ ਦੇ ਸਬੰਧ ਵਿਚ ਵੱਡੇ-ਵੱਡੇ ਜਲੂਸ ਕੱਢੇ ਗਏ ਤੇ ਦੀਵਾਨ ਸਜਾਏ ਗਏ। ਪਰ ਇਸ ਮੌਕੇ ਤੇ ਬਹੁਤਾ ਖ਼ਰਚਾ ਨਹੀਂ ਸੀ ਕੀਤਾ ਗਿਆ। ਉਂਞ ਇਸ ਸ਼ਤਾਬਦੀ ਦਾ ਸਭ ਤੋਂ ਵੱਡਾ ਹਾਸਿਲ ਸੀ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਦੀ ਕਾਇਮੀ। (ਮਗਰੋਂ 1973-74 ਵਿਚ ਗਿਆਨੀ ਜ਼ੈਲ ਸਿੰਘ ਨੇ ਇਸ ਵਿਚ ਵਾਧੂ "ਦੇਵ" ਘੁਸੇੜ ਕੇ ਗੁਰੂ ਨਾਨਕ "ਦੇਵ" ਯੂਨੀਵਰਸਿਟੀ ਬਣਾ ਦਿਤਾ। ਕਿਸੇ ਵਿਦਵਾਨ ਨੂੰ ਇਸ ਬੇਵਕੂਫ਼ੀ/ਸ਼ਰਾਰਤ ਦਾ ਪਤਾ ਨਾ ਲਗਾ ਤੇ ਮਗਰੋਂ ਅਕਾਲੀਆਂ ਨੇ ਵੀ ਅੱਖਾਂ ਮੀਟ ਕੇ "ਦੇਵ" ਨੂੰ ਪੱਕਾ ਹੀ ਅਪਣਾ ਲਿਆ)। ਇਸ ਯੂਨੀਵਰਸਿਟੀ ਦੀ ਕਾਇਮੀ

ਤੋਂ ਇਲਾਵਾ ਕੁਝ ਚੰਗੀਆਂ ਕਿਤਾਬਾਂ ਵੀ ਛਾਪੀਆਂ ਗਈਆਂ ਜੋ ਵਧੇਰੇ ਕਰ ਕੇ ਗੁਰੂ ਨਾਨਕ ਬਾਣੀ ਤੇ ਸਨ; ਪਰ ਸਭ ਤੋਂ ਵਧੀਆ ਕਿਤਾਬਾਂ ਸਨ: ਪੰਜਾਬੀ ਯੂਨੀਵਰਸਿਟੀ ਵੱਲੋਂ ਛਾਪੀ ਕਿਤਾਬ ਡਾਕਟਰ ਕਿਰਪਾਲ ਸਿੰਘ ਦੀ 'ਜਨਮ ਸਾਖੀ ਪਰੰਪਰਾ' ਅਤੇ ਡਾ: ਤਰਲੋਚਨ ਸਿੰਘ ਦੀ 'ਗੁਰੂ ਨਾਨਕ ਸਾਹਿਬ', ਜਿਸ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛਾਪਿਆ ਸੀ। ਇਕ ਅਫ਼ਸੋਸ ਦਾ ਮੰਜ਼ਰ ਇਹ ਹੈ ਕਿ ਜਿਸ ਅਕਾਲੀ ਸਰਕਾਰ ਨੇ ਇਹ ਗੁਰੂ ਨਾਨਕ ਯੂਨੀਵਰਸਿਟੀ ਬਣਾਈ ਸੀ ਉਸ ਨੇ ਹੀ, ਮਗਰੋਂ (1999-2002 ਦੀ ਸਰਕਾਰ ਵੇਲੇ), ਇਸ ਯੂਨੀਵਰਸਿਟੀ ਵਿਚ ਨਾਮਧਾਰੀ ਰਾਮ ਸਿੰਘ ਤੇ ਭਗਤ ਰਵਿਦਾਸ ਦੇ ਨਾਂ 'ਤੇ "ਸਤਿਗੁਰੂ ਤੇ ਗੁਰੂ" ਲਿਖ ਕੇ ਚੇਅਰਾਂ ਕਾਇਮ ਕਰ ਕੇ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਬਣੀ ਯੂਨੀਵਰਸਿਟੀ ਦੀ ਬੇਅਦਬੀ ਕੀਤੀ।

ਫਿਰ 1975 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਪੰਜਵੀਂ ਸ਼ਤਾਬਦੀ ਮਨਾਈ ਗਈ। ਇਸ ਵੇਲੇ ਐਮਰਜੈਂਸੀ ਲਗੀ ਹੋਈ ਸੀ ਇਸ ਕਰ ਕੇ ਇਸ ਵਿਚ ਅਕਾਲੀਆਂ ਦਾ ਕੋਈ ਬਹੁਤਾ ਰੋਲ ਨਹੀਂ ਸੀ।

1977 ਵਿਚ ਅਕਾਲੀਆਂ ਨੇ ਪੰਜਾਬ ਵਿਚ ਫੇਰ ਹਕੂਮਤ ਬਣਾ ਲਈ ਤੇ ਸੈਂਟਰ ਦੀ ਜਨਤਾ ਸਰਕਾਰ ਵਿਚ ਵੀ ਇਨ੍ਹਾਂ ਦੀ ਭਾਈਵਾਲੀ ਸੀ। ਇਸ ਵੇਲੇ ਸ਼ਰੋਮਣੀ ਕਮੇਟੀ ਦੀ ਪ੍ਰਧਾਨਗੀ ਗੁਰਚਰਨ ਸਿੰਘ ਟੌਹੜਾ ਨੇ ਸੰਭਾਲ ਲਈ ਸੀ। ਇਸ ਦੀ ਧਰਮ ਪ੍ਰਚਾਰ ਕਮੇਟੀ ਦਾ ਚੇਅਰਮੈਨ, "ਵਿਦਵਾਨ ਪ੍ਰਿੰਸੀਪਲ" (ਕਿ ਯਭਲੀਆਂ ਮਾਰਨ ਵਾਲਾ) ਸਤਿਬੀਰ ਸਿੰਘ ਸੀ। ਅਕਾਲੀ ਦਲ ਦਾ ਪ੍ਰਧਾਨ ਲੋਹ-ਪੁਰਖ (ਕਿ ਡਾਂਗ ਵਾਲਾ) ਜਗਦੇਵ ਸਿੰਘ ਤਲਵੰਡੀ ਸੀ। ਇਸੇ ਸਾਲ ਅੰਮ੍ਰਿਤਸਰ ਦਾ ਚਾਰ ਸੌ ਸਾਲਾ ਦਿਨ ਮਨਾਇਆ ਗਿਆ। ਇਸ ਮੌਕੇ 'ਤੇ ਅਕਾਲੀ ਦਲ, ਸ਼ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਨੇ ਕੁਲ ਮਿਲਾ ਕੇ ਸਿਰਫ਼ ਇਕ ਲੰਬਾ ਜਲੂਸ ਤੇ ਕਈ ਦਿਨਾਂ ਦੇ ਦੀਵਾਨ ਤੇ ਹੋਰ ਸਿਆਸੀ ਤੇ ਨੀਮ-ਸਿਆਸੀ ਜਲਸੇ ਕਰਨ ਤੋਂ ਸਿਵਾ ਹੋਰ ਕੁਝ ਵੀ ਨਹੀਂ ਕੀਤਾ। ਇਨ੍ਹਾਂ ਜਲੂਸਾਂ ਅਤੇ ਸਮਾਗਮਾਂ ਵਿਚ ਕਈ ਹਫ਼ਤੇ ਲੋਕਾਂ ਦੀਆਂ ਭੀੜਾਂ ਇਕੱਠੀਆਂ ਕਰਨ ਅਤੇ ਪੰਥ ਦੀ ਬੇਹਿਸਾਬ ਤਾਕਤ, ਸਮਾਂ ਤੇ ਪੈਸਾ ਖ਼ਰਚ ਕਰਨ ਦੇ ਬਾਵਜੂਦ ਕੁਝ ਵੀ ਹਾਸਿਲ ਨਾ ਹੋਇਆ। ਹਾਂ, ਇਨ੍ਹਾਂ ਸਮਾਗਮਾਂ ਵਿਚ ਅਕਾਲੀ ਦਲ ਦੇ ਆਗੂਆਂ ਨੇ ਸੈਂਟਰ ਸਰਕਾਰ ਦੇ ਕਈ ਵਜ਼ੀਰਾਂ ਨੂੰ ਆਪਣੀਆਂ ਸਟੇਜਾਂ ਤੇ ਲਿਆ ਕੇ ਅਖ਼ਬਾਰਾਂ ਵਿਚ ਆਪਣੀ ਨਕਲੀ 'ਵਾਹ-ਵਾਹ' ਜ਼ਰੂਰ ਕਰਵਾਈ। ਪਰ ਇਨ੍ਹਾਂ ਵਿਚੋਂ ਵੀ ਕਈ ਹਿੰਦੂ ਆਗੂਆਂ ਨੇ ਦਰਬਾਰ ਸਾਹਿਬ ਅਤੇ ਸਿੱਖ ਸਮਾਗਮਾਂ ਵਿਚ ਆ ਕੇ ਸਿੱਖ ਧਰਮ ਅਤੇ ਇਸ ਦੀਆਂ ਇੰਸਟੀਚਿਊਸ਼ਨਜ਼ ਦੀ ਬੇਇਜ਼ਤੀ ਕੀਤੀ, ਖ਼ਾਸ ਕਰ ਕੇ ਮੋਰਾਰਜੀ ਦੇਸਾਈ ਨੇ। ਜਦ ਉਸ ਨੂੰ ਹਰਿਮੰਦਰ ਸਾਹਿਬ ਵਿਚ ਕੜਾਹ ਪਰਸ਼ਾਦ ਦਿਤਾ ਗਿਆ ਤਾਂ ਉਸ ਨੇ ਇਸ ਦੀ ਬੇਅਦਬੀ ਕਰਦਿਆਂ ਕਿਹਾ ਸੀ: "ਮੈਂ ਹਲਵਾ ਨਹੀਂ ਖਾਤਾ, ਇਸੇ ਮੇਰੇ ਸਿਰ ਪਰ ਲਗਾ ਦੋ"। ਇਹੋ ਜਿਹੀ ਘਟੀਆ ਕਰਤੂਤ ਕਈ ਹੋਰ ਫ਼ਿਰਕੂ ਹਿੰਦੂ ਚੌਧਰੀਆਂ ਨੇ ਉਦੋਂ ਅਤੇ ਮਗਰੋਂ ਵੀ ਕੀਤੀ। ਅਕਾਲੀ ਦਲ ਦੇ ਆਗੂ ਏਨੇ ਬੇਗ਼ੈਰਤ ਸਨ ਕਿ ਉਹ ਇਸ ਬੇਇਜ਼ਤੀ ਨੂੰ ਚੁਪ-ਚਾਪ ਪੀ ਗਏ ਤੇ ਇਸ ਦੀ ਸ਼ਿਕਾਇਤ ਵੀ ਨਾ ਕਰ ਸਕੇ। ਇਨ੍ਹਾਂ ਨੂੰ ਏਨੀ ਸੂਝ ਵੀ ਨਹੀਂ ਕਿ ਜੇ ਕੋਈ ਗ਼ੈਰ-ਸਿੱਖ ਸਿੱਖ ਧਰਮ ਦਾ ਅਦਬ ਨਹੀਂ ਕਰਦਾ ਤਾਂ ਉਸ ਨੂੰ ਆਪਣੇ ਸਮਾਗਮਾਂ ਵਿਚ ਨਾ

ਬੁਲਾਇਆ ਜਾਵੇ। (ਇਹ ਬੂਝੜਤਾ ਅਕਾਲੀਆਂ ਨੇ 1999 ਵਿਚ ਤੇ ਉਸ ਮਗਰੋਂ ਵੀ ਵਾਰ-ਵਾਰ ਦੋਹਰਾਈ ਹੈ ਤੇ ਹਰ ਵਾਰ ਕਿਸੇ ਨਾ ਕਿਸੇ ਭਾਜਪਾ ਆਗੂ ਨੇ ਸਿੱਖਾਂ ਦੇ ਖ਼ਿਲਾਫ਼ ਕੁਝ ਨਾ ਕੁਝ ਘਟੀਆ ਗੱਲ ਜ਼ਰੂਰ ਕਹੀ ਹੈ)।

ਸਿੱਖ ਸ਼ਤਾਬਦੀਆਂ ਨੂੰ ਜਲਸੇ-ਜਲੂਸਾਂ ਵਿਚ ਖ਼ਤਮ ਕਰਨ, ਕੌਮ ਨੂੰ ਵਕਤੀ ਤੇ ਬੇਮਾਅਨੇ ਰੁਝੇਵਿਆਂ ਵਿਚ ਉਲਝਾਉਣ, ਪੰਥ ਦੀ ਤਾਕਤ, ਪੈਸਾ ਤੇ ਸਮਾਂ ਅੰਜਾਈਂ ਗੁਆਉਣ ਦੀ ਜ਼ਿੰਮੇਦਾਰੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਇਸ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ, ਸ਼ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਸਿਰ ਆਉਂਦੀ ਹੈ; ਖ਼ਾਸ ਕਰ ਕੇ ਗੁਰਚਰਨ ਸਿੰਘ ਟੌਹੜਾ ਦੇ ਸਿਰ ਕਿਉਂਕਿ ਬਹੁਤੇ ਸਮਾਗਮ ਉਨ੍ਹਾਂ ਦੀ ਮਰਜ਼ੀ ਅਤੇ ਹਿਦਾਇਤਾਂ ਨਾਲ ਹੀ ਹੁੰਦੇ ਸਨ।

ਅੰਮ੍ਰਿਤਸਰ ਦੀ ਚਾਰ ਸੌ ਸਾਲਾ ਸ਼ਤਾਬਦੀ ਦੇ ਦੋ ਸਾਲ ਮਗਰੋਂ ਹੀ ਗੁਰੂ ਅਮਰ ਦਾਸ ਸਾਹਿਬ ਦੀ ਪੰਜ ਸੌ ਸਾਲਾ ਸ਼ਤਾਬਦੀ ਮਨਾਈ ਗਈ। ਹਾਲਾਂ ਕਿ ਵਧੇਰੇ ਸਹੀ ਸੋਮਿਆਂ ਮੁਤਾਬਿਕ ਗੁਰੂ ਅਮਰ ਦਾਸ ਸਾਹਿਬ ਦਾ ਜਨਮ 1509 ਦਾ ਹੈ, ਨਾ ਕਿ 1479 ਦਾ ਤੇ ਇਹ ਸ਼ਤਾਬਦੀ 2009 ਵਿਚ ਮਨਾਈ ਜਾਣੀ ਚਾਹੀਦੀ ਸੀ। ਖ਼ੈਰ 2009 ਵਿਚ ਇਸ ਨੂੰ ਦੋਬਾਰਾ ਮਨਾਇਆ ਜਾ ਸਕਦਾ ਹੈ ਪਰ ਜੇ ਨਾ ਵੀ ਮਨਾਉਣ ਤਾਂ ਕੋਈ ਫ਼ਰਕ ਨਹੀਂ ਪੈਂਦਾ। ਪਰ, ਇਸ ਸ਼ਤਾਬਦੀ ਨੂੰ 30 ਸਾਲ ਪਹਿਲੋਂ ਮਨਾਏ ਜਾਣ ਦੀ ਗ਼ਲਤੀ ਨੂੰ ਰੋਕਣਾ ਤਵਾਰੀਖ਼ਦਾਨਾਂ ਦੀ ਡਿਊਟੀ ਸੀ (ਜੋ ਉਨ੍ਹਾਂ ਨਹੀਂ ਨਿਭਾਈ), ਇਸ ਵਿਚ ਟੌਹੜਾ ਦਾ ਕੋਈ ਕਸੂਰ ਨਹੀਂ ਸੀ। ਉਂਵ ਟੌਹੜਾ ਦੀ ਆਪਣੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਸਤਿਬੀਰ ਸਿੰਘ ਤਾਂ ਖ਼ੁਦ 'ਆਖ਼ਰੀ/ਸਿੱਕੇਬੰਦ ਇਤਿਹਾਸ' ਲਿਖਣ (ਸੰਤੋਖ ਸਿੰਘ ਦੇ ਸੂਰਜ ਪ੍ਰਕਾਸ਼ ਨੂੰ ਵਾਰਤਕ ਵਿਚ ਪੇਸ਼ ਕਰਨ) ਦਾ ਦਾਅਵਾ ਕਰਦਾ ਸੀ।

ਗੁਰੂ ਅਮਰ ਦਾਸ ਸਾਹਿਬ ਦੀ ਸ਼ਤਾਬਦੀ ਦੇ ਨਾਂ 'ਤੇ ਅੰਮ੍ਰਿਤਸਰ ਦੇ ਚਾਰ ਸੌ ਸਾਲਾ ਵਾਂਗ ਇਕ ਲੰਮਾ ਜਲੂਸ ਕਈ ਦਿਨ ਚਲਦਾ ਰਿਹਾ ਜਿਸ ਨੇ ਲੋਕਾਂ ਨੂੰ ਕਈ ਦਿਨ ਵਾਧੂ ਰੁਝੇਵਿਆਂ ਵਿਚ ਪਾਈ ਰਖਿਆ। ਇਸ ਮੌਕੇ 'ਤੇ ਗੋਇੰਦਵਾਲ ਨੂੰ ਇੰਡਸਟਰੀਅਲ ਦੁਨੀਆਂ ਵਿਚ ਬਦਲਣ ਦੇ ਦਮਗਜੇ ਵੀ ਮਾਰੇ ਗਏ ਪਰ ਇਸ ਵਿਚੋਂ ਫੋਕੇ ਦਾਅਵਿਆਂ ਤੋਂ ਸਿਵਾ ਕੁਝ ਨਹੀਂ ਨਿਕਲਿਆ। ਉਂਵ ਇਹ ਸਭ ਕੁਝ ਸ਼ਾਇਦ ਚੰਗਾ ਹੀ ਹੋਇਆ ਕਿਉਂ ਕਿ ਜੇ ਗੋਇੰਦਵਾਲ ਸਚਮੁਚ ਇੰਡਸਟਰੀਅਲ ਦੁਨੀਆਂ ਬਣ ਵੀ ਜਾਂਦਾ ਤਾਂ ਇਸ ਨਾਲ ਹੋਰ ਪੰਜ-ਸੱਤ ਲੱਖ ਭਈਆ ਪੰਜਾਬ ਵਿਚ ਆ ਵਸਦਾ। ਇਸ ਨਾਲ ਸਿੱਖ ਧਰਮ ਦਾ ਕੀ ਭਲਾ ਹੋਣਾ ਸੀ?

1980 ਵਿਚ ਅਕਾਲੀ ਸਰਕਾਰ ਦਾ ਭੋਗ ਪੈ ਗਿਆ। ਇਸ ਤੋਂ ਮਗਰੋਂ 1982 ਵਿਚ "ਧਰਮ ਯੁੱਧ" ਮੋਰਚਾ ਲਗ ਗਿਆ। ਜੂਨ 1984 ਵਿਚ ਦਰਬਾਰ ਸਾਹਿਬ ਤੇ ਹਮਲਾ ਹੋ ਗਿਆ ਤੇ "ਖ਼ੂਨੀ ਨਵੰਬਰ 1984" ਵਿਚ ਹਜ਼ਾਰਾਂ ਹੋਰ ਸਿੱਖਾਂ ਨੂੰ ਜ਼ਾਲਮਾਨਾ ਤਸੀਹੇ ਦੇ ਕੇ ਮਾਰ ਦਿਤਾ ਗਿਆ। ਇਸ ਦੌਰ ਵਿਚ ਅਕਾਲੀ ਦਲ ਤੇ ਇਸ ਦੇ ਆਗੂ ਬੇਮਾਅਨਾ ਹੋ ਗਏ। ਅਗਲੇ ਦਸ-ਬਾਰਾਂ ਸਾਲ ਖਾੜਕੂਆਂ ਦੇ ਸਾਲ ਸਨ। ਇੱਤਫ਼ਾਕਨ ਇਨ੍ਹਾਂ ਦਿਨਾਂ ਵਿਚ ਸਿਰਫ਼ 1995 ਵਿਚ ਛੇਵੀਂ ਪਾਤਿਸ਼ਾਹੀ ਦੇ ਜਨਮ ਦਿਨ ਦੀ ਚੌਥੀ ਸ਼ਤਾਬਦੀ ਮਨਾਈ ਗਈ (ਇਹ ਵੀ ਗ਼ਲਤ ਤਾਰੀਖ਼ ਤੇ ਮਨਾਈ ਗਈ ਸੀ

ਕਿਉਂਕਿ ਅਸਲ ਸਾਲ 1590 ਸੀ ਤੇ ਇਹ ਸ਼ਤਾਬਦੀ 1990 ਵਿਚ ਮਨਾਈ ਜਾਣੀ ਚਾਹੀਦੀ ਸੀ)। ਪਰ ਇਸ ਵਿਚ ਵੀ ਬਹੁਤਾ ਤਰੱਦਦ ਨਹੀਂ ਸੀ ਕੀਤਾ ਗਿਆ ਕਿਉਂ ਕਿ ਪੰਜਾਬ ਦੀ ਕਾਂਗਰਸ ਸਰਕਾਰ (ਜੋ ਸਿਰਫ਼ 10% ਵੋਟਾਂ ਨਾਲ ਕਾਬਜ਼ ਹੋਈ ਸੀ) ਅਕਾਲੀਆਂ ਨੂੰ ਸਾਹ ਹੀ ਨਹੀਂ ਸੀ ਲੈਣ ਦੇ ਰਹੀ.

ਇਨ੍ਹੀਂ ਦਿਨੀਂ ਹੀ ਜਵੱਦੀ ਡੇਰੇ ਦੇ ਸੁੱਚਾ ਸਿੰਘ ਵੱਲੋਂ ਇਕ 'ਵਰਲਡ ਸਿੱਖ ਸਮਾਗਮ' ਕਰਨ ਦੀ ਪਲਾਨਿੰਗ ਨੂੰ ਕੁਝ ਵਿਦਵਾਨਾਂ ਨੇ 'ਤਾੜਿਆ' ਤੇ ਗੁਰਚਰਨ ਸਿੰਘ ਟੌਹੜਾ ਨੂੰ ਇਹ ਅਹਿਸਾਸ ਦਿਵਾਇਆ ਕਿ "ਪੰਥ ਦੇ ਠੇਕੇਦਾਰ" ਤਾਂ ਤੁਸੀਂ ਹੋ ਅਤੇ ਦੁਨੀਆਂ ਦੇ ਸਿੱਖਾਂ ਨੂੰ ਇਕੱਠਾ ਕਰਨ ਦੀ ਜੁਰਅਤ ਕੋਈ ਹੋਰ ਕਿਵੇਂ ਕਰ ਸਕਦਾ ਹੈ। ਟੌਹੜਾ ਜੀ ਨੂੰ "ਸਮਝ" ਆ ਗਈ ਕਿ ਕਿਸੇ ਹੋਰ ਨੂੰ ਇੰਟਰਨੈਸ਼ਨਲ-ਲੀਡਰ ਨਹੀਂ ਬਣਨ ਦੇਣਾ ਚਾਹੀਦਾ। ਸੋ ਫੈਸਲਾ ਹੋ ਗਿਆ ਕਿ ਸ਼ਾਨੋ-ਸ਼ੌਕਤ ਤੇ ਜੌਹੋ-ਜਲਾਲ ਤੇ "ਟੌਹਰ" ਨੂੰ ਟੌਹੜਾ ਹਾਈਜੈਕ ਕਰ ਲਵੇ। ਟੌਹੜਾ ਤਾਂ ਆਪਣੇ ਆਪ ਨੂੰ "ਸਿੱਖਾਂ ਦਾ ਪੋਪ" ਸਮਝਦਾ ਸੀ। ਸ਼ਾਇਦ ਉਸ ਨੇ ਇਹ ਸੋਚਿਆ ਕਿ ਵਰਲਡ ਸਿੱਖ ਕਾਨਫ਼ਰੰਸ ਨਾਲ ਉਸ ਦੀ "ਸੁਪਰਮੇਸੀ" ਤੇ ਪੱਕੀ ਮੁਹਰ ਲਗ ਜਾਵੇਗੀ। ਇਸ ਮਕਸਦ ਵਾਸਤੇ ਉਸ ਨੇ ਮਨਜੀਤ ਸਿੰਘ (ਉਦੋਂ ਐਕਟਿੰਗ ਮੁਖ ਸੇਵਾਦਾਰ ਅਕਾਲ ਤਖ਼ਤ ਸਾਹਿਬ) ਨੂੰ ਵਰਤ ਕੇ ਇਹ ਐਕਸ਼ਨ ਸਰ-ਅੰਜਾਮ ਕਰਵਾਉਣ ਦਾ ਫੈਸਲਾ ਕਰ ਲਿਆ। ਮਨਜੀਤ ਸਿੰਘ ਵਿਚਾਰੇ ਦੀ ਅਜੇ "ਕੱਚੀ ਨੌਕਰੀ" ਸੀ ਤੇ ਉਸ ਦੀ ਮਜਬੂਰੀ ਨੂੰ ਟੌਹੜਾ ਜੀ ਨੇ ਰੱਜ ਕੇ ਕੈਸ਼ ਕੀਤਾ।

1995 ਵਿਚ ਹੋਈ "ਵਰਲਡ ਸਿੱਖ ਕਾਨਫ਼ਰੰਸ" ਵਿਚ ਕਈ ਦਿਨ ਸਮਾਗਮ ਹੁੰਦੇ ਰਹੇ। ਦੇਸ ਤੇ ਪਰਦੇਸਾਂ ਵਿਚ ਕਈ ਸਿੱਖ ਸ਼ਖ਼ਸੀਅਤਾਂ ਅੰਮ੍ਰਿਤਸਰ ਦੀ ਧਰਤੀ 'ਤੇ "ਉਤਰੀਆਂ"। ਪਰ ਇਸ ਵਿਚੋਂ ਵੀ ਟੌਹੜਾ, ਸਤਿਬੀਰ ਸਿੰਘ ਤੇ ਮਨਜੀਤ ਸਿੰਘ ਦੀ ਲੀਡਰੀ ਤੋਂ ਸਿਵਾ ਕੁਝ ਵੀ ਨਾ ਨਿਕਲਿਆ। ਮੈਂ ਇਸ ਕਾਨਫ਼ਰੰਸ ਵਾਸਤੇ "ਦਸਵੰਧ ਫ਼ੰਡ" ਅਤੇ "ਵਰਲਡ ਸਿੱਖ ਪਾਰਲੀਮੈਂਟ" ਕਾਇਮ ਕਰਨ ਦਾ ਸੁਝਾਅ ਲਿਖ ਭੇਜਿਆ ਸੀ ਅਤੇ ਇਸ ਵਾਸਤੇ ਇਕ ਢਾਂਚਾ ਵੀ ਪੇਸ਼ ਕੀਤਾ। ਮਨਜੀਤ ਸਿੰਘ ਨੇ ਇਨ੍ਹਾਂ ਦੋਹਾਂ ਨੁਕਤਿਆਂ ਨੂੰ ਜਿਸ ਘਾਗ ਸੋਚ ਨਾਲ ਹਾਈਜੈਕ ਕਰ ਕੇ ਆਪਣੀ ਜੇਬ੍ਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਉਹੀ ਇਸ ਵਿਚੋਂ ਪੈਦਾ ਹੋਈ "ਵਰਲਡ ਸਿੱਖ ਕੌਂਸਲ" ਦੀ ਜੰਮਦਿਆਂ ਹੀ ਹੋਈ ਮੌਤ ਦੀ ਵਜਹ ਬਣੀ। ਦਸਵੰਧ ਫ਼ੰਡ ਦਾ ਫ਼ਲਸਫ਼ਾ ਤਾਂ ਮਨਜੀਤ ਸਿੰਘ ਨੂੰ ਸਮਝ ਹੀ ਨਹੀਂ ਅਇਆ ਵਰਨਾ ਉਸ ਦਾ ਹਸ਼ਰ ਵੀ "ਵਰਲਡ ਸਿੱਖ ਕੌਂਸਲ" ਵਾਲਾ ਹੀ ਹੋਣਾ ਸੀ। ਉਂਞ ਹੁਣ ਇਹ ਵੀ ਗੱਲ ਨਿਕਲੀ ਹੈ ਕਿ "ਵਰਲਡ ਸਿੱਖ ਕੌਂਸਲ" ਦੇ ਫੇਲ੍ਹ ਹੋਣ ਪਿੱਛੇ ਸ਼ਾਇਦ ਜਥੇਦਾਰ ਟੌਹੜਾ ਦਾ ਸੁਪਰੀਮੇਸੀ ਖ਼ਤਮ ਹੋਣ ਦਾ ਖ਼ਦਸ਼ਾ ਵੀ ਹੋਵੇ ਤੇ ਉਹ ਆਪਣੇ ਮੁਕਾਬਲੇ ਵਿਚ ਇਕ ਜਵਾਨ "ਸੌਂਕਣ" ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਸੀ?

1996 ਵਿਚ ਸ਼ਰੋਮਣੀ ਕਮੇਟੀ ਤੇ ਫ਼ਰਵਰੀ 1997 ਵਿਚ ਪੰਜਾਬ ਸਰਕਾਰ 'ਤੇ ਅਕਾਲੀਆਂ ਦਾ ਫੇਰ ਕਬਜ਼ਾ ਹੋ ਗਿਆ। ਇਸ ਵਾਰ ਇਹ ਕਬਜ਼ਾ ਪੰਜ ਸਾਲਾਂ ਵਾਸਤੇ ਸੀ। ਹੁਣ ਦਿੱਲੀ ਸਰਕਾਰ ਵਿਚ ਵੀ ਅਕਾਲੀ "ਹਿਮਾਇਤੀ" ਸਰਕਾਰ ਸੀ। **(ਦਰਅਸਲ ਇਸ ਸਰਕਾਰ ਨੂੰ ਅਕਾਲੀ ਦਲ ਦੀ ਪੂਰੀ ਹਿਮਾਇਤ ਹਾਸਿਲ ਸੀ, ਪਰ,**

ਅਕਾਲੀ ਦਲ ਨੂੰ ਇਸ ਸਰਕਾਰ ਦੀ ਹਿਮਾਇਤ ਹਾਸਿਲ ਨਹੀਂ ਸੀ)। ਖ਼ੈਰ 1998 ਵਿਚ ਖਾਲਸਾ ਪਰਗਟ ਕਰਨ ਦਾ ਤਿੰਨ ਸੌ ਸਾਲਾ ਦਿਨ ਆ ਗਿਆ। ਇਸ ਦਾ ਪਹਿਲਾ ਵੱਡਾ ਸਮਾਗਮ 22 ਨਵੰਬਰ 1998 ਦੇ ਦਿਨ ਹੋਣਾ ਸੀ (ਜਥੇਦਾਰ ਟੌਹੜਾ ਅਜੇ ਇਕ ਮਹੀਨਾ ਪਹਿਲਾਂ ਹੀ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਬਣਿਆ ਸੀ)। ਪਰ, ਇਸ ਸਮਾਗਮ ਤੋਂ ਸਿਰਫ਼ ਕੁਝ ਦਿਨ ਪਹਿਲਾਂ ਹੀ ਬਾਦਲ ਤੇ ਟੌਹੜਾ ਵਿਚ ਵੱਡੀ ਦਰਾੜ ਪੈ ਚੁਕੀ ਸੀ। ਦੋਹਾਂ ਵਿਚ ਬੇਵਿਸਾਹੀ, ਈਰਖਾ, ਤਾਕਤ ਦੀ ਭੁੱਖ ਤੇ ਦੌੜ ਉਂਵ ਤਾਂ ਹਮੇਸ਼ਾ ਹੀ ਕਾਇਮ ਰਹੀ ਸੀ, ਪਰ ਦੋਵੇਂ ਅਜੇ ਕਦੇ ਜ਼ਾਹਰਾ ਤੇ ਨੰਗੇ ਹੋ ਕੇ ਨਹੀਂ ਸਨ ਲੜੇ। ਇਨ੍ਹੀਂ ਦਿਨੀਂ ਹੀ ਟੌਹੜਾ ਤੇ ਬਰਜਿੰਦਰ ਸਿੰਘ ਹਮਦਰਦ ਵਿਚਕਾਰ ਹੋਏ ਰੋਸੇ ਨੇ ਬਾਦਲ ਨੂੰ ਟੌਹੜਾ ਦਾ ਐਲਾਨੀਆ ਦੁਸ਼ਮਣ ਬਣਾ ਦਿਤਾ ਤੇ ਦੋਹਾਂ ਵਿਚਕਾਰ ਅਜਿਹਾ ਪਾੜਾ ਪੈ ਗਿਆ ਕਿ ਜਿਸ ਨਾਲ ਖਾਲਸਾ ਪਰਗਟ ਕਰਨ ਦੀ ਤੀਜੀ ਸ਼ਤਾਬਦੀ ਦਾ ਸਾਰੇ ਸਮਾਗਮਾਂ ਦਾ "ਮਜ਼ਾ ਕਿਰਕਿਰਾ ਹੋ ਗਿਆ"।

ਖਾਲਸਾ ਪਰਗਟ ਕਰਨ ਦੀ ਤੀਜੀ ਸ਼ਤਾਬਦੀ ਦੇ ਸਬੰਧ ਵਿਚ ਕਾਫ਼ੀ ਚਿਰ ਪਹਿਲਾਂ ਮਨਜੀਤ ਸਿੰਘ (ਗੁੰਥੀ) ਨੇ ਇਕ ਬਿਆਨ ਦਿਤਾ ਸੀ ਕਿ "1999 ਤਕ ਸਾਰੀ ਸਿੱਖ ਕੌਮ ਅੰਮ੍ਰਿਤਧਾਰੀ" ਬਣਾਉਣੀ ਹੈ। ਗੱਲ ਤਾਂ ਬੜੀ ਵੱਡੀ ਸੀ, ਤਵਾਰੀਖ਼ੀ ਸੀ ਤੇ ਕਮਾਲ ਦੀ ਸੀ। ਪਰ, ਸੀ ਇਹ ਨਿਰੀ ਫੜ੍ਹ ਹੀ ਕਿਉਂ ਕਿ ਨਾ ਤਾਂ ਮਨਜੀਤ ਸਿੰਘ, ਨਾ ਟੌਹੜਾ, ਨਾ ਅਕਾਲੀ ਦਲ ਇਸ ਵਾਸਤੇ ਸੰਜੀਦਾ ਸੀ ਤੇ ਨਾ ਹੀ ਇਸ ਤਕਰੀਬਨ-ਨਾਮੁਮਕਿਨ ਨਿਸ਼ਾਨੇ ਵਾਸਤੇ ਕੋਈ ਪਲਾਨਿੰਗ ਸੀ, ਨਾ ਐਕਸ਼ਨ ਸੀ ਤੇ ਨਾ ਹੀ ਸੋਚ ਜਾਪਦੀ ਸੀ। ਦੂਜੇ ਪਾਸੇ, ਪਰਕਾਸ਼ ਸਿੰਘ ਬਾਦਲ ਇਸ ਮੌਕੇ ਨੂੰ 1977 ਦੇ ਅੰਮ੍ਰਿਤਸਰ ਦੇ ਚਾਰ ਸੌ ਸਾਲਾ ਸਮਾਗਮਾਂ ਵਾਂਗ ਸਿਆਸੀ ਸ਼ੋਅ ਵਾਸਤੇ ਵਰਤਣਾ ਚਾਹੁੰਦਾ ਸੀ ਕਿਉਂ ਕਿ ਧਰਮ ਸਬੰਧੀ ਉਸ ਦੀ ਸੋਚ ਵਿਚ ਸਿੱਖੀ ਜਾਂ ਪੰਥ ਦਾ ਕੋਈ ਪਹਿਲੂ ਨਹੀਂ ਸੀ।

ਇਸ ਸਾਰਾ ਕੁਝ ਦੇ ਮਾਹੌਲ ਵਿਚ ਤਿੰਨ ਸੌ ਸਾਲਾ ਸਮਾਗਮਾਂ ਦੇ ਅੱਧ ਵਿਚ, ਫ਼ਾਈਨਲ ਸਮਾਗਮਾਂ ਤੋਂ ਸਿਰਫ਼ ਦੋ ਮਹੀਨੇ ਪਹਿਲਾਂ, ਬਾਦਲ ਨੇ ਟੌਹੜਾ ਨੂੰ ਸ਼ਰੋਮਣੀ ਕਮੇਟੀ ਦੀ ਗੱਦੀ ਤੋਂ ਭੁੰਜੇ ਲਾਹ ਸੁੱਟਿਆ। ਇਸ਼ ਹਾਲਤ ਵਿਚ ਬਾਦਲ ਧੜੇ ਦੇ ਸਮਾਗਮ ਮਹਿਜ ਜਲਸਿਆਂ ਵਾਂਗ ਹੀ ਖ਼ਤਮ ਹੋਏ। ਦੂਜੇ ਪਾਸੇ ਟੌਹੜਾ ਧੜੇ ਨੇ ਬਾਦਲ ਦੇ ਸਮਾਗਮਾਂ ਤੋਂ ਵੱਡੀ ਭੀੜ ਇਕੱਠੀ ਤਾਂ ਕਰ ਲਈ ਪਰ ਉਹ ਵੀ "ਭਾਈ ਰਣਜੀਤ ਸਿੰਘ ਬਚਾਓ" ਮੁਹਿੰਮ ਤੋਂ ਸਿਵਾ ਕੁਝ ਵੀ ਨਾ ਬਣ ਸਕੀ।

ਇਸ ਖਿਚੋਤਾਣ ਦੇ ਮਾਹੌਲ ਵਿਚ ਤੀਜੀ ਸਤਾਬਦੀ ਦੇ ਸਮਾਗਮ ਭਾਵੇਂ ਸਿਰਫ਼ ਫਿੱਕੇ ਅਤੇ ਬੇਰਸੇ ਇਕੱਠ ਹੋ ਨਿਬੜੇ, ਪਰ ਇਸ ਮੌਕੇ 'ਤੇ ਸਿੱਖ ਕੌਮ ਨੇ ਇਕ ਕਮਾਲ ਜ਼ਰੂਰ ਦਿਖਾਈ ਜਿਸ ਵਿਚ ਇਨ੍ਹਾਂ ਸਾਰੇ ਲੀਡਰਾਂ ਵਿਚੋਂ ਕਿਸੇ ਦਾ ਜ਼ਰਾ ਮਾਸਾ ਵੀ ਰੋਲ ਨਹੀਂ ਸੀ। ਇਹ ਕਮਾਲ ਸੀ ਅੱਧੀ ਕੌਮ ਵੱਲੋਂ ਅਨੰਦਪੁਰ ਸਾਹਿਬ ਆ ਕੇ ਗੁਰੂ ਸਾਹਿਬਾਨ ਤੇ ਸ਼ਹੀਦਾਂ ਦੀ ਧਰਤੀ ਦੀ ਚਰਨ-ਧੂੜ ਮੱਥੇ 'ਤੇ ਲਾਉਣ ਵਾਸਤੇ ਵਹੀਰਾਂ ਘੱਤ ਕੇ ਆਉਣਾ। ਇਸ ਦੌਰਾਨ, ਵੱਖ-ਵੱਖ ਅੰਦਾਜ਼ਿਆਂ ਮੁਤਾਬਿਕ ਸੱਤਰ ਤੋਂ ਅੱਸੀ ਲੱਖ ਤਕ ਸਿੱਖ (ਯਾਨਿ ਤਕਰੀਬਨ ਅੱਧੀ ਕੌਮ) ਅਨੰਦਪੁਰ ਆਏ ਸਨ। ਕੁਲ ਮਿਲਾ ਕੇ ਇਸ ਤਿੰਨ ਸੌ ਸਾਲਾ ਵਿਚ ਲੀਡਰ ਫੇਲ੍ਹ ਹੋਏ ਤੇ ਸੰਗਤਾਂ ਪਾਸ ਹੋਈਆਂ।

ਇਸ ਤਿੰਨ ਸੌ ਸਾਲਾ ਸਮਾਗਮ ਵਿਚੋਂ ਪੰਥ ਨੂੰ ਹਾਸਿਲ ਕੁਝ ਵੀ ਨਹੀਂ ਹੋਇਆ। "*ਸਾਰੀ ਕੌਮ ਨੂੰ ਅੰਮ੍ਰਿਤਧਾਰੀ ਬਣਾਉਣ*" ਦੀ ਫ਼ੜ੍ਹ ਤਾਂ ਸੱਚ ਹੋਣੀ ਹੀ ਨਹੀਂ ਸੀ ਉਲਟਾ ਅਖੌਤੀ-ਅਕਾਲੀ ਸਰਕਾਰ ਵਲੋਂ ਪੇਸ਼ ਕੀਤੇ ਸਰਕਾਰੀ-ਸਿਆਸੀ-ਅਧਾਰਮਿਕ ਕਲਚਰ ਦਾ ਨਤੀਜਾ ਇਹ ਨਿਕਲਿਆ ਕਿ ਅੰਮ੍ਰਿਤਧਾਰੀ ਹੋਣ ਦੀ ਬਜਾਇ, ਅਕਾਲੀ ਚੌਧਰੀਆਂ, ਲੈਜਿਸਲੇਚਰਾਂ, ਸ਼ਰੋਮਣੀ ਕਮੇਟੀ ਮੈਂਬਰਾਂ, ਧਰਮ ਪ੍ਰਚਾਰ ਕਮੇਟੀ ਮੈਂਬਰਾਂ ਵਿਚੋਂ 70% ਦੇ ਧੀਆਂ ਪੁੱਤਰ ਪਤਿਤ/ਮੋਨੇ ਹੋ ਗਏ ਤੇ ਸਿੱਖੀ ਨੂੰ ਫਾਰਖਤੀ ਦੇ ਗਏ। ਇਹੀ ਹਾਲਤ, ਬਾਦਲ ਧੜੇ ਦੇ ਨਾਲ-ਨਾਲ, ਟੌਹੜਾ ਧੜੇ ਦੇ ਚੌਧਰੀਆਂ ਦੇ ਘਰਾਂ ਵਿਚ ਵੀ ਕਾਫ਼ੀ ਹੱਦ ਤਕ ਹੋਈ। ਕਿੰਨੀ ਦਰਦਨਾਕ ਤੇ ਖ਼ੌਫ਼ਨਾਕ "ਕਾਮਯਾਬੀ" ਸੀ/ਹੈ ਇਹ ਅਕਾਲੀ ਚੌਧਰੀਆਂ ਦੀ।

ਇਸ ਪਤਿਤਪੁਣੇ ਦੀ ਪਲੇਗ ਬਾਰੇ ਵਿਚਾਰਾਂ ਕਰਨ ਵਾਸਤੇ ਪਿਛਲੇ ਸਾਰੇ ਸਮਿਆਂ ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀਆਂ ਗਈਆਂ ਕੁਝ ਕੂ ਮੀਟਿੰਗਾਂ ਤੋਂ ਸਿਵਾ ਕਿਸੇ ਹੋਰ ਅਦਾਰੇ ਵੱਲੋਂ ਕੋਈ ਜ਼ਰਾ-ਮਾਸਾ ਵੀ ਹਿਲਜੁਲ ਨਹੀਂ ਹੋਈ। ਜਥੇਦਾਰ ਟੌਹੜਾ ਦੇ ਗ਼ਲਤ ਫ਼ੈਸਲੇ ਕਾਰਨ ਸਰਨਾ ਨੂੰ ਵੀ ਇਕ ਵਾਰ ਪ੍ਰਧਾਨਗੀ ਛੱਡਣੀ ਪਈ ਸੀ ਜਿਸ ਨਾਲ ਇਹ ਕੋਸ਼ਿਸ਼ਾਂ ਵੀ ਬੰਦ ਹੋ ਗਈਆਂ ਸਨ।

ਹੁਣ 2004 ਵਿਚ ਵਿਚ ਗੁਰੂ ਅੰਗਦ ਸਾਹਿਬ ਜੀ ਦਾ 500 ਸਾਲਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਨ ਦਾ 400 ਸਾਲਾ ਦਿਨ ਅਤੇ 2005 ਵਿਚ ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨਾਂ ਦੀ 300ਵੀਂ ਵਰ੍ਹੇ ਗੰਢ ਵੀ ਆ ਰਹੀ ਹੈ। ਇਸ ਸਬੰਧੀ ਸ਼ਰੋਮਣੀ ਕਮੇਟੀ ਨੇ ਸ਼ਤਾਬਦੀਆਂ ਕਮੇਟੀਆਂ ਬਣਾ ਲਈਆਂ ਹਨ। ਇਨ੍ਹਾਂ ਕਮੇਟੀਆਂ ਵਿਚ ਵਧੇਰੇ ਕਰ ਕੇ ਟੌਹੜਾ ਧੜੇ ਦੇ ਹਿਮਾਇਤੀ ਹੀ ਮੈਂਬਰ ਲਏ ਗਏ ਹਨ। ਇਨ੍ਹਾਂ ਕਮੇਟੀਆਂ ਦੀਆਂ ਕੁਝ ਕੂ ਮੀਟਿੰਗਾਂ ਵਿਚ ਮੈਂ ਵੀ ਸ਼ਾਮਿਲ ਹੋਇਆ ਸਾਂ (ਹੁਣ ਮੈਨੂੰ ਨਹੀਂ ਸੱਦਣਗੇ ਕਿਉਂ ਕਿ ਨੁਕਤਾਚੀਨੀ ਨੂੰ ਉਹ 'ਪਾਪ' ਸਮਝਦੇ ਹਨ)। ਇਨ੍ਹਾਂ ਮੀਟਿੰਗਾਂ ਵਿਚ, ਸ਼ਤਾਬਦੀਆਂ ਨੂੰ ਮਨਾਉਣ ਵਾਸਤੇ ਦਿਤੇ ਗਏ ਸੁਝਾਅ ਉਹੋ ਜਿਹੇ ਹੀ ਸਨ ਜਿਸ ਤਰ੍ਹਾਂ ਦੇ ਪਿਛਲੀਆਂ ਸਤਾਬਦੀਆਂ ਨੂੰ ਮਨਾਉਣ ਵਾਸਤੇ ਦਿਤੇ ਗਏ ਸਨ, ਯਾਨਿ ਜਲਸੇ, ਜਲੂਸ, ਸੈਮੀਨਾਰ ਕਰਨੇ, ਬਿਲਡਿੰਗਾਂ ਤੇ ਹਾਲ ਬਣਾਉਣੇ ਤੇ ਸਨਮਾਨ ਸਮਾਗਮ ਕੀਤੇ ਜਾਣ। ਇਨ੍ਹਾਂ ਵਿਚ ਟੌਹੜਾ ਜੀ ਦੀ ਮਰਜ਼ੀ ਦੇ ਬੰਦਿਆਂ ਨੂੰ ਸਿਰੋਪੇ ਤੇ ਮੈਡਲ ਤੇ ਐਵਾਰਡ ਦਿਤੇ ਜਾਣਗੇ। ਇਸ ਤਰ੍ਹਾਂ ਦੀਆਂ ਕਾਰਵਾਈਆਂ ਵਿਚ ਕੌਮ ਦਾ ਕਰੋੜਾਂ ਰੁਪਿਆ, ਕੀਮਤੀ ਸਮਾਂ ਤੇ ਤਾਕਤ (ENERGY) ਖੂਹ ਵਿਚ ਪੈਣ ਦਾ ਖ਼ਤਰਾ ਹੈ। ਦੂਜੇ ਲਫ਼ਜ਼ਾਂ ਵਿਚ ਜਲਸੇ ਕਰਨ ਤੇ "ਜਲੂਸ ਕੱਢਣ" ਮਗਰੋਂ ਇਹ ਸਮਾਗਮ ਮੁਕ ਜਾਣਗੇ।

ਮੈਂ ਨਹੀਂ ਕਹਿੰਦਾ ਕਿ ਸ਼ਤਾਬਦੀਆਂ ਦੇ ਸਬੰਧ ਵਿਚ ਜਲਸੇ ਤੇ ਇਕੱਠ ਨਹੀਂ ਹੋਣੇ ਚਾਹੀਦੇ ਪਰ ਸਿਰਫ਼ ਇਹੀ ਕੁਝ ਹੀ ਨਹੀਂ, ਹੋਰ ਬੜਾ ਕੁਝ ਵੀ ਹੋਣਾ ਚਾਹੀਦਾ ਹੈ। ਅੱਜ ਸਿੱਖ ਕੌਮ ਦਾ ਸਭ ਤੋਂ ਵੱਡਾ ਮਸਲਾ ਪਤਿਤਪੁਣਾ ਤੇ ਕਰਮ-ਕਾਂਡ ਹੈ। ਮੇਰੀ ਨਿਗਹ ਵਿਚ ਤਾਂ ਅਜ ਪੰਥ ਕੋਲ ਸਿਰਫ਼ ਇਕ-ਨੁਕਾਤੀ ਪ੍ਰੋਗਰਾਮ ਹੀ ਹੋਣਾ ਚਾਹੀਦਾ ਹੈ ਕਿ ਇਸ ਬਲਾਅ ਨੂੰ ਕਿਵੇਂ ਖ਼ਤਮ ਕੀਤਾ ਜਾਵੇ। ਅਕਾਲ ਤਖ਼ਤ ਸਾਹਿਬ, ਅਕਾਲੀ ਦਲ (ਪੰਜਾਬੀ ਦਲ ਨਹੀਂ), ਸ਼ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ, ਅਖੌਤੀ

ਸੰਤ ਸਮਾਜ (ਮੈਂ 'ਸੰਤ' ਲਫ਼ਜ਼ ਨੂੰ ਪੰਥਕ ਨਹੀਂ ਮੰਨਦਾ), ਸਿੱਖ ਮਿਸ਼ਨਰੀ ਸੋਸਾਇਟੀਜ਼, ਸਿੱਖ ਵਿਦਵਾਨਾਂ ਤੇ ਹੋਰ ਪੰਥ ਦਰਦੀਆਂ ਨੂੰ, ਮਿਲ ਕੇ ਵੀ ਇਕੱਲਿਆਂ-ਇਕੱਲਿਆਂ ਵੀ, ਅਜਿਹਾ ਐਕਸ਼ਨ/ਪ੍ਰੋਗਰਾਮ ਉਲੀਕਣਾ ਚਾਹੀਦਾ ਹੈ ਕਿ ਸਿੱਖੀ, ਕੇਸ, ਦਸਤਾਰ ਤੇ ਧਰਮ ਨੂੰ ਜਲਾਵਤਨ ਹੋਣੋਂ ਰੋਕਿਆ ਜਾ ਸਕੇ। ਏਥੇ ਧਰਮ ਤੋਂ ਮੇਰੀ ਮੁਰਾਦ ਸਿਰਫ਼ ਬਾਹਰੀ ਸਰੂਪ ਦੀ ਨਹੀਂ ਹੈ ਬਲਕਿ ਉਸ ਸਿੱਖੀ ਦੀ ਹੈ ਜਿਹੜੀ ਭਾਈ ਮਰਦਾਨਾ ਦੀ ਹੈ, ਭਾਈ ਸਨਮੁਖ ਦੀ ਹੈ, ਭਾਈ ਲਾਲੋ ਦੀ ਹੈ, ਭਾਈ ਚੰਗਾ ਭਾਟੜਾ ਦੀ ਹੈ; ਜਿਹੜੀ ਭਾਈ ਮੂਲਾ ਦੀ ਹੈ, ਬਾਬਾ ਬੁੱਢਾ ਦੀ ਹੈ; ਭਾਈ ਮੰਞ ਦੀ ਹੈ; ਜਿਹੜੀ ਭਾਈ ਰੂਪਾ ਦੀ ਹੈ, ਭਾਈ ਮਨੀ ਸਿੰਘ (ਪਰਮਾਰ) ਦੀ ਹੈ, ਭਾਈ ਜੈਤਾ (ਜੀਵਨ ਸਿੰਘ) ਦੀ ਹੈ; ਮੱਖਣ ਸ਼ਾਹ ਲੁਬਾਣਾ ਦੀ ਹੈ, ਲੱਖੀ ਰਾਏ ਯਾਦਵ ਵਣਜਾਰਾ ਦੀ ਹੈ, ਭਾਈ ਘਨੱਈਆ ਸਿੰਘ ਦੀ ਹੈ, ਭਾਈ ਨਾਨੂੰ ਸਿੰਘ ਦਿਲਵਾਲੀ ਛੀਂਬਾ ਦੀ ਹੈ, ਭਾਈ ਆਲਮ ਸਿੰਘ ਨੱਚਣਾ ਚੌਹਾਨ ਦੀ ਹੈ, ਭਾਈ ਡੱਲਾ ਸਿੰਘ ਸਿੱਧੂ ਦੀ ਹੈ ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਹੈ। ਜੇ ਅਸੀਂ ਇਸ ਸਿੱਖੀ ਨੂੰ ਕਾਇਮ ਨਾ ਕਰ ਸਕੇ ਤਾਂ ਇਨ੍ਹਾਂ ਸ਼ਤਾਬਦੀਆਂ ਦੇ ਜਲਸੇ, ਜਲੂਸਾਂ ਦਾ ਕੋਈ ਮਾਅਨਾ ਨਹੀਂ ਹੋਵੇਗਾ। (17.2.2004)

ਸਿੱਖ ਧਰਮ ਅਤੇ ਅਖੌਤੀ ਸੁੱਚ-ਜੂਠ

ਸੁੱਚਾ ਲਫ਼ਜ਼ ਦੀ ਜੜ੍ਹ 'ਸ਼ੌਚਮ' ਵਿਚ ਹੈ ਜਿਸ ਦਾ ਮਾਅਨਾ ਹੈ ਸਫ਼ਾਈ, ਪਵਿੱਤਰਤਾ, ਪਾਕੀਜ਼ਗੀ, ਨਿਰਮਲ ਹੋਣਾ। ਸ਼ੌਚ ਦਾ ਮਾਅਨਾ ਨਹਾਉਣਾ ਵੀ ਹੈ, ਜਿਸ ਦਾ ਪਿਛੋਕੜ ਵੀ ਸਫ਼ਾਈ ਕਰਨਾ ਹੈ। ਇਸ ਦਾ ਪਿਛੋਕੜ 'ਸੱਚਾ' ਤੋਂ ਵੀ ਮੰਨਿਆ ਜਾਂਦਾ ਹੈ ਅਤੇ 'ਸਵੱਛ' (ਸਾਫ਼) ਤੋਂ ਵੀ (ਇੰਞ ਹੀ ਜੂਠਾ ਦੀ ਜੜ੍ਹ ਝੂਠਾ ਵਿਚ ਹੈ)। ਹਿੰਦੂ ਧਰਮ ਵਿਚ ਜਿਸਮ, ਰਸੋਈ, ਭਾਂਡੇ, ਕੱਪੜੇ ਆਦਿ ਦੀ ਸਫ਼ਾਈ ਨੂੰ ਸੁੱਚਤਾ (ਪਵਿੱਤਰਤਾ, ਸ਼ੁੱਧਤਾ) ਕਿਹਾ ਜਾਂਦਾ ਹੈ। ਜੇ ਕਰ ਕੋਈ ਅਖੌਤੀ-ਅਛੂਤ ਜਾਂ ਅਖੌਤੀ ਸੂਤਕ ਵਾਲਾ ਮਰਦ ਜਾਂ ਔਰਤ, ਕਿਸੇ ਖਾਣ ਵਾਲੀ ਚੀਜ਼ ਜਾਂ ਕਿਸੇ ਭਾਂਡੇ ਨੂੰ ਗ਼ਲਤੀ ਨਾਲ ਵੀ ਹੱਥ ਲਾ ਦੇਵੇ, ਤਾਂ (ਹਿੰਦੂਆਂ ਵਾਸਤੇ) ਇਹ ਨਾ ਸਿਰਫ਼ ਜੂਠੇ ਬਣ ਜਾਂਦੇ ਹਨ ਸਗੋਂ ਅਪਵਿੱਤਰ ਵੀ ਹੋ ਜਾਂਦੇ ਹਨ।

ਸਿੱਖ ਧਰਮ ਇਸ ਨੂੰ ਪਾਖੰਡ ਗਰਦਾਨਦਾ ਹੈ। ਸਿੱਖ ਧਰਮ ਜਿਸਮਾਨੀ ਸਫ਼ਾਈ ਦੇ ਹੱਕ ਵਿਚ ਤਾਂ ਹੈ ਪਰ ਇਹ ਮਨ ਦੀ ਪਵਿੱਤਰਤਾ ਨੂੰ ਉਸ ਤੋਂ ਵੀ ਵਧ ਅਹਮੀਅਤ ਦੇਂਦਾ ਹੈ। ਉਨ੍ਹਾਂ ਨੂੰ ਸੁੱਚਾ ਨਹੀਂ ਕਿਹਾ ਜਾ ਸਕਦਾ ਜੋ ਸਿਰਫ਼ ਆਪਣੇ ਜਿਸਮ ਦਾ ਇਸ਼ਨਾਨ ਕਰਦੇ ਹਨ (ਪਰ ਸਾਰਾ ਦਿਨ ਪਾਪ ਕਮਾਉਂਦੇ ਰਹਿੰਦੇ ਹਨ), ਬਲਕਿ ਸੁੱਚੇ ਉਹ ਹਨ, ਜਿਨ੍ਹਾਂ ਦੇ ਦਿਲ ਵਿਚ ਰੱਬ ਵੱਸਿਆ ਹੋਇਆ ਹੈ:

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥ *(ਸਫ਼ਾ 472)*

ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਹਾ ਭਿ ਆਵਹਿ ਓਈ ਸਾਦ॥
ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥
ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥
ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥
ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥
ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥
ਕਹੁ ਨਾਨਕ ਸਚੁ ਧਿਆਈਐ॥ ***ਸੁਚਿ ਹੋਵੈ ਤਾ, ਸਚੁ ਪਾਈਐ॥*** (ਸਫ਼ਾ 471-72)

ਸਿੱਖ ਫ਼ਲਸਫ਼ੇ ਵਿਚ ਹਿੰਦੂਆਂ ਵਾਂਗ ਅਖੌਤੀ ਪਵਿੱਤਰਤਾ ਦਾ ਕੋਈ ਫ਼ਲਸਫ਼ਾ ਨਹੀਂ ਹੈ। ਵਾਹਿਗੁਰੂ ਨੂੰ ਯਾਦ ਕਰਨਾ ਤੇ ਮਨ ਵਿਚ ਵਸਾਉਣਾ (ਉਸ ਦੇ ਹੁਕਮ ਮੁਤਾਬਿਕ ਜ਼ਿੰਦਗੀ ਜੀਣਾ) ਹੀ ਸੱਚੀ ਪਵਿੱਤਰਤਾ ਹੈ ਅਤੇ ਸੁੱਚ ਹੈ। ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਸਿੱਖ ਨੇ ਜਿਸਮਾਨੀ (ਕੱਪੜਿਆਂ ਦੀ, ਬਰਤਨਾਂ ਦੀ, ਖਾਣ-ਪੀਣ ਦੇ ਸਾਮਾਨ ਦੀ) ਸਫ਼ਾਈ ਦਾ ਖ਼ਿਆਲ ਨਹੀਂ ਰੱਖਣਾ। ਸਗੋਂ ਸਿੱਖ ਨੂੰ ਸਰੀਰ ਦੀ

ਸਫ਼ਾਈ ਅਤੇ ਚੰਗੀ ਸਿਹਤ ਬਾਰੇ ਜ਼ਰੂਰਤਾਂ ਦਾ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ। ਪਰ, ਜਿੱਥੋਂ ਤਕ 'ਸੁੱਚ' ਦਾ ਸਵਾਲ ਹੈ, ਸਿੱਖ ਧਰਮ ਸੱਚੇ-ਸੁੱਚੇ ਇਖ਼ਲਾਕ ਵਿਚ ਯਕੀਨ ਰੱਖਦਾ ਹੈ ਨਾ ਕਿ ਰਸਮੀ ਜਾਂ ਦਿਖਾਵੇ ਦੀ ਪਵਿੱਤਰਤਾ ਵਿਚ।

ਸਿੱਖ ਧਰਮ ਵਿਚ, ਸਰੀਰਕ ਸਫ਼ਾਈ ਲਾਜ਼ਮੀ ਹੈ। ਇਸ ਤੋਂ ਇਲਾਵਾ ਕੋਈ ਵੀ, ਕਿਸੇ ਤਰੀਕੇ ਨਾਲ ਅਪਵਿੱਤਰ ਜਾਂ ਪਵਿੱਤਰ ਨਹੀਂ ਹੈ। ਹਾਂ ਇਕ ਪਾਹੁਲੀਆ ਸਿੱਖ (ਜਿਸ ਨੂੰ ਅੱਜ-ਕਲ੍ਹ ਅੰਮ੍ਰਿਤਧਾਰੀ ਵੀ ਕਹਿਣ ਲਗ ਪਏ ਹਨ), ਪਾਹੁਲ-ਹੀਣ (ਬੇ ਅੰਮ੍ਰਿਤੀਏ) ਜਾਂ ਪਤਿਤ ਨਾਲ ਖਾਣਾ ਨਹੀਂ ਖਾ ਸਕਦਾ। ਇਹ ਸਿੱਖੀ ਦਾ ਜ਼ਾਬਤਾ ਹੈ, ਨਾ ਕਿ ਹਿੰਦੂ ਸੋਚ ਵਾਲਾ ਅਪਵਿੱਤਰ/ਪਵਿੱਤਰ ਜਾਂ ਸੁੱਚਾ/ਜੂਠਾ ਹੋਣ ਦਾ ਦੰਭ। ਇੰਵ ਹੀ ਸਿੱਖ ਧਰਮ ਵਿਚ ਸਫ਼ਾਈ, ਅਖੌਤੀ ਤਰੀਥ ਯਾਤਰਾ, ਧਾਰਮਿਕ ਰਸਮਾਂ ਵਗ਼ੈਰਾ ਦਾ ਮੁਕਤੀ ਨਾਲ ਕੋਈ ਸਬੰਧ ਨਹੀਂ ਹੈ। ਮੁਕਤੀ ਤਾਂ ਸੱਚਾ ਜੀਵਨ ਜੀਅ ਕੇ ਇਸੇ ਜ਼ਿੰਦਗੀ ਵਿਚ ਹੀ ਹਾਸਿਲ ਹੁੰਦੀ ਹੈ।

ਜਿਵੇਂ ਉੱਪਰ ਕਹਿ ਚੁਕਾ ਹਾਂ ਕਿ ਹਿੰਦੂ ਧਰਮ ਦੀ ਅਖੌਤੀ ਸੁੱਚ-ਜੂਠ ਨੂੰ ਸਿੱਖ ਧਰਮ ਵਿਚ ਪਾਖੰਡ ਮੰਨਿਆ ਜਾਂਦਾ ਹੈ। ਕਿਸੇ ਗ਼ੈਰ ਦਾ ਹੱਥ ਲੱਗ ਜਾਣ ਨਾਲ ਕੋਈ ਬਰਤਨ ਜਾਂ ਚੀਜ਼ ਜੂਠੀ ਜਾਂ ਅਪਵਿੱਤਰ ਨਹੀਂ ਹੋ ਜਾਂਦੀ। ਉਂਵ ਹਿੰਦੂਆਂ ਵਾਲੀ ਅਖੌਤੀ ਸੁੱਚ/ਜੂਠ ਤਾਂ ਕਦੇ ਵੀ ਕਾਇਮ ਨਹੀਂ ਰੱਖੀ ਜਾ ਸਕਦੀ। ਮਿਸਾਲ ਵਜੋਂ, ਅਸੀਂ ਕਣਕ/ਆਟਾ, ਚਾਵਲ, ਦਾਲਾਂ, ਲੂਣ, ਮਸਾਲੇ, ਤੇਲ, ਟੂਥ-ਪੇਸਟ, ਕਰੀਮ, ਪਾਊਡਰ, ਦੁੱਧ, ਖੰਡ, ਗੁੜ, ਸੋਢੇ, ਦਵਾਈਆਂ ਅਤੇ ਹੋਰ ਦਰਜਨਾਂ ਚੀਜ਼ਾਂ ਬਾਜ਼ਾਰ ਵਿਚੋਂ ਲੈ ਕੇ ਵਰਤਦੇ ਹਾਂ। ਸਾਨੂੰ ਇਹ ਨਹੀਂ ਪਤਾ ਹੁੰਦਾ ਕਿ ਇਨ੍ਹਾਂ ਨੂੰ ਕਿਸ-ਕਿਸ ਨੇ ਤਿਆਰ ਕੀਤਾ ਹੈ ਤੇ ਉਸ ਮਗਰੋਂ ਵੀ ਕਿਸ-ਕਿਸ ਦੇ ਹੱਥ ਲੱਗੇ ਹਨ ਪਰ ਅਸੀਂ ਸਾਰੇ ਹੀ ਇਨ੍ਹਾਂ ਚੀਜ਼ਾਂ ਨੂੰ ਸੁਚ/ਜੂਠ ਦੀ ਗੱਲ ਕੀਤੇ ਬਿਨਾਂ ਵਰਤਦੇ ਹਾਂ। ਇਸ ਤੋਂ ਇਲਾਵਾ ਬਹੁਤੇ ਬ੍ਰਾਹਮਣ ਅਜਿਹੇ ਹਨ ਜੋ ਕਿਸੇ ਚੀਜ਼ ਨੂੰ ਕਿਸੇ ਅਖੌਤੀ ਸ਼ੂਦਰ ਦਾ ਹੱਥ ਲਗ ਜਾਣ ਮਗਰੋਂ ਉਸ ਦੀ ਵਰਤੋਂ ਨਹੀਂ ਕਰਦੇ (ਉਂਵ ਇਹ ਲੋਕ ਹੋਟਲਾਂ ਤੋਂ ਰੋਟੀ, ਚਾਹ ਜਾਂ ਹੋਰ ਕੋਈ ਚੀਜ਼ ਲੈਣ ਵੇਲੇ ਇਹ ਪਤਾ ਨਹੀਂ ਕਰਦੇ ਕਿ ਉਸ ਨੂੰ ਕਿਸ ਨੇ ਤਿਆਰ ਕੀਤਾ ਸੀ, ਜਦ ਕਿ ਇਨ੍ਹਾਂ ਹੋਟਲਾਂ ਵਿਚ ਕੰਮ ਕਰਨ ਵਾਲਿਆਂ ਵਿਚੋਂ ਬਹੁਤੇ ਅਖੌਤੀ ਛੋਟੀ ਜ਼ਾਤ ਦੇ ਹੁੰਦੇ ਹਨ)। ਇਹ ਨਿਰਾ-ਪੁਰਾ ਪਾਖੰਡ ਹੈ।

ਹਿੰਦੂਆਂ ਦੇ ਇਸ ਪਾਖੰਡ ਦਾ ਅਸਰ ਕਈ ਸਿੱਖਾਂ 'ਤੇ ਵੀ ਨਜ਼ਰ ਆਉਂਦਾ ਹੈ। ਉਹ ਵੀ ਕਣਕ/ਆਟਾ, ਚਾਵਲ, ਦਾਲਾਂ, ਲੂਣ, ਮਸਾਲੇ, ਤੇਲ, ਟੂਥ-ਪੇਸਟ, ਕਰੀਮ, ਪਾਊਡਰ, ਦੁੱਧ, ਖੰਡ, ਗੁੜ, ਸੋਢੇ, ਦਵਾਈਆਂ ਅਤੇ ਹੋਰ ਦਰਜਨਾਂ ਚੀਜ਼ਾਂ ਬਾਜ਼ਾਰ ਵਿਚੋਂ ਲੈ ਕੇ ਵਰਤ ਲੈਂਦੇ ਹਨ ਪਰ ਦੂਜੇ ਪਾਸੇ ਕਿਸੇ ਅਜਿਹੇ ਸਿੱਖ ਦੇ ਹੱਥ ਦੀ ਚੀਜ਼ ਨਹੀਂ ਵਰਤਦੇ ਜਿਸ ਨੇ ਪਾਹੁਲ ਨਾ ਲਈ ਹੋਵੇ ਜਾਂ ਉਨ੍ਹਾਂ ਦੇ ਜੱਥੇ ਤੋਂ ਪਾਹੁਲ ਨਾ ਲਈ ਹੋਵੇ। ਕਈ ਆਪਣੇ ਆਪ ਨੂੰ ਅਖੌਤੀ 'ਸਰਬ-ਲੋਹੀਏ' ਕਹਿੰਦੇ ਹਨ। ਉਹ ਲੋਹੇ ਤੋਂ ਸਿਵਾ ਕਿਸ ਹੋਰ ਭਾਂਡੇ ਵਿਚ ਕੋਈ ਚੀਜ਼ ਨਾ ਤਾਂ ਬਣਾਉਂਦੇ ਹਨ ਤੇ ਖਾਂਦੇ ਹਨ। ਪਰ ਉਹ ਜਿਹੜੀ ਕਣਕ/ਆਟਾ, ਚਾਵਲ, ਦਾਲਾਂ, ਲੂਣ, ਮਸਾਲੇ, ਤੇਲ, ਟੂਥ-ਪੇਸਟ, ਕਰੀਮ, ਪਾਊਡਰ, ਦੁੱਧ, ਖੰਡ, ਗੁੜ, ਸੋਢੇ, ਦਵਾਈਆਂ ਅਤੇ ਹੋਰ ਦਰਜਨਾਂ ਚੀਜ਼ਾਂ

ਬਾਜ਼ਾਰ ਵਿਚੋਂ ਲੈ ਕੇ ਵਰਤਦੇ ਹਨ ਉਹ ਤਾਂ ਪਾਹੁਲੀਏ ਸਿੱਖਾਂ ਨੇ ਨਹੀਂ ਬਣਾਈ ਹੁੰਦੀ; ਉਹ ਸਰਬ-ਲੋਹ ਵਿਚ ਨਹੀਂ ਬਣਾਈ ਹੁੰਦੀ ਤੇ ਉਹ ਸਰਬਲੋਹ ਦੀ ਪੈਕਿੰਗ ਵਿਚ ਨਹੀਂ ਮਿਲਦੀ।

ਹੁਣ ਸਿੱਖ ਤਵਾਰੀਖ਼ ਵਿਚੋਂ ਇਸ ਸਬੰਧੀ ਹਵਾਲੇ ਦੇਖੀਏ। ਗੁਰੂ ਨਾਨਕ ਸਾਹਿਬ ਨੇ ਤਕਰੀਬਨ ਤੇਰਾਂ ਸਾਲ (1507 ਤੋਂ 1515 ਤੇ 1516 ਤੋਂ 1521) ਚਾਲ੍ਹੀ ਹਜ਼ਾਰ ਕਿਲੋਮੀਟਰ ਸਫ਼ਰ ਕੀਤਾ ਸੀ ਤੇ ਇਸ ਦੌਰਾਨ ਉਨ੍ਹਾਂ ਨੂੰ ਵੱਖ-ਵੱਖ ਇਲਾਕਿਆਂ, ਧਰਮਾਂ, ਜ਼ਾਤਾਂ ਦੇ ਲੋਕਾਂ ਦੇ ਘਰੋਂ ਰੁੱਖਾ-ਮਿੱਸਾ ਖਾਣਾ ਪਿਆ ਸੀ। ਕਿਤੇ ਹਵਾਲਾ ਨਹੀਂ ਮਿਲਦਾ ਕਿ ਗੁਰੂ ਸਾਹਿਬ ਨੇ ਸੁੱਕੀ ਰਸਦ ਲੈ ਕੇ ਖਾਣਾ ਆਪ ਤਿਆਰ ਕੀਤਾ ਸੀ। ਇਹੀ ਹਾਲ ਬਾਕੀ ਗੁਰੂ ਸਾਹਿਬਾਨ ਦਾ ਸੀ। ਉਹ ਵੀ ਵੱਖ-ਵੱਖ ਲੋਕਾਂ ਦੇ ਘਰਾਂ ਵਿਚ ਲੰਗਰ ਛਕਦੇ ਹੁੰਦੇ ਸਨ ਤੇ ਕੁਝ ਲੋਕ ਵੀ ਕਈ ਵਾਰ ਕੋਈ ਚੀਜ਼ ਤਿਆਰ ਕਰ ਕੇ ਗੁਰੂ ਸਾਹਿਬ ਨੂੰ ਪਿਆਰ ਨਾਲ ਖੁਆਉਣ ਵਾਸਤੇ ਲੈ ਆਉਂਦੇ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਤਾਂ 10 ਸਾਲ ਪੂਰਬ ਦੇ ਸਫ਼ਰ 'ਤੇ ਰਹੇ ਸਨ। ਇਸ ਦੌਰਾਨ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਲੋਕਾਂ ਦੀਆਂ ਤਿਆਰ ਕੀਤੀਆਂ ਚੀਜ਼ਾਂ ਖਾਣੀਆਂ ਪਈਆਂ ਹੋਣਗੀਆਂ। ਗੁਰੂ ਗੋਬਿੰਦ ਸਿੰਘ ਸਾਹਿਬ ਤਾਂ ਰੋਪੜ ਨੇੜੇ ਕੋਟਲਾ ਨਿਹੰਗ ਖ਼ਾਨ ਦੇ ਚੌਧਰੀ, ਪਠਾਨ ਨਿਹੰਗ ਖ਼ਾਨ, ਦੇ ਘਰ ਕਈ ਵਾਰ ਖਾਣਾ ਖਾ ਕੇ ਗਏ ਸਨ। ਗੁਰੂ ਹਰਿਗੋਬਿੰਦ ਸਾਹਿਬ ਵੀ 1635 ਵਿਚ ਇਸੇ ਘਰ ਵਿਚ ਤਿੰਨ ਦਿਨ ਰਹਿ ਕੇ, ਚੌਧਰੀ ਸ਼ਮਸ ਖ਼ਾਨ ਦੇ ਘਰ ਦਾ ਖਾਣਾ ਖਾਂਦੇ ਰਹੇ ਸਨ। ਫਿਰ, 5 ਦਸੰਬਰ 1705 ਦੇ ਦਿਨ, ਅਨੰਦਪੁਰ ਸਹਿਬ ਤੋਂ ਨਿਕਲ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕੋਟਲਾ ਨਿਹੰਗ ਖ਼ਾਨ ਵਿਚ ਪਠਾਨ ਦਾ, ਚਮਕੌਰ ਵਿਚ ਬੁਧੀ ਚੰਦ ਰਾਵਤ ਦਾ, ਮਾਛੀਵਾੜਾ ਵਿਚ ਨਬੀ ਖ਼ਾਨ - ਗ਼ਨੀ ਖ਼ਾਨ ਦਾ ਤੇ ਅਜਨੇਰ ਵਿਚ ਹਾਜੀ ਚਰਾਗ਼ ਦੀਨ ਦੇ ਘਰ ਦਾ ਖਾਣਾ ਖਾਧਾ ਸੀ। ਕੀ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਖੰਡੇ ਦੀ ਪਾਹੁਲ ਤੋਂ ਬਾਅਦ ਉਹ ਸਿਰਫ਼ ਸਰਬ-ਲੋਹ ਵਿਚ ਖਾਣਾ ਖਾਂਦੇ ਹਨ ਤੇ ਉਹ ਵੀ ਕਿਸੇ ਪਾਹੁਲੀਏ ਸਿੱਖ ਦੇ ਹੱਥ ਦਾ ਬਣਿਆ?

ਦਰਅਸਲ ਅਸੀਂ ਗੁਰੂ ਸਾਹਿਬ ਦੀ ਸਿਖਿਆ ਭੁੱਲ ਕੇ ਕਰਮਕਾਂਡੀ ਬ੍ਰਾਹਮਣ ਬਣ ਗਏ ਹਾਂ ਅਤੇ ਬਿਬੇਕ ਦੇ ਨਾਂ 'ਤੇ ਪਾਖੰਡ ਕਰਨ ਲਗ ਪਏ ਹਾਂ। ਇਹ ਦਰਅਸਲ ਸਿਰਫ਼ ਪਾਖੰਡ ਹੀ ਨਹੀਂ ਇਕ ਕਿਸਮ ਦਾ ਛੂਤ-ਛਾਤ ਵੀ ਹੈ। ਇਹ ਗੁਰੂ ਦੀ ਸਿਖਿਆ ਦੇ ਮੂਲੋਂ ਹੀ ਉਲਟ ਹੈ। ਸਿੱਖ ਨੇ ਸਫ਼ਾਈ ਰੱਖਣੀ ਹੈ ਪਰ ਨਕਲੀ ਸੁੱਚ/ਜੂਠ ਨਹੀਂ, ਪਾਖੰਡ ਤੇ ਦਿਖਾਵੇ ਦਾ ਝੂਠਾ ਤੇ ਨਕਲੀ ਬਿਬੇਕ ਨਹੀਂ। ਸਿੱਖ ਨੇ ਮਨ ਨੂੰ ਸਾਫ਼ ਰੱਖਣਾ ਹੈ, ਨਿਰਮਲ ਕਰਮ ਕਰਨੇ ਹਨ, ਚੰਗਾ ਇਨਸਾਨ ਬਣਨਾ ਹੈ, ਨਾ ਕਿ ਇਨਸਾਨਾਂ ਤੋਂ ਭਿੱਟ ਰੱਖ ਕੇ ਬਿਪਰਨ (ਬ੍ਰਾਹਮਣ) ਬਣਨਾ ਹੈ।

ਕੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਦੀ ਸਿਫ਼ਤ ਕੀਤੀ ਹੋਈ ਹੈ?

ਕੁਝ ਟੀਕਾਕਾਰਾਂ ਨੇ ਕੁਝ ਸ਼ਬਦਾਂ ਦੀ ਵਿਆਖਿਆ ਕਰਦਿਆਂ ਇਹ ਲਿਖਿਆ ਸੀ ਕਿ ਉਨ੍ਹਾਂ ਸ਼ਬਦਾਂ ਵਿਚ ਗੁਰੂ ਨਾਨਕ ਸਾਹਿਬ ਦੀ ਸਿਫ਼ਤ ਕੀਤੀ ਹੋਈ ਹੈ। ਇਹ ਸਹੀ ਨਹੀਂ ਹੈ। ਭੱਟਾਂ ਦੇ ਸਵੈਯੇ ਤੇ ਸੱਤਾ ਬਲਵੰਡ ਦੀ ਵਾਰ ਨੂੰ ਛੱਡ ਕੇ ਕਿਸੇ ਥਾਂ 'ਤੇ ਵੀ ਕਿਸੇ ਗੁਰੂ ਦੀ ਸਿਫ਼ਤ ਨਹੀਂ ਕੀਤੀ ਹੋਈ। ਨਾਨਕ, ਨਾਨਕੁ ਜਾਂ ਨਾਨਕਿ ਸਿਰਫ਼ ਬਾਣੀ ਦੇ ਰਚਨ ਵਾਲੇ ਗੁਰੁ (ਮਹਲਾ) ਦੀ ਕਾਵਿ ਛਾਪ ਹੀ ਹੈ, ਜਿਵੇਂ ਕਿ ਤਕਰੀਬਨ ਹਰ ਸ਼ਬਦ ਦੇ ਅਖ਼ੀਰ ਵਿਚ ਕਾਵਿ-ਛਾਪ ਆਉਂਦੀ ਹੈ। ਇਨ੍ਹਾਂ ਟੀਕਾਕਾਰਾਂ ਦਾ ਵਿਚਾਰ ਹੈ ਕਿ ਜਿੱਥੇ **ਨਾਨਕੁ** ਵਿਚ 'ਕ' ਦੇ ਹੇਠਾਂ ਔਂਕੜ ਹੈ ਉਹ ਇਕ ਵਚਨ ਹੈ ਅਤੇ ਇਸ ਕਰ ਕੇ ਉਹ ਗੁਰੂ ਨਾਨਕ ਸਾਹਿਬ ਬਾਰੇ ਹੈ। ਇਹ ਦਲੀਲ ਵੀ ਸਹੀ ਨਹੀਂ। ਅਨੰਦ ਸਾਹਿਬ ਬਾਣੀ ਵਿਚ ਨਾਨਕ ਕਾਵਿ-ਛਾਪ ਦੇ ਸਾਰੇ ਸਪੈਲਿੰਗ ਕ ਹੇਠਾਂ ਔਂਕੜ ਵਾਲੇ ਹੀ ਹਨ। ਇਨ੍ਹਾਂ ਟੀਕਾਕਾਰਾਂ ਨੇ ਇਹ ਦਲੀਲ ਵੀ ਦਿੱਤੀ ਕਿ ਜਿੱਥੇ 'ਗੁਰੂ' ਦੀ ਜਗਹ **'ਗੁਰੁ'** ਜਾ **'ਗੁਰਿ'** ਜਾਂ 'ਗੁਰ' ਹੈ ਉਹ "ਗੁਰੂ ਨਾਨਕ" ਸਾਹਿਬ ਵਾਸਤੇ ਹੈ। ਇਹ ਵੀ ਸਹੀ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਜਗਹ 'ਗੁਰੁ' ਵਰਤਿਆ ਗਿਆ ਹੈ ਅਤੇ ਉੱਥੇ ਗੁਰੂ ਨਾਨਕ ਸਾਹਿਬ (ਜਾਂ ਕਿਸੇ ਹੋਰ ਗੁਰੂ ਸਾਹਿਬ) ਦਾ ਕੋਈ ਹਵਾਲਾ ਤਕ ਨਹੀਂ ਹੈ। ਦਰਅਸਲ ਇਹ ਇਨ੍ਹਾਂ ਟੀਕਾਕਾਰਾਂ ਦੇ ਭੁਲੇਖੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਵੀ ਕਿਸੇ ਵੀ ਗੁਰੂ ਦੀ ਸਿਫ਼ਤ ਨਹੀਂ ਕੀਤੀ ਹੋਈ। ਜਿੱਥੇ ਵੀ ਨਾਨਕ/ਨਾਨਕੁ/ਨਾਨਕਿ ਹੈ ਉਹ ਸਿਰਫ਼ ਤੇ ਸਿਰਫ਼ ਕਾਵਿ- ਛਾਪ ਹੈ। ਹੇਠਾਂ ਚਰਚਿਤ **ਨਾਨਕੁ** ਤੇ **ਗੁਰੁ** ਵਾਲੇ ਸ਼ਬਦਾਂ ਨੂੰ ਪੇਸ਼ ਕੀਤਾ ਜਾ ਰਿਹਾ ਹੈ ਜੋ ਸਾਬਿਤ ਕਰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਵੀ ਕਿਸੇ ਵੀ ਗੁਰੂ ਦੀ ਸਿਫ਼ਤ ਨਹੀਂ ਕੀਤੀ ਹੋਈ।

ਪਹਿਲਾਂ ਉਹ ਸ਼ਬਦ ਲਵਾਂਗੇ ਜਿਨ੍ਹਾਂ ਵਿਚ ਇਨ੍ਹਾਂ ਟੀਕਾਕਾਰਾਂ ਨੇ ('ਗੁਰੁ' ਦੇ ਨਾਲ ਆਈ) ਨਾਨਕ ਕਾਵਿ-ਛਾਪ (ਨਾਨਕੁ) ਨੂੰ "ਗੁਰੂ ਨਾਨਕ" ਮੰਨਣ ਦੀ ਗ਼ਲਤੀ ਕੀਤੀ ਹੈ।:

ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ॥
ਗੁਝੀ ਛੰਨੀ ਨਾਹੀ ਬਾਤ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ॥ (ਸਫ਼ਾ 396)

(ਪੰਜਵਾਂ ਮਹਲਾ ਕਹਿੰਦੇ ਹਨ:) (ਹੇ ਨਾਨਕ!) ਇਹ ਕੋਈ ਲੁਕੀ-ਛਿਪੀ ਗੱਲ ਨਹੀਂ ਹੈ (ਯਾਨਿ ਕਿ ਹਰ ਕੋਈ ਜਾਣਦਾ ਹੈ ਕਿ ਜਿਸ ਇਨਸਾਨ ਉੱਤੇ) ਗੁਰੂ ਤੁੱਠਦਾ (ਮਿਹਰਬਾਨ ਹੁੰਦਾ) ਹੈ (ਉਸ ਨੂੰ ਨਾਮ ਦੀ) ਦਾਤ ਦੇਂਦਾ ਹੈ। ਉਹ (ਦਾਤ ਹਾਸਿਲ ਕਰਨ ਵਾਲਾ) ਜੋ ਕੁਝ ਬੋਲਦਾ ਹੈ ਗੁਰੂ ਦਾ ਬੁਲਾਇਆ (ਗੁਰੂ ਦੀ ਰਜ਼ਾ ਵਿਚ) ਹੀ ਬੋਲਦਾ ਹੈ (ਉਹ ਆਪਣੇ ਗੁਰੂ ਉੱਤੇ ਇਉਂ ਫ਼ਖ਼ਰ/ਮਾਣ ਕਰਦਾ ਹੈ) ਜਿਵੇਂ ਕੋਈ ਪੁੱਤਰ ਆਪਣੇ ਪਿਤਾ ਉੱਤੇ ਮਾਣ ਕਰਦਾ ਹੈ (ਉਹ ਸਿੱਖ ਗੁਰੂ ਪਾਸੋਂ ਮਦਦ ਦੀ ਉਵੇਂ ਆਸ ਰੱਖਦਾ ਹੈ ਜਿਵੇਂ ਪੁੱਤਰ ਆਪਣੇ ਪਿਉ ਕੋਲੋਂ)।

ਏਥੇ ਕੁਝ ਟੀਕਾਕਾਰਾਂ ਨੇ ਗੁਰੁ ਤੁੱਠਦਾ ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ: "ਜਿਨ੍ਹਾਂ 'ਤੇ ਗੁਰੁ ਨਾਨਕ ਤੁੱਠਦਾ ਹੈ" ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੁ, 'ਗੁਰੂ ਨਾਨਕ ਸਾਹਿਬ' ਦੇ ਨਿਜ ਦੀ। ਗੁਰੂ ਅਰਜਨ ਸਾਹਿਬ ਵੇਲੇ ਗੁਰੂ ਨਾਨਕ ਸਾਹਿਬ ਜਿਸਮਾਨੀ ਰੂਪ ਵਿਚ ਮੌਜੂਦ ਨਹੀਂ ਸਨ ਤੇ ਉਨ੍ਹਾਂ ਦੇ ਤੁੱਠਣ ਦਾ ਸਵਾਲ ਹੀ ਨਹੀਂ ਸੀ। ਦੂਜਾ ਕੀ ਬਾਕੀ ਗੁਰੁ 'ਨਾਨਕ ਰੂਪ' ਨਹੀਂ ਸਨ? ਸੋ, ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।

ਆਸਾ ਮਹਲਾ 4 ॥ ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥ ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ॥ ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ॥ ਗੁਰੁ ਨਾਨਕੁ ਤੁਠਾ ਮੇਰੇ ਪਿਆਰੇ ਮੇਲੇ ਹਰੇ॥ (ਸਫ਼ਾ 451)

ਹੇ ਮੇਰੇ ਪਰਦੇਸੀ ਬਣੇ ਮਨ (ਯਾਨਿ, ਥਾਂ ਥਾਂ ਭਟਕ ਰਹੇ ਮਨ)! ਹੇ ਪਿਆਰੇ ਮਨ! ਕਦੇ ਤਾਂ ਘਰ/ਮਨ (ਵਿਚ ਵਸਦੇ ਪ੍ਰਭੂ-ਚਰਨਾਂ) ਵਿਚ ਜੁੜ। ਹੇ ਮੇਰੇ ਮਨ ਵਿਚ ਵਸ ਰਹੇ ਪਿਆਰੇ ਵਾਹਿਗੁਰੂ, ਮੈਨੂੰ ਗੁਰੂ ਮਿਲਾ। ਹੇ ਮੇਰੇ ਪਿਆਰੇ ਵਾਹਿਗੁਰੂ ਮੇਰੇ 'ਤੇ ਮਿਹਰ ਕਰੋ ਕਿ ਮੈਂ (ਤੁਹਾਡੇ, ਯਾਨਿ ਪ੍ਰਭੂ ਦੇ ਪ੍ਰੇਮ ਵਿਚ ਟਿਕ ਕੇ) ਰੂਹਾਨੀ ਆਨੰਦ ਮਾਣਦਾ ਰਹਾਂ। (ਚੌਥਾ ਮਹਲਾ) ਨਾਨਕ (ਕਹਿੰਦੇ ਹਨ:)! **ਜਿਸ ਮਨੁੱਖ ਉਤੇ ਗੁਰੂ ਤੁੱਠਦਾ (ਮਿਹਰਬਾਨ) ਹੁੰਦਾ ਹੈ, ਉਸ ਨੂੰ ਰੱਬ ਨਾਲ ਮਿਲਾ ਦੇਂਦਾ ਹੈ।**

ਏਥੇ ਵੀ ਕੁਝ ਟੀਕਾਕਾਰਾਂ ਨੇ ਗੁਰੁ ਤੁੱਠਦਾ ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ: "ਜਿਨ੍ਹਾਂ 'ਤੇ ਗੁਰੁ ਨਾਨਕ ਤੁੱਠਦਾ ਹੈ" ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। ਗੁਰੂ ਰਾਮਦਾਸ ਸਾਹਿਬ ਵੇਲੇ ਗੁਰੂ ਨਾਨਕ ਸਾਹਿਬ ਜਿਸਮਾਨੀ ਰੂਪ ਵਿਚ ਮੌਜੂਦ ਨਹੀਂ ਸਨ ਤੇ ਉਨ੍ਹਾਂ ਦੇ ਤੁੱਠਣ ਦਾ ਸਵਾਲ ਹੀ ਨਹੀਂ ਸੀ। ਦੂਜਾ ਕੀ ਬਾਕੀ ਗੁਰੂ 'ਨਾਨਕ ਰੂਪ' ਨਹੀਂ ਸਨ? ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।

ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ॥
ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ॥
ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥ (ਸਫ਼ਾ 612)

ਵਾਹਿਗੁਰੂ ਦੇ ਗੁਣ ਬੇਅੰਤ ਹਨ (ਉਸ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ), ਪਰ ਮੈਂ ਉਸ ਦੇ ਗੁਣਾਂ ਨੂੰ ਗਿਣ-ਮਿਣ ਕੇ (ਹੱਦ-ਬੰਦੀ ਵਿਚ ਲਿਆ ਕੇ) ਬਿਆਨ ਕਰਦਾ ਹਾਂ; ਮੈਂ ਕੀ ਜਾਣ ਸਕਦਾ ਹਾਂ ਕਿ ਉਹ ਰੱਬ ਕਿਹੋ ਜਿਹਾ ਹੈ? ਹੇ (ਭਾਈ)! ਮੈਂ ਆਪਣੇ ਸਤਿਗੁਰੂ ਦੇ ਪਾਸ ਬੇਨਤੀ ਕਰਦਾ ਹਾਂ ਕਿ ਮੈਨੂੰ ਮੂਰਖ ਨੂੰ ਸਿੱਖਿਆ ਦੇਵੋ (ਕਿ ਮੈਂ ਵਾਹਿਗੁਰੂ ਬਾਰੇ ਜਾਣ ਸਕਾਂ)। ਮੈਨੂੰ ਮੂਰਖ ਨੂੰ ਪਾਰ ਲੰਘਾਣਾ (ਗੁਰੂ ਵਾਸਤੇ) ਕੋਈ ਵੱਡੀ ਗੱਲ ਨਹੀਂ (ਉਸ ਦੇ ਦਰ ਤੇ ਆ ਕੇ ਤਾਂ) ਕਰੋੜਾਂ ਪਾਪੀ (ਸੰਸਾਰ ਰੂਪੀ ਸਮੁੰਦਰ ਤੋਂ) ਪਾਰ ਲੰਘ ਗਏ (ਤੇ ਪਾਰ ਲੰਘ ਰਹੇ) ਹਨ। (ਗੁਰੂ ਰਾਮਦਾਸ ਸਹਿਬ ਕਹਿੰਦੇ ਹਨ)

ਹੇ! ਨਾਨਕ, ਜਿਨ੍ਹਾਂ ਗੁਰੂ (ਦੀ ਸਿੱਖਿਆ) ਨੂੰ ਸੁਣਿਆ ਹੈ ਗੁਰੂ ਦਾ ਦਰਸ਼ਨ ਕੀਤਾ (ਜਿਨ੍ਹਾਂ ਨੇ ਗੁਰੂ ਨੂੰ ਮਨ ਵਿਚ ਵਸਾਇਆ) ਹੈ, ਉਹ ਮੁੜ ਕਦੇ ਜਨਮ ਮਰਨ ਦੇ ਗੇੜ (ਦੇ ਭਰਮ) ਵਿਚ ਨਹੀਂ ਪੈਂਦੇ।

ਏਥੇ ਵੀ ਕੁਝ ਟੀਕਾਕਾਰਾਂ ਨੇ 'ਹੇ ਨਾਨਕ!, ਗੁਰੂ ਦੀ ਸਿੱਖਿਆ ਨੂੰ ਸੁਣਿਆ ਹੈ' ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ: "ਜਿਨ੍ਹਾਂ ਨੇ ਗੁਰੂ ਨਾਨਕ ਦੇ ਉਪਦੇਸ਼ ਸੁਣੇ ਤੇ ਦਰਸ਼ਨ ਕੀਤੇ" ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। ਗੁਰੂ ਰਾਮਦਾਸ ਸਾਹਿਬ ਵੇਲੇ ਗੁਰੂ ਨਾਨਕ ਸਾਹਿਬ ਜਿਸਮਾਨੀ ਰੂਪ ਵਿਚ ਮੌਜੂਦ ਨਹੀਂ ਸਨ ਤੇ ਉਨ੍ਹਾਂ ਨੂੰ ਸੁਣਨ-ਵੇਖਣ ਦਾ ਸਵਾਲ ਹੀ ਨਹੀਂ ਸੀ। ਦੂਜਾ, ਜੇ ਇੱਥੇ ਗੁਰੂ ਨਾਨਕ ਦੀ ਬਾਣੀ ਕਹਿਣਾ ਹੋਵੇ ਤਾਂ ਕੀ ਬਾਕੀ ਗੁਰੂ 'ਨਾਨਕ ਰੂਪ' ਨਹੀਂ ਸਨ? ਕੀ ਉਨ੍ਹਾਂ ਦੀ ਬਾਣੀ ਦਾ ਦਰਜਾ ਵੱਖਰਾ ਹੈ? ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।

ਗੁਰਮਤਿ ਨਗਰੀ ਖੋਜਿ ਖੋਜਾਈ॥ ਹਰਿ ਹਰਿ ਨਾਮੁ ਪਦਾਰਥੁ ਪਾਈ॥1॥ ਮੇਰੈ ਮਨਿ ਹਰਿ ਹਰਿ ਸਾਂਤਿ ਵਸਾਈ॥ ਤਿਸਨਾ ਅਗਨਿ ਬੁਝੀ ਖਿਨ ਅੰਤਰਿ ਗੁਰਿ ਮਿਲਿਐ ਸਭ ਭੁਖ ਗਵਾਈ॥1॥ ਰਹਾਉ॥ ਹਰਿ ਗੁਣ ਗਾਵਾ ਜੀਵਾ ਮੇਰੀ ਮਾਈ॥ ਸਤਿਗੁਰਿ ਦਇਆਲਿ ਗੁਣ ਨਾਮੁ ਦ੍ਰਿੜਾਈ॥2॥ ਹਉ ਹਰਿ ਪ੍ਰਭੁ ਪਿਆਰਾ ਢੂਢਿ ਢੂਢਾਈ॥ ਸਤ ਸੰਗਤਿ ਮਿਲਿ ਹਰਿ ਰਸੁ ਪਾਈ॥3॥ ਧੁਰਿ ਮਸਤਕਿ ਲੇਖ ਲਿਖੇ ਹਰਿ ਪਾਈ॥ ਗੁਰੁ ਨਾਨਕੁ ਤੁਠਾ ਮੇਲੈ ਹਰਿ ਭਾਈ॥ (ਸ.ਫਾ 732)

ਗੁਰੂ ਦੀ ਮਤਿ ਲੈ ਕੇ ਮੈਂ ਆਪਣੇ ਸਰੀਰ-ਨਗਰ (ਵਜੂਦ) ਦੀ ਚੰਗੀ ਤਰ੍ਹਾਂ ਖੋਜ ਕੀਤੀ ਹੈ, ਅਤੇ, ਮੈਂ (ਇਸ ਦੇ ਵਿਚੋਂ ਹੀ) ਪਦਾਰਥ (ਵਾਹਿਗੁਰੂ ਦਾ ਕੀਮਤੀ ਨਾਂ) ਲੱਭ ਲਿਆ ਹੈ। (ਗੁਰੂ ਨੇ ਮੈਨੂੰ ਹਰਿ-ਨਾਮ ਦੀ ਦਾਤਿ ਦੇ ਕੇ) ਮੇਰੇ ਮਨ ਵਿਚ ਠੰਢ ਪਾ ਦਿੱਤੀ ਹੈ। (ਮੇਰੇ ਅੰਦਰੋਂ) ਇਕ ਪਲ ਵਿਚ (ਮਾਇਆ ਦੀ) ਤ੍ਰਿਸ਼ਨਾ ਦੀ ਅੱਗ ਬੁੱਝ ਗਈ ਹੈ। ਗੁਰੂ ਦੇ ਮਿਲਣ ਨਾਲ ਮੇਰੀ ਸਾਰੀ (ਮਾਇਆ ਦੀ) ਭੁੱਖ ਦੂਰ ਹੋ ਗਈ ਹੈ। ਰਹਾਉ।

ਹੇ ਮੇਰੀ ਮਾਂ! (ਜਿਉਂ ਜਿਉਂ) ਮੈਂ ਰੱਬ ਦੇ ਗੁਣ ਗਾਂਦਾ ਹਾਂ, ਮੈਨੂੰ ਰੂਹਾਨੀ ਜ਼ਿੰਦਗੀ ਮਿਲ ਰਹੀ ਹੈ। ਮਿਹਰ ਦੇ ਘਰ, ਸਤਿਗੁਰੂ, ਨੇ ਮੇਰੇ ਸੀਨੇ ਵਿਚ ਰੱਬ ਦੀਆਂ ਸਿਫ਼ਤਾਂ (ਦਾ ਗਿਆਨ) ਪੱਕਾ (ਕਾਇਮ) ਕਰ (ਵਸਾ) ਦਿੱਤਾ ਹੈ। ਹੇ ਭਾਈ! ਹੁਣ ਮੈਂ ਹਰ ਜਗਹ) ਪਿਆਰੇ ਹਰਿ-ਪ੍ਰਭੂ ਦੀ ਭਾਲ ਕਰਦਾ ਹਾਂ, (ਤੇ ਦੂਜਿਆਂ ਪਾਸੋਂ ਵੀ) ਭਾਲ ਕਰਾਂਦਾ ਹਾਂ। ਸਾਧ ਸੰਗਤਿ ਵਿਚ ਮਿਲ ਕੇ ਮੈਂ ਵਾਹਿਗੁਰੂ ਦੇ ਨਾਂ ਦਾ ਸੁਆਦ ਮਾਣਦਾ (ਅਨੰਦ ਲੈਂਦਾ) ਹਾਂ। (ਗੁਰੂ ਰਾਮਦਾਸ ਸਹਿਬ ਕਹਿੰਦੇ ਹਨ) ਹੇ! ਨਾਨਕ, ਧੁਰ ਦਰਗਾਹ (ਵਾਹਿਗੁਰੂ ਵੱਲੋਂ) ਤੋਂ (ਜਿਸ ਮਨੁੱਖ ਦੇ) ਮੱਥੇ ਉੱਤੇ ਰੱਬ ਨਾਲ ਮਿਲਾਪ ਦਾ ਲਿਖਿਆ ਲੇਖ (ਵਾਹਿਗੁਰੂ ਦਾ ਹੁਕਮ) ਉੱਘੜਦਾ ਹੈ, ਉਸ ਉੱਤੇ ਗੁਰੂ ਤੁੱਠਦਾ (ਖ਼ੁਸ਼ ਹੁੰਦਾ) ਹੈ ਅਤੇ, ਉਸ ਨੂੰ ਰੱਬ ਨਾਲ ਮਿਲਾ (ਰੱਬ ਦਾ, ਰੂਹਾਨੀ, ਗਿਆਨ ਦੇ) ਦੇਂਦਾ ਹੈ।

ਏਥੇ ਵੀ ਕੁਝ ਟੀਕਾਕਾਰਾਂ ਨੇ 'ਹੇ ਨਾਨਕ!, ਜਿਨ੍ਹਾਂ 'ਤੇ ਗੁਰੂ ਤ੍ਰੁੱਠਦਾ ਹੈ' ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ: 'ਜਿਨ੍ਹਾਂ 'ਤੇ ਗੁਰੂ ਨਾਨਕ ਤ੍ਰੁੱਠਦਾ ਹੈ' ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। ਗੁਰੂ ਰਾਮਦਾਸ ਸਾਹਿਬ ਵੇਲੇ ਗੁਰੂ ਨਾਨਕ ਸਾਹਿਬ ਜਿਸਮਾਨੀ ਰੂਪ ਵਿਚ ਮੌਜੂਦ ਨਹੀਂ ਸਨ ਤੇ ਉਨ੍ਹਾਂ ਦੇ ਤ੍ਰੁੱਠਣ ਦਾ ਸਵਾਲ ਹੀ ਨਹੀਂ ਸੀ। ਦੂਜਾ ਕੀ ਬਾਕੀ ਗੁਰੂ 'ਨਾਨਕ ਰੂਪ' ਨਹੀਂ ਸਨ? ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।

ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ॥
ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ॥ (ਸਫ਼ਾ 746)

ਜਦੋਂ (ਕਿਸੇ ਵਡ-ਭਾਗੀ ਨੂੰ) ਉਹ ਬੇਅੰਤ ਵਾਹਿਗੁਰੂ ਮਿਲ ਪੈਂਦਾ ਹੈਂ, ਉਸ ਦੀਆਂ ਸਭ ਖ਼ਾਹਿਸ਼ਾਂ ਪੂਰੀਆਂ ਹੋ ਜਾਂਦੀਆਂ ਹਨ (ਉਸ ਨੂੰ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਰਹਿ ਜਾਂਦੀ, ਉਸ ਦੀ ਤ੍ਰਿਸ਼ਨਾ/ਭੁੱਖ ਮੁੱਕ ਜਾਂਦੀ ਹੈ)। (ਗੁਰੂ ਅਰਜਨ ਸਹਿਬ ਕਹਿੰਦੇ ਹਨ)! ਨਾਨਕ, ਮੈਂ ਉਸ ਗੁਰੂ ਦੇ ਚਰਨਾਂ ਤੋਂ ਸਦਕੇ ਜਾਂਦਾ ਹਾਂ, ਜਿਸ ਨੇ ਮੈਨੂੰ ਰੱਬ ਨਾਲ ਮਿਲਾ ਦਿੱਤਾ ਹੈ।

ਏਥੇ ਵੀ ਕੁਝ ਟੀਕਾਕਾਰਾਂ ਨੇ 'ਹੇ ਨਾਨਕ! ਮੈਂ ਉਸ ਗੁਰੂ ਦੇ ਚਰਨਾਂ ਤੋਂ ਸਦਕੇ ਜਾਂਦਾ ਹਾਂ' ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ: 'ਮੈਂ ਗੁਰੂ ਨਾਨਕ ਦੇ ਚਰਨਾਂ ਤੋਂ ਸਦਕੇ ਜਾਂਦਾ ਹਾਂ' ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'।

ਬਿਲਾਵਲੁ ਮਹਲਾ 5॥ ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ॥ ਸੁਖ ਉਪਜੇ ਬਾਜੇ ਅਨਹਦ ਤੂਰੇ॥ ਰਹਾਉ॥ ਤਾਪ ਪਾਪ ਸੰਤਾਪ ਬਿਨਾਸੇ॥ ਹਰਿ ਸਿਮਰਤ ਕਿਲਵਿਖ ਸਭਿ ਨਾਸੇ॥ ਅਨਦੁ ਕਰਹੁ ਮਿਲਿ, ਸੁੰਦਰ ਨਾਰੀ॥ ਗੁਰਿ ਨਾਨਕਿ ਮੇਰੀ ਪੈਜ ਸਵਾਰੀ॥ (ਸਫ਼ਾ 806)

(ਨੋਟ: ਏਥੇ ਗੁਰਿ ਅਤੇ ਨਾਨਕਿ ਵਿਚ ਔਂਕੜ ਨਹੀਂ ਬਲਕਿ 'ਸਿਹਾਰੀ' ਹੈ)।

ਪੂਰੇ ਗੁਰੂ ਨੇ, ਸਤਿਗੁਰੂ ਨੇ, (ਵਾਹਿਗੁਰੂ ਦੇ ਨਾਂ ਦੀ ਦਾਤਿ ਦੇ ਕੇ ਜਿਸ ਇਨਸਾਨ ਦੇ ਸੀਨੇ ਵਿਚ) ਠੰਡ ਵਰਤਾ ਦਿੱਤੀ, ਉਸ ਦੇ ਅੰਦਰ ਸਾਰੇ ਸੁਖ ਪੈਦਾ ਹੋ ਗਏ (ਇਹ ਇੰਵ ਹੈ ਜਿਵੇਂ ਉਸ ਇਨਸਾਨ ਦੇ ਅੰਦਰ) ਇਕ-ਰਸ ਸਾਰੇ ਵਾਜੇ ਵੱਜਣ ਲੱਗ ਪਏ (ਯਾਨਿ ਉਸ ਦੇ ਮਨ ਵਿਚ ਅਨੰਦ ਦਾ ਸੰਗੀਤ ਵੱਜਣ ਲਗ ਪਿਆ)।

(ਜਿਸ ਇਨਸਾਨ ਨੇ ਗੁਰੂ ਦੀ ਸਿਖਿਆ ਲੈ ਕੇ ਨਾਲ ਵਾਗਿਰੂ ਦਾ ਨਾਂ ਜਪਣਾ, ਯਾਨਿ ਮਨ ਵਿਚ ਵਸਾਉਣਾ, ਸ਼ੁਰੂ ਕਰ ਦਿੱਤਾ, ਉਸ ਦੇ ਸਾਰੇ) ਪਾਪ, ਦੁੱਖ, ਤਕਲੀਫ਼ਾਂ ਦੂਰ ਹੋ ਗਏ। ਰੱਬ ਦਾ ਨਾਂ ਸਿਮਰਦਿਆਂ-ਸਿਮਰਦਿਆਂ ਉਸ ਦੇ ਸਾਰੇ ਪਾਪ ਨਾਸ (ਖ਼ਤਮ) ਹੋ ਗਏ।

(ਰੱਬ ਦੇ ਨਾਂ ਦੀ ਬਰਕਤ ਨਾਲ) ਸੋਹਣੀਆਂ (ਬਣ ਚੁਕੀਆਂ) ਹੇ ਮੇਰੀਆਂ ਗਿਆਨ-ਇੰਦਰੀਓ! ਤੁਸੀਂ ਹੁਣ ਰਲ ਕੇ (ਇੰਦਰੀਆਂ ਦਾ, ਸਤਸੰਗ ਮਨਾ ਕੇ ਆਪਣੇ ਅੰਦਰ) ਰੂਹਾਨੀ ਆਨੰਦ ਮਾਣੋ। **(ਗੁਰੂ ਅਰਜਨ ਸਹਿਬ ਕਹਿੰਦੇ ਹਨ) ਹੇ! ਨਾਨਕ, ਗੁਰੂ ਨੇ (ਮੈਨੂੰ ਪਾਪ, ਦੁੱਖ, ਤਕਲੀਫ਼ਾਂ ਤੋਂ ਬਚਾ ਕੇ) ਮੇਰੀ ਇੱਜ਼ਤ ਰੱਖ ਲਈ ਹੈ (ਮੈਨੂੰ ਤਬਾਹ ਹੋਣ ਤੋਂ ਬਚਾਅ ਲਿਆ ਹੈ)।**

ਏਥੇ ਵੀ ਕੁਝ ਟੀਕਾਕਾਰਾਂ ਨੇ 'ਹੇ ਨਾਨਕ! ਗੁਰੂ ਨੇ (ਮੈਨੂੰ ਪਾਪ, ਦੁੱਖ, ਤਕਲੀਫ਼ਾਂ ਤੋਂ ਬਚਾ ਕੇ) ਮੇਰੀ ਇੱਜ਼ਤ ਰੱਖ ਲਈ (ਪੈਜ ਸਵਾਰੀ) ਹੈ' ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ: 'ਗੁਰੂ ਨਾਨਕ ਨੇ (ਮੈਨੂੰ ਪਾਪ, ਦੁੱਖ, ਤਕਲੀਫ਼ਾਂ ਤੋਂ ਬਚਾ ਕੇ) ਮੇਰੀ ਇੱਜ਼ਤ ਰੱਖ ਲਈ (ਪੈਜ ਸਵਾਰੀ) ਹੈ' ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।

ਬਿਲਾਵਲੁ ਮਹਲਾ 5॥ ਤਾਪੁ ਲਾਹਿਆ ਗੁਰ ਸਿਰਜਨਹਾਰਿ॥ ਸਤਿਗੁਰ ਅਪਨੇ ਕਉ ਬਲਿ ਜਾਈ ਜਿਨਿ ਪੈਜ ਰਖੀ ਸਾਰੈ ਸੰਸਾਰਿ॥ ਰਹਾਉ॥ ਕਰੁ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ॥ ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ॥ ਦਾਸ ਕੀ ਲਾਜ ਰਖੈ ਮਿਹਰਵਾਨੁ॥ ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ॥ (ਸਫ਼ਾ 821)

ਗੁਰੂ ਨੇ ਕਰਤਾਰ ਨੇ (ਭਰਮ ਵਿਚ ਤਪ ਰਹੇ ਜੀਵ ਦਾ) ਤਾਪ ਉਤਾਰਿਆ ਹੈ। ਮੈਂ ਆਪਣੇ ਗੁਰੂ ਤੋਂ ਸਦਾ ਸਦਕੇ ਜਾਂਦਾ ਹਾਂ, ਜਿਸ ਨੇ ਸਾਰੇ ਸੰਸਾਰ ਵਿਚ (ਮੇਰੀ) ਇੱਜ਼ਤ ਰੱਖ ਲਈ ਹੈ।ਰਹਾਉ। ਵਾਹਿਗੁਰੂ ਨੇ ਆਪਣਾ ਹੱਥ (ਅਗਿਆਨੀ ਬਾਲਕ ਦੇ) ਸਿਰ ਉੱਤੇ ਰੱਖ ਕੇ ਬਾਲਕ ਨੂੰ (ਮਾਇਆ ਤੇ ਅਗਿਆਨਤਾ ਦੇ ਤਾਪ ਤੋਂ) ਬਚਾ ਲਿਆ ਹੈ; ਅਤੇ ਉਸ ਨੇ ਰੂਹਾਨੀ ਜ਼ਿੰਦਗੀ ਦੇਣ ਵਾਲਾ ਤੇ ਸਭ ਤੋਂ ਕੀਮਤੀ ਰਸ ਵਾਲਾ (ਅੰਮ੍ਰਿਤ), ਆਪਣਾ ਨਾਂ (ਜਪਣ ਦਾ ਬਲ) ਵੀ ਦਿੱਤਾ ਹੈ। **(ਗੁਰੂ ਅਰਜਨ ਸਹਿਬ ਕਹਿੰਦੇ ਹਨ) ਹੇ! ਨਾਨਕ, ਗੁਰੂ ਜੋ ਵੀ (ਵਾਹਿਗੁਰੂ ਨੂੰ) ਕਹਿੰਦਾ ਹੈ, ਉਹ ਉਸ ਦੀ ਦਰਗਾਹ ਵਿਚ ਮਨਜ਼ੂਰ ਹੁੰਦਾ ਹੈ। ਮਿਹਰਵਾਨ ਪ੍ਰਭੂ ਆਪਣੇ ਸੇਵਕ ਦੀ ਇੱਜ਼ਤ (ਜ਼ਰੂਰ) ਰੱਖਦਾ ਹੈ।**

ਏਥੇ ਵੀ ਕੁਝ ਟੀਕਾਕਾਰਾਂ ਨੇ 'ਹੇ! ਨਾਨਕ, ਗੁਰੂ ਜੋ ਵੀ (ਵਾਹਿਗੁਰੂ ਨੂੰ) ਕਹਿੰਦਾ ਹੈ' ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ: 'ਗੁਰੂ ਨਾਨਕ ਜੋ ਵੀ (ਵਾਹਿਗੁਰੂ ਨੂੰ) ਕਹਿੰਦਾ ਹੈ' ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।

ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ॥ ਗੁਰੁ ਮੇਰਾ ਦੇਉ ਅਲਖ ਅਭੇਉ॥ ਸਰਬ ਪੂਜ ਚਰਨ ਗੁਰ ਸੇਉ॥ ਗੁਰ ਬਿਨੁ ਅਵਰੁ ਨਾਹੀ ਮੈ ਥਾਉ॥ ਅਨਦਿਨੁ ਜਪਉ ਗੁਰੂ ਗੁਰ ਨਾਉ॥1॥ ਰਹਾਉ॥ ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ॥ ਗੁਰੁ ਗੋਪਾਲੁ ਪੁਰਖੁ

ਭਗਵਾਨੁ॥ ਗੁਰ ਕੀ ਸਰਣਿ ਰਹਉ ਕਰ ਜੋਰਿ॥ ਗੁਰੂ ਬਿਨਾ ਮੈ ਨਾਹੀ ਹੋਰੁ॥ ਗੁਰੁ ਬੋਹਿਥੁ ਤਾਰੇ ਭਵ ਪਾਰਿ॥ ਗੁਰ ਸੇਵਾ ਜਮ ਤੇ ਛੁਟਕਾਰਿ॥ ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ॥ ਗੁਰ ਕੈ ਸੰਗਿ ਸਗਲ ਨਿਸਤਾਰਾ॥ ਗੁਰੁ ਪੂਰਾ ਪਾਈਐ ਵਡਭਾਗੀ॥ ਗੁਰ ਕੀ ਸੇਵਾ ਦੂਖੁ ਨ ਲਾਗੀ॥ ਗੁਰ ਕਾ ਸਬਦੁ ਨ ਮੇਟੈ ਕੋਇ॥ ਗੁਰੁ ਨਾਨਕੁ ਨਾਨਕੁ ਹਰਿ ਸੋਇ॥ (ਸਫ਼ਾ 864)

(ਮੇਰਾ) ਗੁਰੂ (ਗੁਰੂ ਦੀ ਸ਼ਰਨ ਹੀ) ਮੇਰੇ ਵਾਸਤੇ 'ਪੂਜਾ' ਹੈ, ਗੁਰੂ ਗੋਬਿੰਦ (ਵਾਹਿਗੁਰੂ ਦਾ ਰੂਪ) ਹੈ। ਮੇਰਾ ਗੁਰੂ ਰੱਬ (ਦਾ ਰੂਪ) ਹੈ, ਗੁਰੂ ਹਰ ਤਾਕਤ ਦਾ ਮਾਲਕ ਹੈ। ਮੇਰਾ ਗੁਰੂ ਉਸ ਪ੍ਰਕਾਸ਼-ਰੂਪ (ਵਾਹਿਗੁਰੂ) ਦਾ ਰੂਪ ਹੈ ਜਿਸ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ ਅਤੇ ਜਿਸ ਦਾ ਭੇਦ (ਪਾਰ) ਨਹੀਂ ਪਾਇਆ ਜਾ ਸਕਦਾ। ਮੈਂ ਤਾਂ ਉਨ੍ਹਾਂ ਗੁਰ-ਚਰਨਾਂ ਦੀ ਸ਼ਰਨ ਵਿਚ ਪਿਆ ਰਹਿੰਦਾ ਹਾਂ ਜਿਨ੍ਹਾਂ ਨੂੰ ਸਾਰੀ ਦੁਨੀਆਂ ਪੂਜਦੀ ਹੈ। (ਇਸ ਦੁਨੀਆਂ ਦੇ ਭਵ ਸਾਗਰ ਵਿਚੋਂ ਬਚਣ ਲਈ) ਗੁਰੂ ਤੋਂ ਬਿਨਾ ਮੈਨੂੰ ਕੋਈ ਹੋਰ ਥਾਂ/ਆਸਰਾ ਨਹੀਂ ਹੈ (ਜਿਸ ਦਾ ਸਹਾਰਾ ਲੈ ਸਕਾਂ)। ਇਸੇ ਕਰ ਕੇ ਮੈਂ ਹਰ ਵੇਲੇ ਗੁਰੂ ਦਾ ਨਾਂ ਹੀ ਜਪਦਾ ਹਾਂ (ਸਦਾ ਗੁਰੂ ਦੀ ਓਟ ਹੀ ਲੈਂਦਾ ਹਾਂ)। ਗੁਰੂ ਹੀ ਮੇਰੇ ਵਾਸਤੇ ਰੂਹਾਨੀ ਗਿਆਨ (ਦਾ ਸੋਮਾ) ਹੈ, ਗੁਰੂ (ਸਦਾ ਮੇਰੇ) ਸੀਨੇ ਵਿਚ ਟਿਕਿਆ ਹੋਇਆ (ਉਸ ਵਿਚ ਹੀ ਮੇਰਾ ਧਿਆਨ) ਹੈ। ਗੁਰੂ ਉਸ ਰੱਬ ਦਾ ਰੂਪ ਹੈ ਜੋ ਧਰਤੀ/ਦੁਨੀਆਂ ਨੂੰ ਪੈਦਾ ਕਰਨ ਵਾਲਾ (ਪੁਰਖ) ਅਤੇ ਇਸ ਦਾ ਪਾਲਣਹਾਰ ਹੈ। ਮੈਂ ਦੋਵੇਂ ਹੱਥ ਜੋੜ ਕੇ (ਸਦਾ) ਗੁਰੂ ਦੀ ਸ਼ਰਨ ਪਿਆ ਰਹਿੰਦਾ ਹਾਂ। ਗੁਰੂ ਤੋਂ ਬਿਨਾ ਮੇਰਾ ਕੋਈ ਹੋਰ ਆਸਰਾ ਨਹੀਂ ਹੈ।

ਗੁਰੂ ਜਹਾਜ਼ ਵਾਂਙ ਹੈ ਜੋ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ। ਗੁਰੂ ਦੀ ਸ਼ਰਨ ਪਿਆਂ ਜਮਾਂ (ਦੇ ਡਰ) ਤੋਂ ਖਲਾਸੀ ਮਿਲ ਜਾਂਦੀ ਹੈ। (ਮਾਇਆ ਦੇ ਮੋਹ ਦੇ) ਘੁੱਪ ਹਨੇਰੇ ਵਿਚ ਗੁਰੂ ਦੀ ਸਿੱਖਿਆ ਹੀ (ਰੂਹਾਨੀ ਜ਼ਿੰਦਗੀ ਦਾ) ਚਾਨਣ ਦੇਂਦੀ ਹੈ। ਗੁਰੂ ਦੀ ਸੰਗਤਿ ਵਿਚ ਰਿਹਾਂ ਸਾਰਿਆਂ ਦਾ ਪਾਰ-ਉਤਾਰਾ ਹੋ ਜਾਂਦਾ ਹੈ। ਵੱਡੀ ਕਿਸਮਤ ਨਾਲ ਪੂਰਾ ਗੁਰੂ ਮਿਲਦਾ ਹੈ। ਗੁਰੂ ਦੀ ਸ਼ਰਨ ਪਿਆਂ ਕੋਈ ਦੁੱਖ ਨਹੀਂ ਆ ਸਕਦਾ। (ਜਿਸ ਜੀਵ ਦੇ ਸੀਨੇ ਵਿਚ) ਗੁਰੂ ਦਾ ਸ਼ਬਦ (ਇਕ ਵਾਰ ਵੱਸ ਪਏ) ਕੋਈ ਵੀ ਤਾਕਤ ਉਸ (ਗਿਆਨ ਨੂੰ) ਮਿਟਾ ਨਹੀਂ ਸਕਦੀ। **(ਗੁਰੂ ਅਰਜਨ ਸਹਿਬ ਕਹਿੰਦੇ ਹਨ) ਹੇ! ਨਾਨਕ, ਗੁਰੂ ਉਸ ਪਰਮਾਤਮਾ ਦਾ ਰੂਪ ਹੈ।**

ਏਥੇ ਵੀ ਕੁਝ ਟੀਕਾਕਾਰਾਂ ਨੇ 'ਹੇ! ਨਾਨਕ, ਗੁਰੂ ਉਸ ਪਰਮਾਤਮਾ ਦਾ ਰੂਪ ਹੈ' ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ: 'ਗੁਰੂ ਨਾਨਕ ਉਸ ਪਰਮਾਤਮਾ ਦਾ ਰੂਪ ਹੈ' ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।

ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ ॥
ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ॥ (ਸਫ਼ਾ 1001)

ਖੱਤਰੀ, ਬ੍ਰਾਹਮਣ, ਸ਼ੂਦਰ, ਵੈਸ਼ (ਕਿਸੇ ਭੀ ਵਰਨ ਦੇ ਲੋਕ ਹੋਣ) ਸਾਰੇ ਇਕ ਵਾਹਿਗੁਰੂ ਦਾ ਨਾਂ (ਜਪ ਕੇ) ਹੀ (ਸੰਸਾਰ-ਸਾਗਰ ਤੋਂ) ਤਰਦੇ ਹਨ। **(ਗੁਰੂ ਅਰਜਨ**

ਸਹਿਬ ਕਹਿੰਦੇ ਹਨ) ਹੇ! ਨਾਨਕ, ਜਿਹੜੀ ਸਿੱਖਿਆ ਗੁਰੂ ਦੇਂਦਾ ਹੈ, ਉਸ ਨੂੰ ਜੋ-ਜੋ ਇਨਸਾਨ ਸੁਣਦਾ ਹੈ ਉਹ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ।

ਏਥੇ ਵੀ ਕੁਝ ਟੀਕਾਕਾਰਾਂ ਨੇ 'ਹੇ! ਨਾਨਕ, ਜਿਹੜੀ ਸਿੱਖਿਆ ਗੁਰੂ ਦੇਂਦਾ ਹੈ' ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ: 'ਜਿਹੜੀ ਸਿੱਖਿਆ ਗੁਰੂ ਨਾਨਕ ਦੇਂਦਾ ਹੈ' ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ (ਕਿ ਜੋ ਸਿਖਿਆ ਗੁਰੂ ਦੇਂਦਾ ਹੈ), ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।

ਪਵੜੀ॥ ਹਰਿ ਜੀਉ ਜਾ ਤੂ ਮੇਰਾ ਮਿਤ੍ਰੁ ਹੈ ਤਾ ਕਿਆ ਮੈ ਕਾੜਾ॥ ਜਿਨੀ ਠਗੀ ਜਗੁ ਠਗਿਆ ਸੇ ਤੁਧੁ ਮਾਰਿ ਨਿਵਾੜਾ॥ ਗੁਰਿ ਭਉਜਲੁ ਪਾਰਿ ਲੰਘਾਇਆ ਜਿਤਾ ਪਾਵਾੜਾ॥ ਗੁਰਮਤੀ ਸਭਿ ਰਸ ਭੋਗਦਾ ਵਡਾ ਆਖਾੜਾ॥ ਸਭਿ ਇੰਦ੍ਰੀਆ ਵਸਿ ਕਰਿ ਦਿਤੀਓ ਸਤਵੰਤਾ ਸਾੜਾ॥ ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ॥ ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ॥ ਗੁਰੁ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ॥ (ਸਫ਼ਾ 1097-1098)

ਹੇ ਹਰੀ/ਵਾਹਿਗੁਰੂ ਜੀ! ਜਦੋਂ ਤੁਸੀਂ ਮੇਰੇ ਮਿਤ੍ਰ ਹੋ, ਤਾਂ ਮੈਨੂੰ ਕੋਈ ਫ਼ਿਕਰ ਨਹੀਂ ਰਹਿ ਸਕਦਾ। ਜਿਨ੍ਹਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਠੱਗਾਂ ਨੇ ਦੁਨੀਆਂ ਨੂੰ ਠੱਗ ਲਿਆ ਹੈ ਉਹ ਤੁਸੀਂ (ਮੇਰੇ ਅੰਦਰੋਂ) ਮਾਰ ਕੇ ਭਜਾ ਦਿੱਤੇ ਹਨ। ਗੁਰੂ ਦੀ ਸਿੱਖਿਆ ਦੇ ਰਾਹੀਂ (ਤੁਸੀਂ ਮੈਨੂੰ) ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੱਤਾ ਹੈ, ਮੈਂ (ਮਾਇਆ ਦੇ) ਜੰਜਾਲ ਜਿੱਤ ਲਏ ਹਨ। ਹੁਣ ਮੈਂ ਗੁਰੂ ਦੀ ਸਿੱਖਿਆ 'ਤੇ ਚਲ ਕੇ ਸਾਰੇ ਰੰਗ ਮਾਣਦਾ ਹਾਂ, ਮੈਂ ਇਸ (ਦੁਨੀਆਂ ਦੇ) ਵੱਡੇ ਜਗਤ-ਅਖਾੜੇ (ਨੂੰ ਜਿੱਤ ਲਿਆ ਹੈ)। ਤੁਸੀਂ ਮੇਰੇ ਸੱਚੇ ਸਾਈਂ (ਮੇਰੇ ਸਿਰ ਉੱਤੇ) ਹੋ; ਤੁਸੀਂ ਮੇਰੀਆਂ ਸਾਰੀਆਂ ਇੰਦ੍ਰੀਆਂ ਮੇਰੇ ਕਾਬੂ ਵਿਚ ਕਰ ਦਿੱਤੀਆਂ ਹਨ। ਹੁਣ ਇਨ੍ਹਾਂ ਨੂੰ ਜਿਸ ਪਾਸੇ ਲਾਈਦਾ ਹੈ ਉਧਰ ਹੀ ਲੱਗਦੀਆਂ ਹਨ, ਕੋਈ ਖਿੱਚੋਤਾਣ ਨਹੀਂ ਕਰਦੀਆਂ (ਕਿਸੇ ਗ਼ਲਤ ਪਾਸੇ ਨਹੀਂ ਲਿਜਾਂਦੀਆਂ)। ਹੁਣ ਮੈਂ ਜੋ ਕੁਝ ਇੱਛਾ ਕਰਦਾ ਹਾਂ ਉਹੀ ਫਲ ਪ੍ਰਾਪਤ ਕਰ ਲੈਂਦਾ ਹਾਂ ਕਿਉਂਕਿ ਗੁਰੂ ਨੇ ਰੱਬ ਨੂੰ ਮੇਰੇ ਸੀਨੇ ਵਿਚ ਵਸਾ ਦਿੱਤਾ ਹੈ। (ਗੁਰੂ) ਨਾਨਕ (ਸਾਹਿਬ ਦੀ ਪੰਜਵੀਂ ਜੋਤਿ, ਗੁਰੂ ਅਰਜਨ ਸਾਹਿਬ) ਕਹਿੰਦੇ ਹਨ, ਹੇ! ਭਰਾਵੋ, ਮੇਰੇ ਉੱਤੇ ਗੁਰੂ ਖ਼ੁਸ਼ ਹੋ ਗਿਆ ਹੈ, (ਉਸ ਦੀ ਮੇਹਰ ਨਾਲ) ਮੈਨੂੰ ਵਾਹਿਗੁਰੂ (ਆਪਣੇ) ਨੇੜੇ ਵੱਸਦਾ ਦਿੱਸਦਾ ਹੈ।

ਏਥੇ ਵੀ ਕੁਝ ਟੀਕਾਕਾਰਾਂ ਨੇ '(ਗੁਰੂ) ਨਾਨਕ ਜੀ ਕਹਿੰਦੇ ਹਨ ਕਿ ਗੁਰੂ ਮੇਰੇ 'ਤੇ ਖ਼ੁਸ਼ ਹੋ ਗਿਆ ਹੈ' ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ'(ਗੁਰੂ ਨਾਨਕ ਮੇਰੇ 'ਤੇ ਖ਼ੁਸ਼ ਹੋ ਗਿਆ ਹੈ' ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ (ਕਿ ਜੋ ਸਿਖਿਆ ਗੁਰੂ ਦੇਂਦਾ ਹੈ), ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।

ਭਗਤ ਜਨਾ ਕਉ ਹਰਿ ਕਿਰਪਾ ਧਾਰੀ॥
ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ॥ (ਸਫ਼ਾ 1177)

ਆਪਣੇ ਭਗਤਾਂ ਉੱਤੇ ਵਾਹਿਗੁਰੂ ਆਪ ਮਿਹਰ ਕਰਦਾ ਹੈ (ਉਨ੍ਹਾਂ ਨੂੰ ਗੁਰੂ ਮਿਲਾਂਦਾ ਹੈ)। **(ਗੁਰੂ ਰਾਮ ਦਾਸ ਸਾਹਿਬ ਕਹਿੰਦੇ ਹਨ:) ਹੇ ਨਾਨਕ! ਜਿਸ ਇਨਸਾਨ ਉੱਤੇ ਗੁਰੂ ਮਿਹਰਬਾਨ ਹੋਇਆ (ਹੁੰਦਾ ਹੈ), ਉਸ ਨੂੰ ਵਾਹਿਗੁਰੂ ਨਾਲ ਮੇਲ ਹੋ ਜਾਂਦਾ ਹੈ।**

ਏਥੇ ਵੀ ਕੁਝ ਟੀਕਾਕਾਰਾਂ ਨੇ 'ਹੇ! ਨਾਨਕ ਗੁਰੂ ਜਿਸ ਇਨਸਾਨ 'ਤੇ ਮਿਹਰਬਾਨ ਹੋ ਗਿਆ' ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ'ਗੁਰੂ ਨਾਨਕ ਸਾਹਿਬ ਜਿਸ ਇਨਸਾਨ 'ਤੇ ਮਿਹਰਬਾਨ ਹੋ ਗਏ' ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। *ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।*

ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ॥
ਜਨ ਨਾਨਕ ਗੁਰੁ ਪਾਇਆ/ਹਰਿ ਤੂਠੇ ਹਮ ਕੀਏ ਪਤਿਤ ਪਵੀਛੇ॥ (ਸਫ਼ਾ 1178)

ਹੇ! ਹਰੀ (ਵਾਹਿਗੁਰੂ) ਅਸੀਂ (ਜੀਵ) ਨੀਚ ਹਾਂ, ਮੂਰਖ ਹਾਂ; ਪਾਪਾਂ ਦੇ ਭਾਰ ਨਾਲ ਦੱਬੇ ਪਏ ਹਾਂ; ਤੂੰ ਸਾਡੇ 'ਤੇ ਮਿਹਰ ਕਰ, ਸਾਨੂੰ ਮਿਲ। **(ਗੁਰੂ ਰਾਮਦਾਸ ਸਾਹਿਬ ਕਹਿੰਦੇ ਹਨ) ਹੇ! ਨਾਨਕ, ਵਾਹਿਗੁਰੂ (ਸਾਡੇ 'ਤੇ) ਮਿਹਰਬਾਨ ਹੋਇਆ, ਸਾਨੂੰ ਗੁਰੂ ਮਿਲ ਪਿਆ, (ਤੇ ਉਸ ਨੇ) ਸਾਨੂੰ ਪਤਿਤਾਂ (ਧਰਮ ਤੋਂ ਡਿੱਗਿਆਂ) ਤੋਂ ਪਵਿੱਤਰ ਬਣਾ ਦਿੱਤਾ ਹੈ।**

ਏਥੇ ਵੀ ਕੁਝ ਟੀਕਾਕਾਰਾਂ ਨੇ 'ਹੇ! ਨਾਨਕ, ਵਾਹਿਗੁਰੂ (ਸਾਡੇ 'ਤੇ) ਮਿਹਰਬਾਨ ਹੋਇਆ'ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ'ਜਨ ਨੇ ਗੁਰੂ ਨਾਨਕ ਨੂੰ ਪਾਇਆ ਹੈ', ਉਸ ਕਰ ਕੇ ਪ੍ਰਭ ਖ਼ੁਸ਼ ਹੋ ਗਿਆ ਹੈ' ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। *ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।*

ਸਰਬ ਰੰਗ ਇਕ ਰੰਗ ਮਾਹਿ॥ ਸਰਬ ਸੁਖਾ ਸੁਖ ਹਰਿ ਕੈ ਨਾਇ॥
ਤਿਸਹਿ ਪਰਾਪਤਿ ਇਹੁ ਨਿਧਾਨੁ॥ ਨਾਨਕ ਗੁਰੁ ਜਿਸੁ ਕਰੇ ਦਾਨੁ॥ (ਸਫ਼ਾ 1180)

(ਦੁਨੀਆਂ ਦੇ) ਸਾਰੇ ਸੁਆਦ/ਅਨੰਦ ਵਾਹਿਗੁਰੂ ਦੇ ਨਾਂ ਦੇ ਅਨੰਦ ਦੇ ਵਿਚ ਹੀ ਆ ਜਾਂਦੇ ਹਨ (ਉਹ ਸਾਰੇ ਸੁਆਦ ਵਾਹਿਗੁਰੂ ਦੇ ਨਾਂ ਤੋਂ ਘਟੀਆ ਹਨ)। ਦੂਜੇ ਲਫ਼ਜ਼ਾਂ ਵਿਚ 'ਸਾਰੇ ਵੱਡੇ ਤੋਂ ਵੱਡੇ ਸੁਖ ਵਾਹਿਗੁਰੂ ਦੇ ਨਾਂ ਵਿਚ ਹੀ ਹਨ'। **ਹੇ! ਨਾਨਕ ਇਹ ਨਾਮ-ਖ਼ਜ਼ਾਨਾ ਉਸ ਇਨਸਾਨ ਨੂੰ ਹੀ ਮਿਲਦਾ ਹੈ, ਜਿਸ ਨੂੰ ਗੁਰੂ ਬਖ਼ਸ਼ਿਸ਼ ਕਰਦਾ ਹੈ।**

ਏਥੇ ਵੀ ਕੁਝ ਟੀਕਾਕਾਰਾਂ ਨੇ 'ਹੇ! ਨਾਨਕ, ਇਹ ਨਾਮ-ਖ਼ਜ਼ਾਨਾ ਉਸ ਇਨਸਾਨ ਨੂੰ ਹੀ ਮਿਲਦਾ ਹੈ, ਜਿਸ ਨੂੰ ਗੁਰੂ ਬਖ਼ਸ਼ਿਸ਼ ਕਰਦਾ ਹੈ' ਦੀ ਥਾਂ ਇਹ

ਮਾਅਨੇ ਕਰ ਦਿੱਤੇ ਹਨ''ਇਹ ਨਾਮ-ਖ਼ਜ਼ਾਨਾ ਉਸ ਇਨਸਾਨ ਨੂੰ ਹੀ ਮਿਲਦਾ ਹੈ, ਜਿਸ ਨੂੰ ਗੁਰੂ ਨਾਨਕ ਬਖ਼ਸ਼ਿਸ਼ ਕਰਦਾ ਹੈ' ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।

ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥
ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥ (ਸਫ਼ਾ 674)

ਅਸੀਂ ਤੁਹਾਡੀ ਸ਼ਰਨ ਵਿਚ ਆਏ ਹਾਂ; ਤੁਸੀਂ ਹੀ ਸਾਡੇ ਸੁਹਣੇ, ਵਧੀਆ ਸੱਜਣ ਹੋ। (ਗੁਰੂ ਅਰਜਨ ਸਾਹਿਬ) ਨਾਨਕ (ਰੂਪ ਵਿਚ ਕਹਿੰਦੇ ਹਨ), ਹੇ! ਮਿਹਰਬਾਨ, ਸਭ ਦੀ ਰੱਖਿਆ ਕਰਨ ਵਾਲੇ, ਸਾਡੀ ਰੱਖਿਆ ਕਰ, ਅਸੀਂ ਤੁਹਾਡੇ (ਵਾਹਿਗੁਰੂ ਦੇ) ਘਰ ਦੇ ਗ਼ੁਲਾਮ ਹਾਂ।

ਏਥੇ ਵੀ ਕੁਝ ਟੀਕਾਕਾਰਾਂ ਨੇ 'ਅਸੀਂ ਤੁਹਾਡੇ ਘਰ ਦੇ ਗ਼ੁਲਾਮ ਹਾਂ' ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ: 'ਅਸੀਂ ਨਾਨਕ ਦੇ ਘਰ ਦੇ ਗ਼ੁਲਾਮ ਹਾਂ' ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ (ਸਫ਼ਾ 749-750)

(ਹੇ ਮੇਰੇ ਵਾਹਿਗੁਰੂ!) ਮੈਨੂੰ ਰੂਹਾਨੀ ਜ਼ਿੰਦਗੀ ਦੀ ਸੂਝ ਨਹੀਂ ਸੀ, ਤੇਰੇ ਚਰਨਾਂ ਵਿਚ ਸੁਰਤਿ ਟਿਕਾਣੀ ਵੀ ਨਹੀਂ ਜਾਣਦਾ ਸਾਂ, ਕਿਸੇ ਹੋਰ ਧਾਰਮਿਕ ਕੰਮ ਦੀ ਭੀ ਮੈਨੂੰ ਸੂਝ ਨਹੀਂ ਸੀ, ਮੈਂ ਤੇਰੀ (ਬਖ਼ਸ਼ਿਸ਼ ਦੀ) ਕਦਰ ਵੀ ਨਹੀਂ ਜਾਣਦਾ ਸੀ। (ਗੁਰੂ ਅਰਜਨ ਸਾਹਿਬ ਕਹਿੰਦੇ ਹਨ) (ਤੇਰੀ ਮੇਹਰ ਨਾਲ ਮੈਨੂੰ) ਹੇ! ਨਾਨਕ ਮੈਨੂੰ ਸਭ ਤੋਂ ਵੱਡਾ (ਖ਼ਜ਼ਾਨਾ) ਗੁਰੂ ਮਿਲ ਪਿਆ, ਜਿਸ ਨੇ ਮੇਰੀ ਲਾਜ ਰੱਖ ਲਈ (ਤੇ ਮੈਨੂੰ ਤੇਰੇ ਚਰਨਾਂ ਵਿਚ ਜੋੜ ਦਿੱਤਾ)।

ਏਥੇ ਵੀ ਕੁਝ ਟੀਕਾਕਾਰਾਂ ਨੇ 'ਹੇ! ਨਾਨਕ ਮੈਨੂੰ ਸਭ ਤੋਂ ਵੱਡਾ (ਖ਼ਜ਼ਾਨਾ) ਗੁਰੂ ਮਿਲ ਪਿਆ' ਦੀ ਥਾਂ ਇਹ ਮਾਅਨੇ ਕਰ ਦਿੱਤੇ ਹਨ: 'ਸਭ ਤੋਂ ਵੱਡਾ ਸਤਿਗੁਰ, ਨਾਨਕ, ਮਿਲ ਪਿਆ' ਕਰ ਦਿੱਤੇ ਹਨ ਜੋ ਬਿਲਕੁਲ ਢੁਕਦੇ ਹੀ ਨਹੀਂ। ਇਸ ਸਾਰੇ ਸ਼ਬਦ ਵਿਚ ਗੱਲ 'ਗੁਰੂ' ਦੀ ਚਲਦੀ ਹੈ, ਨਾ ਕਿ ਇਕ ਗੁਰੂ 'ਗੁਰੂ ਨਾਨਕ ਸਾਹਿਬ ਦੀ'। ਸੋ ਇੱਥੇ ਵੀ ਨਾਨਕ ਕਾਵਿ-ਛਾਪ ਹੈ ਤੇ ਗੁਰੂ ਸਾਰੇ ਗੁਰੂਆਂ ਵਾਸਤੇ ਸਾਂਝਾ ਹੈ।

ਹੁਣ ਸਵਾਲ ਹੈ ਕਿ ਕੀ ਨਾਨਕੁ ਵਿਚ 'ਕ' ਦੇ ਹੇਠਾਂ ਔਂਕੜ ਲਗਣ ਦਾ ਮਤਲਬ 'ਗੁਰੂ ਨਾਨਕ' (ਪਹਿਲਾ ਗੁਰੂ) ਬਣ ਜਾਂਦਾ ਹੈ?

ਕੁਝ ਟੀਕਾਕਾਰਾਂ ਦੀ ਦਲੀਲ ਹੈ ਕਿ ਖ਼ਾਲੀ 'ਨਾਨਕ' ਤਾਂ ਕਾਵਿ ਛਾਪ ਹੈ ਪਰ 'ਨਾਨਕੁ' ਹੇਠਾਂ ਔਂਕੜ ਲਗ ਜਾਣ ਨਾਲ ਇਹ ਇਕ 'ਗੁਰੂ' ਨਹੀਂ ਰਹਿੰਦਾ ਬਲਕਿ ਸਿਰਫ਼ ਗੁਰੂ ਨਾਨਕ ਸਾਹਿਬ, ਇਕ ਸ਼ਖ਼ਸ, ਇਕ ਵਚਨ, ਬਣ ਜਾਂਦਾ ਹੈ।

ਪਰ ਜੇ 'ਨਾਨਕੁ' ਵਿਚ 'ਕ' ਹੇਠਾਂ (ੁ) ਲੱਗਣ ਨਾਲ ਇਕ ਵਚਨ ਬਣ ਜਾਣ ਦੀ ਦਲੀਲ ਦੇ ਨਾਂ 'ਤੇ ਉਸ ਨਾਨਕੁ ਨੂੰ ਕਾਵਿ ਛਾਪ ਮੰਨਣ ਦੀ ਥਾਂ ਇਸ ਨੂੰ ਗੁਰੂ ਨਾਨਕ ਸਾਹਿਬ ਵਾਸਤੇ ਲਿਖਿਆ ਮੰਨਣਾ ਹੈ ਤਾਂ ਫਿਰ ਕ ਹੇਠ (ੁ) ਵਾਲਾ ਨਾਨਕੁ, ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਬਹੁਤ ਥਾਂਈਂ ਵੀ ਆਇਆ ਹੈ; ਉੱਥੇ ਇਹ ਕਾਵਿ ਛਾਪ ਕਿਉਂ ਹੈ? ਮਿਸਾਲ ਵਜੋਂ, ਸਾਰੇ ਅਨੰਦ ਸਾਹਿਬ ਵਿਚ ਨਾਨਕ ਕਾਵਿ ਛਾਪ ਦੇ ਸਪੈਲਿੰਗ ਨਾਨਕੁ (ਕ ਹੇਠਾਂ ਔਂਕੜ ਵਾਲੇ, ਯਾਨਿ 'ਨਾਨਕੁ') ਹਨ:

ਰਾਮਕਲੀ ਮਹਲਾ 3 ਅਨੰਦੁ (ਸਫ਼ਾ 917 ਤੋਂ)।

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥ ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥ ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥ ਕਹੈ **ਨਾਨਕੁ** ਅਨੰਦੁ ਹੋਆ ਸਤਿਗੁਰੂ ਮੈ ਪਾਇਆ॥1॥*

*ਕਹੈ **ਨਾਨਕੁ** ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥2॥*
*ਕਹੈ **ਨਾਨਕੁ** ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥3॥*
*ਕਹੈ **ਨਾਨਕੁ** ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥*
ਸਾਚਾ ਨਾਮੁ ਮੇਰਾ ਆਧਾਰੋ ॥4॥
*ਕਹੈ **ਨਾਨਕੁ** ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥5॥*
*ਕਹੈ **ਨਾਨਕੁ** ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥6॥*
*ਕਹੈ **ਨਾਨਕੁ** ਏਹੁ ਅਨੰਦੁ ਹੈ, ਆਨੰਦੁ ਗੁਰ ਤੇ ਜਾਣਿਆ ॥7॥*
*ਕਹੈ **ਨਾਨਕੁ**, ਜਿਸੁ ਦੇਹਿ ਪਿਆਰੇ, ਸੋਈ ਜਨੁ ਪਾਵਏ ॥8॥*
*ਕਹੈ **ਨਾਨਕੁ** ਸੁਣਹੁ ਸੰਤਹੁ, ਕਥਿਹੁ ਅਕਥ ਕਹਾਣੀ ॥9॥*
*ਕਹੈ **ਨਾਨਕੁ** ਮਨ ਚੰਚਲ, ਚਤੁਰਾਈ ਕਿਨੈ ਨ ਪਾਇਆ ॥10॥*
*ਕਹੈ **ਨਾਨਕੁ** ਮਨ ਪਿਆਰੇ, ਤੂ ਸਦਾ ਸਚੁ ਸਮਾਲੇ ॥11॥*
*ਕਹੈ **ਨਾਨਕੁ** ਤੂ ਸਦਾ ਅਗੰਮੁ ਹੈ, ਤੇਰਾ ਅੰਤੁ ਨ ਪਾਇਆ ॥12*
*(12 ਤੋਂ 39 ਪਉੜੀਆਂ ਵਿਚ ਵੀ **ਨਾਨਕੁ** ਇੰਵ ਹੀ 'ਕ' ਹੇਠਾਂ ਔਂਕੜ ਨਾਲ ਹੈ)।*
*ਬਿਨਵੰਤਿ **ਨਾਨਕੁ** ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥40॥*

ਕੀ 'ਗੁਰੁ' ਵਿਚ 'ਰ' ਦੇ ਹੇਠਾਂ ਔਂਕੜ ਲਗਣ ਨਾਲ ਉਹ ਇਕ ਸ਼ਖ਼ਸ ਜਾਂ ਇਕ ਵਚਨ ਬਣ ਜਾਂਦਾ ਹੈ?:

ਆਓ ਹੋਰ ਸ਼ਬਦ ਵੇਖੀਏ ਜਿੱਥੇ ਨਾਨਕ ਦੇ ਸਪੈਲਿੰਗ 'ਨਾਨਕੁ' ਹਨ ਜਾਂ ਗੁਰ ਹੇਠ ਔਂਕੜ ਪਾ ਕੇ 'ਗੁਰੁ' ਲਿਖਿਆ ਗਿਆ ਹੈ:

ਨਾਨਕ (ੁ ਔਂਕੜ ਵਾਲਾ, ਯਾਨਿ 'ਨਾਨਕੁ' ਸ਼ਖ਼ਸ ਨਾ ਕਿ ਨਾਨਕ ਕਵੀ ਛਾਪ ਵਜੋਂ) ਕੀ ਕਰਦਾ ਹੈ?

ਗੁਣ ਗਾਵੈ ਨਾਨਕੁ ਨਿਤ ਤੇਰੇ॥ (ਸਫ਼ਾ 1144)

(ਕੀ ਇੱਥੇ ਨਾਨਕੁ ਦੇ ਹੇਠਾਂ ਔਂਕੜ ਹੈ ਕੀ ਇਸ ਦਾ ਮਤਲਬ "ਗੁਰੂ ਨਾਨਕ ਨਿਤ ਤੇਰੇ ਗੁਣ ਗਾਂਦਾ ਹੈ" ਮੰਨਿਆ ਜਾਵੇਗਾ)।

ਰਾਖਿ ਲੀਨੋ ਸਭੁ ਜਨ ਕਾ ਪੜਦਾ॥ ਨਾਨਕੁ ਤਿਸ ਕੀ ਉਸਤਤਿ ਕਰਦਾ॥ (ਸਫ਼ਾ 1144)

(ਕੀ ਇੱਥੇ ਨਾਨਕੁ ਦੇ ਹੇਠਾਂ ਔਂਕੜ ਹੈ ਕੀ ਇਸ ਦਾ ਮਤਲਬ "ਗੁਰੂ ਨਾਨਕ ਉਸ ਦੀ ਉਸਤਤਿ ਕਰਦਾ ਹੈ" ਮੰਨਿਆ ਜਾਵੇਗਾ)।

ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ॥ (ਸਫ਼ਾ 1126)

(ਕੀ ਇੱਥੇ ਨਾਨਕੁ ਦੇ ਹੇਠਾਂ ਔਂਕੜ ਹੈ ਕੀ ਇਸ ਦਾ ਮਤਲਬ "ਗੁਰੂ ਨਾਨਕ ਵਿਚਾਰਾ ਕਹਿੰਦਾ ਹੈ" ਮੰਨਿਆ ਜਾਵੇਗਾ)।

ਕਰਿ ਪ੍ਰਸਾਦੁ ਇਕੁ ਖੇਲੁ ਦਿਖਾਇਆ॥ ਗੁਰ ਕਿਰਪਾ ਤੇ ਪਰਮ ਪਦੁ ਪਾਇਆ॥ ਕਹਤ ਨਾਨਕੁ ਮਾਰਿ ਜੀਵਾਲੇ ਸੋਇ॥ ਐਸਾ ਬੂਝਹੁ ਭਰਮਿ ਨ ਭੂਲਹੁ ਕੋਇ॥ (ਸਫ਼ਾ 1128)

(ਕੀ ਏਥੇ ਨਾਨਕੁ ਹੇਠਾਂ ਔਂਕੜ ਦਾ ਮਤਲਬ ਇਹ ਹੈ ਕਿ {ੳ} ਗੁਰੂ ਨਾਨਕ ਉਸ ਨੂੰ ਮਾਰ ਤੇ ਜੀਵਾਲ ਸਕਦਾ ਹੈ ਜਾਂ {ਅ} ਉਹ ਗੁਰੂ ਨਾਨਕ ਨੂੰ ਮਾਰ ਜੀਵਾਲ ਸਕਦਾ ਹੈ। ਪਰ ਏਥੇ ਗੁਰੂ ਕੌਣ ਹੈ? ਕੀ ਏਥੇ ਸ਼ਬਦ ਗੁਰੂ ਹੈ ਜਾਂ ਗੁਰੂ ਨਾਨਕ ਦਾ ਗੁਰੂ ਕੋਈ ਹੋਰ ਹੈ ਜਾਂ ਵਾਹਿਗੁਰੂ ਹੈ?)।

ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥4॥7॥20॥ (ਸਫ਼ਾ 1140-1141)

(ਕੀ 'ਨਾਨਕੁ ਗੁਰਿ' ਨੇ ਰੋਗ ਮਿਟਾਇਆ ਸੀ?)।

ਜਨੁ ਨਾਨਕੁ ਮੇਲਿ ਤੇਰਾ ਦਾਸ ਦਸਾਇਣੁ ॥ (ਸਫ਼ਾ 1133-1134)

(ਕੀ ਏਥੇ ਨਾਨਕੁ 'ਜਨ' ਬਣ ਗਿਆ ਹੈ?)। ਜਾਂ ਕੀ ਇਹ ਕਵੀ ਛਾਪ ਹੈ!

ਲਓ ਹੁਣ ਵੇਖੀਏ 'ਗੁਰੁ' ਅਤੇ 'ਗੁਰਿ' ਦੀ ਹੋਰ ਵਰਤੋਂ:

ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ॥ ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ॥ ਭਵਜਲੁ ਬਿਨੁ ਸਬਦੈ ਕਿਉ ਤਰੀਐ॥ ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ॥ ਰਹਾਉ ॥ ਗੁਰੁ ਦੇਵਾ ਗੁਰੁ ਅਲਖ ਅਭੇਵਾ ਤ੍ਰਿਭਵਣ ਸੋਝੀ ਗੁਰ ਕੀ ਸੇਵਾ॥ ਆਪੇ ਦਾਤਿ ਕਰੀ ਗੁਰਿ ਦਾਤੈ ਪਾਇਆ ਅਲਖ ਅਭੇਵਾ॥ ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ॥ ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ ਸਮਝੈ ਗੁਣ ਗਾਈ॥ ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ ਤੇ ਵਿਰਲੇ ਸੰਸਾਰਾ॥ ਨਾਨਕ ਸਾਹਿਬੁ ਭਰਿਪੁਰਿ ਲੀਣਾ ਸਾਚ ਸਬਦਿ ਨਿਸਤਾਰਾ॥ (ਸਫ਼ਾ 1125)

(ਇਸ ਸ਼ਬਦ ਵਿਚ ਵੀ 'ਗੁਰੁ' ਆਇਆ ਹੈ। ਇਹ ਕਿਸ 'ਇਕ ਗੁਰੂ' ਵਾਸਤੇ ਹੈ?)

ਕੁਝ ਸ਼ਬਦਾਂ ਵਿਚ ਨਾਨਕ ਸ਼ਬਦ ਦੀ ਵਰਤੋਂ ਖ਼ਾਸ ਧਿਆਨ ਮੰਗਦੀ ਹੈ:

ਨਾਮੁ ਨਿਧਾਨੁ ਪਾਇਆ ਵਡਭਾਗੀ, ਨਾਨਕ ਨਰਕਿ ਨ ਜਾਈ॥ (ਸਫ਼ਾ 915)

(ਕੀ ਇਸ ਦਾ ਮਤਲਬ ਇਹ ਹੈ ਕਿ "ਨਾਨਕ ਨਰਕ ਨਹੀਂ ਜਾਂਦਾ")।

ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ॥ ਸਿਮਰਿ ਨਾਨਕ ਸਾਚੇ ਗੁਣਤਾਸਾ॥ (ਸਫ਼ਾ 1147)

(ਜੇ ਇਹੀ ਅਧਾਰ ਮੰਨ ਲਈਏ ਤਾਂ ਏਥੇ ਤਾਂ ਗੁਰੂ ਨਾਨਕ ਨੂੰ ਸਿਮਰਨਾ ਜਾਪਦਾ ਹੈ):

ਸਤਿਗੁਰ ਕੇ ਚਰਨ ਧੋਇ ਧੋਇ ਪੀਵਾ॥ ਗੁਰ ਨਾਨਕ ਜਪਿ ਜਪਿ ਸਦ ਜੀਵਾ॥ (ਸਫ਼ਾ 1152)

(ਕੀ ਏਥੇ ਨਾਨਕ ਨੂੰ ਜਪ ਜਪ ਕੇ ਜੀਂਦਾ ਹਾਂ ਦੇ ਮਾਅਨੇ ਹਨ?)।

ਚਿੰਤ ਅਚਿੰਤਾ ਸਗਲੀ ਗਈ॥ ਪ੍ਰਭ ਨਾਨਕ ਨਾਨਕ ਨਾਨਕ ਮਈ॥ (ਸਫ਼ਾ 1157)

ਨਾਨਕ ਤਿੰਨ ਵਾਰ (ਪਿੱਛੇ ਦੋ ਵਾਰ ਵੀ ਸੀ), ਕੀ ਇੱਥੇ ਨਾਨਕ ਦੀ ਥਾਂ ਨਾਨਕਾਂ, ਬਹੁਵਚਨ, ਦੇ ਮਾਅਨੇ ਵਿਚ ਹੈ?)

ਤਿਸ ਤੇ ਨੇੜੈ ਨਾਹੀ ਕੋ ਦੂਰਿ॥ ਨਾਨਕ ਨਾਮਿ ਰਹਿਆ ਭਰਪੂਰਿ॥ (ਸਫ਼ਾ 1175)

(ਕੀ ਏਥੇ ਨਾਨਕ ਦਾ ਨਾਮ ਭਰਪੂਰ ਰਹਿੰਦਾ ਹੈ?)।

ਹਿਰਦੈ ਵਸਿਆ ਸੁ ਬਾਹਰਿ ਪਾਸਾਰਾ॥ ਨਾਨਕ ਜਾਣੈ ਸਭੁ ਉਪਾਵਣਹਾਰਾ॥ (ਸਫ਼ਾ 1175-76)

(ਕੀ ਏਥੇ ਨਾਨਕ ਦਾ ਨਾਮ ਸਭ ਨੂੰ ਉਪਾਵਣਹਾਰਾ ਹੈ ਦੇ ਮਾਅਨੇ ਵਿਚ ਹੈ?)।

ਸੋ ਇਸ ਸਾਰੀ ਚਰਚਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ਼ ਰੱਬ ਦੀ ਸਿਫ਼ਤ ਹੈ। ਭੱਟ ਬਾਣੀ ਤੇ ਸੱਤੇ ਤੇ ਬਲਵੰਡ ਦੀ ਵਾਰ ਵਿਚ ਵੀ ਪੰਜ ਗੁਰੂ ਸਾਹਿਬਾਨ ਦੀ ਕਮਾਈ ਦੀ ਸਿਫ਼ਤ ਹੈ ਉਨ੍ਹਾਂ ਦੀ ਸ਼ਖ਼ਸੀਅਤ ਜਾਂ ਨਿਜ ਦੀ ਨਹੀਂ।

ਗੁਰੂ ਗ੍ਰੰਥ ਸਾਹਿਬ ਵਿਚ ਕਿਹੜੇ-ਕਿਹੜੇ ਰਾਮ ਦਾ ਜ਼ਿਕਰ ਹੈ

ਭਾਈ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼ ਸਫ਼ੇ 1022-23) ਮੁਤਾਬਿਕ "ਰਾਮ" ਲਫ਼ਜ਼ ਦੇ 13 ਵੱਖ-ਵੱਖ ਪਿਛੋਕੜ ਹਨ। ਕਿਉਂਕਿ ਉਨ੍ਹਾਂ ਵਿਚੋਂ ਸਿਰਫ਼ ਦੋ ਦਾ ਹੀ ਹਥਲੇ ਮਜ਼ਮੂਨ ਨਾਲ ਸਬੰਧ ਹੈ ਇਸ ਕਰ ਕੇ ਮੈਂ ਉਨ੍ਹਾਂ ਦੋਹਾਂ ਦਾ ਜ਼ਿਕਰ ਹੀ ਕਰਾਂਗਾ। ਪਹਿਲੇ ਰਾਮ ਦਾ ਮਤਲਬ ਹੈ: "ਉਹ ਪਾਰਬ੍ਰਹਮ, ਸਰਬ ਵਿਆਪੀ, ਕਰਤਾਰ" ਅਤੇ ਦੂਜਾ ਰਾਮ ਅਣੁਧਿਆ ਦੇ ਰਾਜੇ ਦਸ਼ਰਥ ਦਾ ਪੁਤਰ ਸੀ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੋਹਾਂ ਰਾਮਾਂ ਦਾ ਹੀ ਜ਼ਿਕਰ ਆਉਂਦਾ ਹੈ। ਮੂਲਵਾਦੀ ਹਿੰਦੂ ਅਤੇ ਗ਼ੈਰ-ਹਿੰਦੂਆਂ ਨਾਲ ਨਫ਼ਰਤ ਕਰਨ ਵਾਲੇ ਫ਼ਿਰਕੂ ਹਿੰਦੂਆਂ ਅਤੇ ਉਨ੍ਹਾਂ ਦੇ ਚਾਪਲੂਸ ਲੇਖਕਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਕਰੀਬ 2500 ਵਾਰ "ਰਾਮ" ਲਫ਼ਜ਼ ਆਉਣ ਵਲ ਇਸ਼ਾਰਾ ਕਰਦਿਆਂ ਇਹ ਵੀ ਯਬਲੀ ਮਾਰੀ ਸੀ ਕਿ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ "ਰਾਮ" ਦਾ ਨਾਂ ਏਨੀ ਵਾਰ ਆਇਆ ਹੈ ਇਸ ਕਰ ਕੇ ਸਿੱਖਾਂ ਨੂੰ ਅਯੁਧਿਆ ਵਾਲੇ "ਰਾਮ" ਦੀ ਪੂਜਾ ਕਰਨੀ ਚਾਹੀਦੀ ਹੈ। ਕੁਝ ਕੂ ਚਾਪਲੂਸ, ਦੰਭੀ ਅਤੇ ਹਿੰਦੂ ਮੂਲਵਾਦੀਆਂ ਤੋਂ ਨਿੱਕੇ-ਨਿੱਕੇ ਫ਼ਾਇਦੇ ਲੈਣ ਦੇ ਖ਼ਾਹਿਸ਼ਮੰਦ ਸਿੱਖਾਂ ਨੇ ਵੀ ਇਸ ਗੱਲ ਨੂੰ ਪਰਚਾਰਨ ਦੀ ਨਾਕਾਮ ਕੋਸ਼ਿਸ਼ ਕੀਤੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਰਾਜਾ ਦਸ਼ਰਥ ਦੇ ਪੁੱਤਰ ਰਾਮ ਚੰਦ ਦਾ ਹੀ ਕਰੀਬ 2500 ਵਾਰੀ ਜ਼ਿਕਰ ਹੈ ਤੇ ਉਸ ਰਾਮ ਕਾਰਨ ਹੀ ਸਿੱਖ ਹਿੰਦੂ ਧਰਮ ਦਾ ਹਿੱਸਾ ਹਨ। (ਇਹ 2500 ਵਾਰ ਦੀ ਗਿਣਤੀ ਵਖ ਵਖ ਲੇਖਕਾਂ ਨੇ ਵਖ-ਵਖ ਕੀਤੀ ਹੈ, ਜੋ 2450 ਤੇ 2550 ਦੇ ਵਿਚਕਾਰ ਹੈ, ਪਰ ਸਾਡਾ ਮਤਲਬ ਇਹ ਗਿਣਤੀ ਕਰਨਾ ਨਹੀਂ)।

ਗੁਰੂ ਗ੍ਰੰਥ ਸਾਹਿਬ ਵਿਚਲਾ "ਰਾਮ" ਕਿਹੜਾ ਹੈ?

ਇਹ ਸਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ "ਰਾਮ" ਲਫ਼ਜ਼ ਜੇ ਤਕਰੀਬਨ 2500 ਵਾਰੀ ਆਇਆ ਹੈ। ਪਰ ਇਸ ਵਿਚੋਂ ਕਰੀਬ 2490 ਵਾਰੀ "ਰਾਮ" ਲਫ਼ਜ਼ ਅਕਾਲ ਪੁਰਖ, ਵਾਹਿਗੁਰੂ, ਪਰਮਾਤਮਾ ਵਾਸਤੇ ਹੈ ਜਿਹੜਾ ਹਰ ਥਾਂ "ਰਮਿਆ" ਹੋਇਆ ਹੈ। "ਰਮਿਆ" ਹੋਇਆ ਦਾ ਮਤਲਬ ਹੈ "ਜੋ ਹਰ ਥਾਂ ਵਿਚਰਦਾ ਹੈ, ਫਿਰਦਾ ਹੈ, ਮੌਜੂਦ ਹੈ, ਸਮਾਇਆ ਹੋਇਆ ਹੈ।" "ਰਾਮ" ਇਸੇ "ਰਮੇ' ਹੋਣ ਤੋਂ ਹੀ ਬਣਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਰੀਬ 2490 ਵਾਰ ਇਸੇ ਰਮੇ ਹੋਏ, ਰਾਮ, ਰਮੱਈਆ, ਰਾਮੱਈਆ ਦਾ ਹੀ ਜ਼ਿਕਰ ਹੈ।

ਦੂਜੇ ਪਾਸੇ, ਅਯੁਧਿਆ ਦੇ ਰਾਜੇ ਦਸ਼ਰਥ ਦੇ ਪੁੱਤਰ ਰਾਮ ਦਾ ਜ਼ਿਕਰ ਵੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਪਰ ਇਹ ਸਿਰਫ਼ 8 ਥਾਂਵਾਂ 'ਤੇ ਹੈ। ਉਹ ਅੱਠ ਹਵਾਲੇ ਇਹ ਹਨ:

1. *ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ <u>ਰਾਮ</u> ਰਵਾਲ ॥*
ਕੇਤੀਆਂ ਕੰਨ੍ਹ ਕਹਾਣੀਆਂ ਕੇਤੇ ਬੇਦ ਬਿਚਾਰ ॥ (ਗਰੂ ਗ੍ਰੰਥ ਸਾਹਿਬ, ਸਫ਼ਾ 464)
2. *ਪਾਂਡੇ ਤੁਮਰਾ <u>ਰਾਮ ਚੰਦ</u> ਸੋ ਭੀ ਆਵਤੁ ਦੇਖਿਆ ॥*

ਰਾਵਣ ਸੇਤੀ ਸਰਬਰ ਹੋਈ ਘਰ ਕੀ ਜਇ ਗਵਾਈ ਥੀ ॥

(ਗਰੂ ਗ੍ਰੰਥ ਸਾਹਿਬ, ਸਫ਼ਾ 875)

3. *ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥*

(ਗਰੂ ਗ੍ਰੰਥ ਸਾਹਿਬ, ਸਫ਼ਾ 953)

4. *ਰਾਮ ਝੁਰੈ ਦਲ ਮੇਲਵੈ ਅੰਤਰੀ ਬਲੁ ਅਧਿਕਾਰ ॥*
ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰ ॥

(ਗਰੂ ਗ੍ਰੰਥ ਸਾਹਿਬ, ਸਫ਼ਾ 1412)

5. *ਮਨ ਮਹਿ ਝੁਰੈ ਰਾਮ ਚੰਦ ਸੀਤਾ ਲਛਮਣ ਜੋਗੁ ॥*
ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ ॥

(ਗਰੂ ਗ੍ਰੰਥ ਸਾਹਿਬ, ਸਫ਼ਾ 1412)

6. *ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥*

(ਗਰੂ ਗ੍ਰੰਥ ਸਾਹਿਬ, ਸਫ਼ਾ 1428)

7. *ਰਾਮੁ ਰਾਮੁ ਕਰਤਾ ਸਭ ਜਗੁ ਫਿਰੈ, ਰਾਮ ਨਾ ਪਾਇਆ ਜਾਇ ॥*
ਅਗਮੁ ਅਗੋਚਰੁ ਅਤਿ ਵਡਾ ਅਤੁਲ ਨਾ ਤੁਲਿਆ ਜਾਇ ॥

(ਗਰੂ ਗ੍ਰੰਥ ਸਾਹਿਬ, ਸਫ਼ਾ 555)

8. *ਕਬੀਰ ਰਾਮ ਕਹਿਨ ਮਹਿ ਭੇਦੁ ਹੈ ਤਾ ਮਹਿ ਏਕੁ ਬੀਚਾਰੁ ॥*
ਸੋਈ ਰਾਮ ਸਭੈ ਕਹਿਹ ਸੋਈ ਕਉਕਤਹਾਰ ॥

(ਗਰੂ ਗ੍ਰੰਥ ਸਾਹਿਬ, ਸਫ਼ਾ 1374)

ਇਨ੍ਹਾਂ ਅੱਠਾਂ ਵਿਚੋਂ ਪਹਿਲੇ ਛੇਆਂ ਸਲੋਕਾਂ ਤੋਂ ਇਕ ਅੰਞਾਣਾ ਵੀ ਸਮਝ ਸਕਦਾ ਹੈ ਕਿ ਇਥੇ ਅਯੁਧਿਆ ਦੇ ਰਾਜੇ ਰਾਮ ਚੰਦ ਦਾ ਸਿੱਧਾ ਜ਼ਿਕਰ ਕੀਤਾ ਹੈ।

ਪਹਿਲੇ ਸਲੋਕ ਵਿਚ ਕਿਹਾ ਗਿਆ ਹੈ ਕਿ ਸਿਰਫ਼ ਨਿਰਭਉ ਨਿਰੰਕਾਰ ਵਾਹਿਗੁਰੂ ਹੀ ਸਭ ਥਾਂ ਰਮਿਆ ਹੋਇਆ ਹੈ ਅਤੇ (ਅਯੁਧਿਆ ਵਾਲੇ) ਰਾਮ ਵਰਗੇ ਕਿੰਨੇ ਹੀ (ਰਾਜੇ ਵਗ਼ੈਰਾ) ਘੱਟਾ-ਮਿੱਟੀ ਵਾਂਗ ਛਿਣ ਭੰਗਰ ਦਾ ਵਜੂਦ ਰਖਦੇ ਸਨ। ਰਾਮ ਵਾਂਗ ਕ੍ਰਿਸ਼ਨ ਵਰਗਿਆਂ ਦੀਆਂ ਲੀਲ੍ਹਾਵਾਂ ਅਤੇ ਅਜਿਹੀਆਂ ਹੋਰ ਕਹਾਣੀਆਂ ਲਿਖਣ ਵਾਲੀਆਂ ਕਿਤਾਬਾਂ (ਵੇਦ ਵਗ਼ੈਰਾ) ਵੀ ਬਹੁਤ ਹਨ।

ਦੂਜਾ ਸਲੋਕ ਰਾਵਣ ਵੱਲੋਂ ਅਯੁਧਿਆ ਦੇ ਰਾਜੇ ਰਾਮ ਚੰਦ ਦੀ ਸੀਤਾ ਚੁਕੇ ਜਾਣ ਦਾ ਜ਼ਿਕਰ ਕਰਦਿਆਂ ਉਸ ਰਾਮ ਚੰਦ ਨੂੰ ਇਕ ਬੇਬਸ, ਫਸਿਆ ਹੋਇਆ ਤੇ ਲਾਚਾਰ ਕਹਿੰਦਾ ਹੈ (ਕੀ ਭਗਵਾਨ ਏਨਾ ਵਿਚਾਰਾ ਹੁੰਦਾ ਹੈ?)।

ਤੀਜੇ ਸਲੋਕ ਵਿਚ ਰਾਮ ਨੂੰ ਦੇਸ ਨਿਕਾਲੇ (ਬਨਵਾਸ) ਦਾ ਜ਼ਿਕਰ ਕਰਦਿਆਂ, ਸੀਤਾ ਦੇ ਅਗਵਾ ਹ ਜਾਣ ਅਤੇ ਉਸ ਨੂੰ ਵਾਪਿਸ ਹਾਸਿਲ ਕਰਨ ਦੀ ਲੜਾਈ ਵਿਚ ਲਛਮਣ ਦੇ ਬੇਹੋਸ਼ ਹੋਣ ਵੇਲੇ ਰਾਜਾ ਰਾਮ ਚੰਦ ਦੇ ਰੋਣ ਤੇ ਵਿਰਲਾਪ ਕਰਨ ਦਾ ਹਾਲ ਬਿਆਨ ਕੀਤਾ ਹੈ।

ਚੌਥੇ ਸਲੋਕ ਵਿਚ ਵੀ ਰਾਜਾ ਰਾਮ ਚੰਦ, ਹੁਣ, ਸੀਤਾ ਤੇ ਲਛਮਣ ਨੂੰ ਬਚਾਉਣ ਵਾਸਤੇ ਬਾਂਦਰਾਂ (ਹਨੂਮਾਨ) ਦੀ ਫ਼ੌਜ 'ਤੇ ਹੀ ਟੇਕ ਰਖਦਾ ਹੈ।

ਪੰਜਵੇਂ ਸਲੋਕ ਵਿਚ ਵੀ ਇਹੀ ਗੱਲ ਦੁਹਰਾਈ ਹੋਈ ਹੈ ਕਿ ਰਾਮ ਚੰਦ ਤਾਂ ਵਿਚਾਰਾ ਲਾਚਾਰ ਹੈ ਤੇ ਮਨ ਵਿਚ ਝੁਰਦਾ ਹੈ। ਉਹ ਹਨੂਮਾਨ ਦੀ ਮਿਹਰ ਅਤੇ ਰਹਿਮ ਸਦਕਾ ਹੀ ਵਹੁਟੀ ਅਤੇ ਭਰਾ ਨੂੰ ਬਚਾਅ ਸਕਦਾ ਹੈ।

ਛੇਵੇਂ ਸਲੋਕ ਵਿਚ ਗੁਰੂ ਸਾਹਿਬ ਕਹਿੰਦੇ ਹਨ ਕਿ ਦੁਨੀਆਂ ਵਿਚ ਅਜਿਹੇ

ਕਈ ਰਾਮ ਆਏ ਤੇ ਕਈ ਗਏ ਤੇ ਉਨ੍ਹਾਂ ਦੇ ਟੱਬਰ, ਪਰਵਾਰ, ਖ਼ਾਨਦਾਨ ਵੀ ਬੜੇ ਵੱਡੇ ਸਨ। ਸੋ ਇਨ੍ਹਾਂ ਛੇਆਂ ਸਲੋਕਾਂ ਵਿਚ ਸਾਫ਼ ਸਪਸ਼ਟ ਤੌਰ 'ਤੇ ਅਯੁਧਿਆ ਦੇ ਰਾਜੇ ਰਾਮ ਚੰਦ ਦਾ ਜ਼ਿਕਰ ਹੈ ਅਤੇ ਹਿੰਦੂ ਇਸੇ ਰਾਮ ਚੰਦ ਨੂੰ ਹੀ ਪ੍ਰਮਾਤਮਾ ਸਮਝ ਕੇ ਉਸ ਦੀ ਪੂਜਾ ਕਰਦੇ ਹਨ।

ਹਿੰਦੂਆਂ ਦੇ ਇਸ ਕਾਲਪਨਿਕ "ਪ੍ਰਮਾਤਮਾ" ਜਾਂ "ਨਾਇਕ" ਰਾਜਾ ਰਾਮ ਚੰਦ ਦੀ ਜ਼ਿੰਦਗੀ ਦੀ ਕਥਾ ਮਹਾਨ ਕਵੀ ਤੁਲਸੀ ਦਾਸ ਅਤੇ ਮਹਾਂਰਿਸ਼ੀ ਵਾਲਮੀਕੀ ਜੀ ਵੱਲੋਂ ਲਿਖੀਆਂ ਰਾਮਾਇਣਾਂ ਵਿਚ ਪੇਸ਼ ਹੈ। ਇਨ੍ਹਾਂ ਰਾਮਾਇਣਾਂ ਵਿਚੋਂ ਪਤਾ ਲਗਦਾ ਹੈ ਕਿ ਕਿਵੇਂ ਰਾਮ ਤੇ ਉਸ ਦੇ ਤਿੰਨ ਭਰਾਵਾਂ ਦਾ ਜਨਮ ਹੋਇਆ, ਕਿਵੇਂ ਸੀਤਾ ਦਾ ਜਨਮ ਹੋਇਆ, ਕਿਵੇਂ ਮਤਰੇਈ ਮਾਂ ਨੇ ਵੱਸ ਵਿਚ ਕੀਤੇ ਪਤੀ ਦਸ਼ਰਥ ਤੋਂ ਰਾਮ ਨੂੰ ਬਨਵਾਸ ਦਿਵਾਇਆ, ਕਿਵੇਂ ਲਛਮਣ ਨੇ ਸਰੂਪਨਖਾ ਦੀ ਬੇਇਜ਼ਤੀ ਕੀਤੀ, ਕਿਵੇਂ ਰਾਵਣ ਨੇ ਭੈਣ ਦੀ ਬੇਇਜ਼ਤੀ ਦਾ ਬਦਲਾ ਲੈਣ ਵਾਸਤੇ ਸੀਤਾ ਨੂੰ ਅਗਵਾ ਕੀਤਾ (ਪਰ ਉਸ ਮਹਾਨ ਰਾਵਣ ਨੇ ਸੀਤਾ ਦੇ ਜਿਸਮ ਨੂੰ ਹੱਥ ਤਕ ਨਹੀਂ ਲਾਇਆ), ਕਿਵੇਂ ਰਾਮ ਨੇ ਵਹੁਟੀ ਵਾਪਿਸ ਲੈਣ ਵਾਸਤੇ ਰਾਵਣ ਨਾਲ ਜੰਗ ਕੀਤਾ ਤੇ ਇਸ ਦੌਰਾਨ ਲਛਮਣ ਜ਼ਖ਼ਮੀ ਹੋਇਆ, ਕਿਵੇਂ ਰਾਮ ਨੇ ਵਿਰਲਾਪ ਕੀਤਾ ਤੇ ਫਿਰ ਬਾਂਦਰਾਂ ਦੀ ਫ਼ੌਜ ਤੋਂ ਮਦਦ ਮੰਗੀ, ਕਿਵੇਂ ਰਾਮ ਨੇ ਚਲਾਕੀ ਨਾਲ ਦੁਸ਼ਮਣ ਨੂੰ ਮਾਰਿਆ, ਕਿਵੇਂ ਰਾਮ ਚੰਦ ਨੇ ਧੋਬੀ ਦੇ ਮਿਹਣਾ ਮਾਰਨ 'ਤੇ ਵਹੁਟੀ ਨੂੰ ਘਰੋਂ ਕੱਢ ਦਿਤਾ, ਕਿਵੇਂ ਲਛਮਣ 'ਤੇ ਗੁੱਸਾ ਕਰ ਕੇ ਉਸ ਨੂੰ ਦੁਨੀਆਂ ਛੱਡਣ 'ਤੇ ਮਜਬੂਰ ਕੀਤਾ ਅਤੇ ਕਿਵੇਂ ਸ਼ੰਬੂਕ ਰਿਸ਼ੀ ਨੂੰ ਇਸ ਕਰ ਕੇ ਮਰਵਾ ਦਿਤਾ ਕਿਉਂ ਕਿ ਉਹ ਅਖੌਤੀ ਅਛੂਤ ਸੀ। ਵਧੇਰੇ ਤਫ਼ਸੀਲ ਵਾਸਤੇ ਵੇਖੋ: ਜੌਨ ਡੌਸਨ ਲਿਖਤ "ਹਿੰਦੂ ਮਿਥਿਹਾਸ ਕੋਸ਼", ਭਾਸ਼ਾ ਵਿਭਾਗ, 1998 ਦੀ ਐਡੀਸ਼ਨ, ਸਫ਼ੇ 99, 464 ਤੋਂ 471, 474-76, 485-86 ਅਤੇ ਭਾਈ ਕਾਨ੍ਹ ਸਿੰਘ ਨਾਭਾ ਦਾ "ਮਹਾਨ ਕੋਸ਼", ਸਫ਼ੇ 1032-33 ਅਤੇ 247)।

ਉਪਰ ਦਿੱਤੇ ਅੱਠ ਸਲੋਕਾਂ ਵਿਚ ਇਸ ਰਾਜੇ ਰਾਮ ਚੰਦ ਦਾ ਜ਼ਿਕਰ ਕੀਤਾ ਹੈ, ਜਿਸ ਨੂੰ ਹਿੰਦੂ ਲੋਕ ਪ੍ਰਮਾਤਮਾ/ਭਗਵਾਨ ਮੰਨਦੇ ਹਨ ਅਤੇ ਉਸ ਦੀ ਪੂਜਾ ਕਰਦੇ ਹਨ। ਹਿੰਦੂਆਂ ਨੂੰ ਹੱਕ ਹੈ ਕਿ ਉਹ ਜਿਸ 'ਤੇ ਮਰਜ਼ੀ ਯਕੀਨ ਰੱਖਣ ਤੇ ਜਿਸ ਨੂੰ ਜੀਅ ਚਾਹੇ ਰੱਬ ਮੰਨਣ। ਮੈਂ ਤਾਂ ਰਾਮਾਇਣ ਵਿਚ ਜਾਂ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਈ ਰਾਜੇ ਰਾਮ ਚੰਦ ਦੀ ਸ਼ਖ਼ਸੀਅਤ ਦਾ ਲੇਖਾ-ਜੋਖਾ ਵੀ ਨਹੀਂ ਕਰਨਾ ਕਿਉਂਕਿ ਹਿੰਦੂ ਉਸ 'ਤੇ ਅਕੀਦਾ ਰਖਦੇ ਹਨ। ਮੈਂ ਕਿਸੇ ਦੇ ਜਜ਼ਬਾਤ 'ਤੇ ਟਿੱਪਣੀ ਨਹੀਂ ਕਰਨੀ ਚਾਹੁੰਦਾ ਕਿਉਂ ਕਿ ਮੈਂ ਵੀ ਨਹੀਂ ਚਾਹਵਾਂਗਾ ਕਿ ਕੋਈ ਅਣਮਤੀਆ ਮੇਰੇ ਧਾਰਮਿਕ ਅਕੀਦੇ ਬਾਰੇ ਕੁਝ ਆਖੇ।

ਉਪਰਲੇ ਸਲੋਕਾਂ ਵਿਚੋਂ ਆਖ਼ਰੀ ਦੋ (ਸਤਵਾਂ ਤੇ ਅਠਵਾਂ) ਸਲੋਕਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਰਾਜੇ ਰਾਮ ਬਾਰੇ ਕਿਹਾ ਗਿਆ ਹੈ ਕਿ ਹਿੰਦੂ ਜਿਸ ਰਾਜੇ ਰਾਮ ਚੰਦ ਨੂੰ ਦੇਵਤਾ ਮੰਨਦੇ ਹਨ ਉਹ ਪਰਮਾਤਮਾ ਨਹੀਂ ਹੈ। ਪਰਮਾਤਮਾ ਤਾਂ "ਰਾਮ" ਹੈ (ਜੋ ਕਦੇ ਵੀ ਇਨਸਾਨ ਦੀ ਜੂਨ ਵਿਚ ਨਹੀਂ ਆਉਂਦਾ) ਅਤੇ ਅਯੁਧਿਆ ਵਾਲੇ ਰਾਮ ਚੰਦ ਦਾ ਨਾਂ ਉਸ ਪਰਮਾਤਮਾ ਦੇ ਨਾਂ "ਰਾਮ" ਵਰਗਾ ਹੋਣ ਕਰ ਕੇ ਹੀ ਸਾਰੇ ਭੁਲੇਖੇ ਪਏ ਹਨ। ਇਹ ਤਾਂ ਇਸੇ ਤਰ੍ਹਾਂ ਹੈ ਜਿਵੇਂ ਲੋਕਾਂ ਨੇ ਆਪਣੇ ਬੱਚਿਆਂ ਦੇ ਨਾਂ ਨਾਨਕ ਸਿੰਘ, ਅੰਗਦ ਸਿੰਘ, ਅਰਜਨ ਸਿੰਘ, ਗੋਬਿੰਦ ਸਿੰਘ ਰਖ ਲਏ। ਹਿੰਦੂਆਂ ਵਿਚ ਵੀ ਸਦੀਆਂ ਤੋਂ ਬੱਚਿਆਂ ਦੇ ਨਾਂ ਰਾਮ, ਰਾਮ ਚੰਦ, ਰਾਮ ਪਾਲ ਰੱਖੇ ਜਾਂਦੇ ਰਹੇ ਹਨ ਤੇ ਰੱਖੇ ਜਾ ਰਹੇ ਹਨ। ਇਸੇ ਤਰ੍ਹਾਂ ਹੀ ਹਿੰਦੂ ਆਪਣੇ ਬੱਚਿਆਂ ਦਾ ਨਾਂ ਕ੍ਰਿਸ਼ਨ ਹੀ

ਨਹੀਂ ਬਲਕਿ "ਮਹਾਰਾਜ ਕ੍ਰਿਸ਼ਨ" ਵੀ ਰਖ ਲੈਂਦੇ ਹਨ (ਸਿਤਾਰ ਦੇ ਬਾਦਸ਼ਾਹ ਵਿਲਾਇਤ ਖਾਂ ਨਾਲ ਤਬਲੇ ਦੀ ਸੰਗਤ ਕਰਨ ਵਾਲੇ ਦਾ ਨਾਂ ਵੀ ਮਹਾਰਾਜ ਕ੍ਰਿਸ਼ਨ ਹੈ)। ਇਸ ਤੋਂ ਇਲਾਵਾ ਕਈ ਹੋਰ ਨਾਂ ਰਾਮ ਕਿਸ਼ਨ, ਬਲਰਾਮ, ਵਾਸਦੇਵ, ਗੋਵਰਧਨ ਅਤੇ ਦਰਜਨਾਂ ਹੋਰ ਨਾਂ ਵੀ (ਜਿਹੜੇ ਪ੍ਰਮਾਤਮਾ ਦੇ ਨਾਂਵਾਂ ਵਜੋਂ ਜਾਣੇ ਜਾਂਦੇ ਹਨ) ਹਿੰਦੂ ਮਾਪੇ ਆਪਣੇ ਬੱਚਿਆਂ ਨੂੰ ਦੇਂਦੇ ਸਨ। ਇਸੇ ਸੋਚ ਨਾਲ ਹੀ ਅਯੁਧਿਆ ਦੇ ਰਾਜੇ ਦਸ਼ਰਥ ਨੇ ਵੀ ਆਪਣੇ ਸਭ ਤੋਂ ਵੱਡੇ ਬੱਚੇ ਦਾ ਨਾਂ ਪ੍ਰਮਾਤਮਾ ਦੇ ਇਕ ਨਾਂ ਰਾਮ ਦੇ ਨਾਂ 'ਤੇ ਰਖ ਦਿਤਾ ਹੋਵੇਗਾ। ਇੰਜ ਹੀ ਦੁਆਰਕਾ ਦੇ ਬਾਬਾ ਵਾਸਦੇਵ ਨੇ ਆਪਣੇ ਬੱਚਿਆਂ ਦੇ ਨਾਂ ਪ੍ਰਮਾਤਮਾ ਦੇ ਨਾਂਵਾਂ ਕ੍ਰਿਸ਼ਨ, ਬਲਰਾਮ ਵਗੈਰਾ ਰੱਖੇ ਹੋਣਗੇ । ਕਿਉਂਕਿ ਉਹ ਰਾਜੇ ਸਨ ਇਸ ਕਰ ਕੇ ਲੇਖਕਾਂ ਨੇ ਉਨ੍ਹਾਂ ਦੀਆਂ ਲੀਲ੍ਹਾਵਾਂ (ਕਹਾਣੀਆਂ) ਬਣਾਈਆਂ ਅਤੇ ਇਸ ਬਾਰੇ ਕਿਤਾਬਾਂ ਲਿਖ ਦਿਤੀਆਂ । ਮਗਰੋਂ ਭੋਲੇ ਲੋਕਾਂ ਨੇ ਇਹ ਕਿਤਾਬਾਂ ਪੜ੍ਹ ਕੇ ਇਨ੍ਹਾਂ ਰਾਜਿਆਂ ਨੂੰ ਹੀ ਪ੍ਰਮਾਤਮਾ ਮੰਨਣਾ ਸ਼ੁਰੂ ਕਰ ਦਿਤਾ:

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥
ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ॥

(ਗੁਰੂ ਗ੍ਰੰਥ ਸਾਹਿਬ, ਸਫ਼ਾ 423)

ਸਿੱਖ ਫ਼ਲਸਫ਼ੇ ਮੁਤਾਬਿਕ ਪ੍ਰਮਾਤਮਾ ਕਦੇ ਵੀ ਇਨਸਾਨੀ ਜਾਮੇ ਵਿਚ ਦੁਨੀਆਂ 'ਤੇ ਨਹੀਂ ਆਉਂਦਾ ਅਤੇ ਜਿਹੜੀ ਜ਼ਬਾਨ ਪ੍ਰਮਾਤਮਾ ਦੇ ਅਵਤਾਰ ਧਾਰ ਕੇ ਇਨਸਾਨੀ ਜਾਮੇ ਵਿਚ ਆਉਣ ਦੀ ਗੱਲ ਕਰਦੀ ਹੈ ਉਸ ਜ਼ਬਾਨ ਨੂੰ ਸੜ ਜਾਣਾ (ਜਾਂ ਸਾੜ ਦਿਤਾ ਜਾਣਾ) ਚਾਹੀਦਾ ਹੈ:

ਸੋ ਮੁਖ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥
ਜਨਮ ਨਾ ਮਰੈ ਨ ਆਵੈ ਨਾ ਜਾਇ ॥
ਨਾਨਕ ਕਾ ਪ੍ਰਭੁ ਰਹਿਆ ਸਮਾਇ ॥

(ਗੁਰੂ ਗ੍ਰੰਥ ਸਾਹਿਬ, ਸਫ਼ਾ 1136)

ਗੁਰੂ ਗ੍ਰੰਥ ਸਾਹਿਬ ਵਿਚ ਤਾਂ ਅਯੁਧਿਆ ਦੇ ਰਾਜੇ ਰਾਮ ਚੰਦ ਨੂੰ ਛਿਣ-ਭੰਗਰ ਦਾ (ਵਕਤੀ) ਮੰਨਿਆ ਗਿਆ ਹੈ । ਜਿਵੇਂ ਧਰਤੀ 'ਤੇ ਮਿੱਟੀ-ਘੱਟਾ (ਰਵਾਲ) ਉਡਦਾ ਹੈ ਅਤੇ ਫਿਰ ਇਸ ਵਿਚ ਹੀ ਮਿਲ ਜਾਂਦਾ ਹੈ, ਇਸੇ ਤਰ੍ਹਾਂ ਰਾਮ ਚੰਦ ਵਰਗੇ ਕਈ ਰਾਜੇ ਆਏ ਅਤੇ ਆਪਣਾ ਵਕਤ ਪੂਰਾ ਕਰ ਕੇ ਰਵਾਲ (ਮਿੱਟੀ-ਘੱਟਾ) ਵਾਂਗ ਪੰਜ ਤੱਤਾਂ ਵਿਚ ਸਮਾ ਗਏ:

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥

(ਗੁਰੂ ਗ੍ਰੰਥ ਸਾਹਿਬ, ਸਫ਼ਾ 464)

ਸੋ ਗੁਰੂ ਗ੍ਰੰਥ ਸਾਹਿਬ ਵਿਚ ਇਸ ਅਯੁਧਿਆ (ਦਰਅਸਲ ਕਾਸ਼ੀ ਵਾਲਾ ਰਾਮ ਸੀ, ਵੇਖੋ ਕਿਤਾਬ: **ਸਿੱਖ ਤਵਾਰੀਖ਼**) ਵਾਲੇ ਰਾਮ ਦਾ ਜ਼ਿਕਰ ਸਿਰਫ਼ ਅੱਠ ਵਾਰ ਆਇਆ ਹੈ ਪਰ ਪਰਮਾਤਮਾ, ਜੋ ਹਰ ਥਾ "ਰਮਿਆ ਹੋਇਆ" ਹੈ, ਉਸ "ਰਾਮ" ਦਾ ਜ਼ਿਕਰ ਕਰੀਬ 25 ਸੌ ਵਾਰ ਆਇਆ ਹੈ।

ਰਾਮਾਇਣ ਇਕ ਕਾਵਿ-ਨਾਵਲ ਹੈ

'ਰਾਮਾਇਣ' ਦੀ ਰਚਨਾ ਦਾ ਕਾਲ ਸੰਨ 500 'ਪੁਰਾਣਾ ਸਮਾਂ' (ਜਿਸ ਨੂੰ ਈਸਾਈ 500 ਬੀ.ਸੀ. ਕਹਿਣਗੇ) ਦੇ ਕਰੀਬ ਹੈ। ਇਸ ਦਾ ਹੀਰੋ, ਰਾਮ, ਕਾਸ਼ੀ ਦਾ ਰਾਜਾ ਸੀ ਤੇ ਭਰਾਵਾਂ ਨਾਲ ਇਸ ਦਾ ਤਖ਼ਤ ਦਾ ਝਗੜਾ ਸੀ। ਅਯੁਧਿਆ ਉਸ ਦੇ ਰਾਜ ਵਿਚ ਸ਼ਾਮਲ ਨਹੀਂ ਸੀ। ਅਯੁਧਿਆ ਵਤਸ ਦੇਸ਼ ਦਾ ਹਿੱਸਾ ਸੀ। ਮਹਾਂਭਾਰਤ ਵਾਂਗ ਇਸ ਕਿੱਸੇ ਵਿਚ ਵੀ ਕਾਸ਼ੀ, ਵਤਸ, ਮੱਲਾ, ਵੱਜੀ ਤੇ ਮਗਧ ਦੇਸ਼ਾਂ ਦੀਆਂ ਲੜਾਈਆਂ ਅਤੇ ਘਟਨਾਵਾਂ ਨੂੰ ਇਕ ਪਲਾਟ ਵਿਚ ਪਰੋ ਕੇ ਇਹ ਰਚਨਾ ਤਿਆਰ ਕੀਤੀ ਗਈ ਸੀ। ਮਹਾਂਭਾਰਤ ਤੇ ਰਾਮਾਇਣ ਵਿਚ ਪੰਜ ਸੌ ਸਾਲ ਦਾ ਫ਼ਾਸਲਾ ਹੈ। ਇਸੇ ਕਰ ਕੇ ਮਹਾਂਭਾਰਤ ਪਹਿਲਾਂ ਪ੍ਰਚਾਰੀ ਗਈ ਪਰ ਵਧੇਰੇ ਮਕਬੂਲ ਰਾਮਾਇਣ ਹੋਈ ਕਿਉਂਕਿ ਰਾਮ ਤੇ ਸੀਤਾ ਦੀ ਕਹਾਣੀ ਵਿਚ ਸੋਜ਼ ਤੇ ਦਰਦ ਵਧੇਰੇ ਸੀ ਤੇ ਕ੍ਰਿਸ਼ਨ ਦੀ ਕਹਾਣੀ ਵਿਚ ਜਾਂ ਤਾਂ ਵਧੇਰੇ ਮੌਤਾਂ ਸਨ ਤੇ ਜਾਂ ਰਾਜੇ ਕ੍ਰਿਸ਼ਨ ਦੀ ਕਾਮ-ਲੀਲ੍ਹਾ। ਇਹ ਗੱਲ ਕਾਬਲੇ-ਗ਼ੌਰ ਹੈ ਕਿ ਚਾਣਕਯ (ਕੌਟਲਯ), (ਜਿਸ ਨੂੰ ਹਿੰਦੂ ਆਪਣਾ ਸਭ ਤੋਂ ਵੱਡਾ ਫ਼ਿਲਾਸਫ਼ਰ ਮੰਨਦੇ ਹਨ, ਹਾਲਾਂ ਕਿ ਉਹ ਮੌਰੀਆ ਖ਼ਾਨਦਾਨ ਦਾ ਵਜ਼ੀਰ ਸੀ, ਜਿਹੜੇ ਕਿ ਬੋਧੀ ਸਨ), ਰਾਮ ਨੂੰ 'ਛੋਟਾ ਤੇ ਕੱਚਾ' ਕਹਿੰਦਾ ਹੈ:

ਨ ਨਿਰਮ੍ਰਿਤਾ ਕੇਨ, ਨ ਦ੍ਰਿਸ਼ਟਪੂਰਵਾ, ਨ ਸ਼ਰੂਯਤੇ ਹੇਮਮਯੀ ਕੁਰੰਗੀ।
ਤਥਾਪਿ ਤ੍ਰਿਸ਼ਣਾ ਰਘੂਨੰਦਨਸਯ, ਵਿਨਾਸ਼ਕਾਲੇ ਵਿਪਰੀਤਬੁੱਧੀ॥

(ਚਾਣਕਯ ਨੀਤੀ, ਚੈਪਟਰ 16, ਸਲੋਕ 5)

(ਯਾਨਿ, ਸੋਨੇ ਦਾ ਹਿਰਨ ਨਾ ਕਦੇ ਕਿਸੇ ਨੇ ਬਣਾਇਆ ਹੈ, ਨਾ ਪਹਿਲੋਂ ਕਦੇ ਵੇਖਿਆ ਹੈ, ਨਾ ਸੁਣਿਆ ਹੈ; ਫਿਰ ਵੀ ਰਾਮ ਵਿਚ ਉਸ ਨੂੰ ਹਾਸਿਲ ਕਰਨ ਦੀ ਤ੍ਰਿਸ਼ਣਾ ਪੈਦਾ ਹੋ ਗਏ; ਇਸ ਦਾ ਕਾਰਨ ਹੈ: ਵਿਨਾਸ਼ ਕਾਲ ਵਿਚ ਮੱਤ ਵੀ ਮਾਰੀ ਜਾਂਦੀ ਹੈ)।

ਮਹਾਂਭਾਰਤ ਦੇ ਮੁਕਾਬਲੇ ਵਿਚ ਰਾਮਾਇਣ ਦੀ ਮਕਬੂਲੀਅਤ ਸਤਵੀਂ ਸਦੀ ਤੋਂ ਮਗਰੋਂ ਉਦੋਂ ਵਧੇਰੀ ਹੋਈ ਜਦੋਂ ਗੁਪਤ ਖ਼ਾਨਦਾਨ ਤੇ ਹੋਰ ਬੋਧੀ ਰਾਜਿਆਂ ਤੋਂ ਬ੍ਰਾਹਮਣ ਵਜ਼ੀਰਾਂ ਨੇ ਹਕੂਮਤ ਖੋਹ ਲਈ ਤੇ ਉਨ੍ਹਾਂ ਨੇ ਇਨ੍ਹਾਂ ਖਿਆਲੀ (ਕਾਲਪਨਿਕ) ਕਹਾਣੀਆਂ ਨੂੰ ਅਪਣਾ ਵਿਰਸਾ ਤੇ ਤਵਾਰੀਖ਼ ਬਣਾਉਣ ਦੀ ਸਾਜ਼ਿਸ਼ ਹੇਠ ਇਸ ਦਾ ਪ੍ਰਚਾਰ ਕਰ ਕੇ ਮੌਜੂਦਾ ਹਿੰਦੂ ਧਰਮ ਦੀਆਂ ਨੀਂਹਾਂ ਰੱਖੀਆਂ।

ਮੌਜੂਦਾ ਬ੍ਰਾਹਮਣੀ ਮਤ ਪੁਜਾਰੀਆਂ ਦੇ ਕਰਮ-ਕਾਂਡ ਵਜੋਂ ਦੱਖਣ ਦੇ ਗੰਗ ਰਾਜਿਆਂ ਅਤੇ ਰਾਜੇ ਵਿਕਰਮਾਦਿਤ (654-668), ਵਿਜਯਾਦਿਤ 696-733) ਅਤੇ ਵਿਕਰਮਾਦਿਤ ਦੂਜਾ (733-744) ਵੇਲੇ ਸ਼ੁਰੂ ਹੋਇਆ ਸੀ। ਹਿੰਦੂ ਧਰਮ ਦੇ ਪਹਿਲੇ ਮੰਦਰ ਇਨ੍ਹਾਂ ਨੇ ਹੀ ਬਣਾਏ ਸਨ ਜਾਂ ਬੁਧ ਤੇ ਜੈਨ ਮੰਦਰਾਂ 'ਤੇ ਕਬਜ਼ੇ ਕਰ ਕੇ ਉਨ੍ਹਾਂ ਨੂੰ ਬ੍ਰਾਹਮਣੀ ਮੰਦਰ ਬਣਾ ਲਿਆ ਸੀ। ਉਂਵ ਅਜੇ ਵੀ ਇਹ ਕੋਈ ਧਰਮ ਨਹੀਂ ਸੀ ਤੇ ਸਿਰਫ਼ ਬ੍ਰਾਹਮਣ ਕਰਮ-ਕਾਂਡ ਸੀ ਜੋ ਮਗਰੋਂ ਪਾਂਡਿਆਂ ਨੇ ਨੌਵੀਂ-ਦਸਵੀਂ ਸਦੀ ਵਿਚ 'ਧਰਮ' ਬਣਾ ਲਿਆ ਸੀ।

ਜਦ ਮੌਰੀਆ ਖ਼ਾਨਦਾਨ ਦੀ ਹਕੂਮਤ ਖ਼ਤਮ ਹੋਈ ਤਾਂ ਉਸ ਵੇਲੇ ਤਕ ਕਾਵਿ-ਨਾਵਲ (ਮਹਾਂਕਾਵਿ) ਮਹਾਂਭਾਰਤ ਤੇ ਰਾਮਾਇਣ ਲਿਖੇ ਜਾ ਚੁਕੇ ਸਨ। ਉਸ ਵੇਲੇ ਦੀਆਂ ਸਭ ਤੋਂ ਚੰਗੀਆਂ ਕਹਾਣੀਆਂ ਹੋਣ ਕਰ ਕੇ ਇਹ ਲੋਕਾਂ ਵਿਚ ਹਰਮਨ ਪਿਆਰੇ

ਹੋ ਗਏ। ਜਿਵੇਂ ਅੱਜ ਪੰਜਾਬ ਵਿਚ ਮਿਰਜ਼ਾ-ਸਾਹਿਬਾਂ, ਸੱਸੀ-ਪੰਨੂ, ਹੀਰ-ਰਾਂਝਾ, ਸੋਹਣੀ-ਮਹੀਵਾਲ ਦੇ ਕਿੱਸੇ ਮਕਬੂਲ ਹੋਣ ਮਗਰੋਂ ਤਵਾਰੀਖ਼ ਜਾਪਣ ਲਗ ਪਏ ਹਨ, ਇਵ ਹੀ ਹਿੰਦੂਸਤਾਨ (ਮੌਜੂਦਾ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ) ਵਿਚ ਮਹਾਂਭਾਰਤ ਤੇ ਰਾਮਾਇਣ ਕਾਵਿ-ਨਾਵਲ ਪਹਿਲਾਂ ਤਾਂ ਖਿਆਲੀ (ਕਾਲਪਨਿਕ) ਕਹਾਣੀਆਂ ਤੋਂ ਮਿਥਹਾਸ ਬਣੇ ਤੇ ਫੇਰ 'ਤਵਾਰੀਖ਼' ਵਜੋਂ ਪਰਚਾਰੇ ਜਾਣ ਲਗ ਪਏ। ਸੰਨ 500 ਸਾਲ ਪੁਰਾਣਾ ਕਾਲ ਦੇ ਆਲੇ-ਦੁਆਲੇ ਇਨ੍ਹਾਂ ਦੀ ਰਚਨਾ ਹੋਈ ਤੇ ਤਕਰੀਬਨ ਇਕ ਹਜ਼ਾਰ ਸਾਲ ਮਗਰੋਂ, ਸੰਨ 500 (ਨਵਾਂ ਕਾਲ) ਦੇ ਨੇੜੇ, ਇਹ ਲੋਕ-ਸਾਹਿਤ ਬਣ ਗਏ।

ਇਸ ਦੇ ਨਾਲ ਹੀ ਪੁਜਾਰੀ ਜਮਾਤ ਪੈਦਾ ਹੋ ਗਈ। ਉਨ੍ਹਾਂ ਨੇ ਮਹਾਂਭਾਰਤ ਤੇ ਰਾਮਾਇਣ ਦੇ ਖਿਆਲੀ ਹੀਰੋਆਂ ਨੂੰ ਪਹਿਲਾਂ ਰਾਜੇ ਤੇ ਫਿਰ ਮਿਥਹਾਸਕ ਦੇਵਤੇ ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿਤਾ। ਇਹ ਕਾਰਵਾਈ ਵੀ ਦੋ ਕੂ ਸੌ ਸਾਲ ਚਲਦੀ ਰਹੀ। ਬਸ ਇਸੇ ਵਿਚੋਂ ਹੀ ਨੌਵੀਂ ਸਦੀ ਵਿਚ ਇਨ੍ਹਾਂ ਖਿਆਲੀ (ਕਾਲਪਨਿਕ) ਹੀਰੋਆਂ ਦੀ ਪੂਜਾ (ਕਰਮ-ਕਾਂਡ) ਦੇ 'ਧਰਮ' ਦਾ ਜਨਮ ਹੋਇਆ।

ਹੌਲੀ-ਹੌਲੀ ਦੱਖਣੀ-ਏਸ਼ੀਆ ਦੇ ਪੁਰਾਣੇ ਦੇਵਤੇ ਸ਼ਿਵ, ਵਿਸ਼ਨੂੰ, ਸੂਰਜ, ਇੰਦਰ ਕਮਜ਼ੋਰ ਹੁੰਦੇ ਗਏ ਅਤੇ ਨਵੇਂ ਮਿਥਹਾਸ ਹਰਮਨ ਪਿਆਰੇ ਹੋਣ ਲਗ ਪਏ। ਇਨ੍ਹਾਂ ਦੇ ਹੀਰੋਆਂ ਰਾਮ, ਕ੍ਰਿਸ਼ਨ, ਹਨੂਮਾਨ ਨੇ ਸ਼ਿਵ ਤੇ ਵਿਸ਼ਨੂ ਦੀ ਥਾਂ ਲੈ ਲਈ। ਸ਼ਿਵ ਸਿਰਫ਼ ਬੰਗਾਲ-ਆਸਾਮ ਵਿਚ, ਵਿਸ਼ਨੂ ਹਰਿਦੁਆਰ ਬੈਲਟ ਵਿਚ, ਸੂਰਜ ਦੇਵਤਾ ਕਰਨਾਟਕ ਵਿਚ, ਇੰਦਰ ਕਾਮਰੂਪ (ਅਸਾਮ) ਵਿਚ ਮਹਿਦੂਦ ਹੋ ਗਏ। ਕੁਝ ਦੇਵੀਆਂ ਜਿਵੇਂ ਕਾਮਾਖਿਆ, ਛਕੇਸ਼ਵਰੀ, ਚੰਡੀ/ਭਗਵਤੀ/ਭਵਾਨੀ (ਤਲਵਾਰ) ਵੀ ਘੜ ਲਈਆਂ ਗਈਆਂ। ਮੁਰਦਿਆਂ ਦੀਆਂ ਅਸਥੀਆਂ ਪਾਉਣ ਕਰ ਕੇ ਹਰਦੁਆਰ, ਪਿੰਡ ਭਰਨ ਵਾਸਤੇ ਗਯਾ ਭਾਵੇਂ ਕਾਫ਼ੀ ਹੱਦ ਤਕ ਬਚੇ ਰਹੇ ਪਰ ਨਵੇਂ ਕੇਂਦਰ ਕੁਰੂਕਸ਼ੇਤਰ, ਮਥਰਾ, ਅਯੁਧਿਆ ਤੇ ਫਿਰ ਮੱਟਨ, ਕਪਾਲ ਮੋਚਨ ਤੇ ਪਿਹੋਵਾ ਬਣ ਗਏ। ਹਰ ਤਾਂ ਹੋਰ ਕਾਸ਼ੀ ਵੀ ਹੌਲੀ-ਹੌਲੀ ਆਪਣੀ ਅਹਮੀਅਤ ਗੁਆ ਬੈਠਾ। ਮੌਜੂਦਾ ਹਿੰਦੂ 'ਧਰਮ' ਇਨ੍ਹਾਂ ਖਿਆਲੀ (ਕਾਲਪਨਿਕ) ਕਹਾਣੀਆਂ ਤੇ ਮਿਥਹਾਸ ਦੇ ਹੀਰੋਆਂ ਅਤੇ ਕਰਮ-ਕਾਂਡ ਦਾ ਮਿਲਗੋਭਾ ਹੈ। ਇਸੇ ਕਰ ਕੇ ਇਸ 'ਧਰਮ' ਦਾ ਕੋਈ ਫ਼ਲਸਫ਼ਾ ਨਹੀਂ ਹੈ ਤੇ ਇਸ ਵਿਚ ਥਾਂ-ਥਾਂ 'ਤੇ ਇਕ-ਦੂਜੇ ਦੇ ਵਿਰੋਧੀ ਗੱਲਾਂ ਭਰੀਆਂ ਹੋਈਆਂ ਹਨ। ਜਦ ਰਾਮਾਇਣ ਕਲਪਨਾ ਹੈ ਤਾਂ ਰਾਮਸੇਤੂ ਪੁਲ ਵੀ ਉਹੋ ਜਿਹਾ ਸੱਚ ਹੈ।

ਭਾਵੇਂ ਹਿੰਦੂ ਧਰਮ ਕਲਪਨਾ/ਗਲਪ/ਮਹਾਂਕਾਵਿ ਵਿਚੋਂ ਪੈਦਾ ਹੋਇਆ ਕਰਮ ਕਾਂਡ ਹੈ, ਇਹ ਤਾਂ ਧਰਮ ਵੀ ਨਹੀਂ। ਪਰ ਫਿਰ ਵੀ ਸਭ ਨੂੰ ਹਿੰਦੂਆਂ ਦੀਆਂ ਭਾਵਨਾਵਾਂ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ।

ਨਿਸ਼ਾਨ ਸਾਹਿਬ ਦਾ ਰੰਗ
ਨੀਲਾ ਕਿ ਕੇਸਰੀ/ਪੀਲਾ/ਭਗਵਾ/ਬਸੰਤੀ

ਗੁਰੂ ਸਾਹਿਬ ਦੇ ਸਮੇਂ ਸਿੱਖਾਂ ਦੇ ਝੰਡੇ ਰੰਗ (ਤੇ ਕੇਸਕੀ ਦਾ ਰੰਗ ਵੀ) **ਨੀਲਾ** ਸੀ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਵਿਖੇ ਖਾਲਸਾ ਪ੍ਰਗਟ ਕੀਤਾ, ਤਾਂ ਉਦੋਂ ਵੀ ਉਨ੍ਹਾਂ ਨੇ ਵੀ ਪੰਜ ਪਿਆਰਿਆਂ ਨੂੰ ਵੀ ਨੀਲੇ ਬਸਤਰ ਪੁਆਏ ਸੀ ਅਤੇ ਆਪ ਵੀ ਪਹਿਣੇ ਸਨ (ਵੇਖੋ ਹੇਠਾਂ *1 ਵਾਲਾ ਨੁਕਤਾ)। 16 ਜਨਵਰੀ 1704 ਨੂੰ ਜਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਫੱਰਰਾ' ਦੀ ਰਿਵਾਇਤ ਸ਼ੁਰੂ ਕੀਤੀ ਤਾਂ ਵੀ ਉਨ੍ਹਾਂ ਨੇ **ਨੀਲਾ** 'ਫੱਰਰਾ' ਹੀ ਸ਼ੁਰੂ ਕੀਤਾ ਸੀ (ਵੇਖੋ ਹੇਠਾਂ *2 ਵਾਲਾ ਨੁਕਤਾ)।

ਭਾਵੇ ਸਿੱਖ ਲਈ ਕਿਸੇ ਰੰਗ ਦੀ ਵਰਤੋਂ ਦੀ ਕੋਈ ਪਾਬੰਦੀ ਨਹੀਂ ਹੈ। ਉਹ ਕਿਸੇ ਵੀ ਰੰਗ ਦੀ ਕੋਈ ਵੀ ਚੀਜ਼ ਵਰਤ ਸਕਦਾ ਹੈ। ਉਂਵ ਨੀਲਾ ਰੰਗ ਬਹੁਤ ਸਾਰੇ ਗੁਰੂ ਸਾਹਿਬਾਨ ਵੱਲੋਂ ਵਧੇਰੇ ਵਰਤਿਆ ਗਿਆ ਹੈ, ਖਾਸ ਕਰ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ। ਸਿੱਖ ਲਿਟਰੇਚਰ ਵਿਚ, ਪ੍ਰਮਾਤਮਾ ਨੂੰ ਨੀਲੇ ਕੱਪੜਿਆਂ ਵਾਲਾ ਪੇਸ਼ ਕੀਤਾ ਗਿਆ ਹੈ। ਕਿਉਂਕਿ ਆਸਮਾਨ ਅਤੇ ਸਮੁੰਦਰ ਦੋਵੇਂ ਹੀ ਡੂੰਘਾਈ/ਗਹਿਰਾਈ ਕਾਰਨ ਨੀਲੇ ਦਿਸਦੇ ਹਨ ਅਤੇ ਡੂੰਘਾਈ ਨੂੰ ਆਮ ਤੌਰ ਤੇ ਰੱਬ ਦੇ ਚਿੰਨ੍ਹ (Symbol) ਵਜੋਂ ਪੇਸ਼ ਕੀਤਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ 'ਨੀਲ ਬਸਤਰ' ਦਾ ਜ਼ਿਕਰ ਵੀ ਆਉਂਦਾ ਹੈ। **ਨੀਲ ਬਸਤਰ** ਦਾ ਲਫ਼ਜ਼ੀ ਮਾਇਨਾ ਹੈ: ਰੰਗਦਾਰ ਕੱਪੜੇ। ਇਸ ਦਾ ਮਤਲਬ ਨੀਲੇ ਰੰਗ ਦੇ ਕਪੜੇ ਨਹੀਂ, ਬਲਕਿ ਕਿਸੇ ਵੀ ਰੰਗ ਦੇ ਕਪੜੇ ਹੈ। (ਵੇਖੋ: ਡਾ: ਗੁਲਵੰਤ ਸਿੰਘ, *ਫ਼ਾਰਸੀ-ਪੰਜਾਬੀ ਕੋਸ਼*)। ਅਸਲ ਵਿਚ, ਹਰਾ ਰੰਗ (ਨੀਲਾ ਨਹੀਂ), ਮੁਸਲਮਾਨਾਂ ਦਾ ਕੌਮੀ/ਧਾਰਮਿਕ ਰੰਗ ਮੰਨਿਆ ਜਾਂਦਾ ਹੈ। 'ਆਸਾ ਦੀ ਵਾਰ' ਵਿਚ ਜਿਹੜਾ 'ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ...' ਦਾ ਜ਼ਿਕਰ ਹੈ ਉਹ ਨੀਲੇ ਰੰਗ ਵਾਸਤੇ ਨਹੀਂ ਬਲਕਿ ਮੁਸਲਿਮ **ਨੀਲ ਪਹਿਰਾਵੇ** (ਹਰੇ ਰੰਗ ਦੇ) ਵਾਸਤੇ ਹੈ।

ਹੁਣ ਉੱਪਰ ਜ਼ਿਕਰ ਕੀਤੇ ਨਿਸ਼ਾਨ ਸਾਹਿਬ (ਝੰਡੇ) ਅਤੇ ਫੱਰਰੇ/ਦਸਤਾਰ ਦੇ ਰੰਗ ਵੱਲ ਆਉਂਦਾ ਹਾਂ:

*1 ਜੋ ਕਪੜੇ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਪੰਜ ਪਿਆਰਿਆਂ ਨੇ ਅਨੰਦਪੁਰ ਸਾਹਿਬ ਵਿਖੇ ਪਹਿਲੀ ਖੰਡੇ ਦੀ ਪਾਹੁਲ ਦੀ ਰਸਮ ਨੂੰ ਸ਼ੁਰੂ ਕਰਨ ਵੇਲੇ ਪਾਏ ਸਨ, ਉਹ **ਨੀਲੇ** ਸਨ।

ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ ਵਿਚ 'ਖੰਡੇ ਦੀ ਪਾਹੁਲ' ਦੇਣ ਦਾ ਦ੍ਰਿਸ਼ ਸਾਫ਼ ਲਫ਼ਜ਼ਾਂ ਵਿਚ ਇੰਵ ਪੇਸ਼ ਕੀਤਾ ਹੋਇਆ ਮਿਲਦਾ ਹੈ:

"ਗੁਰੂ ਗੋਬਿੰਦ ਸਿੰਘ ਮਹਲ ਦਸਮਾ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸਾਲ ਸਤਰਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿਖੋਂ ਕੋ ਖਾਂਡੇ ਕੀ ਪਾਹੁਲ

ਦੀ, ਸਿੰਘ ਨਾਮ ਰਾਖਾ। ਪ੍ਰਿਥਮੈ ਦੈਆਰਾਮ ਸੋਪਤੀ ਖਤਰੀ ਬਾਸੀ ਲਾਹੌਰ ਖਲਾ ਹੂਆ, ਪਾਛੇ ਮੋਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ ਜਫਰਾਬਾਦ, ਧਰਮ ਚੰਦ ਜਵੰਦਾ ਜਾਟ ਬਾਸੀ ਹਸਤਨਾਪੁਰ, ਹਿੰਮਤ ਚੰਦ ਝੀਵਰ ਬਾਸੀ ਜਗਨਨਾਥ ਬਾਰੋ ਬਾਰੀ ਖਲੇ ਹੂਏ, ਸਬ ਕੋ ***ਨੀਲ ਅੰਬਰ*** *ਪਹਿਨਾਇਆ। ਵਹੀ ਵੇਸ ਅਪਨਾ ਕੀਆ।"*

(**ਭੱਟ ਵਹੀ ਭਾਦਸੋਂ ਪਰਗਣਾ ਥਾਨੇਸਰ**, 1699 ਦੀ ਲਿਖਤ)

"ਇਨ ਪਾਂਚੋਂ ਕੋ ਪਾਂਚ ਪਾਂਚ ਕਕਾਰ ਦੀਨੇ। ***ਨੀਲੇ*** *ਰਾਂਗ ਕੀਆਂ ਦੂਹਰੀਆਂ ਦਸਤਾਰਾਂ ਸਜਾਇ ਤਿਆਰ ਕੀਆ ਗਿਆ।"* (**ਗੁਰੂ ਕੀਆਂ ਸਾਖੀਆਂ**, ਸਾਖੀ ਨੰਬਰ 58, 1780 ਦੀ ਲਿਖਤ)।

"ਮਹਾਂਕਾਲ ਕਾ ਬਾਣਾ ***ਨੀਲਾ*** *ਪਹਿਰਾਵਣਾ। ਕਰਨਾ ਜੁਧ ਨਾਲ ਤੁਰਕਾਂ ਅਤੇ ਤੁਰਕਾਂ ਕੋ ਮਾਰ ਹਟਾਵਣਾ।293॥"* (ਕੇਸਰ ਸਿੰਘ ਛਿਬਰ, **ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਕਾ**, ਬੰਦ 293, 1769 ਦੀ ਲਿਖਤ)।

"ਨਵਤਨ ਪੰਥ ਮਰਿਯਾਦ ਕਰ, ਕਰੈਂ ਕਲਕੀ ਧਰਮ ਪ੍ਰਕਾਸ਼। ਸੀਸ ਕੇਸ ***ਨੀਲਾਂਬਰੀ****, ਸਿੰਘ ਸੰਗਿਆ ਤੇਜ ਨਿਵਾਸ।"* (ਸਰੂਪ ਚੰਦ ਭੱਲਾ, **ਮਹਿਮਾ ਪ੍ਰਕਾਸ਼**, 1776 ਦੀ ਲਿਖਤ)।

*2 ਗੁਰੂ ਸਾਹਿਬ ਦੇ ਸਮੇਂ ਦੌਰਾਨ ਸਿੱਖਾਂ ਦੇ ਨਿਸ਼ਾਨ ਸਾਹਿਬ (ਝੰਡੇ) ਦਾ ਰੰਗ ਵੀ *ਨੀਲਾ* ਸੀ ਤੇ ਇਸ ਦਾ ਪੁਸ਼ਾਕਾ (ਬਾਂਸ ਦਾ ਕਪੜਾ) **ਸੁਰਮਈ** ਸੀ: *"ਗੁਰੂ ਜੀ ਨੇ ਉਸੀ ਵਕਤ ਬੜੀ ਦਸਤਾਰ*3 ਕੋ ਉਤਾਰ ਨੀਚੇ ਕੇਸਗੀ ਮੇਂ ਸੇ* ***ਨੀਲੇ*** *ਰਾਂਗ ਕਾ ਫਰਰਾ ਨਿਕਾਲ ਕੇ ਬਚਨ ਕੀਆ ਇਹ ਖਾਲਸਾਈ ਨਿਸ਼ਾਨ ਕਭੀ ਆਗੇ ਸੇ ਟੂਟੇਗਾ ਨਹੀਂ।"* (**ਗੁਰੂ ਕੀਆਂ ਸਾਖੀਆਂ**, ਸਾਖੀ 75)।

*3ਗੁਰੂ ਸਾਹਿਬ ਦੀ ਵੱਡੀ ਦਸਤਾਰ ਸੁਰਮਈ ਰੰਗ ਦੀ ਸੀ। ਸਾਰੇ ਸਿੱਖ ਸੁਰਮਈ ਦਸਤਾਰਾਂ ਸਜਾਉਂਦੇ ਹੁੰਦੇ ਸਨ।

1723 ਵਿਚ ਅਕਾਲ ਪੁਰਖੀਆਂ ਤੇ ਬੰਦਈਆਂ (ਅਖੌਤੀ ਤੱਤ ਖਾਲਸਾ ਤੇ ਬੰਦਈ ਖਾਲਸਾ) ਵਿਚ ਝਗੜਾ ਬਹੁਤ ਵਧ ਗਿਆ। ਬੰਦਈ ਆਗੂ ਅਮਰ ਸਿੰਘ ਕੰਬੋਜ ਨੇ ਨੀਲਾ ਰੰਗ ਛਡ ਕੇ ਲਾਲ ਕਪੜੇ ਪਹਿਨਣਾ ਸ਼ੁਰੂ ਕਰਵਾ ਦਿੱਤਾ ਸੀ:

*"**ਨੀਲਾ** ਬੰਦ ਕਰਾਇਆ **ਅੰਬਰ** ਪਹਿਨਣਾ।*
ਸੂਹਾ ਅੰਗ ਲਗਾਇਆ ਇਸ ਦੇ ਸੇਵਕਾਂ।" (**ਸ਼ਹੀਦ ਬਿਲਾਸ**, ਬੰਦ 143)।

ਜਦੋਂ ਭਾਈ ਮਨੀ ਸਿੰਘ ਨੇ 'ਅਕਾਲ ਪੁਰਖੀਆਂ' ਤੇ 'ਬੰਦਈਆਂ' (ਅਖੌਤੀ ਤੱਤ ਖਾਲਸਾ ਤੇ ਬੰਦਈ ਖਾਲਸਾ) ਦਾ ਝਗੜਾ ਹੱਲ ਕਰਵਾਇਆ ਤਾਂ ਉਸ ਨੇ ਬੰਦਈਆਂ ਨੂੰ ਦੋਬਾਰਾ ਨੀਲੇ ਰੰਗ ਦੇ ਕਪੜੇ ਪਹਿਨਾਏ:

"ਝਟਕਾ ਕਰ ਕੇ ਸੂਰ ਕਾ, ਮਨੀ ਸਿੰਘ ਮੰਗਵਾਇ।

ਸੰਗਤ ਸਿੰਘ ਥੀਂ ਆਦਿ ਲੈ, ਬੰਦੀਅਨ ਦਿਓ ਛਕਾਇ। 150॥
ਲਾਇ ਤਨਖ਼ਾਹ ਬਖ਼ਸ਼ੇ ਸਭੀ, ***ਨੀਲੰਬਰ*** *ਪਹਿਨਾਏ।*
ਭਰਮ ਭੇਦ ਸਭ ਮਿਟ ਗਯੋ, ਭਈ ਏਕਤਾ ਆਇ। 151॥
(**ਸ਼ਹੀਦ ਬਿਲਾਸ**, ਬੰਦ 150-51)।

ਭਾਈ ਮਨੀ ਸਿੰਘ ਬਾਰੇ ਜ਼ਿਕਰ ਹੈ:
"*ਸਾਜ ਦੁਮਾਲਾ, ਸ਼ਸਤਰ ਪਹਿਰੈ।*
ਨੀਲੰਬਰ*, ਗਜ ਸਵਾ ਕਛਹਿਰੇ।*" (**ਸ਼ਹੀਦ ਬਿਲਾਸ**, ਬੰਦ 185)

ਗੁਰਦਾਸ ਸਿੰਘ (ਜਿਸ ਦੀ ਵਾਰ ਨੂੰ ਕੁਝ ਲੋਕ ਭੁਲੇਖੇ ਵਿਚ ਭਾਈ ਗੁਰਦਾਸ ਸਮਝਦੇ ਰਹੇ ਸਨ) ਦੀ ਵਾਰ, ਜੋ ਭਾਈ ਵੀਰ ਸਿੰਘ ਨੇ ਭਾਈ ਗੁਰਦਾਸ ਦੀਆਂ ਦੀਆਂ ਵਾਰਾਂ ਦੇ ਨਾਲ 41ਵੀਂ ਵਾਰ ਵਜੋਂ ਛਾਪੀ ਸੀ, ਉਸ ਵਿਚ ਵੀ (ਵੇਖੋ: ਵਾਰਾਂ ਭਾਈ ਗੁਰਦਾਸ, ਸਫ਼ਾ 641) ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ 'ਖੰਡੇ ਦੀ ਪਾਹੁਲ' ਦੇਣ ਸਮੇਂ ਨੀਲੇ ਬਸਤਰ ਪਹਿਨਣ ਬਾਰੇ ਸਾਫ਼ ਲਿਖਿਆ ਹੈ:
ਜਬ ਸਹਿਜੇ ਪ੍ਰਗਟਿਓ ਜਗਤ ਮੈਂ ਗੁਰੁ ਜਾਪ ਅਪਾਰਾ।
ਯੌਂ ਉਪਜੇ ਸਿੰਘ ਭੁਜੰਗੀਏ ***ਨੀਲੰਬਰ*** *ਧਾਰਾ।* (ਪਉੜੀ 15)

ਫਰ, ਹੁਣ, 'ਖੰਡੇ ਦੀ ਪਾਹੁਲ' ਦੇਣ ਵਾਲੇ 'ਪੰਜ ਪਿਆਰਿਆਂ' ਅਤੇ ਜਲੂਸਾਂ ਵਿਚ ਅੱਗੇ ਚੱਲਣ ਵਾਲੇ, ਨੰਗੀਆਂ ਕਿਰਪਾਨਾਂ ਤੇ ਨਿਸ਼ਾਨ ਸਾਹਿਬਾਂ ਵਾਲੇ ਪੰਜ ਸਿੱਖਾਂ ਦੇ ਕਪੜਿਆਂ ਦਾ ਰੰਗ ਨੀਲੇ ਦੀ ਥਾਂ 'ਤੇ ਉਦਾਸੀਆਂ, ਬ੍ਰਾਹਮਣਾਂ ਵਾਲਾ ਰੰਗ ਪੀਲਾ/ਕੇਸਰੀ/ਭਗਵਾ/ਬਸੰਤੀ ਸ਼ੁਰੂ ਹੋ ਗਿਆ ਹੈ। ਇਹ ਲੋਕ ਗੁਰੂ ਦਾ **ਨੀਲੰਬਰ** ਰੰਗ ਭੁੱਲ ਗਏ ਹਨ।

ਨਿਸ਼ਾਨ ਸਾਹਿਬ ਨੀਲੇ ਤੋਂ ਪੀਲਾ/ਕੇਸਰੀ/ਭਗਵਾ/ਬਸੰਤੀ ਕਿਵੇਂ ਬਣਿਆ:

ਮਹਾਰਾਜਾ ਰਣਜੀਤ ਸਿੰਘ ਵੇਲੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੇ ਵਿਚਕਾਰ ਮਹੰਤ ਸੰਤੋਖ ਦਾਸ 'ਉਦਾਸੀ' ਦਾ ਬੁੰਗਾ ਸੀ, ਜਿਸ ਦੇ ਬਾਹਰ ਉਸ ਦਾ 'ਉਦਾਸੀ' ਮੱਤ ਦਾ ਝੰਡਾ ਖੜ੍ਹਾ ਹੁੰਦਾ ਸੀ। ਇਕ ਵਾਰ ਇਹ ਝੰਡਾ ਟੁੱਟ ਕੇ ਡਿੱਗ ਪਿਆ। ਉਨ੍ਹੀਂ ਦਿਨੀਂ ਕੰਵਰ ਨੌਨਿਹਾਲ ਸਿੰਘ ਅੰਮ੍ਰਿਤਸਰ ਆਇਆ ਹੋਇਆ ਸੀ। ਉਸ ਨੇ ਝੰਡਾ ਡਿੱਗਾ ਪਿਆ ਵੇਖ ਕੇ ਨਵਾਂ ਪੱਕਾ ਝੰਡਾ ਬਣਵਾ ਦਿੱਤਾ। ਮਗਰੋਂ ਇਸ ਦੇ ਨਾਲ ਇਕ ਹੋਰ ਝੰਡਾ ਖੜਾ ਕਰ ਦਿੱਤਾ ਗਿਆ (ਜਿਸ ਨੂੰ ਕੁਝ ਸਿੱਖ ਮੀਰੀ-ਪੀਰੀ ਦੇ ਦੋ ਨਿਸ਼ਾਨ ਸਾਹਿਬ ਕਹਿਣ ਲਗ ਪਏ)। ਜਦੋਂ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਉਦਾਸੀ ਮਹੰਤਾਂ (1859-1920) ਦੇ ਹੱਥ ਵਿਚ ਸੀ ਤਾਂ ਉਨ੍ਹਾਂ ਮਹੰਤਾਂ ਨੇ ਝੰਡੇ ਬੁੰਗੇ ਵਾਲੇ ਝੰਡੇ ਦਾ ਰੰਗ, ਉਦਾਸੀਆਂ ਵਾਲਾ ਹੀ ਰਹਿਣ ਦਿੱਤਾ ਸੀ।

ਜਦੋਂ 1920-25 ਵਿਚ ਸਿੱਖਾਂ ਨੇ ਉਦਾਸੀਆਂ ਕੋਲੋਂ ਅਤੇ ਹੋਰਨਾਂ ਮਹੰਤਾਂ ਕੋਲੋਂ ਗੁਰਦੁਆਰਿਆਂ ਦਾ ਕਬਜ਼ਾ ਛੁਡਵਾਇਆ ਤਾਂ ਉਹ ਗੁਰਦੁਆਰਿਆਂ ਵਿਚ ਪ੍ਰਚਲਤ ਕਈ ਅਸਿੱਖ ਕਾਰਵਾਈਆਂ ਨੂੰ ਬੰਦ ਕਰਨਾ ਭੁੱਲ ਗਏ ਸਨ। ਨਿਸ਼ਾਨ ਸਾਹਿਬ ਦਾ ਉਦਾਸੀਆਂ ਵਾਲਾ ਰੰਗ ਇਨ੍ਹਾਂ ਅਸਿੱਖ ਕਾਰਵਾਈਆਂ ਵਿਚੋਂ ਇਕ ਸੀ। ਉਦਾਸੀ ਮਹੰਤਾਂ ਨੇ ਗੁਰਦੁਆਰਿਆਂ 'ਤੇ ਉਦਾਸੀਆਂ ਦੇ ਭਗਵੇ/ਪੀਲੇ ਝੰਡੇ ਲਾਏ ਹੋਏ ਸਨ। ਅਕਾਲੀਆਂ ਨੇ ਉਨ੍ਹਾਂ ਤੋਂ ਗੁਰਦੁਆਰੇ ਤਾਂ ਆਜ਼ਾਦ ਕਰਵਾ ਲਏ ਪਰ ਉਨ੍ਹਾਂ ਦੇ ਝੰਡੇ ਉਤਾਰ ਕੇ ਖਾਲਸਾਈ ਝੰਡੇ ਲਾਉਣਾ ਭੁੱਲ ਗਏ। ਇਸੇ ਕਰ ਕੇ ਬਹੁਤੇ ਗੁਰਦੁਆਰਿਆਂ 'ਤੇ ਅੱਜ ਵੀ ਉਦਾਸੀਆਂ ਦੇ ਪੀਲੇ, ਬਸੰਤੀ, ਭਗਵੇ ਝੰਡੇ ਝੁੱਲ ਰਹੇ ਹਨ, ਪਰ ਨਿਹੰਗਾਂ ਦੀਆਂ ਛਾਉਣੀਆਂ 'ਤੇ ਸਿਰਫ਼ ਸਿੱਖਾਂ ਦੇ ਨਿਸ਼ਾਨ ਸਾਹਿਬ ਝੂਲਦੇ ਹਨ ਕਿਉਂਕਿ ਇਨ੍ਹਾਂ ਛਾਉਣੀਆਂ ਅਤੇ ਉਨ੍ਹਾਂ ਦੇ ਕਬਜ਼ੇ ਹੇਠਲੇ ਗੁਰਦੁਆਰਿਆਂ 'ਤੇ ਉਦਾਸੀਆਂ ਦਾ ਕਬਜ਼ਾ ਨਹੀਂ ਸੀ ਤੇ ਉੱਥੇ ਸਿੱਖੀ ਦਾ ਖਾਲਸ ਰੰਗ ਕਾਇਮ ਰਿਹਾ ਸੀ।

ਹੁਣ ਬੇਸਮਝ ਸਿੱਖਾਂ ਨੇ ਵੀ ਪੀਲੇ/ਭਗਵੇ/ਕੇਸਰੀ ਰੰਗ ਨੂੰ ਜਿਵੇਂ ਕਿ ਸਿੱਖ-ਰੰਗ ਵਜੋਂ ਮਨਜ਼ੂਰ ਕਰ ਲਿਆ ਜਾਪਦਾ ਹੈ ਜੋ ਕਿ ਗ਼ਲਤ ਹੈ। ਨਿਹੰਗ, ਜੋ ਕਿ ਸਿੱਖ ਕੌਮ ਦੇ ਝੰਡਾ ਫੜ ਕੇ ਜੰਗਾਂ ਦੌਰਾਨ ਅੱਗੇ ਚਲਿਆ ਕਰਨ ਵਾਲੇ (ਨਿਸ਼ਾਨਚੀ) ਸਨ, ਉਨ੍ਹਾਂ ਨੇ ਨਿਸ਼ਾਨ ਸਾਹਿਬ ਦਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੇਲੇ ਦਾ ਨੀਲਾ ਰੰਗ ਅਜ ਤਕ ਕਾਇਮ ਰੱਖਿਆ ਹੈ।

ਵਧੇਰੇ ਜਾਣਕਾਰੀ ਵਾਸਤੇ ਵੇਖੋ: ਇਸੇ ਲੇਖਕ ਦੀਆਂ ਕਿਤਾਬਾਂ ਦ ***ਸਿੱਖ ਕਲਚਰ*** *(ਅੰਗ੍ਰੇਜ਼ੀ),* ***ਅਨੰਦਪੁਰ ਸਾਹਿਬ*** *(ਪੰਜਾਬੀ ਤੇ ਅੰਗ੍ਰੇਜ਼ੀ), ਗਿਆਨੀ ਗਰਜਾ ਸਿੰਘ ਸੰਪਾਦਤ* ***ਸ਼ਹੀਦ ਬਿਲਾਸ****, ਪਿਆਰਾ ਸਿੰਘ ਪਦਮ ਸੰਪਾਦਤ* ***ਗੁਰੂ ਕੀਆਂ ਸਾਖੀਆਂ****।*

ਸਿੱਖਾਂ ਦਾ ਕੌਮੀ ਤਰਾਨਾ

ਕੌਮੀ ਤਰਾਨਾ (ਨੈਸ਼ਨਲ ਐਂਥਮ) ਉਸ ਗੀਤ/ਕਵਿਤਾ ਨੂੰ ਕਹਿੰਦੇ ਹਨ ਜੋ ਕੌਮ ਦੇ ਸਿਆਸੀ, ਮਾਲੀ ਤੇ ਕਲਚਰਲ ਨਿਸ਼ਾਨਿਆਂ ਦਾ ਇਜ਼ਹਾਰ ਕਰੇ। ਇਹ ਆਮ ਤੌਰ ’ਤੇ ਦੋ ਤੋਂ ਚਾਰ ਕੂ ਲਾਈਨਾਂ ਦਾ ਹੁੰਦਾ ਹੈ ਜਿਸ ਵਿਚ ਵਧੇਰੇ ਕਰ ਕੇ ਅਕਾਲ ਪੁਰਖ ਦਾ ਸ਼ੁਕਰੀਆ, ਕੌਮ ਦੀ ਖ਼ੁਦਮੁਖ਼ਤਿਆਰੀ ਦੇ ਅਧਾਰ, ਕੌਮੀ ਨਿਸ਼ਾਨਾ ਵਗ਼ੈਰਾ ਦਰਸਾਇਆ ਹੁੰਦਾ ਹੈ। ਇੰਗਲੈਂਡ ਵਿਚ ‘ਗੌਡ ਸੇਵ ਦ ਕਿੰਗ’, ਕਨੇਡਾ ਵਿਚ ‘ਓ ਕਨੇਡਾ...’ ਵਗ਼ੈਰਾ ਕੌਮੀ ਗੀਤ ਹਨ। 1914 ਵਿਚ ਜਦ ਭਾਰਤ ਵਿਚ ਇੰਗਲੈਂਡ ਦਾ ਬਾਦਸ਼ਾਹ ਜਾਰਜ ਪੰਜਮ ਆਇਆ ਤਾਂ ਉਸ ਨੂੰ ‘ਜੀ ਆਇਆਂ’ ਕਹਿਣ ਵਾਸਤੇ ਟੈਗੋਰ ਤੋਂ ਇਕ ਕਵਿਤਾ ਲਿਖਵਾਈ ਗਈ ਸੀ। ਇਸ ਕਵਿਤਾ ‘ਜਨ ਗਣ ਮਨ...’ ਨੂੰ ਹੁਣ ਭਾਰਤ ਆਪਣਾ ਕੌਮੀ ਤਰਾਨਾ ਕਹਿੰਦਾ ਹੈ। ਇੰਞ ਹੀ ‘ਬੰਦੇ ਮਾਤਰਮ...’ ਨੂੰ ਮੂਲਵਾਦੀ ਹਿੰਦੂ ਜਮਾਤਾਂ ਆਪਣਾ ਕੌਮੀ ਤਰਾਨਾ ਕਹਿ ਕੇ ਪੜ੍ਹਦੀਆਂ ਹਨ।

ਕੁਝ ਲੋਕ “ਦੇਹਿ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ” ਨੂੰ ਸਿੱਖਾਂ ਦਾ ਕੌਮੀ ਤਰਾਨਾ/ਗੀਤ ਸਮਝਦੇ ਹਨ। ਉਹ ਇਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾ ਮੰਨਣ ਦੀ ਗ਼ਲਤੀ ਵੀ ਕਰਦੇ ਹਨ। ਇਹ ਕਵਿਤਾ ਗੁਰੂ ਲਿਖਤ ਨਹੀਂ ਹੋ ਸਕਦੀ ਕਿਉਂਕਿ ਇਸ ਵਿਚ ‘ਸ਼ਿਵਾ’ ਕੋਲੋਂ ‘ਵਰ’ ਮੰਗਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਅਕਾਲ ਪੁਰਖ ਨੂੰ ਛੱਡ ਕੇ ਕਿਸੇ ਮਨੋਕਲਪਿਤ/ਮਿਥਹਾਸਕ ‘ਸ਼ਿਵ’ ਜਾਂ ਉਸ ਦੀ ‘ਸ਼ਿਵਾ’ (ਪਾਰਬਤੀ) ਕੋਲੋਂ ਹਰਗਿਜ਼ ਕੋਈ ‘ਵਰ’ ਨਹੀਂ ਸਨ ਮੰਗ ਸਕਦੇ। ਇਸ ਨੂੰ ਗੁਰੂ ਲਿਖਤ ਕਹਿਣਾ ਗੁਰੂ ਸਾਹਿਬ ਦੀ ਬੇਅਦਬੀ ਕਰਨਾ ਹੈ। ਇਸ ਦੇ ਹਿਮਾਇਤੀ ‘ਸ਼ਿਵਾ’ ਦਾ ਮਾਅਨਾ ‘ਅਕਾਲ ਪੁਰਖ’ ਕਰਦੇ ਹਨ ਜੋ ਕਿ ਸਰਾਸਰ ਗ਼ਲਤ ਹੈ। ਹਿੰਦੂ ਮਿਥਹਾਸ ਦੀਆਂ ਕਿਤਾਬਾਂ ਅਤੇ ਉਨ੍ਹਾਂ ਦੇ ਤਰਜਮਿਆਂ ਵਿਚ ‘ਸ਼ਿਵਾ’, ‘ਸ਼ਿਵ’ ਤੇ ਅਜਿਹੇ ਹੋਰ ਹਿੰਦੂ ਮਿਥਹਾਸਕ ਤੇ ਕਾਲਪਨਿਕ ਅਖੌਤੀ ਦੇਵੀ-ਦੇਵਤਿਆਂ ਦਾ ਜ਼ਿਕਰ ਬਹੁਤ ਜਗਹ ਮਿਲਦਾ ਹੈ। ਉੱਥੇ ਕਿਤੇ ਵੀ ਇਹ ਲਫ਼ਜ਼ ਰੱਬ ਵਾਸਤੇ ਨਹੀਂ ਵਰਤੇ ਗਏ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਕਵਿਤਾ ਵਿਚ ਸ਼ਿਵਾ ਦਾ ਨਾਂ ਨਾ ਹੋਵੇ ਤਾਂ ਇਸ ਵਿਚ ਬਹੁਤ ਚੰਗੀਆਂ ਗੱਲਾਂ ਵੀ ਹਨ ਪਰ ਇਸ ਦਾ ਮਤਲਬ ਇਹ ਨਹੀਂ ਕਿ ‘ਕੁਝ ਚੰਗੇ ਲਫ਼ਜ਼’ ਹੋਣ ਕਾਰਨ ਇਕ ਗ਼ਲਤ ਕਵਿਤਾ ਨੂੰ ਸਿੱਖ ਆਪਣਾ ਕੌਮੀ ਤਰਾਨਾ ਮੰਨ/ਬਣਾ ਲੈਣ।

‘ਦੇਹਿ ਸ਼ਿਵਾ...’ ਵਾਲਾ ਗੀਤ ਸਭ ਤੋਂ ਪਹਿਲਾਂ ਆਰ.ਐਸ.ਐਸ. ਦੀਆਂ ਸ਼ਾਖ਼ਾਵਾਂ ਵਿਚ ਪੜ੍ਹਿਆ ਜਾਣਾ ਸ਼ੁਰੂ ਹੋਇਆ ਸੀ, ਜਿਸ ਨੂੰ ਕੁਝ ਭੋਲੇ ਤੇ ਅਣਜਾਣ ਸਿੱਖਾਂ ਨੇ ਅਪਣਾ ਲਿਆ। ਹੁਣ ਇਹ ਬੀਮਾਰੀ ਕਈ ਜਗਹ ਵੇਖੀ ਜਾ ਸਕਦੀ ਹੈ। ਪਰ ਸੂਝਵਾਨ ਸਿੱਖ ਹੁਣ ਇਸ ਗੀਤ ਨੂੰ ‘ਕੌਮੀ ਤਰਾਨਾ’ ਵਜੋਂ ਨਹੀਂ ਪੜ੍ਹਦੇ।

ਸਿੱਖਾਂ ਦਾ ਕੌਮੀ ਤਰਾਨਾ ਹੈ: **ਦੇਗ਼-ਓ-ਤੇਗ਼-ਫ਼ਤਹਿ-ਓ- ਨੁਸਰਤ ਬੇਦਰੰਗ, ਯਾਫ਼ਤ ਅਜ਼ ਨਾਨਕ - ਗੁਰੂ ਗੋਬਿੰਦ ਸਿੰਘ** (ਮਾਅਨਾ: ਕੌਮ ਨੂੰ ਮਾਲੀ, ਸਿਆਸੀ

ਤਾਕਤ ਅਤੇ ਸਦੀਵੀ ਜਿੱਤ, ਸਿੱਖ ਕੌਮ ਨੂੰ, ਬਿਨਾਂ ਢਿੱਲ ਦੇ, ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਖ਼ਸ਼ਿਸ਼ ਸਦਕਾ ਮਿਲੀ ਹੈ)।

ਕੌਮੀ ਤਰਾਨਾ "ਦੇਗ਼-ਓ-ਤੇਗ਼-ਓ-ਫ਼ਤਹਿ..." 1948 ਤਕ ਸਿੱਖ ਰਾਜਿਆਂ ਦੇ ਸਮਾਗਮਾਂ ਦੌਰਾਨ ਗਾਇਆ ਜਾਂਦਾ ਹੁੰਦਾ ਸੀ ਅਤੇ ਇਸ ਦੀ ਰਿਕਾਰਡਿੰਗ ਦਾ ਐਲ.ਪੀ. ਵੀ ਮੌਜੂਦ ਸਨ। (ਇਸ ਦਾ ਜ਼ਿਕਰ ਦੇਖੋ: **ਮਹਾਨਕੋਸ਼**, ਭਾਈ ਕਾਨ੍ਹ ਸਿੰਘ ਨਾਭਾ, ਸਫ਼ਾ 1165)।

ਮੁਜ਼ਾਹਰਿਆਂ/ਜਲੂਸਾਂ 'ਚ ਨੰਗੀਆਂ ਕਿਰਪਾਨਾਂ

ਪਿਛਲੇ ਕੁਝ ਸਾਲਾਂ ਤੋਂ (ਖ਼ਾਸ ਕਰ ਕੇ 1984 ਤੋਂ ਮਗਰੋਂ) ਸਿੱਖ ਜਲੂਸਾਂ ਵਿਚ ਅੱਗੇ ਚੱਲਣ ਵਾਲੇ ਪੰਜ ਸਿੱਖਾਂ ਦੇ ਹੱਥਾਂ ਵਿਚ ਨੰਗੀਆਂ ਕਿਰਪਾਨਾਂ ਫੜਾਉਣ ਦਾ ਰਿਵਾਜ਼ ਚਲ ਪਿਆ ਹੈ। ਪਹਿਲਾਂ ਵੀ ਨਗਰ ਕੀਰਤਨ ਅਤੇ ਜਲੂਸ ਨਿਕਲਦੇ ਸਨ। ਉਨ੍ਹਾਂ ਵਿਚ ਵੀ ਪੰਜ ਸਿੱਖ ਅੱਗੇ-ਅੱਗੇ ਪੰਜ ਨਿਸ਼ਾਨ ਸਾਹਿਬ ਚੁੱਕ ਕੇ ਚੱਲਿਆ ਕਰਦੇ ਸਨ। ਪਰ ਉਨ੍ਹਾਂ ਦੇ ਹੱਥਾਂ ਵਿਚ ਕਿਰਪਾਨਾਂ ਨਹੀਂ ਹੁੰਦੀਆਂ ਸਨ; ਤੇ ਨੰਗੀਆਂ ਕਿਰਪਾਨਾਂ ਦਾ ਤਾਂ ਸਵਾਲ ਹੀ ਨਹੀਂ ਸੀ ਹੁੰਦਾ।

1978 ਵਿਚ ਅੰਮ੍ਰਿਤਸਰ ਵਿਚ 13 ਸਿੱਖਾਂ ਦੇ ਕਤਲ ਮਗਰੋਂ ਕੁਝ ਜਗਹ ਪ੍ਰੋਟੈਸਟ ਜਲੂਸ ਕੱਢੇ ਗਏ। ਇਨ੍ਹਾਂ ਵਿਚ ਕੁਝ ਸਿੱਖ ਕਿਰਪਾਨਾਂ ਚੁੱਕੀ ਆਪਣਾ ਰੋਹ ਦਿਖਾਂਦੇ ਨਜ਼ਰ ਆਏ ਸਨ। ਇਹ ਨਹੀਂ ਕਿਹਾ ਜਾ ਸਕਦਾ ਕਿ ਕਿਰਪਾਨਾਂ ਉਨ੍ਹਾਂ ਨੇ ਆਪ ਕੱਢੀਆਂ ਸਨ ਕਿ ਕਿਸੇ ਨੇ ਉਨ੍ਹਾਂ ਤੋਂ ਅਜਿਹਾ ਕਰਵਾਇਆ ਸੀ। ਪਰ, ਇਹ ਸਿੱਖਾਂ ਦੇ ਫ਼ਾਇਦੇ ਵਿਚ ਨਹੀਂ ਸੀ। ਇਸ ਦਾ ਮਤਲਬ ਸਾਫ਼ ਇਹ ਸੀ ਕਿ ਸਿੱਖਾਂ ਨੂੰ ਇਕ ਦਹਿਸ਼ਤਗਰਦ ਟੋਲਾ ਸਾਬਿਤ ਕੀਤਾ ਜਾਵੇ। ਭੋਲੇ/ਬੇਸਮਝ ਸਿੱਖ ਇਸ ਨੂੰ ਸਮਝ ਨਾ ਸਕੇ ਤੇ ਇਸ ਮਗਰੋਂ ਉਨ੍ਹਾਂ ਨੇ ਹਥਿਆਰਾਂ ਦਾ ਦਿਖਾਵਾ ਇਕ ਆਮ ਕਾਰਵਾਈ ਬਣਾ ਲਿਆ। ਉਨ੍ਹਾਂ ਨੂੰ ਇਹ ਸਮਝ ਨਾ ਆਈ ਕਿ ਮੀਡੀਆ ਵਾਲੇ ਸਿੱਖਾਂ ਦੀਆਂ ਨੰਗੀਆਂ ਕਿਰਪਾਨਾਂ ਦੀ ਨੁਮਾਇਸ਼ ਕਰ ਕੇ ਉਨ੍ਹਾਂ ਨੂੰ ਦਹਿਸ਼ਤਗਰਦ, ਤਸ਼ੱਦਦ-ਪਸੰਦ, ਹਮਲਾਵਰ ਸੋਚ ਦੇ, ਕਾਨੂੰਨ ਆਪਣੇ ਹੱਥ ਵਿਚ ਲੈਣ ਵਾਲੇ ਸਾਬਿਤ ਕਰਦੇ ਸਨ। ਇਸ ਨਾਲ ਸਿੱਖਾਂ ਦੀ ਬਹਾਦਰੀ ਦਾ ਇਜ਼ਹਾਰ ਨਹੀਂ ਸੀ ਹੁੰਦਾ ਬਲਕਿ ਬਦਨਾਮੀ ਹੁੰਦੀ ਸੀ।

ਇਹ ਕਿਹਾ ਜਾ ਸਕਦਾ ਹੈ ਕਿ ਕਿਰਪਾਨ ਤਾਂ ਸਿੱਖ ਦਾ ਕਕਾਰ ਹੈ। ਠੀਕ ਹੈ, ਪਰ ਜੇ ਇਹ ਕਕਾਰ ਹੈ ਤਾਂ ਇਹ ਦਹਿਸ਼ਤ ਦੇ ਦਿਖਾਵੇ ਵਾਸਤੇ ਨਹੀਂ ਹੈ ਬਲਕਿ "ਜ਼ਾਲਮ ਨੂੰ ਸਜ਼ਾ ਦੇਣ ਵਾਸਤੇ ਵਰਤਣ ਲਈ" ਹੈ। ਇਸ ਨੂੰ ਬੇਸ਼ਕ ਵਰਤੋ ਪਰ ਨੁਮਾਇਸ਼ ਨਾ ਕਰੋ। ਇਹ ਆਮ ਦੇਖਿਆ ਗਿਆ ਹੈ ਕਿ ਕਿਰਪਾਨਾਂ ਲਹਿਰਾਈਆਂ ਤਾਂ ਜਾਂਦੀਆਂ ਹਨ ਪਰ ਜਦ ਅੱਗੋਂ ਕੋਈ ਆਵੇ ਤਾਂ ਇਨ੍ਹਾਂ ਨੂੰ ਚੁੱਕਣ ਵਲੇ ਭੱਜਣ ਲੱਗਿਆ ਪਲ ਵੀ ਨਹੀਂ ਲਾਉਂਦੇ। ਸਿੱਖਾਂ ਨੂੰ ਜਲੂਸਾਂ ਵਗ਼ੈਰਾ ਵਿਚ ਨੰਗੀਆਂ ਕਿਰਪਾਨਾਂ ਦੀ ਨੁਮਾਇਸ਼ ਬੰਦ ਕਰਨੀ ਚਾਹੀਦੀ ਹੈ। ਹਾਂ! ਜੇ ਕਰ ਕੋਈ ਅਠਾਰਵੀਂ ਸਦੀ ਦੇ ਸਿੱਖਾਂ ਵਾਂਗ ਐਕਸ਼ਨ ਕਰਨਾ ਚਾਹੁੰਦਾ ਹੈ ਤਾਂ ਚੁੱਪ ਕਰ ਕੇ ਅਜਿਹਾ ਕਰੇ; ਪਰ ਇਸ ਨੂੰ ਡਰਾਮਾ ਨਾ ਬਣਾਇਆ ਜਾਵੇ।

ਪਾਲ ਸਿੰਘ ਪੁਰੇਵਾਲ ਦੇ
'ਨਾਨਕਸ਼ਾਹੀ' ਕੈਲੰਡਰ ਦੀ ਅਸਲੀਅਤ

28 ਮਾਰਚ 2003 ਦੇ ਦਿਨ ਸ਼੍ਰੋਮਣੀ ਕਮੇਟੀ ਵੱਲੋਂ ਕਨੇਡਾ ਦੇ ਪਾਲ ਸਿੰਘ ਪੁਰੇਵਾਲ ਦਾ ਤਿਆਰ ਕੀਤਾ ਕੈਲੰਡਰ ਵਿਚਾਰਿਆ ਗਿਆ ਸੀ। ਇਸ ਮੀਟਿੰਗ ਵਿਚ ਇਸ ਕੈਲੰਡਰ ਨੂੰ ਸਰਬ ਸੰਮਤੀ ਨਾਲ ਪਾਸ ਨਹੀਂ ਸੀ ਕੀਤਾ ਗਿਆ। ਇਸ ਮੀਟਿੰਗ ਵਿਚ ਇਸ ਲੇਖਕ (ਡਾਕਟਰ ਹਰਜਿੰਦਰ ਸਿੰਘ ਦਿਲਗੀਰ) ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੀ ਆਪਣੀ ਬਣਾਈ ਕਮੇਟੀ ਦੇ ਕਈ ਮੈਂਬਰਾਂ ਨੇ ਵੀ ਇਸ ਕੈਲੰਡਰ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ ਸੀ ਤੇ ਇਸ ਨੂੰ ਨਾ-ਮਨਜ਼ੂਰ ਕੀਤਾ ਸੀ। ਸਾਡਾ ਸਾਰਿਆਂ ਦਾ ਵਿਚਾਰ ਸੀ ਕਿ ਪਾਲ ਸਿੰਘ ਪੁਰੇਵਾਲ ਦਾ ਕੈਲੰਡਰ ਸਿੱਖ ਕੈਲੰਡਰ ਅਖਵਾਉਣ ਦਾ ਹੱਕਦਾਰ ਨਹੀਂ ਹੋ ਸਕਦਾ। ਮੈਂ ਤਾਂ ਇਹ ਕਹਾਂਗਾ ਕਿ ਇਹ ਪੰਥ ਨਾਲ ਇਸ ਸਦੀ ਦਾ ਸਭ ਤੋਂ ਵੱਡਾ ਧੱਕਾ ਹੈ।

ਮੈਂ ਤਾਂ ਪੁਰੇਵਾਲ ਦੇ 1997 ਵਿਚ ਬਣਾਏ ਕੈਲੰਡਰ ਨੂੰ ਪਹਿਲੋਂ ਵੀ ਰੱਦ ਕਰ ਚੁਕਾ ਸੀ। ਮੈਂ 1999 ਦੇ ਸ਼ੁਰੂ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਈ ਇਕ ਸਰਬ ਪਾਰਟੀ ਮੀਟਿੰਗ ਵਿਚ ਇਸ ਨੂੰ ਮੁਲਤਵੀ ਕਰਨ ਦਾ ਪਤਾ ਵੀ ਪਾਸ ਕਰਵਾਇਆ ਸੀ। ਇਸ ਮਗਰੋਂ 2002 ਦੇ ਅਖ਼ੀਰ ਵਿਚ ਤੇ 2003 ਦੇ ਸ਼ੁਰੂ ਵਿਚ ਸ਼੍ਰੋਮਣੀ ਕਮੇਟੀ ਦੀ ਧਰਮ ਪਰਚਾਰ ਕਮੇਟੀ ਦੀਆਂ ਮੀਟਿੰਗਾਂ ਵਿਚ ਵੀ ਸਿੱਖ ਕੈਲੰਡਰ ਬਾਰੇ ਵਿਚਾਰਾਂ ਹੋਈਆਂ ਸਨ। ਸ਼੍ਰੋਮਣੀ ਕਮੇਟੀ ਦੀ 11 ਮੈਂਬਰੀ ਕਮੇਟੀ ਦੇ ਚੇਅਰਮੈਨ ਡਾਕਟਰ ਦਰਸ਼ਨ ਸਿੰਘ ਨੇ ਫ਼ਰਵਰੀ 2003 ਵਿਚ ਮੇਰੇ ਨਾਲ ਇਸ ਕੈਲੰਡਰ ਬਾਰੇ ਵਿਚਾਰਾਂ ਕੀਤੀਆਂ। ਮੈਂ ਉਨ੍ਹਾਂ ਨੂੰ ਇਸ ਕੈਲੰਡਰ ਦੇ ਪਿਛੋਕੜ ਵਿਚਲਾ ਅਸਲ ਨਕਸ਼ਾ ਦਸਿਆ ਤਾਂ ਉਨ੍ਹਾਂ ਨੇ ਇਸ ਬਾਰੇ ਧਰਮ ਪਰਚਾਰ ਕਮੇਟੀ ਦੀ ਮੀਟਿੰਗ ਵਿਚ ਗੱਲਬਾਤ ਕਰਨ ਦਾ ਵਾਇਦਾ ਕੀਤਾ। ਇਕ ਮੀਟਿੰਗ ਮਗਰੋਂ ਉਨ੍ਹਾਂ ਨੇ ਮੈਨੂੰ ਦਸਿਆ ਕਿ ਅਸੀ (ਧਰਮ ਪਰਚਾਰ ਕਮੇਟੀ ਨੇ) ਗਰੈਗੋਰੀਅਨ ਕੈਲੰਡਰ ਹੀ ਲਾਗੂ ਕਰਨ ਅਤੇ ਗੁਰਪੁਰਬਾਂ ਦੀਆਂ ਪੱਕੀਆਂ ਤਾਰੀਖ਼ਾਂ ਨੀਅਤ ਕਰਨ ਦਾ ਫ਼ੈਸਲਾ ਕਰ ਲਿਆ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਜਿਵੇਂ ਗੁਰੂ ਨਾਨਕ ਸਾਹਿਬ ਦਾ ਪੁਰਬ 1469 ਵਿਚ ਕੱਤਕ ਦੀ ਪੂਰਨਮਾਸ਼ੀ ਦੇ ਦਿਨ 20 ਅਕਤੂਬਰ 1469 ਨੂੰ ਸੀ; ਸੋ ਇਹ ਦਿਨ ਹਰ ਸਾਲ 20 ਅਕਤੂਬਰ ਨੂੰ ਮਨਾਇਆ ਜਾਇਆ ਕਰੇਗਾ। ਇੰਵ ਹੀ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਪੁਰਬ ਹਰ ਸਾਲ 30 ਮਈ, ਗੁਰੂ ਤੇਗ਼ ਬਹਾਦਰ ਸਾਹਿਬ ਦਾ ਸ਼ਹੀਦੀ ਦਿਨ ਹਰ ਸਾਲ 11 ਨਵੰਬਰ ਨੂੰ ਮਨਾਇਆ ਜਾਇਆ ਕਰੇਗਾ। ਉਨ੍ਹਾਂ ਦਸਿਆ ਕਿ ਗਰੈਗੋਰੀਅਨ ਮਹੀਨਿਆਂ ਦੇ ਨਾਲ ਨਾਲ ਬਿਕਰਮੀ ਮਹੀਨਿਆਂ ਦੇ ਨਾਂ ਵੀ ਦੇ ਦਿਤੇ ਜਾਇਆ ਕਰਨਗੇ। ਹਾਲਾਂ ਕਿ ਮੈਂ ਬਿਕਰਮੀ ਮਹੀਨਿਆਂ ਦੇ ਨਾਂ ਦੇਣ ਦੇ ਖ਼ਿਲਾਫ਼ ਸੀ ਪਰ ਮੈਂ ਉਨ੍ਹਾਂ ਨੂੰ ਇਸ ਦੀ ਮੁਬਾਰਿਕ ਦਿਤੀ ਤੇ ਕਿਹਾ ਕਿ ਹੁਣ ਕੈਲੰਡਰ ਦਾ ਝਗੜਾ ਸਦਾ ਵਾਸਤੇ ਖ਼ਤਮ ਹੋ ਜਾਵੇਗਾ। ਇਸ ਦੇ ਨਾਲ ਹੀ ਸਿੱਖ ਸਾਰੀ ਦੁਨੀਆਂ ਦੇ ਕੌਮਾਂਤਰੀ ਕੈਲੰਡਰ ਨਾਲ ਵੀ ਜੁੜ ਜਾਣਗੇ ਤੇ ਗੁਰਪੁਰਬਾਂ ਦੀਆਂ ਤਾਰੀਖ਼ਾਂ ਦਾ ਰੌਲ ਘਚੋਲਾ ਵੀ ਸਦਾ ਵਾਸਤੇ ਮੁਕ ਜਾਵੇਗਾ।

21 ਮਾਰਚ 2003 ਦੇ ਦਿਨ ਮੈਂ ਦਿੱਲੀ ਗੁਰਦੁਆਰਾ ਕਮੇਟੀ ਦੇ ਸਮਾਗਮ ਵਿਚ ਹੋਲਾ ਮਹੱਲਾ ਦੇ ਸਬੰਧ ਵਿਚ ਲੈਕਚਰ ਕਰਨ ਗਿਆ ਹੋਇਆ ਸੀ ਤਾਂ ਉੱਥੇ ਫ਼ੋਨ ਤੇ ਡਾਕਟਰ ਦਰਸ਼ਨ ਸਿੰਘ ਜੀ ਨੇ ਮੈਨੂੰ ਕਿਹਾ ਕਿ ਸਿੱਖ ਤਵਾਰੀਖ਼ ਦੀਆਂ ਕੁਝ ਤਾਰੀਖ਼ਾਂ ਦਾ ਮਸਲਾ ਹੈ ਤੇ ਮੈਂ (ਡਾਕਟਰ ਦਿਲਗੀਰ) ਵੀ ਇਸ ਵਿਚ ਮਦਦ ਕਰਨ ਵਾਸਤੇ ਕੈਲੰਡਰ ਕਮੇਟੀ ਦੀ 23 ਤਾਰੀਖ਼ ਨੂੰ ਹੋਣ ਵਾਲੀ ਮੀਟਿੰਗ ਵਿਚ ਸ਼ਾਮਿਲ ਹੋਵਾਂ। ਹਾਲਾਂ ਕਿ ਮੈਂ ਸਿੱਖ ਐਨਸਾਈਕਲੋਪੀਡੀਆ ਦੀ ਸੀ.ਡੀ. ਤਿਆਰ ਕਰਨ ਵਿਚ ਰੁਝਿਆ ਹੋਇਆ ਸੀ ਤੇ ਮੇਰੇ ਕੋਲ ਸਮਾਂ ਨਹੀਂ ਸੀ ਪਰ ਕਿਉਂ ਕਿ ਮੇਰੇ ਦਿਮਾਗ਼ ਵਿਚ ਇਹ ਨਕਸ਼ਾ ਸੀ ਕਿ ਸ਼੍ਰੋਮਣੀ ਕਮੇਟੀ ਨੇ ਗਰੈਗੋਰੀਅਨ ਕੈਲੰਡਰ ਵਾਲਾ ਫ਼ਾਰਮੂਲਾ ਮੰਨ ਲਿਆ ਹੈ ਸੋ ਮੈਂ ਸ਼੍ਰੋਮਣੀ ਕਮੇਟੀ ਦੀ ਕੇਲੰਡਰ ਕਮੇਟੀ ਦੀ ਸਬ-ਕਮੇਟੀ ਦੀ ਮੀਟਿੰਗ ਵਿਚ ਸ਼ਾਮਿਲ ਹੋਣ ਵਾਸਤੇ ਰਾਜ਼ੀ ਹੋ ਗਿਆ।

23 ਮਾਰਚ 2003 ਦੇ ਦਿਨ ਇਹ ਮੀਟਿੰਗ ਡਾਕਟਰ ਤਿਰਲੋਚਨ ਸਿੰਘ ਦੇ ਬੇਟੇ ਸ: ਅਨੁਰਾਗ ਸਿੰਘ ਦੇ ਘਰ ਲੁਧਿਆਣਾ ਵਿਚ ਹੋਈ। ਇਸ ਮੀਟਿੰਗ ਵਿਚ ਅਨੁਰਾਗ ਸਿੰਘ ਤੇ ਮੇਰੇ ਤੋਂ ਇਲਾਵਾ ਡਾਕਟਰ ਦਰਸ਼ਨ ਸਿੰਘ, ਡਾਕਟਰ ਕਿਰਪਾਲ ਸਿੰਘ, ਪਾਲ ਸਿੰਘ ਪੁਰੇਵਾਲ ਵੀ ਸ਼ਾਮਿਲ ਸਨ। ਇਸ ਮੌਕੇ ਤੇ ਅਸੀਂ ਕੁਝ ਤਾਰੀਖ਼ਾਂ ਵੀ ਸਹੀ ਕੀਤੀਆਂ ਪਰ ਬਾਅਦ ਵਿਚ ਪਤਾ ਲਗਾ ਕਿ ਪਾਲ ਸਿੰਘ ਪੁਰੇਵਾਲ ਨੇ ਉਨ੍ਹਾਂ ਵਿੱਚੋਂ ਕਈ ਤਾਰੀਖ਼ਾਂ ਆਪੇ ਬਦਲ ਲਈਆਂ ਸਨ।ਮੀਟਿੰਗ ਦੇ ਅਖ਼ੀਰ ਵਿਚ ਪਤਾ ਲਗਾ ਕਿ ਪਾਲ ਸਿੰਘ ਤਾਂ ਇਸ ਨੂੰ ਬਿਕਰਮੀ ਕੈਲੰਡਰ ਵਰਗਾ ਹੀ (ਚੇਤਰ-ਵਿਸਾਖ ਪੈਟਰਨ ਹੀ ਨਹੀਂ ਬਲਕਿ ਸੰਗਰਾਂਦਾਂ, ਮੱਸਿਆ ਤੇ ਪੂਰਨਮਾਸ਼ੀਆਂ ਵੀ) ਇਕ ਹੋਰ ਕੈਲੰਡਰ ਬਣਾਉਣ ਸੀ ਸਕੀਮ ਬਣਾ ਰਿਹਾ ਹੈ ਤਾਂ ਮੈਂ ਉਸੇ ਮੌਕੇ ਹੀ ਇਸ ਦੀ ਮੁਖ਼ਾਲਫ਼ਤ ਕੀਤੀ। ਪਰ ਪੁਰੇਵਾਲ ਤਾਂ ਕਿਸੇ ਸਕੀਮ ਹੇਠ ਹੀ ਕੰਮ ਕਰ ਰਿਹਾ ਸੀ ਤੇ ਕੈਲੰਡਰ ਕਮੇਟੀ ਨੂੰ ਵੀ ਉਸ ਦੀ ਸਾਜਿਸ਼ ਦਾ ਪਤਾ ਹੀ ਨਹੀਂ ਸੀ ਲਗ ਰਿਹਾ।

ਮੈਂ 23 ਤਾਰੀਖ਼ ਦੀ ਲੁਧਿਆਣਾ ਵਿਚ ਹੋਈ ਮੀਟਿੰਗ ਵਿਚ ਵੀ ਤੇ 29 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਤੇ ਹੋਈ ਮੀਟਿੰਗ ਵਿਚ ਵੀ ਵਾਰਨਿੰਗ ਦਿਤੀ ਸੀ ਕਿ ਜੋ ਕੈਲੰਡਰ ਪੁਰੇਵਾਲ ਨੇ ਬਣਾਇਆ ਹੈ ਉਹ ਸਿੱਖਾਂ ਨੂੰ ਪੱਕੇ ਬਿਪਰਨ (ਬ੍ਰਾਹਮਣਵਾਦੀ) ਬਣਾਉਂਦਾ ਹੈ ਤੇ ਅਫ਼ਸੋਸ ਦਾ ਮੁਕਾਮ ਹੈ ਕਿ ਉਸ 'ਤੇ ਮੋਹਰ ਸ਼੍ਰੋਮਣੀ ਕਮੇਟੀ ਲਾ ਰਹੀ ਹੈ। ਇਹ ਪਾਪ ਸਿੱਖ ਤਵਾਰੀਖ਼ ਮੁਆਫ਼ ਨਹੀਂ ਕਰੇਗੀ ।

ਪੁਰੇਵਾਲ ਦੀ ਪਲਾਨਿੰਗ ਏਨੀ ਜ਼ਬਰਦਸਤ ਸੀ ਕਿ ਸ਼੍ਰੋਮਣੀ ਕਮੇਟੀ ਦੇ ਚੌਧਰੀ ਤੇ ਕੈਲੰਡਰ ਕਮੇਟੀ ਦੇ ਬਹੁਤੇ ਮੈਂਬਰ ਉਸ ਦੀ ਮੁੱਠੀ ਵਿਚ ਸਨ ਤੇ ਇਸ ਸੂਰਤ ਵਿਚ ਇਸ ਧੱਕੇ ਨੂੰ ਕੋਈ ਨਹੀਂ ਸੀ ਰੋਕ ਸਕਦਾ। (ਹੁਣ ਤਾਂ ਇਹ ਵੀ ਚਰਚਾ ਹੈ ਕਿ ਉਸ ਨੇ ਕੁਝ ਮੈਂਬਰਾਂ ਨੂੰ ਭਰਮਾਉਣ ਵਾਸਤੇ ਤੋਹਫ਼ੇ ਵੀ ਦਿਤੇ ਹੋਏ ਸਨ)। ਹੋਰ ਗੱਲ ਵੀ ਸਾਜ਼ਸ਼ੀ ਜਾਪਦੀ ਹੈ ਕਿ ਪੁਰੇਵਾਲ ਨੇ ਇਸ ਕੈਲੰਡਰ ਵਾਸਤੇ 10-15 ਚੱਕਰ ਜਹਾਜ਼ ਰਾਹੀਂ ਲਾਏ। ਇਨ੍ਹਾਂ ਦਾ ਕਿਰਾਇਆ ਕਿਸ ਨੇ ਦਿੱਤਾ ਸੀ? ਪੁਰੇਵਾਲ ਤਾਂ ਇਕ ਰੀਟਾਇਰਡ ਮੁਲਾਜ਼ਮ ਸੀ ਤੇ ਉਸ ਕੋਲ ਏਨਾ ਖ਼ਰਚ ਕਰਨ ਦੀ ਹਿੰਮਤ ਨਹੀਂ ਸੀ।

ਨਾਨਕਸ਼ਾਹੀ ਨਹੀਂ ਬਲਕਿ ਸੱਚਾ ਤੇ ਖ਼ਾਲਿਸ ਬ੍ਰਾਹਮਣਵਾਦੀ ਕੈਲੰਡਰ

ਪਾਲ ਸਿੰਘ ਪੁਰੇਵਾਲ ਦਾ ਕੈਲੰਡਰ ਨਾਨਕਸ਼ਾਹੀ ਜਾਂ ਸਿੱਖ ਕੈਲੰਡਰ ਨਹੀਂ ਹੈ।

ਇਹ ਪੰਥ ਦੀ ਕਿਸੇ ਤਰੀਕੇ ਨਾਲ ਵੀ ਨੁਮਾਇੰਦਗੀ ਨਹੀਂ ਕਰਦਾ ਬਲਕਿ ਇਹ ਤਾਂ ਸਿੱਖ ਧਰਮ ਵਿਚ ਬ੍ਰਾਹਮਣਵਾਦ ਦੀਆਂ ਜੜ੍ਹਾਂ ਸਦਾ ਵਾਸਤੇ ਮਜ਼ਬੂਤ ਕਰਦਾ ਹੈ।

ਪਾਲ ਸਿੰਘ ਦੇ ਕੈਲਡਰ ਦੇ ਮਹੀਨਿਆਂ ਦੇ ਨਾਂ "ਚੇਤਰ ਵਿਸਾਖ" ਤਾਂ ਬਿਕਰਮੀ ਕੈਲੰਡਰ ਦੇ ਹਨ। ਇਹ ਕਹਿਣਾ ਬੇਹੂਦਾ ਗੱਲ ਹੈ ਕਿ ਕਿਉਂ ਕਿ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ "ਬਾਰਹ ਮਾਹ" ਬਾਣੀ ਵਿਚ ਇਹ ਨਾਂ ਦਿਤੇ ਹਨ ਤੇ ਇਹ ਨਾਂ ਗੁਰੂ ਸਾਹਿਬ ਵੱਲੋਂ ਪਰਵਾਣ ਹੋਏ ਸਨ। ਇਹ ਗ਼ਲਤ ਦਲੀਲ ਹੈ। ਗੁਰੂ ਸਾਹਿਬ ਨੇ ਤਾਂ ਬਾਰਹ ਮਾਹ ਕਾਵਿ-ਰੂਪ ਵਜੋਂ ਵਰਤਿਆ ਸੀ ਤੇ ਉਨ੍ਹਾਂ ਨੇ ਚਾਲੂ ਬਿਕਰਮੀ ਕੈਲੰਡਰ ਦੇ ਮਹਨਿਆਂ ਦਾ ਬਾਰਹ-ਮਾਹ ਦਾ ਰੂਪ ਹੀ ਲਿਆ ਸੀ। ਇੰਞ ਤਾਂ ਉਨ੍ਹਾਂ ਨੇ ਥਿਤੀਆਂ, ਸੀਹਰਫ਼ੀਆਂ ਵੀ ਵਰਤੀਆਂ, ਪੱਟੀ ਵੀ ਲਿਖੀ ਸੀ। ਕੀ ਅਸੀਂ ਗੁਰੂ ਸਾਹਿਬ ਦੀ ਪੱਟੀ ਦੇ ਅਧਾਰ 'ਤੇ ਗੁਰਮੁਖੀ ਦਾ ਸਿੱਖ ਰੂਪ ਕਰ ਕੇ ਗੁਰਮੁਖੀ ਲਿੱਪੀ "ੳ" ਦੀ ਥਾਂ "ਸ" ਤੋਂ ਸ਼ੁਰੂ ਕਰਿਆ ਕਰੀਏ?

ਸਿਰਫ਼ ਏਨਾ ਹੀ ਨਹੀਂ ਪੁਰੇਵਾਲ ਨੇ ਤਾਂ ਬਾਰਹ-ਮਾਹ ਬਾਣੀ ਵਿਚ ਆਏ ਨਾਂ ਵੀ ਨਹੀਂ ਵਰਤੇ। ਉਸ ਨੇ **ਫ਼ਾਲਗੁਣ** ਨਹੀਂ **ਫੱਗਣ** ਵਰਤਿਆ ਹੈ। ਇੰਞ ਹੀ ਬਾਕੀ ਮਹੀਨਿਆਂ ਦੇ ਨਾਂ ਗੁਰੂ ਗ੍ਰੰਥ ਸਾਹਿਬ ਤੋਂ ਵਖਰੇ ਹਨ। ਫਿਰ ਜੇ 1698/99 ਦੀ ਵਿਸਾਖੀ ਦਾ ਆਧਾਰ ਲੈਣਾ ਹੋਵੇ ਤਾਂ ਸਿੱਖਾਂ ਦਾ ਸਾਲ ਤਾਂ ਵਿਸਾਖੀ ਤੋਂ ਬਣਦਾ ਹੈ ਪਰ ਪੁਰੇਵਾਲ ਨੇ ਬਿਕਰਮੀ ਵਾਂਗ ਇਸ ਨੂੰ ਚੇਤਰ ਤੋਂ ਸ਼ੁਰੂ ਕੀਤਾ ਹੈ।

ਪੁਰੇਵਾਲ ਦੇ ਕੈਲੰਡਰ ਵਿਚ ਗੁਰੂ ਗ੍ਰੰਥ ਸਾਹਿਬ ਵਾਲਾ ਕੁਝ ਵੀ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਹੀਨਿਆਂ ਦੇ ਨਾਂ ਇੰਞ ਹਨ:

ਚੇਤਿ, ਵੈਸਾਖਿ, ਜੇਠਿ, ਆਸਾੜੁ, ਸਾਵਣਿ, ਭਾਦੁਇ, ਅਸੁਨਿ, ਕਤਿਕਿ, ਮੰਘਿਰਿ, ਪੋਖਿ, ਮਾਘਿ, ਫਲਗੁਣਿ।

ਤੇ ਪੁਰੇਵਾਲ ਦੇ ਕੈਲੰਡਰ ਵਿਚ ਇੰਞ ਹਨ:

ਚੇਤ, ਵਿਸਾਖ, ਜੇਠ, ਹਾੜ, ਸਾਵਣ, ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਫੱਗਣ। ਯਾਨਿ ਪੁਰੇਵਾਲ ਨੇ ਤਾਂ ਗੁਰੂ ਗ੍ਰੰਥ ਸਾਹਿਬ ਦੇ 12 ਵਿਚੋਂ 6 ਮਹੀਨਿਆਂ ਦੇ ਨਾਂ ਬਿਲਕੁਲ ਅਲਗ ਦਿੱਤੇ ਹਨ ਤੇ ਬਾਕੀ ਛੇ ਦੇ ਸਪੈਲਿੰਗ ਗੁਰੂ ਗ੍ਰੰਥ ਸਾਹਿਬ ਤੋਂ ਵਖਰੇ ਹਨ।

ਫਿਰ ਜੇ 1698/99 ਦੀ ਵਿਸਾਖੀ ਦਾ ਆਧਾਰ ਲੈਣਾ ਹੋਵੇ ਤਾਂ ਸਿੱਖਾਂ ਦਾ ਸਾਲ ਤਾਂ ਵਿਸਾਖੀ ਤੋਂ ਸ਼ੁਰੂ ਹੋਣਾ ਚਾਹੀਦਾ ਹੈ, ਪਰ ਪੁਰੇਵਾਲ ਨੇ ਇਸ ਕੈਲੰਡਰ ਨੂੰ ਬਿਕਰਮੀ ਵਾਂਗ ਚੇਤਰ ਤੋਂ ਹੀ ਸ਼ੁਰੂ ਕੀਤਾ ਹੈ।

ਫਿਰ ਇਸ ਕੈਲੰਡਰ ਵਿਚ ਗੁਰੂ ਗ੍ਰੰਥ ਸਾਹਿਬ ਵਾਲਾ ਕੀ ਹੈ? ਕੁਝ ਵੀ ਨਹੀਂ! ਦਰਅਸਲ ਇਹ ਨਿਰਾ ਧੋਖਾ ਹੈ ਤੇ ਸਿੱਖ ਆਗੂ ਬੇਵਕੂਫ਼ ਬਣਾ ਲਏ ਗਏ ਹਨ।

ਦੂਜਾ ਪਾਲ ਸਿੰਘ ਦੇ ਬਣਾਏ ਕੈਲੰਡਰ ਵਿਚ ਸੰਗਰਾਂਦਾਂ, ਪੂਰਨਮਾਸ਼ੀਆਂ, ਪੰਚਮੀਆਂ ਤੇ ਮੱਸਿਆਂ ਵੀ ਬਿਕਰਮੀ ਕੈਲੰਡਰ ਵਾਂਗ ਦਿਤੀਆਂ ਹੋਈਆਂ ਹਨ। ਇਹ ਕੁਝ ਤਾਂ ਉਸ ਦੇ 1997 ਦੇ ਕੈਲੰਡਰ ਵਿਚ ਵੀ ਨਹੀਂ ਸੀ। ਕੀ ਸੰਗਰਾਂਦਾਂ, ਪੂਰਨਮਾਸ਼ੀਆਂ, ਪੰਚਮੀਆਂ ਤੇ ਮੱਸਿਆਂ ਸਿੱਖਾਂ ਦੇ ਤਿਉਹਾਰ ਹਨ? ਪਰ ਪੂਰੇਵਾਲ ਦੀ ਸਾਜ਼ਿਸ਼ ਹੇਠ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਬ੍ਰਹਮਣਵਾਦੀ ਦਿਹਾੜਿਆਂ ਤੇ ਪੱਕੀ ਮੋਹਰ ਲਾ ਕੇ ਇਸ ਪੰਥ ਨੂੰ ਪੱਗਾਂ ਵਾਲੇ ਬ੍ਰਾਹਮਣਵਾਦੀਆਂ ਦਾ ਧਰਮ ਬਣਾ ਦਿਤਾ ਹੈ।

ਪੂਰੇਵਾਲ ਦੇ ਹੋਰ ਸ਼ੋਸ਼ੇ

ੳ. ਪੂਰੇਵਾਲ ਦੀ ਦਲੀਲ (ਦਰਅਸਲ ਸ਼ੋਸ਼ਾ) ਇਹ ਹੈ ਕਿ ਸੂਰਜ ਦੱਖਣ ਤੇ ਅੰਮ੍ਰਿਤਸਰ (ਨਾਨਕਾਣਾ ਕਿਉਂ ਨਹੀਂ) ਵਿਚ ਵੱਖ-ਵੱਖ ਸਮਿਆਂ 'ਤੇ ਨਿਕਲਦਾ (ਚੜ੍ਹਦਾ) ਹੈ ਇਸ ਕਰ ਕੇ ਸਮੇਂ ਵਿਚ ਫ਼ਰਕ ਪੈ ਜਾਂਦਾ ਹੈ। ਪਰ ਇਹ ਸਿਰਫ਼ ਸ਼ੋਸ਼ਾ ਹੀ ਹੈ। ਇਸ ਨਾਲ ਦਿਨ ਬਦਲਣ ਵਿਚ ਕੋਈ ਫ਼ਰਕ ਨਹੀਂ ਪੈਂਦਾ। ਤਾਰੀਖ਼ ਹਮੇਸ਼ਾ ਇਕ ਹੀ ਹੁੰਦੀ ਹੈ, ਭਾਵੇਂ ਸਾਊਥ (ਮਦਰਾਸ/ਚੇਨਈ) ਹੈ ਜਾਂ ਨਾਰਥ (ਅੰਮ੍ਰਿਤਸਰ), ਪੱਛਮ (ਬੰਬਈ) ਹੈ ਜਾਂ ਪੂਰਬ (ਆਸਾਮ)। ਇਹ ਵੀ ਸਿੱਖ ਆਗੂਆਂ ਨੂੰ ਮੂਰਖ ਬਣਾਉਣ ਵਾਸਤੇ ਇਕ ਸ਼ੋਸ਼ਾ ਸੀ।

ਅ. ਪੂਰੇਵਾਲ ਦੀ ਇਹ ਵੀ ਦਲੀਲ ਸੀ ਕਿ 'ਬਾਰਹ ਮਾਹ' ਵਿਚ ਪੇਸ਼ "ਮੌਸਮ, ਪਸ਼ੂ, ਪੰਛੀਆਂ ਵਗੈਰਾ ਦਾ ਨਜ਼ਾਰਾ ਗਰੈਗੋਰੀਅਨ ਕੈਲੰਡਰ ਨਾਲ ਹਰ ਸਾਲ ਬਦਲ ਜਾਂਦਾ ਹੈ"। ਇਹ ਨੁਕਤਾ ਵੀ ਧੋਖਾ ਹੈ। ਮੌਸਮ ਹਰ ਥਾਂ ਅਲਗ-ਅਲਗ ਹੈ। ਜੇ ਯੂਰਪ ਵਿਚ ਸਰਦੀ ਹੈ ਤਾਂ ਆਸਟਰੇਲੀਆ ਵਿਚ ਗਰਮੀ ਹੈ। ਕੀ ਉੱਥੇ 'ਬਾਰਹ ਮਾਹ' ਤੇ ਪੂਰੇਵਾਲ ਦੇ ਕੈਲੰਡਰ ਦੇ ਮਹੀਨੇ ਝੂਠੇ ਹੋ ਜਾਣਗੇ? (ਜੇ ਪੂਰੇਵਾਲ ਦੀ ਗੱਲ ਮੰਨ ਲਈਏ ਤਾਂ ਗੁਰਬਾਣੀ ਵੀ ਗ਼ਲਤ ਹੋ ਜਾਏਗੀ ਕਿਉਂ ਕਿ ਗੁਰੂ ਗ੍ਰੰਥ ਸਾਹਿਬ ਦੇ ਬਾਰਹ ਮਾਹ ਮੁਤਾਬਿਕ ਪੋਹ (ਦਸੰਬਰ) ਵਿਚ ਪਾਲਾ ਕੱਕਰ ਹੋਣਾ ਚਾਹੀਦਾ ਹੈ ਪਰ ਆਸਟਰੇਲੀਆ ਦੇ ਸਿੱਖ ਕਹਿਣਗੇ ਕਿ ਇਹ ਤਾਂ ਗ਼ਲਤ ਹੈ। ਦਰਅਸਲ 'ਬਾਰਹ ਮਾਹ' ਜਦ ਲਿਖਿਆ ਗਿਆ ਸੀ ਉਦੋਂ ਮੌਸਮ ਦੇ ਹਾਲਾਤ ਕੁਝ ਹੋਰ ਸਨ; ਹੁਣ 'ਗਲੋਬਲ ਵਾਰਮਿੰਗ' ਕਾਰਨ 90% ਮੌਸਮ ਬਦਲ ਚੁਕਾ ਹੈ ਤੇ ਗੁਰੂ ਗ੍ਰੰਥ ਸਾਹਿਬ ਵਾਲੇ ਬੂਟੇ, ਪੰਛੀ, ਪਸ਼ੂ ਬਿਲਕੁਲ ਹੀ ਗ਼ਾਇਬ ਹੋ ਰਹੇ ਹਨ, ਉਨ੍ਹਾਂ ਦਾ ਕੀ ਕਰਾਂਗੇ? ਇਸ ਕਰ ਕੇ ਇਸ ਨੁਕਤੇ ਮੁਤਾਬਿਕ ਵੀ ਪੂਰੇਵਾਲ ਦਾ ਕੈਲੰਡਰ ਸਿਰਫ਼ ਧੋਖਾ ਹੀ ਹੈ।

ੲ. ਪੂਰੇਵਾਲ ਦੀ ਇਹ ਦਲੀਲ ਵੀ ਥੋਥੀ ਹੈ ਕਿ 1698-99 ਵਿਚ ਵਿਸਾਖੀ 29 ਮਾਰਚ ਨੂੰ ਸੀ, 1763 ਵਿਚ 10 ਅਪਰੈਲ ਨੂੰ ਸੀ, 1919 ਵਿਚ 13 ਅਪ੍ਰੈਲ ਨੂੰ ਸੀ ਤੇ ਫਿਰ ਕਦੇ 12 ਅਤੇ ਕਦੇ 14 ਅਪ੍ਰੈਲ ਨੂੰ ਵੀ ਆਈ ਸੀ। ਇੰਞ ਇਹ ਕਦੇ ਜੁਲਾਈ ਵਿਚ ਵੀ ਆਵੇਗੀ। ਇਹ ਵੀ ਨਿਰਾ ਝੂਠ ਹੈ। 29 ਮਾਰਚ ਅਤੇ 10 ਅਪ੍ਰੈਲ ਦਾ ਚੱਕਰ ਇਸ ਕਰ ਕੇ ਪਿਆ ਸੀ ਕਿ 1752 ਵਿਚ ਗਰੈਗੋਰੀਅਨ ਕੈਲੰਡਰ ਨੂੰ ਫ਼ਾਈਨਲ ਰੂਪ ਦੇਣ ਵਾਸਤੇ 12 ਦਿਨ ਅੱਗੇ ਕੀਤਾ ਗਿਆ ਸੀ। ਵਰਨਾ ਸਵਾਲ ਹੀ ਨਹੀਂ ਪੈਦਾ ਹੁੰਦਾ ਕਿ ਕਦੇ ਵਿਸਾਖੀ ਅਪ੍ਰੈਲ ਦੀ 13-14 ਤੋਂ ਕਿਸੇ ਵਖਰੇ ਦਿਨ ਆਵੇ।

ਕੀ ਬਿਕਰਮੀ ਕੈਲੰਡਰ ਹਿੰਦੂ ਕੈਲੰਡਰ ਹੈ ?

ਪੂਰੇਵਾਲ ਨੇ ਇਹ ਪਰਚਾਰ ਵੀ ਕੀਤਾ ਸੀ ਕਿ ਬਿਕਰਮੀ ਕੈਲੰਡਰ ਹਿੰਦੂਆਂ ਦਾ ਕੈਲੰਡਰ ਹੈ ਤੇ ਇਸ ਨੂੰ ਪੰਡਤ/ਬ੍ਰਾਹਮਣ ਤਿਆਰ ਕਰਦੇ ਹਨ ਤੇ ਉਹ ਹੀ ਸੁਦੀਆਂ/ਵਦੀਆਂ ਵ.ਗੈਰਾ ਮਿਥਦੇ ਹਨ। ਇਹ ਕਹਿਣਾ ਨਿਰਾ ਝੂਠ ਅਤੇ ਧੋਖਾ ਹੈ। ਬਿਕਰਮੀ ਕੈਲੰਡਰ ਦਾ ਹਿੰਦੂਆਂ ਨਾਲ ਕੋਈ ਸਬੰਧ ਨਹੀਂ। ਇਹ ਤਾਂ ਚੰਨ ਦੇ ਆਧਾਰ 'ਤੇ ਬਣਿਆ ਇਕ ਕੈਲੰਡਰ ਹੈ। ਇੰਞ ਹੀ ਗਰੈਗੋਰੀਅਨ ਕੈਲੰਡਰ (ਜਿਸ ਨੂੰ ਅਣਜਾਣ ਲੋਕ ਈਸਵੀ ਕਹਿ ਦੇਂਦੇ ਹਨ) ਈਸਾਈਆਂ ਦਾ ਕੈਲੰਡਰ ਨਹੀਂ। ਉਹ ਤਾਂ ਸੂਰਜ ਦੇ ਆਧਾਰ 'ਤੇ ਬਣਿਆ ਕੈਲੰਡਰ ਹੈ।

ਸਿਰਫ਼ ਸਾਊਥ ਏਸ਼ੀਆ ਜਾਂ ਏਸ਼ੀਆ ਹੀ ਨਹੀਂ, ਬਲਕਿ ਯੂਰਪੀਨ, ਅਰਬ ਤੇ ਹੋਰ ਲੋਕ ਵੀ ਧਾਰਮਿਕ ਦਿਨ ਕੱਢਣ ਵਾਸਤੇ ਚੰਨ ਦਾ ਕੈਲੰਡਰ ਹੀ ਵਰਤਦੇ ਹਨ। ਇਸੇ ਕਰ ਕੇ ਮੁਸਲਮਾਨਾਂ ਦੀ '**ਈਦ**' ਹਰ ਸਾਲ ਵਖ-ਵਖ ਦਿਨਾਂ ਹੀ ਨਹੀਂ ਬਲਕਿ ਵੱਖ-ਵੱਖ ਮਹੀਨਿਆਂ ਵਿਚ ਆਉਂਦੀ ਹੈ, ਕਈ ਵਾਰ ਗਰਮੀਆਂ ਵਿਚ ਅਤੇ ਕਈ ਵਾਰ ਸਖ਼ਤ ਸਰਦੀ ਦੀ ਰੁਤ ਵਿਚ ਵੀ ਆ ਜਾਂਦੀ ਹੈ। ਇਹ ਤਾਂ ਕਈ ਵਾਰ ਇਕ ਸਾਲ ਵਿਚ ਦੋ ਵਾਰ ਵੀ ਆ ਚੁਕੀ ਹੈ। ਈਸਾਈ ਵੀ '**ਗੁੱਡ ਫ਼ਾਰੀਡੇ**', ਈਸਟਰ ਤੇ ਹੋਰ ਕਈ ਦਿਨਾਂ/ਤਿਓਹਾਰਾਂ ਦਾ ਚੰਨ ਦੇ ਹਿਸਾਬ ਨਾਲ ਹੀ ਫ਼ੈਸਲਾ ਕਰਦੇ ਹਨ (ਭਾਵੇਂ ਇਹ ਸ਼ੁਕਰਵਾਰ ਨੂੰ ਹੀ ਆਉਂਦਾ ਹੈ ਪਰ ਹਰ ਸਾਲ ਤਾਰੀਖ਼ ਵੱਖ ਹੀ ਹੁੰਦੀ ਹੈ। ਕਈ ਵਾਰ ਤਾਂ ਦੋ-ਤਿੰਨ ਹਫ਼ਤੇ ਦਾ ਫ਼ਰਕ ਵੀ ਹੁੰਦਾ ਹੈ)। ਇੰਞ ਹੀ ਯਹੂਦੀ ਵੀ ਚੰਨ ਦੇ ਹਿਸਾਬ ਨਾਲ ਦਿਨ ਕੱਢਦੇ ਹਨ। ਕੀ ਉਹ ਸਾਰੇ ਬੇਵਕੂਫ਼ ਹਨ? ਕੀ ਉਹ ਨਹੀਂ ਸੂਰਜੀ ਕੈਲੰਡਰ ਮੁਤਾਬਿਕ ਪੱਕੇ ਦਿਨ ਨੀਅਤ ਕਰ ਸਕਦੇ? ਕੀ ਉਨ੍ਹਾਂ ਕੋਲ ਵਿਦਵਾਨ ਨਹੀਂ ਹਨ? ਦਰਅਸਲ ਉਨ੍ਹਾਂ ਦੇ ਅਗੂ ਸਿੱਖ ਆਗੂਆਂ ਵਾਂਗ ਮੂਰਖ ਨਹੀਂ ਹਨ ਵਰਨਾ ਉਹ ਵੀ ਪੁਰੇਵਾਲ ਜਾਂ ਕਿਸੇ ਇਸ ਵਰਗੇ ਨੂੰ ਮੰਨ ਲੈਂਦੇ।

ਪੁਰੇਵਾਲ ਦਾ ਕੈਲੰਡਰ ਬਿਕਰਮੀ ਕੈਲੰਡਰ ਦਾ ਸੂਰਜੀਕਰਣ ਹੈ

ਪਾਲ ਸਿੰਘ ਦਾ ਕੈਲੰਡਰ ਬਿਕਰਮੀ ਕੈਲੰਡਰ ਤੋਂ ਕਿੰਨਾ ਵਖਰਾ ਹੈ, ਆਓ ਵੇਖੀਏ! ਪਾਲ ਸਿੰਘ ਦਾ ਕੈਲੰਡਰ ਚੰਨ ਦੀ ਥਾਂ ਸੂਰਜ ਦੀ ਚਾਲ ਨਾਲ ਦਿਨ ਗਿਣਦਾ ਹੈ ਤੇ ਇਸ ਨੂੰ ਉਹ ਅੰਮ੍ਰਿਤਸਰ ਦੇ ਵਕਤ ਦੇ ਨਾਲ ਗਿਣਨ ਦਾ ਦਾਅਵਾ ਕਰਦਾ ਹੈ। ਇਸ ਵਿਚ ਸਿੱਖੀ ਦਾ ਮੁੱਢ ਕਿੱਥੇ ਹੈ? ਨਾਨਕਸ਼ਾਹੀ ਤਾਂ ਨਾਨਕਾਣਾ ਸਾਹਿਬ ਤੋਂ ਬਣਨਾ ਸੀ ਨਾ ਕਿ ਅੰਮ੍ਰਿਤਸਰ ਤੋਂ। ਖ਼ੈਰ, ਜੇ ਨਾਨਕਾਣਾ ਤੋਂ ਵੀ ਸਮਾਂ ਗਿਣ ਲਈਏ ਤਾਂ ਕੀ ਸੂਰਜ ਦੇ ਹਿਸਾਬ ਨਾਲ ਬਿਕਰਮੀ ਕੈਲੰਡਰ ਬਦਲ ਲੈਣ ਨਾਲ ਪੁਰੇਵਾਲ ਦਾ ਕੈਲੰਡਰ ਸਿੱਖ ਕੈਲੰਡਰ ਕਿਵੇਂ ਹੋ ਗਿਆ? ਇਹ ਤਾਂ "ਸੂਰਜੀਕਰਣ ਵਾਲਾ ਬਿਕਰਮੀ ਕੈਲੰਡਰ" ਹੀ ਹੋਇਆ ਨਾ ਕਿ ਸਿੱਖ ਕੈਲੰਡਰ। ਕੀ ਕੈਲੰਡਰ ਨੂੰ ਸਿਰਫ਼ ਸੂਰਜੀਕਰਣ ਕਰ ਦੇਣ ਨਾਲ ਹੀ ਸਿੱਖ ਕੈਲੰਡਰ ਬਣ ਜਾਂਦਾ ਹੈ? ਉਂਞ ਇਸ ਕੈਲੰਡਰ ਕਮੇਟੀ ਦੇ ਇਕ ਮੈਂਬਰ ਅਨੁਰਾਗ ਸਿੰਘ ਨੇ ਇਹ ਸਾਬਿਤ ਕੀਤਾ ਹੈ ਕਿ ਇਹ ਭਾਰਤ ਸਰਕਾਰ ਦੇ "ਸ਼ਕ ਸੰਮਤ" ਦੀ, ਮਾਮੂਲੀ ਫ਼ਰਕ ਨਾਲ, ਇਕ ਫ਼ੋਟੋ ਕਾਪੀ ਹੈ। (ਵੇਖੋ: ਸੰਤ ਸਿਪਾਹੀ ਮਈ 2003 ਵਿਚ ਉਨ੍ਹਾਂ ਦਾ 'ਅੱਖਾਂ ਖੋਲ੍ਹਣ ਵਾਲਾ' ਲੇਖ)।

ਪੁਰੇਵਾਲ ਦਾ ਕੈਲੰਡਰ ਸਿੱਖ ਹਿਸਟਰੀ ਵੀ ਵਿਗਾੜਦਾ ਹੈ

ਪੁਰੇਵਾਲ ਦਾ ਕੈਲੰਡਰ ਗੁਰੂ ਹਰਿਗੋਬਿੰਦ ਸਾਹਿਬ ਦਾ ਜੋਤੀ-ਜੋਤ ਸਮਾਉਣਾ 19 ਅਪ੍ਰੈਲ ਨੂੰ ਮਨਾਇਆ ਕਰੇਗਾ ਪਰ ਅਸੀਂ ਕਿਤਾਬਾਂ ਚੋਂ 30 ਮਾਰਚ 1644 ਪੜ੍ਹਿਆ ਕਰਾਂਗੇ। ਇੰਞ ਹੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ 30 ਮਈ 1606 ਨੂੰ ਹੋਈ ਸੀ, ਪਰ ਅਸੀਂ 16 ਜੂਨ ਨੂੰ ਮਨਾਇਆ ਕਰਾਂਗੇ; ਕਿਤਾਬਾਂ ਮੁਤਾਬਿਕ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ 11 ਨਵੰਬਰ 1675 ਨੂੰ ਹੋਈ ਸੀ, ਇਹ ਅਸੀਂ 24 ਨਵੰਬਰ ਨੂੰ ਮਨਾਇਆ ਕਰਾਂਗੇ ਤੇ ਹੋਰ ਵੀ ਕਈ ਕੁਝ। ਬਿਕਰਮੀ ਮੁਤਾਬਿਕ ਮਨਾਉਂਦਿਆਂ ਤਾਂ ਦਲੀਲ ਸੀ ਕਿ ਉਸ ਨੂੰ ਬਦਲਣ (ਕਨਵਰਟ ਕਰਨ) ਵਿਚ ਫਰਕ ਪੈਂਦਾ ਹੈ। ਪੁਰੇਵਾਲ ਦੇ ਕੈਲੰਡਰ ਨੂੰ ਤਾਂ ਸੂਰਜੀ ਕੈਲੰਡਰ ਕਹਿੰਦੇ ਨੇ ਫਿਰ ਉਸ ਵਿਚ

ਕਿਉਂ ਫਰਕ ਪੈਂਦਾ ਹੈ। ਦਰਅਸਲ ਇਹ ਸਭ ਘਾਲਾ ਮਾਲਾ, ਉਲਝਣ, ਭੁਲੇਖਾ-ਪਾਊ, ਤਵਾਰੀਖ਼-ਵਿਗਾੜੂ ਐਂਟੀ-ਸਿੱਖ ਕੈਲੰਡਰ ਹੈ, ਹੋਰ ਕੁਝ ਨਹੀਂ। ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਅਸੀਂ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਨ ਤਾਂ 16 ਜੂਨ ਨੂੰ ਮਨਾਇਆ ਕਰਾਂਗੇ, ਪਰ ਦਰਬਾਰ ਸਾਹਿਬ 'ਤੇ ਹਮਲੇ ਦਾ ਦਿਨ 4 ਜੂਨ ਨੂੰ ਮਨਾਇਆ ਕਰਾਂਗੇ। ਬੂਝੜਤਾ ਦੀ ਵੀ ਹੱਦ ਹੁੰਦੀ ਹੈ!

ਅਖੌਤੀ ਸੰਤ ਸਮਾਜ ਦੇ ਇਕ ਧੜੇ ਨੇ ਕਿਵੇਂ ਮੰਨਿਆ?

ਜਿਸ ਅਖੌਤੀ ਸੰਤ ਸਮਜ ਦੇ ਇਕ ਧੜੇ (ਕਸ਼ਮੀਰਾ ਸਿੰਘ - ਮੰਗਲ ਸਿੰਘ ਗਰੁਪ), ਜਿਸ ਨੇ ਪੁਰੇਵਾਲ ਦੇ 1997 ਦੇ ਕੈਲੰਡਰ ਨੂੰ ਬਿਲਕੁਲ ਰੱਦ ਕੀਤਾ ਸੀ, ਉਸੇ ਗਰੁਪ ਨੇ, ਸੰਤਾ ਸਿੰਘ ਨਿਹੰਗ ਗਰੁਪ ਨੇ ਤੇ ਨਿਰਮਲਿਆਂ ਨੇ 28 ਮਾਰਚ 2003 ਨੂੰ ਅਕਾਲ ਤਖ਼ਤ ਸਾਹਿਬ ਤੇ ਹੋਈ ਮੀਟਿੰਗ ਵਿਚ ਪਾਲ ਸਿੰਘ ਦੇ ਕੈਲੰਡਰ ਦੀ ਸਭ ਤੋਂ ਵਧ ਤੇ ਰੱਜਵੀਂ ਹਿਮਾਇਤ ਕੀਤੀ । ਉਹ ਤਾਂ ਇਸ ਦੀ ਹਿਮਾਇਤ ਵਿਚ ਏਨੇ ਉਛਲ ਰਹੇ ਸਨ ਕਿ ਉਹ ਤਾਂ ਪਟਨਾ ਤੇ ਹਜ਼ੂਰ ਸਾਹਿਬ ਵਾਲਿਆਂ ਨੂੰ ਵੀ ਇਸ ਵਾਸਤੇ ਮਨਾਉਣ ਵਾਸਤੇ ਆਪਣੀਆਂ ਸੇਵਾਵਾਂ ਪੇਸ਼ ਕਰ ਰਹੇ ਸਨ।

ਇਹ ਕਿਵੇਂ ਹੋਇਆ?

ਦਰਅਸਲ ਇਹ ਸਾਰਾ ਕੁਝ ਕਿਸੇ ਪਲਾਨਿੰਗ ਨਾਲ ਹੋਇਆ ਹੈ। ਉਨ੍ਹਾਂ ਨੇ ਇਸ ਕੈਲੰਡਰ ਨੂੰ ਬਿਕਰਮੀ ਕੈਲੰਡਰ ਦਾ ਸੂਰਜੀ-ਕਰਣ ਕਰਵਾ ਕੇ ਤੇ ਬਿਪਰਨ (ਬ੍ਰਾਹਮਣਵਾਦੀ) ਸੰਗਰਾਂਦਾਂ, ਪੂਰਨਮਾਸ਼ੀਆਂ, ਪੰਚਮੀਆਂ ਤੇ ਮੱਸਿਆਂ ਨੂੰ ਮਨਾਏ ਜਾਣ 'ਤੇ ਪੰਥ ਦੀ ਮੁਹਰ ਲੁਆਉਣ ਵਾਸਤੇ ਪੁਰੇਵਾਲ ਨੂੰ ਤਿਆਰ ਕੀਤਾ (ਅਕਾਲ ਤਖ਼ਤ ਦੀ 'ਰਹਿਤ ਮਰਿਆਦਾ' ਨੂੰ ਵੀ ਛਿੱਕੇ ਟੰਗ ਕੇ, ਜਿਸ ਵਿਚ ਸੰਗਰਾਂਦਾਂ, ਪੂਰਨਮਾਸ਼ੀਆਂ ਮਨਾਉਣ ਨੂੰ ਰੱਦ ਕੀਤਾ ਹੋਇਆ ਹੈ)। ਇਹ ਮੂਲਵਾਦੀ ਹਿੰਦੂ ਜਮਾਤਾਂ ਦੀ ਇਕ ਬੜੀ ਵੱਡੀ ਕਾਮਯਾਬੀ ਹੈ ਕਿ ਉਨ੍ਹਾਂ ਨੇ ਸਿੱਖਾਂ ਨੂੰ ਬੇਵਕੂਫ਼ ਵੀ ਬਣਾ ਲਿਆ ਤੇ ਪਤਾ ਵੀ ਨਹੀਂ ਲਗਣ ਦਿਤਾ, ਤੇ, ਸਗੋਂ ਸਿੱਖਾਂ ਕੋਲੋਂ ਇਸ ਸੂਰਜੀਕਰਣ ਵਾਲੇ ਬਿਕਰਮੀ ਕੈਲੰਡਰ ਨੂੰ ਪੰਥ ਦਾ "ਨਿਆਰਾ-ਪਣ" ਵਾਲਾ ਕੈਲੰਡਰ ਵੀ ਅਖਵਾ ਲਿਆ। ਧੰਨ ਹਨ ਬੇਸਮਝ ਸਿੱਖ ਚੌਧਰੀ, ਜਿਨ੍ਹਾਂ ਨੂੰ ਪਤਾ ਵੀ ਨਾ ਲਗਿਆ ਕਿ ਆਰ.ਐਸ.ਐਸ. ਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਪਾਲ ਸਿੰਘ ਪੁਰੇਵਾਲ ਰਾਹੀ ਕਿੰਨੀ ਵੱਡੀ ਮਾਰ ਸਿੱਖਾਂ ਨੂੰ ਮਾਰੀ ਹੈ।

ਇਸ ਦਾ ਪਤਾ ਇਸ ਗੱਲ ਤੋਂ ਵੀ ਲਗਦਾ ਹੈ ਕਿ ਆਰ.ਐਸ.ਐਸ., ਵਿਸ਼ਵ ਹਿੰਦੂ ਪ੍ਰੀਸ਼ਦ ਤੇ ਸ਼ਿਵ ਸੈਨਾ, ਜਿਹੜੀਆਂ ਵਖਰੇ ਸਿੱਖ ਕੈਲੰਡਰ ਦਾ ਰੱਜ ਕੇ ਵਿਰੋਧ ਕਰਦੀਆਂ ਸਨ ਨੇ ਇਸ ਦੇ, 28 ਮਾਰਚ 2003 ਦੇ ਦਿਨ, ਪਾਸ ਹੋਣ ਦਾ ਜ਼ਰਾ ਮਾਸਾ ਵੀ ਵਿਰੋਧ/ਇਤਰਾਜ਼ ਨਾ ਕੀਤਾ। ਕੀ ਇਹ ਸਾਬਿਤ ਨਹੀਂ ਕਰਦਾ ਕਿ ਉਨ੍ਹਾਂ ਨੂੰ ਇਸ ਕੈਲੰਡਰ ਦੇ ਪਾਸ ਹੋਣ ਤੇ ਕੋਈ ਸ਼ਿਕਾਇਤ ਨਹੀਂ (ਬਲਕਿ ਖ਼ੁਸ਼ੀ) ਹੈ।

ਹੈਰਾਨੀ ਤਾਂ ਇਸ ਕੈਲੰਡਰ ਦੇ ਹਿਮਾਇਤੀ ਕੁਝ ਅਖੌਤੀ ਸਿੱਖ ਬੁੱਧੀ-ਜੀਵੀਆਂ ਤੇ ਹੈ ਜਿਨ੍ਹਾਂ ਨੂੰ ਇਸ ਸਾਜਿਸ਼ ਦਾ ਪਤਾ ਤਕ ਨਾ ਲਗ ਸਕਿਆ (ਹੁਣ ਸ਼ਾਇਦ ਸਮਝ ਗਏ ਹੋਣ? ਪਰ ਬੂਝੜ ਲੀਡਰਾਂ ਨੂੰ ਸਮਝ ਕਿੱਥੇ!)। **ਮੈਂ ਉਨ੍ਹਾਂ ਤੋਂ ਹੀ ਪੁੱਛਦਾ ਹਾਂ ਕਿ ਉਹ ਦੱਸਣ ਕਿ ਇਸ ਕੈਲੰਡਰ ਵਿਚ ਕਿਹੜਾ ਹਿੱਸਾ ਜਾਂ ਨੁਕਤਾ**

"ਸਿੱਖ" ਜਾਂ "ਪੰਥਕ" ਹੈ ਜਾਂ ਕਿਹੜਾ ਹਿੱਸਾ ਜ਼ਰਾ-ਮਾਸਾ ਵੀ ਗੁਰੂ ਗ੍ਰੰਥ ਸਾਹਿਬ ਮੁਤਾਬਿਕ ਹੈ ਜਾਂ ਉਸ ਵਿਚਲੇ ਮਹੀਨਿਆਂ ਜਾਂ ਥਿਤਾਂ ਵਗ਼ੈਰਾ ਨਾਲ ਮਿਲਦਾ ਹੈ?

ਫਿਰ ਇਹ ਦਲੀਲ ਕਿ ਇਸ ਨਾਲ ਸਿੱਖਾਂ ਦੀ ਵੱਖਰੀ ਪਛਾਣ ਬਣ ਗਈ ਹੈ, ਵੀ ਬਚਕਾਣੀ ਦਲੀਲ ਹੈ। ਕੀ ਆਰ.ਐਸ.ਐਸ. ਨੇ ਹੁਣ ਸਿੱਖਾਂ ਨੂੰ ਹਿੰਦੂਆਂ ਤੋਂ ਵੱਖਰੇ ਜਾਂ ਨਿਆਰੇ ਮੰਨ ਲਿਆ ਹੈ? ਦੂਜਾ ਕੀ ਸਿੱਖ ਇਸ ਕੈਲੰਡਰ ਨੂੰ ਮੰਨਦੇ ਹਨ? ਜਵਾਬ ਹੈ: ਹਰਗਿਜ਼ ਨਹੀਂ। ਸਾਰੇ ਸਿੱਖ ਦੁਨੀਆਂ ਵਿਚ ਜਿੱਥੇ ਵੀ ਹਨ, ਉਹ ਸਿਰਫ਼ ਗਰੈਗੋਰੀਅਨ (ਕੌਮਾਂਤਰੀ) ਕੈਲੰਡਰ ਮੁਤਾਬਿਕ ਹੀ ਹਰ ਕੰਮ ਕਰਦੇ ਹਨ। ਇਸ 'ਪੁਰੇਵਾਲੀ ਕੈਲੰਡਰ' ਨੂੰ ਤਾਂ ਸ਼੍ਰੋਮਣੀ ਕਮੇਟੀ ਵੀ ਨਹੀਂ ਮੰਨਦੀ ਉਹ ਵੀ ਸਾਰੀ ਕਾਰਵਾਈ ਗਰੈਗੋਰੀਅਨ ਕੈਲੰਡਰ ਮੁਤਾਬਿਕ ਚਲਾਉਂਦੀ ਹੈ। ਉਨ੍ਹਾਂ ਦਾ ਮਹੀਨਾ ਸੰਗਰਾਂਦ ਤੋਂ ਨਹੀਂ ਸ਼ੁਰੂ ਹੁੰਦਾ। ਉਹ ਗਰੈਗੋਰੀਅਨ ਕੈਲੰਡਰ (ਜਿਸ ਨੂੰ ਕੁਝ ਅਣਜਾਣ ਲੋਕ ਈਸਵੀ ਕਹਿ ਦੇਂਦੇ ਹਨ) ਮੁਤਾਬਿਕ ਹੀ ਮੀਟਿੰਗਾਂ ਤੇ ਕਾਰਵਾਈਆਂ ਕਰਦੇ ਹਨ; ਹਾਂ ਦਿਖਾਵੇ ਵਜੋਂ "ਕਿਤੇ ਕਿਤੇ" 'ਪੁਰੇਵਾਲੀ ਕੈਲੰਡਰ' ਵਾਲੀਆਂ ਤਾਰੀਖ਼ਾਂ ਵੀ ਲਿਖ ਦੇਂਦੇ ਹਨ।

ਪੁਰੇਵਾਲ ਦਾ ਕੈਲੰਡਰ ਕਿੰਨੇ ਚਿਰ ਵਿਚ ਬਣਿਆ ?

ਇਕ ਹੋਰ ਗ਼ਲਤ ਪਰਚਾਰ ਕੀਤਾ ਜਾ ਰਿਹਾ ਹੈ ਕਿ ਪੁਰੇਵਾਲ ਨੇ ਇਸ ਕੈਲੰਡਰ ਨੂੰ ਤਿਆਰ ਕਰਨ ਵਾਸਤੇ 20 ਸਾਲ ਲਾਏ ਹਨ। ਕਿਰਨਜੋਤ ਕੌਰ ਨੇ ਤਾਂ 40 ਸਾਲ ਕਹਿ ਦਿਤਾ ਹੈ ਜਦ ਕਿ ਬਿਕਰਮੀ ਕੈਲੰਡਰ ਦਾ ਸੂਰਜੀ-ਕਰਨ ਕਰਨ ਦਾ ਕੰਮ ਸਿਰਫ਼ ਕੁਝ 10 ਘੰਟਿਆਂ ਦਾ ਹੈ ਤੇ ਏਨੇ ਚਿਰ ਵਿਚ ਹੀ ਇਹ ਕੈਲੰਡਰ ਬਣਿਆ ਸੀ। ਇਹ ਕੰਮ ਕੋਈ ਵੀ ਕੁਝ ਘੰਟਿਆਂ ਵਿਚ ਕਰ ਸਕਦਾ ਹੈ । ਇਸ ਬਾਰੇ ਪੂਰੀ ਤਫ਼ਸੀਲ ਸ. ਅਨੁਰਾਗ ਸਿੰਘ ਦੇ ਚੁਕੇ ਹਨ (ਵੇਖੋ: ਸੰਤ ਸਿਪਾਹੀ ਮਈ 2003 ਵਿਚ ਉਨ੍ਹਾਂ ਦਾ ਲੇਖ)।

ਪੁਰੇਵਾਲ ਦਾ ਕੈਲੰਡਰ

ਸੋ, ਸਾਫ਼ ਸਪਸ਼ਟ ਹੈ ਕਿ ਪੁਰੇਵਾਲ ਦਾ ਕੈਲੰਡਰ ਨਾ ਤਾਂ ਸਿੱਖ ਕੈਲੰਡਰ ਹੈ, ਨਾ ਤਵਾਰੀਖ਼ ਪੱਖੋਂ ਸਹੀ ਹੈ (ਸਗੋਂ ਸਿੱਖ ਹਿਸਟਰੀ ਵਿਗਾੜਦਾ ਹੈ), ਨਾ ਇਹ ਸਾਇੰਟਿਫ਼ਿਕ ਹੈ ਤੇ ਨਾ ਹੀ ਅਮਲ ਵਿਚ ਅਉਣ ਦੇ ਕਾਬਿਲ ਹੈ। ਸਿੱਖਾਂ ਨੇ ਦੁਨੀਆਂ ਵਿਚ ਰਹਿੰਦਿਆਂ ਸਿਰਫ਼ ਕੌਮਾਂਤਰੀ (ਯਾਨਿ ਗਰੈਗੋਰੀਅਨ) ਕੈਲੰਡਰ ਹੀ ਵਰਤਣਾ ਹੈ ਤੇ ਇਹ ਕੈਲੰਡਰ ਸਿਰਫ਼ ਸ਼੍ਰੋਮਣੀ ਕਮੇਟੀ ਦੇ ਛਪੇ ਡੈਕੋਰੇਸ਼ਨ ਪੀਸ (ਪੁਰੇਵਾਲੀ ਕੈਲੰਡਰ) ਵਜੋਂ ਹੀ ਸੀਮਤ ਰਹਿਣਾ ਹੈ।

ਕਲ੍ਹ ਨੂੰ ਤਵਾਰੀਖ਼ ਲਿਖੇਗੀ ਕਿ ਆਰ.ਐਸ.ਐਸ. ਦੀ ਸਾਜ਼ਿਸ਼ ਹੇਠ ਪੁਰੇਵਾਲ ਸਿੱਖ ਆਗੂਆਂ ਨੂੰ ਹੀ ਨਹੀਂ, ਕੁਝ ਪੜ੍ਹਿਆਂ-ਲਿਖਿਆਂ ਤੇ ਮਿਸ਼ਨਰੀਆਂ ਨੂੰ ਵੀ ਮੂਰਖ ਬਣਾ ਗਿਆ ਤੇ ਕੌਮ ਨੂੰ ਕਈ ਸਾਲ ਭੰਬਲ ਭੂਸੇ ਵਿਚ ਵੀ ਪਾਇਆ, ਕੌਮ ਵਿਚ ਫੁੱਟ ਵੀ ਪੁਆਈ ਤੇ ਕੈਲੰਡਰ ਛਾਪਣਾ ਵਾਸਤੇ ਕਰੋੜਾਂ ਰੁਪੈ ਵੀ ਖੂਹ ਵਿਚ ਸੁੱਟੇ। ਕਨਿੰਘਮ ਨੇ ਸਚ ਹੀ ਕਿਹਾ ਸੀ 'ਸ਼ੇਰਾਂ ਦੀ ਫ਼ੌਜ ਦੇ ਗਧੇ ਜਰਨੈਲ' ਪਰ ਉਸ ਨੇ ਇਹ ਨਹੀਂ ਸੀ ਕਿਹਾ ਕਿ ਵਿਦਵਾਨ ਤੇ ਮਿਸ਼ਨਰੀ ਵੀ ਭੇਡੂ ਬਣ ਕੇ ਸਾਜ਼ਸ਼ੀਆਂ ਦੇ ਪਿੱਛੇ ਲਗ ਗਏ।

ਮਸਲਾ ਹੱਲ ਕਿਵੇਂ ਕੀਤਾ ਜਾਵੇ ?

ਹੁਣ ਸਵਾਲ ਹੈ ਕਿ ਸਿੱਖ ਕੈਲੰਡਰ ਦਾ ਮਸਲਾ ਹੱਲ ਕਿਵੇਂ ਕੀਤਾ ਜਾਵੇ? ਉਂਵ ਤਾਂ ਬਿਕਰਮੀ ਕੈਲੰਡਰ ਮੁਤਾਬਿਕ ਦਿਨ ਮਨਾਉਣ ਨਾਲ ਕੋਈ ਫ਼ਰਕ ਨਹੀਂ ਪੈਂਦਾ। ਬਿਕਰਮੀ ਕੈਲੰਡਰ ਹਿੰਦੂਆਂ ਦਾ ਨਹੀਂ। ਇਹ ਤਾਂ ਸਿਰਫ਼ ਚੰਦਰਮਾ ਦੇ ਚੜ੍ਹਾਅ-ਉਤਰਾਅ 'ਤੇ ਅਧਾਰਤ ਕੈਲੰਡਰ ਹੈ। ਇਹ ਵੀ ਗ਼ਲਤ ਹੈ ਕਿ ਸਾਨੂੰ ਬਿਕਰਮੀ ਮੁਤਾਬਿਕ ਦਿਨ ਕੱਢਣ ਵਾਸਤੇ ਪੰਡਤਾਂ ਤੇ ਮੁਨੱਸਰ ਹੋਣਾ ਪੈਂਦਾ ਹੈ। ਕੇਂਬਰਿਜ ਯੂਨੀਵਰਸਿਟੀ ਇੰਗਲੈਂਡ ਨੇ ਇਕ ਕਿਤਾਬ ਛਾਪੀ ਹੈ ਜਿਸ ਵਿਚ 2001 ਤੋਂ 2025 ਤਕ ਦੀਆਂ ਬਿਕਰਮੀ ਤੇ ਗਰੈਗੋਰੀਅਨ ਕੈਲੰਡਰ ਆਹਮੋ ਸਾਹਮਣੇ ਦਿਤੀਆਂ ਹੋਈਆਂ ਹਨ। ਪੁਰੇਵਾਲ ਵੀ ਇਹੀ ਕਿਤਾਬ ਹੀ ਵਰਤਦਾ ਰਿਹਾ ਹੈ ਤੇ ਉਹ 23 ਤਾਰੀਖ਼ ਦੀ ਮੀਟਿੰਗ ਵਿਚ ਇਹ ਕਿਤਾਬ ਲੈ ਕੇ ਵੀ ਆਇਆ ਸੀ ਤੇ ਮੈਨੂੰ ਦਿਖਾਈ ਵੀ ਸੀ। ਇੰਵ ਹੀ ਇੰਟਰਨੈਟ 'ਤੇ calenderica.com ਤੋਂ ਵੀ ਇਹ ਸਾਰੀਆਂ ਤਾਰੀਖ਼ਾਂ ਹਜ਼ਾਰਾਂ ਸਾਲ ਅੱਗੇ ਤਕ ਦੀਆਂ ਵੇਖੀਆਂ ਜਾ ਸਕਦੀਆਂ ਹਨ। ਹੁਣ ਤਾਂ ਪਿਛਲੇ ਦਸ ਹਜ਼ਾਰ ਤੇ ਅਗਲੇ ਦਸ ਹਜ਼ਾਰ ਸਾਲ ਤਕ ਦੀਆਂ ਤਾਰੀਖ਼ਾਂ ਦੀ ਸੀ.ਡੀ. ਆ ਚੁਕੀ ਹੈ। ਇਸ ਵਿਚੋਂ ਅਸੀਂ ਪਤਾ ਕਰ ਸਕਦੇ ਹਾਂ ਕਿ 1469 ਜਾਂ 369 ਜਾਂ 10469 ਨੂੰ ਕੱਤਕ ਦੀ ਪੂਰਨਮਾਸ਼ੀ ਦੇ ਦਿਨ ਗਰੈਗੋਰੀਅਨ ਤਾਰੀਖ਼ ਕੀ ਹੈ!

ਪਰ, ਜੇ ਸਿੱਖ ਬਿਕਰਮੀ ਨੂੰ ਬਿਲਕੁਲ ਛੱਡਣਾ ਚਾਹੁੰਦੇ ਹਨ ਤਾਂ ਉਹ ਗਰੈਗੋਰੀਅਨ ਦੇ ਹਿਸਾਬ ਨਾਲ ਤਾਰੀਖ਼ਾਂ ਕੱਢ ਲੈਣ ਤੇ ਹਰ ਸਾਲ ਉਸੇ ਇਕ ਤਾਰੀਖ਼ ਤੇ ਗੁਰਪੁਰਬ ਮਨਾਉਂਦੇ ਰਹਿਣ (ਜਿਵੇਂ ਮੈਂ ਉਪਰ ਜ਼ਿਕਰ ਕੀਤਾ ਹੈ)। ਜੇ ਸਿੱਖਾਂ ਨਾਲ ਆਪਣਾ ਕੈਲੰਡਰ ਬਣਾਉਣਾ ਹੀ ਹੈ ਤਾਂ ਗਰੈਗੋਰੀਅਨ ਦਾ ਸਿੱਖ-ਰੂਪ ਕੀਤਾ ਜਾ ਸਕਦਾ ਹੈ ਯਾਨਿ 12 ਮਹੀਨਿਆਂ ਦੇ ਨਾਂ ਗੁਰੂ ਸਾਹਿਬ ਦਾ ਨਾਂਵਾਂ ਦੇ ਨਾਂ 'ਤੇ ਰੱਖੇ ਜਾ ਸਕਦੇ ਹਨ, ਜਿਵੇਂ ਜਨਵਰੀ ਤੋਂ ਅਕਤੂਬਰ ਤਕ 10 ਗੁਰੂਆਂ ਦੇ ਨਾਂ ਅਤੇ ਨਵੰਬਰ 'ਗੁਰੂ ਗ੍ਰੰਥ ਮਾਹ' ਅਤੇ ਦਸੰਬਰ 'ਪੰਥ ਮਾਹ'। ਇੰਵ ਲੋਕਾਂ ਨੂੰ ਗੁਰੂ ਸਾਹਿਬ ਦੇ ਨਾਂ ਤਾਂ ਚੇਤੇ ਹੋ ਜਾਇਆ ਕਰਨਗੇ। ਉਂਵ ਸਿੱਖਾਂ ਨੇ ਵਰਤਣਾ ਤਾਂ ਦੁਨੀਆਂ ਨਾਲ ਰਲ ਕੇ ਗਰੈਗੋਰੀਅਨ ਕੈਲੰਡਰ ਨੂੰ ਹੀ ਹੈ। ਪੁਰੇਵਾਲ ਦਾ ਕੈਲੰਡਰ ਤਾਂ ਸੰਗਰਾਂਦਾਂ, ਪੂਰਨਮਾਸ਼ੀਆਂ ਤੇ ਮੱਸਿਆਂ ਮਨਾਉਣ ਵਾਸਤੇ ਹੀ ਕੰਮ ਆਉਣਾ ਹੈ ਅਤੇ ਇਹ ਗੱਲ ਮੁੱਢੋਂ ਹੀ ਸਿੱਖ ਸਿਧਾਂਤਾਂ ਦੇ ਖ਼ਿਲਾਫ਼ ਹੈ। ਸੋ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੁਰੇਵਾਲ ਦਾ ਕੈਲੰਡਰ ਅ-ਪੰਥਕ ਕੰਮਾਂ ਵਾਸਤੇ ਹੀ ਰਹਿ ਜਾਂਦਾ ਹੈ। ਇਸ ਨੂੰ ਰੱਦ ਹੀ ਕਰਨਾ ਚਾਹੀਦਾ ਹੈ। ਇਹ ਸਿੱਖਾਂ ਦੇ ਖ਼ਿਲਾਫ਼ ਬੜੀ ਵੱਡੀ ਸਾਜ਼ਿਸ਼ ਹੈ। ਪਰ ਇਹ ਮਸਲਾ ਤਾਂ ਹੱਲ ਹੋਏਗਾ ਜਦ ਕੌਮ ਦੇ ਆਗੂ ਤੇ ਵਿਦਵਾਨ ਇਸ ਆਰ.ਐਸ.ਐਸ. ਦੀ ਸਾਜ਼ਿਸ਼ ਹੇਠੋਂ ਨਿਕਲਣਗੇ ਤੇ ਭੇਡਾਂ ਦੀ ਥਾਂ ਸ਼ੇਰ ਬਣਨਗੇ। ਵਰਨਾ...

ਗੁਰਮਤਿ ਟਕਸਾਲ ਵੱਲੋਂ ਸੁਝਾਈ ਹੋਈ

ਗੁਰਮਤਿ ਰਹਿਤ

ਉਹ ਖਰੜਾ ਜਿਸ ਨੂੰ **ਸਿੱਖ ਰਹਿਤ ਮਰਿਆਦਾ** ਕਿਹਾ ਜਾਂਦਾ ਹੈ (ਸੀ) ਅਤੇ ਇਸ ਨੂੰ ਸਿੱਖਾਂ ਨੂੰ ਮੰਨਣ ਵਾਸਤੇ 'ਹੁਕਮ' ਅਤੇ ਫ਼ਤਵੇ ਜਾਰੀ ਕੀਤੇ ਜਾਂਦੇ ਸਨ/ਹਨ, ਸਬੰਧੀ ਸਿੱਖ ਵਿਦਵਾਨਾਂ ਤੇ ਪ੍ਰਚਾਰਕਾਂ ਨੇ ੧੧ ਮਾਰਚ ੨੦੦੭ ਦੇ ਦਿਨ, ਡਾ: ਹਰਜਿੰਦਰ ਸਿੰਘ ਦਿਲਗੀਰ ਦੇ ਘਰ, ੨੬੨੬ ਫ਼ੇਜ਼ ੭, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ), ਪੰਜਾਬ, ਵਿਚ ਇਕੱਠੇ ਹੋ ਕੇ ਵਿਚਾਰਾਂ ਸ਼ੁਰੂ ਕੀਤੀਆਂ। ਇਸ ਦੀ ਪਹਿਲੀ ਮੀਟਿੰਗ ਵਿਚ ਡਾ: ਹਰਜਿੰਦਰ ਸਿੰਘ ਦਿਲਗੀਰ, ਮਹਿੰਦਰ ਸਿੰਘ ਜੋਸ਼, ਡਾ. ਤਰਲੋਚਨ ਸਿੰਘ, ਪ੍ਰਿੰਸੀਪਲ ਨਰਿੰਦਰ ਸਿੰਘ ਜੰਮੂ, ਕਰਨਲ ਗੁਰਦੀਪ ਸਿੰਘ, ਅਮਰਜੀਤ ਸਿੰਘ ਚੰਦੀ, ਜਸਬਿੰਦਰ ਸਿੰਘ ਡੁਬਈ, ਸੁਖਦੇਵ ਸਿੰਘ ਮੋਹਾਲੀ, ਇੰਦਰ ਸਿੰਘ ਘੱਗਾ, ਰਵਿੰਦਰ ਸਿੰਘ ਪਿੰਜੌਰ, ਕੰਵਲਜੀਤ ਸਿੰਘ ਕੁੰਡਲ ਸ਼ਾਮਿਲ ਹੋਏ। ਇਸ ਤੋਂ ਬਾਅਦ ਅਗਲੀਆਂ ਮੀਟਿੰਗਾਂ ੧੮ ਮਾਰਚ, ੧੨ ਅਗਸਤ, ੧੯ ਅਗਸਤ ਅਤੇ ੯ ਸਤੰਬਰ ੨੦੦੭ ਵਗ਼ੈਰਾ ਨੂੰ ਹੋਈਆਂ। ਇਨ੍ਹਾਂ ਵਿਚ ਉਪਰਲੇ ਵਿਚਾਰਕਾਂ ਤੋਂ ਇਲਾਵਾ ਜਗਮੋਹਣ ਸਿੰਘ ਗਿਆਨੀ, ਦਲੀਪ ਸਿੰਘ ਕਸ਼ਮੀਰੀ, ਉਪਕਾਰ ਸਿੰਘ ਫ਼ਰੀਦਾਬਾਦ, ਗੁਰਚਰਨ ਸਿੰਘ, ਹਰਬੰਸ ਕੌਰ, ਕਰਨਲ ਮੇਵਾ ਸਿੰਘ, ਤਰਲੋਕ ਸਿੰਘ, ਰਣਜੀਤ ਸਿੰਘ, ਪ੍ਰੀਤਮ ਸਿੰਘ ਮਟਵਾਣੀ, ਗਿ: ਸੁਰਿੰਦਰ ਸਿੰਘ ਫ਼ੇਜ਼ ਛੇ ਵੀ ਸ਼ਾਮਿਲ ਹੋਏ। ਇਨ੍ਹਾਂ ਤੋਂ ਇਲਾਵਾ ਹਰਲਾਜ ਸਿੰਘ ਬਹਾਦਰਪੁਰ, ਗੁਰਮੀਤ ਸਿੰਘ ਆਸਟਰੇਲੀਆ, ਮੱਖਣ ਸਿੰਘ ਪੁਰੇਵਾਲ 'ਸਿੱਖ ਮਾਰਗ' ਕਨੇਡਾ ਵਗ਼ੈਰਾ ਨੇ ਲਿਖਤੀ ਸੁਝਾਅ ਵੀ ਭੇਜੇ।

ਵਿਚਾਰਾਂ ਕਰਨ ਮਗਰੋਂ ਸਾਰੇ ਵਿਦਵਾਨ ਸੱਜਣਾਂ ਨੇ ਹੇਠ ਲਿਖਿਆ ਡਰਾਫ਼ਟ ਤਿਆਰ ਕੀਤਾ ਜੋ ਆਪ ਜੀ ਕੋਲ ਮਨਜ਼ੂਰੀ ਵਾਸਤੇ ਪੇਸ਼ ਹੈ। ਅਸੀਂ ਚਾਹਵਾਂਗੇ ਕਿ ਤੁਸੀਂ ਇਸ ਵਿਚਲੀਆਂ ਗ਼ਲਤੀਆਂ ਦੀ ਦਰੁਸਤੀ ਕਰਵਾਓ ਤੇ ਇਸ ਨੂੰ ਗੁਰਬਾਣੀ ਦੇ ਅਧਾਰ 'ਤੇ ਬਣਾਉਣ ਵਿਚ ਮਦਦ ਕਰੋ। ਨਹੀਂ ਤਾਂ ਇਸ ਨੂੰ ਮਨਜ਼ੂਰੀ ਦਿਓ ਤਾਂ ਜੋ ਇਸ ਨੂੰ ਲਾਗੂ ਕਰਨ ਵੱਲ ਕਦਮ ਉਠਾਏ ਜਾ ਸਕਣ।

ੴ ਸਤਿ ਗੁਰਪ੍ਰਸਾਦਿ

ਸਿੱਖ ਜੀਵਨ ਜਾਚ

ਸਿੱਖ ਕੌਣ ਹੈ: ਜੋ ਇਨਸਾਨ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਉਨ੍ਹਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਕੀਤੇ ਗੁਰਮਤਿ ਗਿਆਨ ਅਤੇ ਖੰਡੇ ਦੀ ਪਾਹੁਲ ਵਿਚ ਯਕੀਨ (ਨਿਸ਼ਚਾ) ਰਖਦਾ ਹੈ ਅਤੇ ਕਿਸੇ ਹੋਰ ਮੱਤ/ਧਰਮ ਨੂੰ ਨਹੀਂ ਮੰਨਦਾ ਉਹ ਸਿੱਖ ਹੈ। ਕਿਸੇ ਹੋਰ ਧਰਮ ਜਾਂ ਗ੍ਰੰਥ ਨੂੰ ਮੰਨਣ ਵਾਲਾ ਸਿੱਖ ਨਹੀਂ।

<u>ਸਿੱਖ ਦੀ ਰਹਿਣੀ:</u> ਸਿੱਖ ਦੀ ਰਹਿਣੀ ਤੇ ਕਿਰਤ-ਵਿਰਤ ਗੁਰਮਤਿ (ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ) ਮੁਤਾਬਿਕ ਹੋਵੇ। ਗੁਰਮਤਿ ਇਹ ਹੈ:

(ੳ) ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਮੁਤਾਬਿਕ ਸਿਰਫ਼ ਤੇ ਸਿਰਫ਼ ਇੱਕੋ ਅਕਾਲ ਪੁਰਖ ਹੀ ਵਾਹਿਦ ਹਸਤੀ ਹੈ। ਸਿਰਫ਼ ਉਸ ਨੂੰ ਹੀ ਆਪਣਾ ਇਸ਼ਟ ਮੰਨਣਾ। ਦਸ ਗੁਰੂ ਸਾਹਿਬਾਨ ਨੂੰ ਇੱਕੋ ਰੂਪ ਮੰਨਣਾ।

(ਅ) ਕਿਸੇ ਦੇਵੀ-ਦੇਵਤੇ ਜਾਂ ਦੇਹਧਾਰੀ ਨੂੰ ਨਹੀਂ ਮੰਨਣਾ।

(ੲ) ਜ਼ਾਤ-ਪਾਤ, ਛੂਤ-ਛਾਤ, ਰੰਗ, ਨਸਲ, ਲਿੰਗ-ਭੇਦ ਨੂੰ ਨਹੀਂ ਮੰਨਣਾ।

(ਸ) ਜੰਤਰ-ਮੰਤਰ, ਜਾਦੂ-ਟੂਣਾ, ਧਾਗਾ, ਤਾਵੀਜ਼, ਮੌਲੀ, ਕਾਲਾ ਇਲਮ, ਹੱਥ-ਹੌਲਾ (ਫਾਂਡਾ), ਝਾੜ-ਫੂਕ ਨੂੰ ਨਹੀਂ ਮੰਨਣਾ।

(ਹ) ਭੂਤ-ਪ੍ਰੇਤ, ਜਿੰਨ, ਡਾਇਣ-ਚੁੜੇਲ, ਸ਼ਹੀਦੀ ਰੂਹ, ਓਪਰੀ ਹਵਾ, ਸ਼ੈਤਾਨ ਤੇ ਗ਼ੈਬੀ ਰੂਹ ਨੂੰ ਨਹੀਂ ਮੰਨਣਾ।

(ਕ) ਸੁੱਖਣਾ, ਪੁੱਛਣਾ, ਮੰਨਤ, ਸ਼ੀਰਣੀ, ਪੀਰ, ਬ੍ਰਾਹਮਣ, ਪੁਜਾਰੀ, ਸਾਧ-ਸੰਤ-ਬਾਬਾ ਵਗ਼ੈਰਾ ਨੂੰ ਨਹੀਂ ਮੰਨਣਾ।

(ਖ) ਸ਼ਗਣ-ਅਪਸ਼ਗਣ, ਘੜੀ-ਮੁਹੂਰਤ, ਗ੍ਰਹਿ, ਲਗਨ, ਪਤਰੀ, ਰਾਸ਼ੀਆਂ, ਜੋਤਿਸ਼, ਥਿਤ-ਵਾਰ, ਦਿਨ-ਦਿਹਾੜੇ ਨੂੰ ਨਹੀਂ ਮੰਨਣਾ।

ਇਹ ਸਾਰੇ ਅੰਧ-ਵਿਸ਼ਵਾਸ ਗੁਰਮਤਿ ਦੇ ਉਲਟ ਹਨ।

(ਗ) ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਇਕਾਦਸ਼ੀ, ਦੁਆਦਸ਼ੀ, ਪੰਚਮੀ, ਅਸ਼ਟਮੀ, ਨੌਮੀਂ, ਦਸਮੀਂ ਵਗ਼ੈਰਾ ਨੂੰ ਨਹੀਂ ਮੰਨਣਾ।

(ਘ) ਹੋਮ (ਹਵਨ), ਯੱਗ, ਧੂਫ਼, ਦੀਪ-ਜੋਤਿ ਨਹੀਂ ਮੰਨਣਾ।

(ਙ) ਵੇਦ, ਸ਼ਾਸਤਰ, ਸਿਮ੍ਰਿਤੀਆਂ, ਪੁਰਾਨ, ਕੁਰਾਨ, ਗੀਤਾ, ਅੰਜੀਲ, ਤੁਰੇਤ, ਜੰਬੂਰ, ਧਮਪਦ, ਰਾਮਾਇਣ,ਮਹਾਂਭਾਰਤ ਅਤੇ ਹੋਰ ਅਨਮਤੀ ਕਿਤਾਬਾਂ/ਗ੍ਰੰਥਾਂ 'ਤੇ ਇਤਕਾਦ ਨਹੀਂ ਰੱਖਣਾ। (ਇਨ੍ਹਾਂ ਨੂੰ ਜਾਣਕਾਰੀ ਵਾਸਤੇ ਪੜ੍ਹਿਆ ਜਾ ਸਕਦਾ ਹੈ)।

(ਚ) ਗੋਰ, ਮੜ੍ਹੀ, ਮਸਾਣੀ, ਮੱਠ, ਸਮਾਧ, ਜਠੇਰੇ, ਗੁੱਗਾ ਮਨਾਉਣਾ, ਵਰਮੀ ਪੂਜਣਾ, ਪੀਰ ਸਖੀ ਸਰਵਰ ਵਗ਼ੈਰਾ ਥਾਂਵਾਂ ਨੂੰ ਉੱਕਾ ਹੀ ਨਹੀਂ ਮੰਨਣਾ।

(ਛ) ਤਿਲਕ, ਜੰਞੂ, ਤੁਲਸੀ ਮਾਲਾ, ਸ਼ਿਖਾ-ਸੂਤ, ਮੌਲੀ, ਤਰਪ, ਮੁਕਟ ਤੇ ਹੋਰ ਅਨਮਤੀ ਚਿੰਨ੍ਹ ਨਹੀਂ ਪਾਉਣੇ/ਮੰਨਣੇ। ਕਿਸੇ ਸਮੇਂ ਵੀ ਮੁੰਡਣ, ਭਾਦਨ ਨਹੀਂ ਕਰਨੇ।

(ਜ) ਪਿੰਡ-ਪੱਤਲ, ਕਿਰਿਆ-ਕਰਮ, ਪਿੱਤਰ ਪੂਜਣੇ, ਸ਼ਰਾਧ, ਵਰ੍ਹੀਣਾ, ਛਿਮਾਹੀ, ਬਰਸੀ ਵਗ਼ੈਰਾ ਨਹੀਂ ਮਨਾਉਣੇ। ਇਹ ਸਭ ਹਿੰਦੂ ਕਰਮ-ਕਾਂਡ ਹਨ।

(ਝ) ਵਰ-ਸਰਾਪ, ਮੰਗਲ, ਸ਼ਨੀ, ਕੰਜਕਾਂ, ਵਰਤ, ਕਰਵਾ ਚੌਥ, ਰੋਜ਼ੇ ਨਹੀਂ ਮੰਨਣੇ। (ਆਉਣ ਵਾਲੇ ਸਮਿਆਂ ਵਿਚ ਜਾਂ ਮੁਕਾਮੀ ਜਾਂ ਦੂਜੇ ਹੋਰ ਜਾਣੇ-ਅਣਜਾਣੇ ਕਰਮ-ਕਾਂਡ ਅਤੇ ਅ-ਸਿੱਖ

ਰਿਵਾਇਤਾਂ (ਜੋ ਗੁਰਬਾਣੀ ਦੀ ਸਿਖਿਆ ਮੁਤਾਬਿਕ ਨਹੀਂ ਹਨ) ਨੂੰ ਵੀ ਇਨ੍ਹਾਂ ਵਿਚ ਸ਼ਾਮਿਲ ਮੰਨਿਆ ਜਾਵੇ।

(ਞ) ਸਿੱਖ ਸਾਰੇ ਮੱਤਾਂ ਤੋਂ ਨਿਆਰਾ ਰਹੇ।

(ਟ) ਕੋਈ ਵੀ ਸਮਾਗਮ ਕਰਨ ਵੇਲੇ ਸ਼ਬਦ ਵੀਚਾਰ/ਕੀਰਤਨ ਵਗ਼ੈਰਾ ਘਰ ਵਾਲੇ ਆਪ ਕਰਨ ਜਾਂ ਕਿਸੇ ਨਿਸ਼ਕਾਮ ਪ੍ਰਚਾਰਕ ਤੋਂ ਕਰਵਾਉਣ।

(ਠ) ਸਾਰੇ ਘਰੇਲੂ ਸਮਾਗਮ ਸਾਦਗੀ ਭਰਪੂਰ ਹੋਣ ਅਤੇ ਅਡੰਬਰ ਤੇ ਵਾਧੂ ਦਿਖਾਵੇ ਤੋਂ ਗੁਰੇਜ਼ ਕੀਤਾ ਜਾਵੇ।

(ਡ) ਬੱਚਿਆਂ ਦੇ ਜਮਾਂਦਰੂ ਕੇਸ ਸਾਬਿਤ ਰੱਖੇ। (ਅਪਰੇਸ਼ਨ ਦੌਰਾਨ ਕੱਟੇ ਗਏ ਕੇਸਾਂ/ਰੋਮਾਂ ਦਾ ਵਹਿਮ ਭਰਮ ਨਹੀਂ ਕਰਨਾ।

(ਢ) ਸਿੱਖ ਕਿਸੇ ਕਿਸਮ ਦਾ ਨਸ਼ਾ ਨਾ ਵਰਤੇ।

(ਣ) ਗੁਰੂ ਦਾ ਸਿੱਖ ਧੀ ਨਾ ਮਾਰੇ ਤੇ ਲਿੰਗ ਦੇ ਵਿਤਕਰੇ ਵਜੋਂ ਭਰੂਣ-ਹੱਤਿਆ ਨਾ ਕਰੇ।

(ਤ) ਸਿੱਖ ਇਕ ਦੂਜੇ ਨੂੰ ਮਿਲਣ ਵੇਲੇ 'ਵਾਹਿਗੁਰੂ ਜੀ ਦੀ ਫ਼ਤਹਿ' ਬੁਲਾਵੇ।

ਸਿੱਖ ਦਾ ਪਹਿਰਾਵਾ

(ੳ) ਸਿੱਖ ਲਈ ਕਛਿਹਰਾ ਅਤੇ ਦਸਤਾਰ ਤੋਂ ਇਲਾਵਾ ਪਹਿਰਾਵੇ ਦੀ ਕੋਈ ਬੰਦਿਸ਼ ਨਹੀਂ। ਪਰ ਪਹਿਰਾਵਾ ਭੜਕਾਊ ਜਾਂ ਨੰਗੇਜ ਦਿਖਾਉਣ ਵਾਲਾ ਨਾ ਹੋਵੇ।

(ਅ) ਸਿੱਖ ਬੀਬੀ ਕੇਸਕੀ/ਦਸਤਾਰ ਜਾਂ ਸਕਾਰਫ਼-ਸਣੇ ਦੁਪੱਟਾ ਕਿਸੇ ਨਾਲ ਵੀ ਸਿਰ ਢਕ ਸਕਦੀ ਹੈ।

ਜਨਮ ਅਤੇ ਨਾਂ

(ੳ) ਬੱਚੇ-ਬੱਚੀ ਦੇ ਜਨਮ 'ਤੇ ਮਾਂ-ਬਾਪ ਅਕਾਲ ਪੁਰਖ ਦੇ ਸ਼ੁਕਰਾਨੇ ਦੀ ਅਰਦਾਸ ਕਰਨ। ਇਹ ਅਰਦਾਸ ਗੁਰਦੁਆਰੇ ਜਾਂ ਘਰ ਜਾਂ ਕਿਤੇ ਵੀ ਕੀਤੀ ਜਾ ਸਕਦੀ ਹੈ।

(ਅ) ਬੱਚੇ ਦਾ ਨਾਂ ਮਾਂ-ਬਾਪ ਆਪਣੀ ਸਹੂਲਤ ਮੁਤਾਬਿਕ ਆਪ ਜਾਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਕਿਸੇ ਵੀ ਅੱਖਰ 'ਤੇ ਰੱਖ ਕੇ, ਸ਼ਬਦ ਗੁਰੂ ਅੱਗੇ, ਸ਼ੁਕਰਾਨੇ ਦੀ ਅਰਦਾਸ ਕਰੇ। ਨਾਂ ਨਾਲ ਸਿੰਘ/ਕੌਰ ਲਾਉਣਾ ਲਾਜ਼ਮੀ ਹੈ। ਨਾਂ ਨਾਲ ਜ਼ਾਤ-ਗੋਤ ਨਾ ਲਾਈ ਜਾਵੇ ਕਿਉਂ ਕਿ ਇਹ ਮਨਮਤਿ ਹੈ। ਵਿਦੇਸ਼ਾਂ ਵਿਚ ਕਾਨੂੰਨੀ ਸ਼ਰਤ ਦੀ ਹਾਲਤ ਵਿਚ 'ਫ਼ੈਮਲੀ ਨੇਮ' ਦੀ ਮਜਬੂਰੀ ਹੋਵੇ ਤਾਂ ਸਿਰਫ਼ 'ਖਾਲਸਾ' ਹੀ ਲਿਖਿਆ ਜਾਵੇ।

(ੲ) ਟੇਵਾ-ਕੁੰਡਲੀ, ਜਨਮ-ਪੱਤਰੀ ਅਤੇ ਸੂਤਕ-ਪਾਤਕ, ਮਾਤਾ ਦਾ ਚੌਂਕੇ ਚੜ੍ਹਾਉਣਾ ਵਗ਼ੈਰਾ ਲਈ ਸਿੱਖ ਸਿਧਾਤਾਂ ਵਿਚ ਕੋਈ ਥਾਂ ਨਹੀਂ।

(ਸ) ਨਿੰਮ-ਸ਼ਰੀਂਹ ਬੰਨ੍ਹਣਾ ਵਗ਼ੈਰਾ ਕੋਈ ਅਨਮਤੀ ਰੀਤ ਨਹੀਂ ਕਰਨੀ।

(ਹ) ਬੱਚੇ ਦੀ 'ਨਜ਼ਰ ਉਤਾਰਨਾ' ਮਨਮਤ ਹੈ।

(ਕ) ਸਿੱਖ ਧਰਮ ਵਿਚ ਰਸਮ ਵਜੋਂ 'ਗੁੜ੍ਹਤੀ' ਦੇਣ ਦਾ ਕੋਈ ਸਿਧਾਂਤ ਨਹੀਂ ਹੈ।

ਅਨੰਦ ਵਿਆਹ

(ੳ) ਅਨੰਦ ਵਿਆਹ ਸਿਰਫ਼ ਗੁਰਦੁਆਰੇ ਵਿਚ ਹੀ ਹੋਵੇ ਪਰ ਜਿੱਥੇ ਗੁਰਦੁਆਰਾ ਨਹੀਂ ਹੈ ਉੱਥੇ ਹੋਰ ਥਾਂ 'ਤੇ ਵੀ ਕੀਤਾ ਜਾਸਕਦਾ ਹੈ।

(ਅ) ਹਰ ਇਕ ਸਿੱਖ ਆਪਣਾ ਵਿਆਹ ਅਨੰਦ ਮੈਰਿਜ ਐਕਟ (੧੯੦੯) ਮੁਤਾਬਿਕ ਰਜਿਸਟਰ ਕਰਵਾਵੇ।

(ੲ) ਵਿਆਹ ਅਖੌਤੀ ਜ਼ਾਤ-ਪਾਤ, ਗੋਤ, ਬਿਰਾਦਰੀ, ਇਲਾਕਾ ਵਿਚਾਰੇ ਬਿਨਾ ਕੀਤਾ ਜਾਵੇ।

(ਸ) ਸਿੱਖ ਦਾ ਵਿਆਹ ਸਿਰਫ਼ ਸਿੱਖ ਨਾਲ ਹੋਵੇ।

(ਹ) ਰੋਕਾ, ਠਾਕਾ, ਸ਼ਗਨ, ਮੰਗਣੀ, ਜਾਂ ਸਮੇਂ-ਸਮੇਂ ਬਣਾਈਆਂ ਹੋਰ-ਹੋਰ ਰਸਮਾਂ ਦੀ ਬਜਾਏ, ਰਿਸ਼ਤਾ ਜੋੜਨ ਸਬੰਧੀ 'ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ' ਗੁਰੁ-ਹੁਕਮ ਮੁਤਾਬਿਕ ਸਿਰਫ਼ ਅਰਦਾਸ ਹੀ ਕੀਤੀ ਜਾਵੇ।

(ਕ) ਵਿਆਹ ਦਾ ਦਿਨ ਮੁਕੱਰਰ ਕਰਨ ਲੱਗਿਆਂ ਥਿਤ-ਵਾਰ, ਮਹੂਰਤ, ਸ਼ੁਭ-ਅਸ਼ੁਭ ਤੇ ਪਤਰੀ ਵਾਚਣਾ ਵਗ਼ੈਰਾ ਅਨਮਤੀ ਕਰਮ ਬਿਲਕੁਲ ਨਾ ਕੀਤੇ ਜਾਣ।

(ਖ) ਦੋਹਾਂ ਧਿਰਾਂ ਦੀ ਸਹੂਲਤ ਮੁਤਾਬਿਕ ਵਿਆਹ ਵਾਸਤੇ ਕੋਈ ਵੀ ਦਿਨ/ਸਮਾਂ (ਬਿਨਾਂ ਕਿਸੇ ਭਰਮ ਦੇ) ਮਿੱਥ ਲਿਆ ਜਾਵੇ।

(ਗ) ਅਨੰਦ ਵਿਆਹ ਦੌਰਾਨ ਸਿਹਰਾ, ਘੁੰਡ ਕੱਢਣਾ, ਜੈਮਾਲਾ ਪਾਉਣਾ, ਕਲਗੀ, ਮੁਕਟ, ਹਾਰ ਪਾਉਣੇ, ਘੋੜੀ ਚੜ੍ਹਨਾ, ਪਿੱਤਰ/ਜਠੇਰੇ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣੇ, ਮਾਈਏਂ ਪਾਉਣਾ, ਮੈਂਹਦੀ ਲਾਉਣਾ, ਵੱਟਣਾ ਮਲਣਾ, ਬੇਲੋੜਾ ਹਾਰ-ਸਿੰਗਾਰ ਕਰਨਾ (ਬਿਊਟੀ ਪਾਰਲਰ 'ਤੇ ਜਾਣਾ) ਗੁਰਮਤਿ ਦੇ ਉਲਟ ਹੈ।

(ਘ) ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨਾ, ਰੁੱਸਣਾ, ਛਿਪਣਾ, ਹਵਨ-ਯੱਗ, ਵੇਦੀ/ਬੇਦੀ ਗੱਡਣਾ, ਵਾਜੇ ਵਜਾਉਣਾ, ਆਰਕੈਸਟਰਾ ਤੇ ਗਾਣੇ ਤੇ ਨਾਚ, ਸ਼ਰਾਬ ਤੇ ਨਸ਼ਿਆਂ ਦੀ ਵਰਤੋਂ ਵਰਗੇ ਅਨਮਤੀ ਕਰਮ ਨਹੀਂ ਕਰਨੇ।

(ਙ) ਮਿਲਣੀ ਦੀ ਰਸਮ ਦੀ ਬਜਾਏ ਦੋਹਾਂ ਧਿਰਾਂ ਇਕ ਦੂਜੇ ਦੀ ਪਛਾਣ 'ਫ਼ਤਹਿ' ਦੀ ਸਾਂਝ ਨਾਲ ਕਰਵਾਉਣ। ਇਸ ਮੌਕੇ 'ਤੇ ਕੋਈ ਲੈਣ-ਦੇਣ, ਤੋਹਫ਼ਿਆਂ ਦਾ ਵਟਾਂਦਰਾ ਬਿਲਕੁਲ ਨਾ ਕੀਤਾ ਜਾਵੇ। ਇਸ ਮੌਕੇ 'ਤੇ ਕੋਈ ਵੀ ਹੋਰ ਕਾਰਵਾਈ ਨਾ ਕੀਤੀ ਜਾਵੇ ਤੇ ਸਾਰੇ ਸਿੱਧਾ ਦੀਵਾਨ ਹਾਲ ਵਿਚ ਚਲੇ ਜਾਣ।

(ਚ) ਅਨੰਦ ਕਾਰਜ ਦੌਰਾਨ ਸਾਰੇ ਲੋਕ (ਸਣੇ ਮੁੰਡਾ-ਕੁੜੀ ਯਾਨਿ ਲਾੜਾ-ਲਾੜੀ) ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠ ਜਾਣ।

ਇਸ ਤੋਂ ਬਾਅਦ ਗੁਰਮਤਿ ਮੁਤਾਬਿਕ ਵਿਆਹ ਦੇ ਫਲਸਫ਼ੇ ਦੀ ਵਿਆਖਿਆ ਕੀਤੀ ਜਾਵੇ। ਇਸ ਤੋਂ ਬਾਅਦ ਵਿਆਖਿਆ ਕਰਨ ਵਾਲਾ ਮੁੰਡੇ ਤੇ ਕੁੜੀ ਦੋਹਾਂ ਤੋਂ ਪੁੱਛੇ ਕਿ ਉਹ ਇਹ ਅਨੰਦ

ਵਿਆਹ ਦਾ ਫ਼ਲਸਫ਼ਾ ਕਬੂਲ ਕਰਦੇ ਹਨ। ਦੋਹਾਂ ਵੱਲੋਂ ਹਾਂ ਮਿਲਣ ਮਗਰੋਂ ਜੈਕਾਰਾ ਛੱਡ ਕੇ ਛੋਟੀ ਅਰਦਾਸ ਕੀਤੀ ਜਾਵੇ।

ਇਸ ਮਗਰੋਂ ਲਾੜਾ-ਲਾੜੀ ਖੜ੍ਹੇ ਹੋ ਜਾਣ ਅਤੇ ਲਾਵਾਂ ਦੇ ਚਾਰ ਸ਼ਬਦਾਂ ਦਾ ਪਾਠ ਕੀਤਾ ਜਾਵੇ। ਪਾਠ ਦੀ ਸਮਾਪਤੀ ਤੋਂ ਬਾਅਦ ਲਾੜਾ-ਲਾੜੀ ਮੱਥਾ ਟੇਕ ਕੇ ਬੈਠ ਜਾਣ। ਇਸ ਮਗਰੋਂ ਚਾਰ ਲਾਵਾਂ ਦੇ ਸ਼ਬਦਾਂ ਦਾ ਕੀਰਤਨ ਕੀਤਾ ਜਾਵੇ ਅਤੇ ਅਨੰਦ ਵਿਆਹ ਦੀ ਸਮਾਪਤੀ ਸ਼ੁਕਰਾਨੇ ਦੀ ਅਰਦਾਸ ਨਾਲ ਕੀਤੀ ਜਾਵੇ। ਜਿੱਥੇ ਕੀਰਤਨ ਦਾ ਇੰਤਜ਼ਾਮ ਨਹੀਂ ਉੱਥੇ ਲਾਂਵਾਂ ਦੇ ਪਾਠ ਤੋਂ ਬਾਅਦ ਅਰਦਾਸ ਕਰ ਕੇ ਸਮਾਪਤੀ ਕੀਤੀ ਜਾਵੇ। ਲਾੜਾ-ਲਾੜੀ ਦੇ ਸੱਜੇ-ਖੱਬੇ ਬੈਠਣ ਦਾ ਭਰਮ ਨਹੀਂ ਕਰਨਾ।

(ਛ) ਗ਼ੈਰ ਸਿੱਖਾਂ ਜਾਂ ਅਨਮਤੀਆਂ ਦਾ ਵਿਆਹ ਅਨੰਦ ਦੀ ਰੀਤੀ ਨਾਲ ਨਹੀਂ ਕੀਤਾ ਜਾ ਸਕਦਾ।

(ਜ) ਸਿੱਧੇ ਜਾ ਅਸਿੱਧੇ ਰੂਪ ਵਿਚ ਜਾਂ ਤੋਹਫ਼ਿਆਂ ਦੀ ਸ਼ਕਲ ਵਿਚ ਕਿਸੇ ਕਿਸਮ ਦਾ ਵੀ ਲੈਣ-ਦੇਣ ਨਾ ਕੀਤਾ ਜਾਵੇ। ਦਾਜ ਲੈਣਾ/ਦੇਣਾ ਗੁਰਮਤਿ ਦੇ ਉਲਟ ਹੈ।

(ਝ) ਸਿੱਖ ਧਰਮ ਵਿਚ ਮਰਦ/ਔਰਤ ਦੇ ਪੁਨਰ ਵਿਆਹ ਦੀ ਕੋਈ ਪਾਬੰਦੀ ਨਹੀਂ।

(ਞ) ਵਿਆਹ ਦੀ ਰਸਮ ਮਗਰੋਂ ਲੰਗਰ ਦੋਹਾਂ ਧਿਰਾਂ ਵੱਲੋਂ ਸਾਂਝਾ ਕੀਤਾ ਜਾਵੇ (ਨਾ ਕਿ ਸਿਰਫ਼ ਕੁੜੀ ਵਾਲਿਆਂ ਵੱਲੋਂ)।

ਗੁਰਮਤਿ ਮੁਤਾਬਿਕ ਦੋਹਾਂ ਧਿਰਾਂ ਦਾ ਦਰਜਾ ਬਰਾਬਰ ਹੈ। ਕੁੜੀ ਵਾਲਿਆਂ ਨੂੰ ਛੋਟਾ ਅਤੇ ਮੁੰਡੇ ਵਾਲਿਆਂ ਨੂੰ ਵੱਡਾ, ਉੱਚਾ ਜਾਂ ਖ਼ਾਸ ਦਰਜਾ ਦੇਣਾ ਗੁਰਮਤਿ ਦੇ ਵਿਰੁੱਧ ਹੈ।

ਮੌਤ ਸਬੰਧੀ

(ੳ) ਪ੍ਰਾਣੀ ਦੇ ਮਰਨ ਮਗਰੋਂ ਜੇ ਮੰਜੇ 'ਤੇ ਹੋਵੇ ਤਾਂ ਹੇਠਾਂ ਉਤਾਰਨਾ, ਦੀਵਾ-ਵੱਟੀ, ਗਊ ਮਨਸਾਉਣਾ ਜਾਂ ਕੋਈ ਹੋਰ ਮਨਮੱਤੀ ਕਰਮ-ਕਾਂਡ ਨਹੀਂ ਕਰਨਾ। ਸਿਰਫ਼ ਗੁਰਬਾਣੀ ਦਾ ਪਾਠ/ਕੀਰਤਨ ਕੀਤਾ ਜਾਵੇ। ਪਿੱਟਣਾ, ਧਾਹਾਂ ਮਾਰਨਾ, ਸਿਆਪਾ ਕਰਨਾ ਗੁਰਮਤਿ ਦੇ ਉਲਟ ਹੈ।

(ਅ) ਜੇ ਮਿਰਤਕ ਨੂੰ ਅਗਨ ਭੇਟ ਕਰਨ ਦਾ ਇੰਤਜ਼ਾਮ ਨਾ ਹੋਵੇ ਤਾਂ ਦਫ਼ਨਾਉਣਾ ਜਾਂ ਜਲ-ਪ੍ਰਵਾਹ ਕਰਨ ਦਾ ਕੋਈ ਭਰਮ ਨਹੀਂ ਕਰਨਾ। ਸਮੇਂ-ਸਥਾਨ ਮੁਤਾਬਿਕ ਕੋਈ ਦੂਜਾ ਢੰਗ ਵੀ ਅਪਣਾਇਆ ਜਾ ਸਕਦਾ ਹੈ।

(ੲ) ਕੋਸ਼ਿਸ਼ ਕੀਤੀ ਜਾਵੇ ਕਿ ਪੂਰਾ ਜਿਸਮ ਕਿਸੇ ਸਹੀ ਖੋਜ ਸੰਸਥਾ (ਮੈਡੀਕਲ ਰੀਸਰਚ ਇੰਸਟੀਚਿਊਟ) ਜਾਂ ਹਸਪਤਾਲ ਨੂੰ ਦੇ ਦਿੱਤਾ ਜਾਵੇ ਤਾਂ ਜੋ ਜਿਸਮ ਦਾ ਕੋਈ ਵੀ ਅੰਗ ਕਿਸੇ ਜ਼ਰੂਰਤਮੰਦ ਦੀ ਮਦਦ ਜਾਂ ਖੋਜ ਵਾਸਤੇ ਵਰਤਿਆ ਜਾ ਸਕੇ।

(ਸ) ਮਿਰਤਕ ਜਿਸਮ ਨੂੰ ਨੁਹਾਉਣ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ (ਜ਼ਰੂਰਤ ਮੁਤਾਬਿਕ ਸਫ਼ਾਈ ਕੀਤੀ ਜਾ ਸਕਦੀ ਹੈ)। ਸ਼ਮਸ਼ਾਨ ਘਾਟ ਲਿਜਾਂਦੇ ਸਮੇਂ ਰਸਤੇ ਵਿਚ ਗੁਰਬਾਣੀ ਦੇ ਸ਼ਬਦ ਪੜ੍ਹੇ ਜਾਣ। ਸ਼ਮਸ਼ਾਨ ਘਾਟ ਵਿਚ ਮਿਰਤਕ ਦੀ ਦੇਹ ਚਿਤਾ 'ਤੇ ਰੱਖ ਕੇ 'ਅੰਤਿਮ ਅਰਦਾਸ' ਕਰ ਕੇ ਅੱਗਨ ਭੇਟ ਕਰ ਦਿੱਤਾ ਜਾਵੇ ਅਤੇ ਇਸ ਮਗਰੋਂ ਸੰਗਤਾਂ ਘਰਾਂ ਨੂੰ ਪਰਤ ਜਾਣ। ਜਿੱਥੇ ਪੂਰਾ ਜਿਸਮ

ਕਿਸੇ ਸੰਸਥਾ ਨੂੰ ਦਿੱਤਾ ਜਾਣਾ ਹੈ ਉੱਥੇ ਘਰੋਂ ਜਿਸਮ ਨੂੰ ਵਿਦਾ ਕਰਨ ਸਮੇਂ 'ਅੰਤਿਮ ਅਰਦਾਸ' ਕਰ ਦਿੱਤੀ ਜਾਵੇ। ਬੱਸ ਮਿਰਤਕ ਦੀ ਇਹੀ ਆਖ਼ਰੀ ਅਰਦਾਸ ਹੈ।

(ਹ) ਹੇਠ ਲਿਖੇ ਕਰਮ-ਕਾਂਡ ਗੁਰਮਤਿ ਵਿਚ ਮਨ੍ਹਾ (ਵਰਜਿਤ) ਹਨ:

੧. ਮਿਰਤਕ ਨੂੰ ਕਿਸੇ ਭਰਮ ਹੇਠ ਮੰਜੇ ਤੋਂ ਉਤਾਰਨਾ

੨. ਮੁਰਦੇ ਨੂੰ ਮੱਥਾ ਟੇਕਣਾ ਜਾਂ ਉਸ ਦੀ ਪਰਕਰਮਾ ਕਰਨਾ

੩. ਮਿਰਤਕ ਦਾ ਮੰਜਾ ਖੜ੍ਹਾ ਕਰਨਾ

੪. ਦੀਵਾ ਜਗਾਉਣਾ

੫. ਵਾਧੂ ਕਛਹਿਰਾ/ਪਰਨਾ ਬੰਨ੍ਹਣਾ

੬. ਗੁਰਦੁਆਰੇ ਮੱਥਾ ਟਿਕਾਉਣਾ

੭. ਅੱਧੇ ਰਸੇ ਵਿਚ ਬਿਬਾਨ ਰੱਖਣਾ

੮. ਪਾਣੀ ਡੋਲ੍ਹਣਾ, ਘੜਾ ਭੰਨਣਾ, ਤਿਣਕੇ ਤੋੜਨਾ

੯. ਬਿਬਾਨ ਸਜਾਉਣਾ/ਵੱਡਾ ਕਰਨਾ/ਬੁੱਢਾ ਮਰਨਾ ਕਰਨਾ

੧੦.ਫੁਲੀਆਂ ਮਖਾਣੇ ਸੁੱਟਣਾ ਜਾਂ ਵੰਡਣਾ

੧੧. ਮੂੰਹ ਵਿਚ ਘਿਓ/ਪੈਸਾ ਪਾਉਣਾ

੧੨. ਅਖੌਤੀ ਗੰਗਾ ਜਲ ਜਾਂ ਕਿਸੇ ਵੀ ਅਖੌਤੀ ਤੀਰਥ ਦਾ ਪਾਣੀ ਮੂੰਹ ਵਿਚ ਪਾਉਣਾ ਜਾਂ ਜਿਸਮ 'ਤੇ ਛਿੜਕਣਾ

੧੩. ਚੰਦਨ ਦੀ ਲੱਕੜ ਪਾਉਣਾ

੧੪. ਅਗਨ ਭੇਟ ਕੋਈ ਜ਼ਰੂਰੀ ਨਹੀਂ ਕਿ ਪੁੱਤਰ ਹੀ ਕਰੇ। ਧੀਆਂ ਜਾਂ ਹਾਜ਼ਰ ਕੋਈ ਵੀ ਸ਼ਖ਼ਸ ਅਗਨ ਭੇਟ ਕਰ ਸਕਦਾ ਹੈ।

ਅੰਗੀਠਾ ਸੰਭਾਲਣਾ

੧. ਅੰਗੀਠਾ ਠੰਢਾ ਹੋਣ 'ਤੇ ਅਸਥੀਆਂ, ਸੁਆਹ (ਰਾਖ) ਸਣੇ, ਇਕੱਠੀਆਂ ਕਰ ਕੇ ਥੈਲੇ/ਕੱਪੜੇ ਵਿਚ ਪਾ ਕੇ ਨੇੜੇ ਦੇ ਵਗਦੇ ਪਾਣੀ ਵਿਚ ਰੋੜ੍ਹ ਦਿੱਤਾ ਜਾਵੇ। ਜੇ ਪਾਣੀ ਦੂਰ ਹੋਵੇ ਤਾਂ ਟੋਇਆ ਪੁੱਟ ਕੇ ਦਬਾ ਦਿੱਤਾ ਜਾਵੇ ਅਤੇ ਜ਼ਮੀਨ ਨੂੰ ਪੱਧਰਾ ਕਰ ਦਿੱਤਾ ਜਾਵੇ ਤਾਂ ਜੋ ਕੋਈ ਨਿਸ਼ਾਨੀ ਨਾ ਬਚੇ।

੨. ਅੰਗੀਠੇ ਦੀ ਰਾਖ ਨੂੰ ਕੀਰਤਪੁਰ, ਹਰਦੁਆਰ ਜਾਂ ਕਿਸੇ ਹੋਰ ਥਾਂ 'ਤੇ ਪਾਉਣਾ ਮਨਮਤਿ ਹੈ।

੩. ਮੜ੍ਹੀ, ਸਮਾਧ, ਦੇਹੁਰਾ ਵਗ਼ੈਰਾ ਬਣਾਉਣਾ ਮਨਮਤਿ ਹੈ।

੪. ਮਿਰਤਕ ਦੇਹ ਨੂੰ ਅਗਨ ਭੇਟ ਕਰਨ ਸਮੇਂ ਕੀਤੀ ਅਰਦਾਸ ਹੀ 'ਅੰਤਮ ਅਰਦਾਸ' ਹੈ। ਇਸ ਤੋਂ ਬਾਅਦ ਕਿਸੇ ਵੀ ਰਸਮ ਨਾਲ ਮਿਰਤਕ ਦਾ ਕੋਈ ਸਬੰਧ ਨਹੀਂ। ਅਖੰਡ ਪਾਠ ਜਾਂ ਸਹਿਜ ਪਾਠ ਦਾ ਮਿਰਤਕ ਨਾਲ ਕੋਈ ਸਬੰਧ ਨਹੀਂ। ਜੇ ਹੋ ਸਕੇ ਤਾਂ ਮੌਕੇ ਦਾ ਲਾਹਾ ਲੈਂਦਿਆਂ ਕੁਝ ਦਿਨ (ਜਿੰਨੇ ਦਿਨ ਪਰਵਾਰ ਚਾਹੇ ਜਾਂ ਸੌਖਿਆਂ ਕਰ ਸਕੇ) ਗੁਰਬਾਣੀ ਦੇ ਸ਼ਬਦਾਂ ਦੀਆਂ ਵਿਚਾਰਾਂ ਕੀਤੀਆਂ ਜਾਣ।

ਇਸ ਮੌਕੇ 'ਤੇ ਪਰਵਾਰ ਦੀ ਖ਼ਾਹਿਸ਼ ਮੁਤਾਬਿਕ ਗੁਰਮਤਿ ਸਮਾਗਮ ਕਰਵਾਇਆ ਜਾ ਸਕਦਾ ਹੈ। ਇਹ ਸ਼ਰਧਾਂਜਲੀ ਸਮਾਗਮ ਨਹੀਂ ਬਲਕਿ ਨਿਰੋਲ ਗੁਰਮਤਿ ਵਿਚਾਰ ਦਾ ਸਮਾਗਮ ਹੋਵੇ।

ਗੁਰੂ ਗ੍ਰੰਥ ਸਾਹਿਬ ਦਾ ਪਾਠ

ਗੁਰਬਾਣੀ ਪੜ੍ਹਨ, ਸੁਣਨ, ਸਮਝ ਕੇ ਵਿਚਾਰਨ ਅਤੇ ਅਮਲ ਕਰਨ ਵਾਸਤੇ ਹੈ। ਅਖੰਡ ਪਾਠ ਜਾਂ ਰਸਮੀ ਸਹਿਜ ਪਾਠ ਜਾਂ ਹਫ਼ਤਾਵਾਰੀ (ਸਪਤਾਹਿਕ) ਸਹਿਜ ਪਾਠ ਨਾਲ ਇਹ ਮੁਮਕਿਨ ਨਹੀਂ ਕਿਉਂਕਿ ਅਜਿਹਾ ਕਰਦਿਆਂ ਸ਼ਬਦ ਵਿਚਾਰ ਨਹੀਂ ਹੋਇਆ ਕਰਦੀ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਪਾਠ ਇੱਕਲਵਾਂਝੇ ਥਾਂ 'ਤੇ ਚੁਪ ਮਾਹੌਲ ਵਿਚ ਕੀਤਾ ਜਾਵੇ। ਪਰ ਲੋੜ ਪੈਣ 'ਤੇ ਪਾਠ ਕਰਦਿਆਂ ਜ਼ਰੂਰੀ ਗੱਲਬਾਤ ਕਰਨ ਨਾਲ ਪਾਠ ਖੰਡਤ ਨਹੀਂ ਹੁੰਦਾ।

ਅਖੰਡ ਪਾਠ, ਸੰਪਟ ਪਾਠ, ਇਕੋਤਰੀਆਂ, ਪਾਠਾਂ ਦੀਆਂ ਲੜੀਆਂ (ਇੱਕੋ ਥਾਂ 'ਤੇ ਇਕ ਤੋਂ ਵਧ ਪਾਠ) ਮਨਮਤਿ ਹਨ।

ਗੁਰਸ਼ਬਦ ਦੀ ਵਿਚਾਰ ਹਰ ਇਕ ਗੁਰਸਿੱਖ, ਹਰ ਇਨਸਾਨ, ਹਰ ਜੀਵ ਦੇ ਜੀਵਨ ਦਾ ਆਧਾਰ ਹੈ। ਸ਼ਖ਼ਸੀ ਸਹਿਜ ਪਾਠ ਕਰਨਾ/ਸੁਣਨਾ ਹੀ ਗੁਰਸ਼ਬਦ ਨੂੰ ਵਿਚਾਰਨ ਦਾ ਸਹੀ ਢੰਗ ਹੈ।

ਕਿਸੇ ਖ਼ਾਸ ਗੁਰਬਾਣੀ ਸ਼ਬਦ ਨੂੰ ਕਿਸੇ ਖ਼ਾਸ ਤਰੀਕੇ (ਵਿਧੀ) ਨਾਲ ਪੜ੍ਹਨ/ਸੁਣਨ, ਰਟਣ ਨਾਲ ਕਿਸੇ ਬਿਮਾਰੀ ਨੂੰ ਦੂਰ ਕਰਨ ਜਾਂ ਕਿਸੇ ਮਸਲੇ ਦੇ ਹੱਲ ਹੋਣ ਜਾਂ ਕਿਸੇ ਨਿਸ਼ਾਨੇ ਦੀ ਪੂਰਤੀ ਹੋਣ ਦਾ ਵਿਚਾਰ ਮਨਮਤਿ ਹੈ। ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ (੧ਓ ਤੋਂ ਮੁੰਦਾਵਨੀ ਤਕ) ਦੀ ਇੱਕੋ ਜਿੰਨੀ ਅਹਿਮੀਅਤ ਤੇ ਕੀਮਤ ਹੈ। ਗੁਰਬਾਣੀ ਸਿਧਾਂਤਾਂ ਨੂੰ ਡੂੰਘਾਈ ਨਾਲ ਜਾਣਨ ਵਾਸਤੇ ਪੰਜਾਬੀ ਬੋਲੀ, ਗੁਰਮੁਖੀ ਲਿੱਪੀ ਪੜ੍ਹਨਾ/ਲਿਖਣਾ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਸਕਣਾ ਫ਼ਾਇਦੇਮੰਦ ਹੈ।

ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ 'ਮੁੰਦਾਵਨੀ (...ਤਨ ਮਨ ਥੀਵੈ ਹਰਿਆ) 'ਤੇ ਹੁੰਦੀ ਹੈ। ਰਾਗ ਮਾਲਾ ਗੁਰਬਾਣੀ ਨਹੀਂ ਤੇ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਨਹੀਂ। ਇਸ ਕਰ ਕੇ ਰਾਗ ਮਾਲਾ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਛਪਣੀ ਚਾਹੀਦੀ।

ਲੜੀਵਾਰ/ਜੁੜਵੇਂ ਜਾਂ ਪਦਛੇਦ ਬੀੜ/ਸਰੂਪ ਵਿਚੋਂ ਪਾਠ ਕਰਨਾ ਇੱਕੋ ਬਰਾਬਰ ਹੈ।

ਗੁਰਬਾਣੀ ਦੇ ਪਾਠ ਨੂੰ ਸਮਾਂ, ਹੱਦ (ਸੀਮਾ) ਅਤੇ ਦਿਨ/ਦਿਹਾੜੇ/ਤਿਓਹਾਰ ਨਾਲ ਸਬੰਧਤ ਕਰਨਾ ਮਨਮਤਿ ਹੈ।

ਹੁਕਮ ਲੈਣਾ

੧. ਗੁਰੂ ਗ੍ਰੰਥ ਸਾਹਿਬ ਵਿੱਚੋਂ ਕੋਈ ਵੀ ਸ਼ਬਦ ਪੜ੍ਹਨਾ ਹੀ ਹੁਕਮ ਲੈਣਾ ਹੈ ਕਿਉਂਕਿ ਸਾਰੀ ਬਾਣੀ ਹੀ ਇਕ ਬਰਾਬਰ 'ਹੁਕਮ' ਹੈ।

੨. ਹੁਕਮ ਸੁਣਾਉਣ ਵੇਲੇ ਰਹਾਉ ਦੀ ਪੰਕਤੀ (ਲਾਈਨ) ਹੀ ਦੁਹਰਾਈ ਜਾ ਸਕਦੀ ਹੈ, ਆਖ਼ਰੀ ਜਾਂ ਪਹਿਲੀ ਨਹੀਂ।

੩. ਹੁਕਮ ਲੈਣ ਤੋਂ ਪਹਿਲਾਂ '੧ਓ ਤੋਂ ਗੁਰਪ੍ਰਸਾਦਿ' ਤਕ ਹੀ ਪੜ੍ਹਿਆ ਜਾਵੇ। ਹੋਰ ਕੋਈ ਇਕ ਜਾਂ ਵਧੇਰੇ ਸ਼ਬਦ 'ਮੰਗਲਾਚਰਣ' ਵਜੋਂ ਨਾ ਪੜ੍ਹੇ ਜਾਣ।

੪. ਹੁਕਮ ਲਏ ਜਾਣ ਵੇਲੇ, ਸੰਗਤਾਂ ਵਿੱਚੋਂ ਕੋਈ ਵੀ ਨਾਲ-ਨਾਲ ਨਾ ਬੋਲੇ। ਸਿਰਫ਼ ਇਕਾਗਰਤਾ ਨਾਲ ਹੁਕਮ ਨੂੰ ਸੁਣਿਆ ਜਾਵੇ।

ਗੁਰਦੁਆਰਾ

੧. ਸੰਗਤ ਦੀ ਸਾਂਝੀ ਥਾਂ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ, ਉਹ ਗੁਰਦੁਆਰਾ ਹੈ।

੨. ਗੁਰਦੁਆਰਾ 'ਸਿੱਖ ਟੈਂਪਲ' ਜਾਂ 'ਸਿੱਖ ਮੰਦਰ' ਜਾਂ 'ਸਿੱਖ ਚਰਚ' ਨਹੀਂ ਹੈ, ਸਿਰਫ਼ ਗੁਰਦੁਆਰਾ ਹੈ।

੩. ਗੁਰਦੁਆਰਾ ਗੁਰਬਾਣੀ ਦੀ ਵੀਚਾਰ ਲਈ ਸੰਗਤ ਦੇ ਜੁੜਨ ਦੀ ਥਾਂ ਹੈ। ਇਹ 'ਪੂਜਾ' ਦਾ ਥਾਂ ਨਹੀਂ ਹੈ।

੪. ਗੁਰਦੁਆਰੇ ਦੀ ਹਦੂਦ ਵਿਚ ਖੰਡੇ ਸਮੇਤ ਨਿਸ਼ਾਨ ਸਾਹਿਬ ਲਾਉਣਾ ਲਾਜ਼ਮੀ ਹੈ। ਨਿਸ਼ਾਨ ਸਾਹਿਬ ਦੇ ਕਪੜੇ ਦਾ ਰੰਗ ਨੀਲਾ ਹੋਵੇ (ਜਿਹੜਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਪ੍ਰਚਲਤ ਹੈ)। ਨਿਸ਼ਾਨ ਸਾਹਿਬ ਨੂੰ ਮੱਥਾ ਟੇਕਣਾ ਜਾਂ ਇਸ ਦੇ ਥੜ੍ਹੇ ਦੀ ਪਰਕਰਮਾ ਕਰਨਾ ਗੁਰਮਤਿ ਦੇ ਉਲਟ ਹੈ।

੫. ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰ ਰੋਜ਼ ਹੋਵੇ।

੬. ਗੁਰੂ ਗ੍ਰੰਥ ਸਾਹਿਬ ਉੱਪਰ ਚੰਦੋਆ ਤਾਣਿਆ ਹੋਣਾ ਲਾਜ਼ਮੀ ਹੈ।

੭. ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੀੜ੍ਹੇ ਉੱਤੇ ਹੀ ਹੋਵੇ, ਕਿਸੇ ਤਰ੍ਹਾਂ ਦੀ ਪਾਲਕੀ ਵਿਚ ਪ੍ਰਕਾਸ਼ ਨਹੀਂ ਹੋਣਾ ਚਾਹੀਦਾ।

੮. ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਸਤੇ ਲੋੜੀਂਦਾ ਸਾਮਾਨ (ਗੱਦੇ, ਰੁਮਾਲੇ ਵਗ਼ੈਰਾ) ਵਰਤੇ ਜਾਣੇ ਚਾਹੀਦੇ ਹਨ।

੯. ਰੁਮਾਲੇ ਸਾਫ਼ (ਸੁਅੱਛ) ਅਤੇ ਸਾਦੇ ਹੋਣ। ਉਨ੍ਹਾਂ ਉੱਤੇ ਫੁੱਲ ਬੂਟੇ ਜਾਂ ਸ਼ਬਦ ਨਾ ਲਿਖੇ ਹੋਣ। ਰੁਮਾਲਿਆਂ ਦੀ ਦਿੱਖ ਮੌਸਮੀ ਨਾ ਹੋਵੇ।

੧੦. ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨਾਲ ਸਬੰਧਤ ਸਾਮਾਨ (ਰੁਮਾਲੇ ਵਗ਼ੈਰਾ) ਦਾ ਇੰਤਜ਼ਾਮ ਗੁਰਦੁਆਰਾ ਪ੍ਰਬੰਧਕ ਆਪਣੀ ਲੋੜ ਮੁਤਾਬਿਕ ਆਪ ਕਰੇ। ਸ਼ਰਧਾ ਦੇ ਵਹਿਮ-ਭਰਮ ਹੇਠ ਰੁਮਾਲੇ ਨਾ ਚੜ੍ਹਾਏ ਜਾਣ। ਸ਼ਰਧਾ ਦੇ ਨਾਂ 'ਤੇ ਚੰਦੋਏ, ਨਿਸ਼ਾਨ ਰੁਮਾਲੇ ਵਗ਼ੈਰਾ ਚੜ੍ਹਾਉਣਾ ਕੌਮੀ ਪੈਸੇ ਦੀ ਬਰਬਾਦੀ ਹੈ।

੧੧. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਧੂਫ ਬਾਲਣਾ, ਦੀਵੇ ਜਗਾ ਕੇ ਆਰਤੀ ਕਰਨੀ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ, ਕੁੰਭ ਤੇ ਨਾਰੀਅਲ ਰੱਖਣੇ, ਘੜਿਆਲ, ਸੰਖ, ਮੂਰਤੀਆਂ ਰੱਖਣੇ ਮਨਮਤਿ ਹਨ।

੧੨. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਾਗਜ਼ੀ ਫੁੱਲ, ਹਾਰ, ਚਮਕਦੀਆਂ ਲਾਈਟਾਂ, ਬੇਲੋੜੀ ਸਜਾਵਟ, ਕੋਈ ਵੀ ਤਸਵੀਰ ਰੱਖਣਾ ਜਾਂ ਗੁਰਦੁਆਰਿਆਂ ਦੀ ਅੰਦਰੂਨੀ ਬਣਤਰ ਸੰਗਤ ਦਾ ਧਿਆਨ

ਗੁਰਬਾਣੀ ਤੋਂ ਹਟਾਉਂਦਾ ਹੈ, ਇਹ ਨਾ ਕੀਤਾ ਜਾਵੇ। ਗੁਰਦੁਆਰੇ ਦੀ ਈਮਾਰਤ ਸਾਦੀ ਤੇ ਸਵੱਛ ਹੋਵੇ। ਇਸ 'ਤੇ ਸੰਗਮਰਮਰ, ਸੋਨਾ ਵਗ਼ੈਰਾ ਨਾ ਲਾਇਆ ਜਾਵੇ। ਇਹ ਕੌਮੀ ਪੈਸੇ ਦੀ ਬਰਬਾਦੀ ਹੈ। ਸੰਗਮਰਮਰ ਬਾਥਰੂਮ ਵਿਚ ਲਾਇਆ ਜਾਣਾ ਗ਼ਲਤ ਨਹੀਂ ਹੈ। ਗੁਰਦੁਆਰੇ ਦੀ ਹਦੂਦ ਵਿਚ ਸਮਾਧ/ਮੜ੍ਹੀ/ਸ਼ਹੀਦੀ ਥੜ੍ਹਾ ਨਹੀਂ ਬਣਾਇਆ ਜਾ ਸਕਦਾ।

੧੩. ਰੁਮਾਲਾ ਚੁੱਕ ਕੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਨਾ ਮਨਮਤਿ ਹੈ। ਅਸਲ ਦਰਸ਼ਨ ਸ਼ਬਦ ਦੀ ਵੀਚਾਰ ਹੈ।

੧੪. ਗੁਰੂ ਗ੍ਰੰਥ ਸਾਹਿਬ ਦੇ ਪੀੜ੍ਹੇ ਹੇਠ ਪਾਣੀ, ਪਰਚੀਆਂ ਰੱਖਣੀਆਂ, ਰੱਖੜੀਆਂ ਧਾਗੇ ਬੰਨ੍ਹਣਾ, ਮੁੱਠੀਆਂ ਭਰਨੀਆਂ, ਨੱਕ ਮੱਥਾ ਰਗੜਨਾ ਵਗ਼ੈਰਾ ਗੁਰਮਤਿ ਦੇ ਉਲਟ ਹੈ।

੧੫. ਦੀਵਾਨ ਹਾਲ ਵਿਚ ਸਿਰਫ਼ ਤੇ ਸਿਰਫ਼ ਇੱਕੋ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ। ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਿਸੇ ਵੀ ਗ੍ਰੰਥ, ਕਿਤਾਬ, ਪੋਥੀ ਦਾ ਪ੍ਰਕਾਸ਼ ਕਰਨਾ ਗੁਰਮਤਿ ਦੇ ਉਲਟ ਹੈ। ਇਕ ਦੀਵਾਨ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪਾਂ ਦਾ ਪ੍ਰਕਾਸ਼ ਵੀ ਗ਼ਲਤ ਹੈ।

੧੬. ਗੋਲਕ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਨਾ ਰੱਖ ਕੇ ਦੀਵਾਨ ਹਾਲ ਦੇ ਮੁੱਖ ਗੇਟ (ਦਰਸ਼ਨੀ ਡਿਓਢੀ) ਕੋਲ ਹੀ ਰੱਖੀ ਜਾਵੇ। ਮੱਥਾ ਟੇਕਣ ਵੇਲੇ ਗੁਰੂ ਗ੍ਰੰਥ ਸਹਿਬ ਅੱਗੇ ਮਾਇਆ ਭੇਟ ਨਾ ਕੀਤੀ ਜਾਵੇ।

੧੭. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਵਾਸਤੇ ਗਦੇਲਾ, ਆਸਣ, ਚੌਂਕੀ, ਕੋਈ ਵਖਰੇਵਾਂ ਜਾਂ ਕੋਈ ਹੋਰ ਉਚੇਚਾ ਥਾਂ ਗੁਰਮਤਿ ਦੇ ਉਲਟ ਹੈ। ਜਿਸਮਾਨੀ ਮਜਬੂਰੀ ਦੀ ਹਾਲਤ ਵਿਚ ਕੁਰਸੀ, ਸਟੂਲ, ਬੈਂਚ ਵਗ਼ੈਰਾ ਦੀ ਵਰਤੋਂ ਗ਼ਲਤ ਨਹੀਂ ਹੈ।

੧੮. ਗੁਰਦੁਆਰੇ ਦੇ ਅੰਦਰ ਦਰਸ਼ਨ ਕਰਨ ਜਾਂ ਦੀਵਾਨ ਵਿਚ ਬੈਠਣ ਜਾਂ ਲੰਗਰ ਛਕਣ ਜਾਂ ਸੇਵਾ ਵਿੱਚ ਹਿੱਸਾ ਪਾਉਣਾ ਵਾਸਤੇ ਕਿਸੇ ਦੇਸ਼, ਮਜ਼ਹਬ, ਜ਼ਾਤ, ਨਸਲ ਵਾਲੇ ਨੂੰ ਮਨਾਹੀ ਨਹੀਂ, ਪਰ, ਉਸ ਕੋਲ ਤੰਬਾਕੂ, ਸ਼ਰਾਬ ਜਾਂ ਕੋਈ ਨਸ਼ੀਲਾ ਪਦਾਰਥ ਨਾ ਹੋਵੇ ਤੇ ਉਹ ਨਸ਼ੇ ਦੀ ਹਾਲਤ ਵਿਚ ਨਾ ਹੋਵੇ। ਤੰਬਾਕੂ ਦੀ ਵਰਤੋਂ ਪਹਿਲੋਂ ਕੀਤੀ ਹੋਣ ਕਾਰਨ ਬੋਅ ਆਉਣ ਦੀ ਹਾਲਤ ਵਿਚ ਉਹ ਦੰਦਾਂ ਤੇ ਮੂੰਹ ਦੀ ਚੰਗੀ ਤਰ੍ਹਾਂ ਸਫ਼ਾਈ ਕਰ ਕੇ ਆਵੇ। ਇਸ ਮਕਸਦ ਵਾਸਤੇ ਗੁਰਦੁਆਰਾ ਦੇ ਟਾਇਲਟ ਵਿਚ ਮੰਜਨ ਤੇ ਮਾਊਥਵਾਸ਼ ਵਗ਼ੈਰਾ ਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ।

੧੯. ਦੀਵਾਨ ਹਾਲ ਅਤੇ ਲੰਗਰ ਹਾਲ ਵਿਚ ਹਰ ਇਕ ਵਾਸਤੇ ਸਿਰ ਢੱਕਣਾ ਲਾਜ਼ਮੀ ਹੈ। ਹਰ ਇਕ ਦਾ ਪਹਿਰਾਵਾ ਵਧ ਤੋਂ ਵਧ ਸਾਦਾ ਹੋਵੇ ਤੇ ਕਿਸੇ ਹਿੱਸੇ ਵਿੱਚੋਂ ਨੰਗੇਜ ਨਜ਼ਰ ਨਾ ਅਉਂਦਾ ਹੋਵੇ।

੨੦. ਗੁਰਦੁਆਰੇ ਵਿਚ ਕੋਈ ਅਨਮਤੀ ਤਿਉਹਾਰ, ਸੰਸਕਾਰ, ਰਸਮ ਹਰਗਿਜ਼ ਨਹੀਂ ਕੀਤੇ ਜਾ ਸਕਦੇ।

੨੧. ਗੁਰੂ ਗ੍ਰੰਥ ਸਾਹਿਬ ਦਾ ਸਰੂਪ ਇਕ ਥਾਂ ਤੋਂ ਦੂਜੇ ਥਾਂ 'ਤੇ ਲਿਜਾਣ ਵਾਸਤੇ ਛੋਟੀ (ਸੰਖੇਪ) ਅਰਦਾਸ ਕੀਤੀ ਜਾਵੇ। ਸਰੂਪ ਲਿਜਾਣ ਸਮੇਂ ਲੈ ਜਾਣ ਵਾਲਿਆਂ ਦੀ ਗਿਣਤੀ ਦਾ ਭਰਮ ਨਹੀਂ ਕਰਨਾ ਚਾਹੀਦਾ। ਜਿਸ ਨੇ ਸਿਰ 'ਤੇ ਸਰੂਪ ਰੱਖਿਆ ਹੋਵੇ ਉਹ ਨੰਗੇ ਪੈਰ ਚੱਲੇ ਪਰ ਜੇ ਕਰ ਕਿਸੇ ਮੌਕੇ ਜੋੜੇ

ਪਾਉਣ ਦੀ ਬਹੁਤ ਜ਼ਰੂਰਤ ਹੋਵੇ ਤਾਂ ਭਰਮ ਨਹੀਂ ਕਰਨਾ। ਗੁਰੂ ਗ੍ਰੰਥ ਸਾਹਿਬ ਦੇ ਅੱਗੇ-ਅੱਗੇ ਪਾਣੀ ਦੇ ਛਿੱਟੇ ਸੁੱਟਣਾ ਮਨਮਤਿ ਹੈ। ਗੁਰੂ ਗ੍ਰੰਥ ਸਾਹਿਬ ਦੇ ਸੰਤੋਖਣ ਦੀ ਕਾਰਵਾਈ ਆਸਾਨ ਪਰ ਸ਼ਰਧਾ ਭਰਪੂਰ ਹੋਵੇ।

੨੨. ਗੁਰਦੁਆਰੇ ਵਿਚ ਰੋਜ਼ਾਨਾ ਕਥਾ, ਗੁਰਬਾਣੀ (ਸ਼ਬਦ) ਦੀ ਵਿਚਾਰ ਜ਼ਰੂਰ ਹੋਵੇ। ਹੋ ਸਕੇ ਤਾਂ ਇਤਿਹਾਸ ਦੀ ਕਥਾ ਵੀ ਹੋਵੇ।

੨੩. ਲੰਗਰ ਪੰਗਤ ਵਿਚ ਬੈਠ ਕੇ ਛਕਿਆ ਜਾਵੇ। ਪੰਗਤ ਤੋਂ ਭਾਵ ਜ਼ਮੀਨ 'ਤੇ ਬੈਠਣਾ ਨਹੀਂ ਬਲਕਿ ਬਿਨਾਂ ਵਿਤਕਰੇ ਤੋਂ ਬੈਠਣਾ ਹੈ।

੨੪. ਲੰਗਰ ਅਤੇ ਦੀਵਾਨ ਹਾਲ ਵਿਚ ਸੰਗਤ ਕਤਾਰਾਂ ਬਣਾ ਕੇ ਬੈਠੇ।

੨੫. ਗੁਰੂ ਗ੍ਰੰਥ ਸਾਹਿਬ ਦੀ ਪਰਕਰਮਾ ਕਰਨਾ ਅਤੇ ਥਾਂ-ਥਾਂ 'ਤੇ ਮੱਥੇ ਟੇਕਣਾ ਮਨਮਤਿ ਹੈ।

੨੬. ਦੀਵਾਨ ਦੌਰਾਨ ਗੱਲਾਂ ਕਰਨਾ ਗੁਰੂ ਗ੍ਰੰਥ ਸਾਹਿਬ ਦੇ ਅਦਬ ਦੇ ਉਲਟ ਹੈ।

੨੭. ਗੁਰਦੁਆਰੇ ਵਿਚ ਕੀਤੇ ਜਾਣ ਵਾਲੇ ਸਮਾਗਮ ਸਾਦੇ ਤੇ ਘਟ ਖਰਚ ਵਾਲੇ ਹੋਣ। ਮੁਖ ਅਹਮੀਅਤ ਸ਼ਬਦ ਤੇ ਇਤਿਹਾਸ ਦੀ ਵੀਚਾਰ ਨੂੰ ਦਿੱਤੀ ਜਾਵੇ।

੨੮. ਗੁਰਦੁਆਰੇ ਵਿਚਲੇ ਸਪੀਕਰ ਦੀ ਆਵਾਜ਼ ਬਾਹਰ ਨਹੀਂ ਆਉਣੀ ਚਾਹੀਦੀ।

੨੯. ਗੁਰਦੁਆਰੇ ਦੀ ਹਦੂਦ ਵਿਚ ਰਸਮ ਜਾਂ ਤਿਉਹਾਰ ਵਜੋਂ ਦੀਵੇ, ਮੋਮਬੱਤੀਆਂ, ਆਤਿਸ਼ਬਾਜ਼ੀ ਚਲਾਉਣੀ ਮਨਮਤਿ ਹੈ।

੩੦. ਗੁਰਦੁਆਰਿਆਂ ਵਿਚ ਲਾਇਬਰੇਰੀਆਂ ਤੇ ਡਿਸਪੈਂਸਰੀਆਂ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਜੇ ਹੋ ਸਕੇ ਤਾਂ ਬੱਚਿਆਂ ਨੂੰ ਮੁਫ਼ਤ ਟਿਊਸ਼ਨਾਂ ਪੜ੍ਹਾਉਣ ਦਾ ਇੰਤਜ਼ਾਮ ਕੀਤਾ ਜਾਵੇ।

ਮੱਥਾ ਟੇਕਣਾ

ਮੱਥਾ ਟੇਕਣ ਦਾ ਭਾਵ ਆਪਾ ਛੱਡ ਕੇ ਗੁਰੂ ਦੀ ਮੱਤ ਗ੍ਰਹਿਣ ਕਰਨਾ (ਆਪਣਾ ਮੁਖੀ/ਰਾਹਬਰ ਮੰਨਣਾ) ਹੈ। ਸਿੱਖ ਸਿਰਫ਼ ਗੁਰੂ ਗ੍ਰੰਥ ਸਾਹਿਬ (ਸ਼ਬਦ ਗੁਰੂ) ਅੱਗੇ ਮੱਥਾ ਟੇਕਦਾ ਹੈ। ਇਸ ਤੋਂ ਬਿਨਾਂ ਕਿਸੇ ਦੇਹਧਾਰੀ ਮੂਰਤੀ, ਕਿਸੇ ਥਾਂ ਜਾਂ ਹੋਰ ਕਿਤੇ ਮੱਥਾ ਟੇਕਣਾ ਗੁਰਮਤਿ ਦੇ ਉਲਟ ਹੈ।

ਕੀਰਤਨ, ਪਾਠ, ਕਥਾ

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ, ਪਾਠ, ਕਥਾ (ਸ਼ਬਦ ਵਿਚਾਰ, ਇਤਿਹਾਸ ਵਿਚਾਰ) ਸਿਰਫ਼ ਸਿੱਖ ਹੀ ਕਰ ਸਕਦਾ ਹੈ।

ਕੀਰਤਨ ਸਿਰਫ਼ ਗੁਰੂ ਗ੍ਰੰਥ ਸਹਿਬ ਦੇ ਸ਼ਬਦਾਂ ਦਾ ਹੀ ਕੀਤਾ ਜਾ ਸਕਦਾ ਹੈ।

ਕੀਰਤਨ ਵਿਚ ਸ਼ਬਦ ਦੀ ਟੇਕ ਰਹਾਉ ਦੀ ਤੁਕ ਹੀ ਬਣਾਈ ਜਾਵੇ। ਜਿਸ ਸ਼ਬਦ ਵਿਚ ਰਹਾਉ ਦੀ ਪੰਕਤੀ ਨਹੀਂ ਉੱਥੇ ਕੇਂਦਰੀ ਭਾਵ ਵਾਲੀ ਤੁਕ ਟੇਕ ਵਜੋਂ ਰੱਖੀ ਜਾਵੇ। ਦੀਵਾਨ/ਸੰਗਤ ਵਿਚ ਸਿਰਫ਼ ਕੀਰਤਨ ਹੀ ਨਾ ਕੀਤਾ ਜਾਵੇ। ਕਥਾ, ਲੈਕਚਰ ਨੂੰ ਵੀ ਬਰਾਬਰ ਦਾ ਸਮਾਂ ਦੇਣਾ ਜ਼ਰੂਰੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰਾਗੀਆਂ, ਢਾਡੀਆਂ, ਪਾਠੀਆਂ, ਪ੍ਰਚਾਰਕਾਂ ਨੂੰ ਮਾਇਆ ਭੇਟ ਨਾ ਕੀਤੀ ਜਾਵੇ।

ਖੰਡੇ ਦੀ ਪਾਹੁਲ

ਖੰਡੇ ਦੀ ਪਾਹੁਲ ਲੈਣਾ ਗੁਰੂ ਨਾਲ ਪ੍ਰਣ ਹੈ ਕਿ ਅੱਜ ਤੋਂ ਮੈਂ ਆਪਣਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਹੀ ਬਿਤਾਵਾਂਗਾ/ਗੀ; ਗੁਰਮਤਿ ਤੋਂ ਉਲਟ ਕੋਈ ਕੰਮ ਜਾਣ ਬੁਝ ਕੇ ਨਹੀਂ ਕਰਾਂਗਾ।

੧. ਖੰਡੇ ਦੀ ਪਾਹੁਲ ਦੀ ਰਸਮ ਇਕਾਂਤ ਜਗ੍ਹਾ 'ਤੇ ਹੋਵੇ। ਉੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਲਾਜ਼ਮੀ ਹੈ। ਇਸ ਕਾਰਜ ਵਾਸਤੇ ਤਿਆਰ ਬਰ ਤਿਆਰ ਛੇ ਸਿੰਘਾਂ/ਸਿੰਘਣੀਆਂ ਹਾਜ਼ਰ ਹੋਣ। ਇਨ੍ਹਾਂ ਵਿੱਚੋਂ ਇਕ ਤਾਬਿਆ ਬੈਠੇ ਤੇ ਬਾਕੀ ਦੇ ਖੰਡੇ ਦੀ ਪਾਹੁਲ ਤਿਆਰ ਕਰਨ। ਇਨ੍ਹਾਂ ਪੰਜਾਂ ਵਿੱਚੋਂ ਕੋਈ ਅੰਗਹੀਣ (ਜੇ ਉਹ ਸੇਵਾ ਨਿਭਾਓਣ ਦੇ ਅਸਮਰਥ ਹੋਵੇ) ਜਾਂ ਦੀਰਘ ਛੂਤ ਦੇ ਰੋਗ ਵਾਲਾ ਨਾ ਹੋਵੇ। ਸਭ ਦਰਸ਼ਨੀ ਸਿੰਘ ਹੋਣ, ਕੋਈ ਤਨਖ਼ਾਹੀਆ ਨਾ ਹੋਵੇ।

੨. ਹਰ ਪ੍ਰਾਣੀ ਮਾਤਰ ਬਿਨਾਂ ਕਿਸੇ ਭੇਦ-ਭਾਵ ਦੇ ਖੰਡੇ ਦੀ ਪਾਹੁਲ ਲੈਣ ਦਾ ਹੱਕਦਾਰ ਹੈ ਬਸ਼ਰਤੇ ਕਿ ਉਹ ਸਿੱਖ ਧਰਮ ਗ੍ਰਹਿਣ ਕਰਨ ਅਤੇ ਇਸ ਦੇ ਅਸੂਲਾਂ 'ਤੇ ਚੱਲਣ ਦਾ ਪ੍ਰਣ ਕਰੇ।

੩. ਪਾਹੁਲ ਲੈਣ ਵਾਲਾ ਬਹੁਤ ਛੋਟੀ ਉਮਰ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਪਾਹੁਲ ਲੈਣ ਸਮੇਂ ਪੰਜ ਕਕਾਰ ਧਾਰਨ ਕੀਤੇ ਹੋਣ। ਉਸ ਕੋਲ ਅਨਮਤਿ ਦਾ ਕੋਈ ਚਿੰਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ (ਦਸਤਾਰ ਹੋਵੇ), ਨੱਕ-ਕੰਨ ਵਗ਼ੈਰਾ ਵਿਚ ਛੇਦਕ ਗਹਿਣੇ ਨਾ ਪਾਏ ਹੋਣ, ਅਦਬ ਨਾਲ ਹੱਥ ਜੋੜ ਕੇ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਖੜ੍ਹੇ ਹੋਣ।

੪. ਜੇ ਕਿਸੇ ਨੇ ਬਜਰ ਕੁਰਹਿਤ ਕਾਰਨ ਮੁੜ ਪਾਹੁਲ ਲੈਣੀ ਹੋਵੇ ਤਾਂ ਪੰਜ ਪਿਆਰੇ ਉਸ ਨੂੰ ਤਨਖ਼ਾਹ ਲਾ ਲੈਣ।

੫. ਖੰਡੇ ਦੀ ਪਾਹੁਲ ਦੇਣ ਵਾਲੇ ਪੰਜਾਂ ਪਿਆਰਿਆਂ ਵਿੱਚੋਂ ਕੋਈ ਇਕ ਪਾਹੁਲ ਲੈਣ ਵਾਲਿਆਂ ਨੂੰ ਖੰਡੇ ਦੀ ਪਾਹੁਲ ਦੇ ਫ਼ਲਸਫ਼ੇ ਨੂੰ ਸੰਖੇਪ ਵਿਚ ਸਮਝਾ ਦੇਵੇ। ਉਨ੍ਹਾਂ ਵਿੱਚੋਂ ਇਕ ਉਨ੍ਹਾਂ ਨੂੰ ਪੁੱਛੇ ਕਿ ਕੀ ਉਹ ਬਿਨਾਂ ਕਿਸੇ ਡਰ, ਲਾਲਚ, ਮਜਬੂਰੀ ਵਗ਼ੈਰਾ ਵਿਚ ਸਿੱਖੀ ਵਿਚ ਸ਼ਾਮਿਲ ਹੋ ਰਹੇ ਹਨ (ਪਾਹੁਲ ਲੈ ਰਹੇ ਹਨ)। ਜਵਾਬ ਹਾਂ ਵਿਚ ਮਿਲਣ ਮਗਰੋਂ ਪਾਹੁਲ ਤਿਆਰ ਕਰਨੀ ਸ਼ੁਰੂ ਕੀਤੀ ਜਾਵੇ।

੬. ਬਾਟਾ ਸਰਬ ਲੋਹ ਦਾ ਹੋਵੇ ਅਤੇ ਕਿਸੇ ਚੌਕੀ 'ਤੇ ਰੱਖਿਆ ਹੋਵੇ। ਬਾਟੇ ਵਿਚ ਸਾਫ਼ ਪਾਣੀ ਅਤੇ ਪਤਾਸੇ ਪਾਏ ਜਾਣ (ਜੋ ਘਟ ਤੋਂ ਘਟ ਹੋਣ)। ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੀਰ ਆਸਣ ਹੋ ਕੇ ਬੈਠ ਜਾਣ ਤੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨ। ਨਿਤਨੇਮ ਦੀਆਂ ਬਾਣੀਆਂ ਇਹ ਹਨ: ਜਪੁ, ਸੋਦਰ ਦੇ ਸ਼ਬਦ, ਸੋ ਪੁਰਖ ਦੇ ਸ਼ਬਦ, ਸੋਹਿਲਾ (ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ੧੩ ਸਫ਼ੇ) ਤੇ ਅਨੰਦ ਸਾਹਿਬ।

੭. ਪੰਜ ਪਿਆਰਿਆਂ ਦੀ ਸੁਰਤ ਤੇ ਧਿਆਨ ਇਸ ਕਾਰਜ ਸਮੇਂ ਪਾਹੁਲ ਅਤੇ ਗੁਰਬਾਣੀ ਵਿੱਚ ਇਕਾਗਰ ਹੋਵੇ।

੮. ਜਿਸ ਪ੍ਰਾਣੀ ਨੇ ਸੰਪੂਰਨ ਕਾਰਜ ਵਿਚ ਹਿੱਸਾ ਲਿਆ ਹੋਵੇ ਸਿਰਫ਼ ਉਹ ਹੀ ਪਾਹੁਲ ਲੈ ਸਕਦਾ ਹੈ, ਅਧਵਾਟੇ ਆਉਣ ਵਾਲਾ ਸ਼ਾਮਿਲ ਨਹੀਂ ਹੋ ਸਕਦਾ।

੯. ਹੁਣ ਅਕਾਲ ਪੁਰਖ ਦਾ ਧਿਆਨ ਧਰ ਕੇ, ਹਰ ਇਕ ਪਾਹੁਲ ਲੈਣ ਵਾਲੇ ਨੂੰ ਬੀਰ ਆਸਣ ਕਰਵਾ ਕੇ, ਉਸ ਦੇ ਖੱਬੇ ਹੱਥ ਉੱਤੇ ਸੱਜਾ ਹੱਥ ਰਖਵਾ ਕੇ ਉਸ ਨੂੰ ਪੰਜ ਚੂਲੇ ਛਕਵਾਏ ਜਾਣ ਅਤੇ 'ਵਾਹਿਗੁਰੂ ਜੀ ਦੀ ਫ਼ਤਹਿ' ਬੁਲਾਈ ਜਾਵੇ। ਇੰਵ ਸਾਰੇ ਅਭਿਲਾਖੀਆਂ ਨਾਲ ਕੀਤਾ ਜਾਵੇ। ਬਾਕੀ ਬਚੀ ਹੋਈ ਪਾਹੁਲ ਨੂੰ ਪਾਹੁਲ ਲੈਣ ਵਾਲੇ ਵੰਡ ਕੇ ਛਕਣ।

੧੦. ਇਸ ਮਗਰੋਂ ਪੰਜ ਪਿਆਰੇ ਰਲ ਕੇ ਇੱਕੋ ਆਵਾਜ਼ ਵਿਚ ਛਕਣ ਵਾਲਿਆਂ ਨੂੰ ੧ੳ ਤੋਂ ਲੈ ਕੇ ਗੁਰਪ੍ਰਸਾਦਿ ਤਕ ਮੰਗਲਾਚਰਨ ਵਿਚਲੇ ਅਕਾਲ ਪੁਰਖ ਦੇ ਗੁਣ ਦ੍ਰਿੜ ਕਰਵਾਉਣ।

੧੧. ਫਿਰ ਪੰਜ ਪਿਆਰਿਆਂ ਵਿੱਚੋਂ ਇਕ ਜਣਾ ਰਹਿਤਾਂ ਤੇ ਕੁਰਹਿਤਾਂ ਦੱਸੇ।

੧੨. ਹੁਣ ਅਰਦਾਸਿ ਮਗਰੋਂ ਹੁਕਮ ਲੈ ਕੇ ਸਾਰੇ ਸਿੰਘ ਸਿੰਘਣੀਆਂ ਰਲ ਕੇ ਇੱਕੋ ਬਾਟੇ ਵਿੱਚੋਂ ਆਪਣੇ ਹੱਥੀਂ ਕੜਾਹ ਪ੍ਰਸ਼ਾਦਿ ਛੱਕਣ।

ਨਿਤਨੇਮ (ਤੇ ਖੰਡੇ ਦੀ ਪਾਹੁਲ) ਦੀਆਂ ਪੰਜ ਬਾਣੀਆਂ:

ਸਵੇਰ ਵੇਲੇ: ਜਪੁ ਜੀ ਸਾਹਿਬ ਤੇ ਅਨੰਦ ਸਾਹਿਬ

ਸ਼ਾਮ ਵੇਲੇ: ਸੋ ਦਰੁ ਤੇ ਸੋ ਪੁਰਖੁ

ਰਾਤ ਵੇਲੇ: ਸੋਹਿਲਾ

ਨੋਟ: ਨਿਤਨੇਮ ਨਿਜੀ ਤੌਰ 'ਤੇ ਘਰ ਵਿਚ ਹੀ ਕੀਤਾ ਜਾਵੇ ਸੰਗਤੀ ਰੂਪ ਵਿਚ ਜਾਂ ਗੁਰਦੁਆਰੇ ਵਿਚ ਨਾ ਹੋਵੇ।

ਬਜਰ ਕੁਰਹਿਤਾਂ

੧. ਕੇਸਾਂ ਦੀ ਬੇਅਦਬੀ (ਹਾਰਮੋਨਿਕ ਕਾਰਨਾਂ ਕਰ ਕੇ ਔਰਤ ਦੇ ਚਿਹਰੇ 'ਤੇ ਆਏ ਵਾਲਾਂ ਦਾ ਇਲਾਜ, ਅਪਰੇਸ਼ਨ ਵੇਲੇ ਕੇਸਾਂ ਨੂੰ ਹੋ ਜਾਣ ਵਾਲਾ ਨੁਕਸਾਨ, ਕੇਸਾਂ ਦੀ ਬੇਅਦਬੀ ਨਹੀਂ ਹੈ)।

੨. ਕੁੱਠਾ ਖਾਣਾ (ਕੁੱਠਾ=ਧਰਮ ਦੇ ਨਾਂ 'ਤੇ ਜਾਂ ਧਾਰਮਿਕ ਰਸਮ ਰਾਹੀਂ ਮਾਰੇ ਜੀਵ ਦਾ ਮਾਸ)

੩. ਪਰ ਨਾਰੀ/ਪੁਰਖ ਦਾ ਗਮਨ ਕਰਨਾ (ਭੋਗਣਾ)

੪. ਤੰਮਾਕੂ ਦਾ (ਕਿਸੇ ਵੀ ਰੂਪ ਵਿਚ) ਵਰਤਣਾ

(ਇਨ੍ਹਾਂ ਦਾ ਵਪਾਰ ਕਰਨਾ ਜਾਂ ਇਨ੍ਹਾਂ ਦੀ ਕਮਾਈ ਖਾਣਾ ਵੀ ਬਜਰ ਕੁਰਹਿਤ ਹੈ)।

ਤਨਖਾਹੀਏ ਇਹ ਹਨ:

੧. ਮੀਣੇ, ਧੀਰਮੱਲੀਏ, ਰਾਮਰਾਈਏ, ਮਸੰਦ, ਨਾਮਧਾਰੀਏ, ਨਿਰੰਕਾਰੀਏ, ਰਾਧਾਸੁਆਮੀ, ਨੂਰਮਹਿਲੀਏ, ਸਿਰਸਾ ਡੇਰੇ ਵਾਲੇ ਅਤੇ ਹੋਰ ਜਿਹੜੇ ਦੇਹਧਾਰੀ ਨੂੰ ਗੁਰੂ ਮੰਨਦੇ ਹਨ ਦੀਆਂ ਧਾਰਮਿਕ ਰਸਮਾਂ ਵਿਚ ਸ਼ਾਮਿਲ ਹੋਣ ਵਾਲਾ।

੨. ਕੁੜੀ ਮਾਰ (ਕੁੜੀ ਦੇ ਜਨਮ ਤੋਂ ਪਹਿਲਾਂ ਜਾਂ ਬਾਅਦ) ਨਾਲ ਵਰਤਣ ਵਾਲਾ।

੩. ਕਿਸੇ ਕਿਸਮ ਦਾ ਵੀ ਨਸ਼ਾ ਕਰਨ ਵਾਲਾ (ਦਵਾਈ ਵਜੋਂ ਅਲਕੋਹਲ ਨਸ਼ਾ ਨਹੀਂ ਹੈ)

੪. ਦਾਜ ਲੈਣ ਜਾਂ ਦੇਣ ਵਾਲਾ

੫. ਮੂਰਤੀ, ਬੁੱਤ, ਸਮਾਧ/ਕਬਰ, ਥੜ੍ਹਾ, ਤਸਵੀਰਾਂ ਵਗ਼ੈਰਾ ਨੂੰ ਸਿਰ ਨਿਵਾਉਣ/ਝੁਕਾਉਣ ਵਾਲਾ

੬. ਪਤਿਤ ਦੀ ਖ਼ੁਸ਼ੀ ਵਿਚ ਸ਼ਰੀਕ ਹੋਣ ਵਾਲਾ

੭. ਕਿਸੇ ਸਿੱਖ ਬੱਚੇ/ਬੱਚੀ ਦਾ ਰਿਸ਼ਤਾ ਕਿਸੇ ਗ਼ੈਰ-ਸਿੱਖ ਨਾਲ ਕਰਨ/ਕਰਵਾਉਣ ਵਾਲਾ।

੮. ਜ਼ਾਤ-ਪਾਤ ਦੇ ਨਾਂ 'ਤੇ ਵਿਤਕਰਾ/ਨਫ਼ਰਤ/ਈਰਖਾ ਕਰਨਾ

੯. ਸਿੱਖ ਜੀਵਨ-ਜਾਚ ਵਿਰੁੱਧ ਕੋਈ ਕੰਮ/ਕਾਰਵਾਈ/ਰਸਮ ਕਰਨਾ।

ਤਨਖ਼ਾਹ ਦੀ ਵਿਧੀ:

ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁੱਖ ਖੜ੍ਹੇ ਹੋ ਕੇ ਆਪਣੀ ਭੁੱਲ ਮੰਨੇ ਅਤੇ ਅੱਗੋਂ ਇਸ ਨੂੰ ਨਾ ਦੋਹਰਾਉਣ ਦਾ ਪ੍ਰਣ ਕਰੇ (ਆਪਣੀ ਭੁੱਲ ਦੀ ਵਿਆਖਿਆ ਕਰਨਾ ਜ਼ਰੂਰੀ ਨਹੀਂ)। ਤਨਖ਼ਾਹ ਲੁਆ ਕੇ ਭੁਗਤਣ ਮਗਰੋਂ ਸੰਗਤ ਐਸੇ ਸੱਜਣ ਦੀ ਭੁੱਲ ਦਾ ਮੁੜ ਕੇ ਚਰਚਾ ਨਾ ਕਰੇ।

ਗੁਰੂ ਦਾ ਪੰਥ

ਸਾਰੇ ਸਿੱਖ 'ਗੁਰੂ ਦਾ ਪੰਥ' (ਗੁਰੂ-ਪੰਥ ਨਹੀਂ) ਹਨ ਪਰ ਸਾਰੇ ਸਿੱਖ ਇਕੱਠੇ ਹੋ ਕੇ ਵੀ 'ਗੁਰੂ' ਨਹੀਂ ਹਨ।

ਤਖ਼ਤ ਸਾਹਿਬ

ਸਿੱਖ ਪੰਥ ਦਾ ਇੱਕੋ ਇਕ ਤਖ਼ਤ ਅਕਾਲ ਤਖ਼ਤ ਸਾਹਿਬ ਹੈ। ਬਾਕੀ ਗੁਰਦੁਆਰਿਆਂ ਜਿਨ੍ਹਾਂ ਨੂੰ ਤਖ਼ਤ ਕਿਹਾ ਜਾ ਰਿਹਾ ਹੈ ਉਨ੍ਹਾਂ ਥਾਵਾਂ 'ਤੇ ਗੁਰੂ ਸਾਹਿਬ ਦਰਬਾਰ ਲਾਇਆ ਕਰਦੇ ਸਨ। ਉਹ ਦਰਬਾਰ ਸਨ ਨਾ ਕਿ ਵੱਖਰੇ ਤਖ਼ਤ।

ਅਕਾਲ ਤਖ਼ਤ ਸਾਹਿਬ ਦਾ ਕੋਈ ਜਥੇਦਾਰ ਜਾਂ ਪੁਜਾਰੀ ਨਹੀਂ ਹੋ ਸਕਦਾ। ਤਖ਼ਤ ਸਹਿਬ ਦੀ ਸੇਵਾ ਸੰਭਾਲ ਵਾਸਤੇ ਮੁਖ ਸੇਵਾਦਾਰ ਹੋਵੇਗਾ ਜਿਸ ਨੂੰ ਸਰਬਤ ਖਾਲਸਾ ਚੁਣੇਗਾ। ਉਸ ਦੀ ਮਦਦ ਵਾਸਤੇ ਇਕ ਜੱਥਾ ਰੱਖਿਆ ਜਾ ਸਕਦਾ ਹੈ।

ਕਕਾਰ: ਕਕਾਰ ਹੇਠ ਲਿਖੇ ਹਨ: ੧. ਕੇਸਕੀ ੨. ਕੰਘਾ ੩. ਕੜਾ ੪. ਕਿਰਪਾਨ ੫ ਕਛਿਹਰਾ

(ਨੋਟ: ਕਛਹਿਰਾ ਅਰੇਬਦਾਰ ਹੀ ਹੋਵੇ। ਕਛਹਿਰੇ ਵਿਚ ਨਾਲੇ ਦੀ ਥਾਂ 'ਤੇ ਇਲਾਸਟਿਕ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕਛਹਿਰੇ ਦਾ ਰੰਗ ਕੋਈ ਵੀ ਹੋ ਸਕਦਾ ਹੈ)।

ਖੰਡੇ ਦੀ ਪਾਹੁਲ ਹਰ ਇਕ ਸਿੱਖ ਵਾਸਤੇ ਜ਼ਰੂਰੀ ਹੈ। ਪਰ ਇਸ ਤੋਂ ਪਹਿਲਾਂ ਮਾਨਸਿਕ ਤਿਆਰੀ ਜ਼ਰੂਰੀ ਹੈ।

ਪਤਿਤ: ਪਤਿਤ ਉਹ ਹੈ ਜੋ ਇਕ ਵੀ ਬਜਰ ਕੁਰਹਿਤ ਕਰਦਾ ਹੈ।

ਸਿੱਖਾਂ ਦੀ ਕੌਮੀ ਅਰਦਾਸਿ:

ਵੱਡੀ ਅਰਦਾਸਿ:

ਇਹ ਅਰਦਾਸ ਦਿਨ ਵਿਚ ਦੋ ਵਾਰ (ਗੁਰਦੁਆਰੇ ਵਿਚ ਸਵੇਰ ਸ਼ਾਮ ਦੇ ਦੀਵਾਨ ਮਗਰੋਂ ਤੇ ਘਰ ਵਿਚ ਸਵੇਰ ਦੀਆਂ ਬਾਣੀਆਂ ਤੇ ਰਹਿਰਾਸ ਮਗਰੋਂ) ਕਰਨ ਵਾਸਤੇ ਹੈ। *ਅਰਦਾਸ ਦੇ ਪਹਿਲੇ ਹਿੱਸੇ ਵਿਚ ਸਿੱਖ ਤਵਾਰੀਖ਼ ਨੂੰ ਤੇ ਦੂਜੇ ਹਿੱਸੇ ਵਿਚ ਸਿੱਖ ਫ਼ਲਸਫ਼ੇ ਨੂੰ 'ਕੁੱਜੇ ਵਿਚ ਸਮੁੰਦਰ' ਵਾਂਗ ਸੰਭਾਲਿਆ ਹੋਇਆ ਹੈ।*

ੴ ਵਾਹਿਗੁਰੂ ਜੀ ਦੀ ਫ਼ਤਹਿ। ਖ਼ਾਲਸਾ ਜੀ ਅਕਾਲ ਪੁਰਖ ਜੀ ਦਾ ਧਿਆਨ ਧਰ ਕੇ ਬੋਲਣਾ ਜੀ ਵਾਹਿਗੁਰੂ। ਫਿਰ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਸਾਹਿਬ, ਗੁਰੂ ਅਰਜਨ ਸਾਹਿਬ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰਰਾਇ ਸਾਹਿਬ, ਗੁਰੂ ਹਰਕ੍ਰਿਸ਼ਨ ਸਾਹਿਬ, ਗੁਰੂ ਤੇਗ਼ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਰਹਿਮਤਾਂ, ਘਾਲਣਾਵਾਂ ਤੇ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਅਤੇ ਉਨ੍ਹਾਂ ਵੱਲੋਂ ਪ੍ਰਗਟਾਏ ਹੋਏ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ, ਦੀਆਂ ਸਿੱਖਿਆਵਾਂ ਦਾ ਧਿਆਨ ਧਰ ਕੇ ਬੋਲਣਾ ਜੀ ਵਾਹਿਗੁਰੂ॥

ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲ੍ਹੀ ਮੁਕਤੇ, ਸ਼ਹੀਦਾਂ, ਮੁਰੀਦਾਂ, ਜਿਨ੍ਹਾਂ ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ਼ ਚਲਾਈ, ਤੇਗ਼ ਵਾਹੀ, ਧਰਮ ਹੇਤ ਸੀਸ ਦਿੱਤੇ, ਦੇਗ਼ਾਂ ਵਿਚ ਉਬਾਲੇ ਗਏ, ਅਰਿਆਂ ਨਾਲ ਚੀਰੇ ਗਏ, ਬੰਦ-ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖ਼ੜੀਆਂ 'ਤੇ ਚੜ੍ਹੇ ਤੇ ਹੋਰ ਅਨੇਕਾਂ ਤਸੀਹਿਆਂ ਤੇ ਜ਼ੁਲਮਾਂ ਨੂੰ ਸਹਿੰਦੇ ਹੋਏ ਸ਼ਹੀਦ ਹੋਏ, ਪਰ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਸਿਦਕ ਤੋਂ ਨਹੀਂ ਡੋਲੇ, ਧਰਮ ਨਹੀਂ ਹਾਰਿਆ, ਗੁਰਦੁਆਰਿਆਂ ਦੇ ਸੁਧਾਰ ਲਈ ਕੁਰਬਾਨੀਆਂ ਕੀਤੀਆਂ, ਪੰਥ ਦੀ ਆਜ਼ਾਦੀ ਵਾਸਤੇ ਸ਼ਹੀਦ ਹੋਏ, ਤਸੀਹੇ ਸਹੇ ਤੇ ਜੂਝ ਰਹੇ ਹਨ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲਣਾ ਜੀ ਵਾਹਿਗੁਰੂ॥

ਅਕਾਲ ਤਖ਼ਤ ਸਾਹਿਬ ਅਤੇ ਸਮੂਹ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲਣਾ ਜੀ ਵਾਹਿਗੁਰੂ॥

***

ਹੇ ਸੱਚੇ ਪਿਤਾ ਜੀ, ਆਪ ਜੀ ਦੇ ਹਜ਼ੂਰ ਸਮੂਹ ਖਾਲਸੇ ਦੀ ਅਰਦਾਸਿ ਹੈ, ਖਾਲਸੇ ਨੂੰ ਹਰ ਵੇਲੇ ਵਾਹਿਗੁਰੂ ਚਿਤ ਆਵੇ, ਜਿੱਥੇ-ਜਿੱਥੇ ਖਾਲਸਾ ਜੀ ਸਾਹਿਬ ਉੱਥੇ-ਉੱਥੇ ਰੱਖਿਆ ਰਿਆਇਤ, ਦੇਗ ਤੇਗ ਫ਼ਤਹਿ, ਬਿਰਦ ਦੀ ਪੈਜ, ਪੰਥ ਦੀ ਜਿੱਤ, ਸ੍ਰੀ ਸਾਹਿਬ ਜੀ ਸਹਾਇ, ਖਾਲਸਾ ਜੀ ਦੇ ਬੋਲ ਬਾਲੇ ਬੋਲਣਾ ਜੀ ਵਾਹਿਗੁਰੂ।

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਬਿਬੇਕ ਦਾਨ, ਦ੍ਰਿੜਤਾ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾ ਸਿਰ ਦਾਨ ਨਾਮ* ਦਾਨ ਬਖ਼ਸ਼ੋ ਜੀ। ਸਿੱਖਾਂ ਦਾ ਮਨ ਨੀਵਾਂ, ਮੱਤ ਉੱਚੀ, ਨਿਮਰਤਾ, ਰਹਿਮ, ਮੁਹੱਬਤ, ਏਕ ਪਿਤਾ ਏਕਸ ਕੇ ਹਮ ਬਾਰਿਕ, ਚੜ੍ਹਦੀ ਕਲਾ ਨਾਲ ਭਰਪੂਰ ਹੋਵੇ। *(*ਨੋਟ: ਨਾਮ ਜਪਨਾ 'ਵਾਹਿਗੁਰੂ ਵਾਹਿਗੁਰੂ' ਕਰੀ ਜਾਣਾ ਨਹੀਂ ਬਲਕਿ ਉਸ ਨੂੰ ਹਰ ਵੇਲੇ ਮਨ ਵਿਚ ਵਸਾਉਣਾ ਤੇ ਉਸ ਦੇ ਹੁਕਮ ਮੁਤਾਬਿਕ ਜ਼ਿੰਦਗੀ ਜੀਣਾ ਹੈ)।*

ਹੇ ਅਕਾਲ ਪੁਰਖ ਪੰਥ ਦੇ ਦਸਾ ਸਹਾਈ ਦਾਤਾਰ ਜੀਓ ਜਿਨ੍ਹਾਂ ਗੁਰਧਾਮਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ, ਜਿਨ੍ਹਾਂ 'ਤੇ ਅਨਮਤੀਆਂ ਅਤੇ ਮਨਮਤੀਆਂ ਅਤੇ ਮਸੰਦਾਂ ਦਾ ਕਬਜ਼ਾ ਹੈ, ਦੀ ਆਜ਼ਾਦੀ ਤੇ ਖੁਲ੍ਹੇ ਦਰਸ਼ਨ-ਦੀਦਾਰ ਤੇ ਹਰ ਗੁਰਦੁਆਰੇ ਵਿਚ ਪੰਥਕ ਰਹਿਤ ਮਰਿਆਦਾ ਦਾ ਦਾਨ ਖਾਲਸਾ ਜੀ ਨੂੰ ਬਖ਼ਸ਼ੋ। ਆਪ ਜੀ ਦੇ ਹਜ਼ੂਰ ..... ਦੀ ਅਰਦਾਸਿ ਹੈ; ਅੱਖਰ ਵਾਧਾ ਘਾਟਾ ਭੁੱਲ ਚੁਕ ਮੁਆਫ਼ ਕਰਨੀ ਅੱਗੇ ਤੋਂ ਸਹੀ ਸ਼ੁੱਧ ਤੇ ਟਿਕਾਅ ਨਾਲ ਬਾਣੀ ਪੜ੍ਹਨ, ਸਮਝਣ ਅਤੇ ਅਮਲ ਕਰਨ ਦੀ ਸਮਰਥਾ ਬਖ਼ਸ਼ਣੀ। ਆਪ ਜੀ ਦੇ ਹਜ਼ੂਰ ਕੜਾਹ ਪ੍ਰਸ਼ਾਦ ਦੀ ਦੇਗ ਹਾਜ਼ਿਰ ਹੈ ਆਪ ਜੀ ਨੂੰ ਪ੍ਰਵਾਨ ਹੋਵੇ, ਪ੍ਰਵਾਨ ਹੋਇਆ ਪ੍ਰਸ਼ਾਦ ਸੰਗਤ ਦੀ ਰਸਨਾ ਲਾਇਕ ਹੋਵੇ। ਆਪਣਾ ਹੁਕਮ ਬਖ਼ਸ਼ ਕੇ ਨਿਹਾਲ ਕਰੋ। ਸੋਈ ਪਿਆਰੇ ਮੇਲਣਾ ਜੀ ਜਿਨ੍ਹਾਂ ਦੇ ਮਿਲਿਆਂ ਆਪ ਜੀ ਦਾ ਨਾਂ ਚਿੱਤ ਆਵੇ, ਨਾਮ ਜਪਿਆਂ ਚੜ੍ਹਦੀ ਕਲਾ ਹੋਵੇ, ਆਪ ਜੀ ਦੇ ਭਾਣੇ ਸਰਬਤ ਦਾ ਭਲਾ ਹੋਵੇ। ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਦੀ ਫ਼ਤਹਿ।

ਦੋਹਿਰਾ: ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ। ਸਭ ਸਿੱਖਣ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ। ਗੁਰੂ ਗ੍ਰੰਥ ਜੀ ਮਨਿਯੋ ਪਰਗਟ ਗੁਰਾਂ ਕੀ ਦੇਹ। ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੇਂ ਲੇਹੁ। ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ। ਖੁਆਰ ਹੋਏ ਸਭ ਮਿਲੈਂਗੇ ਬਚੇ ਸ਼ਰਣ ਜੋ ਹੋਇ।

<u>ਛੋਟੀ (ਸੰਖੇਪ ਅਰਦਾਸਿ)</u>: ਇਹ ਅਰਦਾਸਿ ਬਾਕੀ ਸਾਰੇ ਮੌਕਿਆਂ ਵਾਸਤੇ ਹੈ:

ੴ ਵਾਹਿਗੁਰੂ ਜੀ ਦੀ ਫ਼ਤਹਿ। ਖਾਲਸਾ ਜੀ ਅਕਾਲ ਪੁਰਖ ਜੀ ਦਾ ਧਿਆਨ ਧਰ ਕੇ ਬੋਲਣਾ ਜੀ ਵਾਹਿਗੁਰੂ। ਫਿਰ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਸਾਹਿਬ, ਗੁਰੂ ਅਰਜਨ ਸਾਹਿਬ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰਰਾਇ ਸਾਹਿਬ, ਗੁਰੂ ਹਰਕ੍ਰਿਸ਼ਨ ਸਾਹਿਬ, ਗੁਰੂ ਤੇਗ਼ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਰਹਿਮਤਾਂ, ਘਾਲਣਾਵਾਂ ਤੇ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਅਤੇ ਉਨ੍ਹਾਂ ਵੱਲੋਂ ਪ੍ਰਗਟਾਏ ਹੋਏ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ, ਦੀਆਂ ਸਿੱਖਿਆਵਾਂ ਦਾ ਧਿਆਨ ਧਰ ਕੇ ਬੋਲਣਾ ਜੀ ਵਾਹਿਗੁਰੂ॥

ਇਸ ਮਗਰੋਂ ਜਿਹੜਾ ਕੰਮ/ਕਾਰਵਾਈ/ਰਸਮ ਕਰਨੀ ਹੋਵੇ ਉਸ ਬਾਰੇ ਕਿਹਾ ਜਾਵੇ, ਮਿਸਾਲ ਵਜੋਂ ਗੁਰੂ ਗ੍ਰੰਥ ਸਾਹਿਬ ਦੇ ਸੰਤੋਖਣ ਵੇਲੇ ਦੀ ਅਰਦਾਸਿ ਇੰਦ ਹੋਵੇਗੀ:

ਹੇ ਸੱਚੇ ਪਿਤਾ ਜੀ ਗੁਰੂ ਗ੍ਰੰਥ ਸਾਹਿਬ ਨੂੰ ਸੰਤੋਖਣ ਲੱਗੇ ਹਾਂ ਆਪ ਜੀ ਇਜਾਜ਼ਤ ਬਖ਼ਸ਼ੋ, ਸੋਈ ਪਿਆਰੇ ਮੇਲਣਾ ਜੀ ਜਿਨ੍ਹਾਂ ਦੇ ਮਿਲਿਆਂ ਆਪ ਜੀ ਦਾ ਨਾਂ ਚਿੱਤ ਆਵੇ, ਨਾਮ ਜਪਿਆਂ ਚੜ੍ਹਦੀ ਕਲਾ ਹੋਵੇ, ਆਪ ਜੀ ਦੇ ਭਾਣੇ ਸਰਬਤ ਦਾ ਭਲਾ ਹੋਵੇ। ਵਾਹਿਗੁਰੂ ਜੀ ਦਾ/ਕਾ ਖ਼ਾਲਸਾ ਵਾਹਿਗੁਰੂ ਜੀ ਦੀ/ਕੀ ਫ਼ਤਹਿ।

ਉਪਰ ਜ਼ਿਕਰ ਕੀਤੀ ਗੁਰਮਤਿ ਰਹਿਤ ਤੋਂ ਸਿਵਾ ਕੋਈ ਵੀ ਕਰਮ, ਕਾਰਵਾਈ, ਰਸਮ ਨਾ ਕੀਤੀ ਜਾਵੇ।

ਦੂਜੇ ਧਰਮਾਂ ਵਾਲੇ ਲੋਕਾਂ ਦੀਆਂ ਸਮਾਜਿਕ ਰਸਮਾਂ ਵਿਚ ਸ਼ਾਮਿਲ ਹੋਣਾ:

ਸਿੱਖ ਕਿਸੇ ਦੂਜੇ ਧਰਮ ਦੇ ਲੋਕਾਂ ਦੀਆਂ ਸਮਾਜਿਕ ਰਸਮਾਂ (ਵਿਆਹ, ਮੌਤ ਵ.ਗੈਰਾ) ਵਿਚ ਸ਼ਾਮਿਲ ਹੋ ਸਕਦਾ ਹੈ ਪਰ ਉਨ੍ਹਾਂ ਦੀਆਂ ਧਾਰਮਿਕ ਰਸਮਾਂ ਵਿਚ ਨਹੀਂ। ਮਿਸਾਲ ਵਜੋਂ ਕਿਸੇ ਮੁਸਲਿਮ ਦੀ ਮੌਤ ਵੇਲੇ ਕਲਮਾ ਪੜ੍ਹਨਾ ਗੁਰਮਤਿ ਦੇ ਉਲਟ ਹੈ, ਹਾਂ ਜਨਾਜ਼ੇ ਦਾ ਨਾਲ ਜ਼ਰੂਰ ਜਾਇਆ ਜਾ ਸਕਦਾ ਹੈ। ਇੰਵ ਹੀ ਕਿਸੇ ਹਿੰਦੂ ਦੇ ਸਮਾਗਮ ਵਿਚ ਟਿੱਕਾ ਲੁਆਉਣਾ, ਮੌਲੀ ਬੰਨ੍ਹਣਾ ਸਿੱਖ ਵਾਸਤੇ ਘੋਰ ਮਨਮਤਿ ਹੈ)। ਅਜਿਹਾ ਸਿੱਖ ਤਨਖਾਹੀਆ, ਦੰਭੀ, ਮਨਮਤੀਆ ਹੈ।

ਜ਼ਰੂਰੀ ਨੋਟ:

ਗੁਰੂ ਸਾਹਿਬ, ਗੁਰੂ ਗ੍ਰੰਥ ਸਾਹਿਬ ਤੋਂ ਸਿਵਾ ਕਿਸੇ ਵਾਸਤੇ 'ਸਾਹਿਬ' ਨਾ ਵਰਤਿਆ ਜਾਵੇ। ਕਿਸੇ ਚੀਜ਼, ਈਮਾਰਤ, ਨਗਰ, ਅਹੁਦੇ ਜਾਂ ਸ਼ਖ਼ਸ ਦੇ ਨਾਂ ਨਾਲ 'ਸਾਹਿਬ' ਦੀ ਵਰਤੋਂ ਨਾ ਕੀਤੀ ਜਾਵੇ। ਕਿਸੇ ਗੁਰੂ ਸਾਹਿਬ ਦੇ ਨਾਂ ਨਾਲ '**ਸ੍ਰੀ**' ਨਾ ਲਾਇਆ ਜਾਵੇ।

<u>ਸੋਧ:</u> ਇਸ ਗੁਰਮਤਿ ਰਹਿਤ ਵਿਚ ਵਕਤ ਅਤੇ ਗੁਰਮਤਿ ਦੀ ਸਿਖਿਆ ਮਤਾਬਿਕ ਕਿਸੇ ਵੇਲੇ ਵੀ ਸੋਧ ਦੀ ਗੁੰਜਾਇਸ਼ ਹੈ।

Books by Dr Harjinder Singh Dilgeer

Books with mark # are out of print

PUNJABI

History of Shiromani Akali Dal (1978, 2000)
Akal Takht Sahib (1986, 2000, 2005)
Khalistan Di Twarikh (1988) #
Sikh Hijackers (1989) # Kharku Lekh (1990) #
Sikh Jujharvaad (1991, 2009)
Jujharu Kalaam (1992, 2009)
Sikh Culture (1991, 1994, 1996) #
[Now published as: Sikh Philosophy Ki Hai Te Hor Lekh]
Akali Lahir Da Kalam (1998)
Sikh Masley (1998)
Sikh Qaun Han? (1999, enlarged edition 2007)
1955 Da Punjabi Suba Morcha (1999)
Jaito Morchey De Akhin Ditthe Hal (ed. 1999)
Anandpur Sahib (1998, Enlarged edition 2003)
Shiromani Committee Kiven Bani (2000)
Guru De Sher (2001)
Keeratpur Sahib (2002)
Mata Gujri, Char sSahibzade... (2005)
Banda Singh Bahadur (2007)
Sikh Twareekh De Ghallugharay (2007)
Sikh Twareekh 1469-2008 in 5 vol. (2008)
Nanakshahi Calender (2009)
Sikh Twareekh de Maslay (Forthcoming)
Dunia Nikki Jehi, a travelogue (Forthcoming)

ENGLISH

Akal Takht Sahib (1980, 1995)
Who Are The Sikhs? Mini (1991,2009)
The Sikhs' Struggle for Sovereignity (1992)
The Sikh Reference Book (1997)
Who Are The Sikhs? (enlarged editions 2000, 2007)
The Sikh Culture (2002)
Anandpur Sahib (2003)
Encyclopedia of Jalandhar (2004)
Guru Granth Sahib, a tract (2005)
Dictionary of Sikh Philosophy (2005)
NITNEM text, Roman and English translation (2009)
(3 versions: Gurmat Taksal,
Sikh Rahitmaryada, Bhindran-Mehta)

HINDI

Emergency Ke Atiyachar (1977) #
Anandpur Sahib (2000)
Sikh Sabhayachar (2003)
Sikh Kaun Hain ? (2006)
DANISH: Hvem Er Sikherne? (1994) #
DUTCH: Wie Zinj De Sikh ? (1994) #
FRENCH: Qui Sont Les Sikhs ? (2001)
SPANISH: ¿Quiénes Son Los Sikhs ? (2007)
NORWEGIAN: Hvem Er Sikhene ? (2007)
URDU: Sikh Culture (2007, Pakistan edition)
CD ROM (English)
Sikh Encyclopedia